# ਸੁਝਾਉ

ਸ਼ਕਤੀਦਾਇਕ। ਆਸ ਦੇਣ ਵਾਲਾ। ਸ਼ਸ਼ਕਤੀਕਰਨ ਕਰਨ ਵਾਲਾ। ਇਹ ਇੱਕ ਸਮੇਂ-ਸਮੇਂ ਉੱਪਰ ਦਿੱਤੀ ਜਾਣ ਵਾਲੀ ਯਾਦਗਾਰੀ ਹੈ ਕਿ ਸਾਰੇ ਵਿਸ਼ਵਾਸ਼ੀ ਕੀ ਬਣਨ ਅਤੇ ਕੀ ਕਰਨ ਲਈ ਬੁਲਾਏ ਗਏ ਹਨ। ਇਸ ਪੁਸਤਕ ਵਿੱਚ ਦਿੱਤੀਆਂ ਘਟਨਾਵਾਂ ਅਤੇ ਅਸਲ ਜੀਵਨ ਦੀਆਂ ਉਦਾਰਨਾਂ,ਤੁਹਾਡੀਆਂ ਪਹਿਲਾਂ ਦੀਆਂ ਉਮੀਦਾ ਲਈ ਚੁਣੌਤੀ ਹੋਣਗੀਆਂ ਅਤੇ ਸਧਾਰਨ ਮਸੀਹੀਅਤ ਦੇ ਤੁਹਾਡੇ ਨਜ਼ਰੀਏ ਨੂੰ ਤਰਤੀਬ ਦੇਣਗੀਆਂ। ਰੌਬਟ ਪ੍ਰੇਰਣਾ,ਦਿਸ਼ਾ,ਅਤੇ ਪ੍ਰਯੋਗਾਤਮਕ ਸਿੱਖਿਆਵਾਂ ਦਾ ਇੱਕ ਖੂਬਸੂਰਤ ਮਿਸ਼ਰਣ ਪੇਸ਼ ਕਰਦਾ ਹੈ,ਜਿਹੜੀਆਂ ਤੁਹਾਨੂੰ ਵਿਸ਼ਵਾਸ਼ ਵਿੱਚ ਅੱਗੇ ਵੱਧਣ ਲਈ ਭਰੋਸਾ ਅਤੇ ਸਪੱਸ਼ਟਤਾ ਦੇਣਗੀਆਂ ਅਤੇ ਤੁਸੀਂ ਆਪਣੇ ਆਸ-ਪਾਸ ਵਾਲਿਆਂ ਦੇ ਜੀਵਨ ਵਿੱਚ ਅਜ਼ਾਦੀ ਦੇਖੋਂਗੇ। ਇਹ ਪੁਸਤਕ ਪਰਮੇਸ਼ਵਰ ਦੇ ਰਾਜ ਵਿੱਚ ਤੁਹਾਨੂੰ ਸੇਵਕਾਈ ਦੀ ਅਗੇਤਰੀ ਕਤਾਰ ਵਿੱਚ ਬੁਲਾਵੇਗੀ ਅਤੇ ਤੁਹਾਨੂੰ ਤੁਹਾਡੀ ਪਦਵੀ ਦੇ ਸਿੱਖਰ ਤੱਕ ਲੈ ਜਾਵੇਗੀ,ਉਸ ਉਮੀਦ ਵਿੱਚ ਕਿ ਪਰਮੇਸ਼ਵਰ ਅੱਗੇ ਕੀ ਕਰਨ ਜਾ ਰਿਹਾ ਹੈ।

ਸ਼ਾਵਨ ਫਿਲਿੱਪਸ
ਆਗੂ ਪਾਸਬਾਨ, ਜਰਨੀ ਚਰਚ
ਲਿਬਰਟੀ, ਐਮ ਓ

ਰੌਬਟ ਅਸਲ ਜੀਵਨ ਦੇ ਤਜ਼ਰਬਿਆਂ ਤੋਂ ਲਿਖਦਾ ਹੈ,ਨਾ ਕਿ ਦਿਖਾਵਾ ਕਰਨ ਵਾਲੇ ਸਿਧਾਂਤਾਂ ਤੋਂ। ਵਿਸ਼ਵਾਸ਼ ਕਰਨ ਅਤੇ ਵੱਡੇ ਕੰਮਾਂ ਦੀ ਆਸ ਲਈ ਮੈਨੂੰ ਚੁਣੌਤੀ ਅਤੇ ਹੌਸਲਾ ਮਿਲਿਆ ਹੈ;ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਤੁਹਾਡੇ ਨਾ.ਲ ਵੀ ਅਜਿਹਾ ਹੀ ਹੋਵੇਗਾ।

ਫਿਲਿੱਪ ਓ ਰੇਅਲੀ
ਆਗੂ ਪਾਸਬਾਨ,ਰੌਕ ਔਫ ਕੇ. ਸੀ. ਚਰਚ
ਕਨਸਾਸ ਸਿਟੀ,ਐਮ ਓ

ਤੈਨਾਨ ਲਿਵਿੰਗ ਵਾਟਰ ਚਰਚ ਨੂੰ,ਰੌਬਟ ਨੂੰ ਦੋ ਵਾਰ ਸੱਦਾ ਦੇਣ ਦਾ ਮਾਣ ਮਿਲਿਆ ਹੈ,ਤਾਂ ਕਿ ਰੌਬਟ ਵਚਨ ਵੰਡੇ ਅਤੇ ਸੇਵਕਾਈ ਕਰੇ। ਰੌਬਟ ਕੋਲ ਪਾਪ ਅਤੇ ਮੌਤ ਉੱਪਰ ਯਿਸੂ ਦੀ ਜਿੱਤ ਪ੍ਰਤੀ ਇੱਕ ਸਮਝ ਹੈ ਜੋ ਕਲੀਸਿਯਾ ਵਿੱਚ ਚੰਗਾ ਕਰਨ ਦੀ ਸਮੱਰਥਾ ਅਤੇ ਛੁਟਕਾਰਾ ਲਿਆਉਦੀ ਹੈ ਜਿਵੇਂ ਪਹਿਲੀ ਸਦੀ ਦੀ ਕਲੀਸਿਯਾ ਵਿੱਚ ਹੁੰਦਾ ਸੀ।

ਅੱਜ ਦੀ ਕਲੀਸਿਯਾ ਨੂੰ ਅਜਿਹੇ ਬਦਲਾਵ ਦੀ ਅਤੇ ਉਸ ਅਧਿਕਾਰ ਨੂੰ ਪ੍ਰਾਪਤ ਕਰਨ ਦੀ ਜ਼ਰੂਰਤ ਹੈ ਜੋ ਮਸੀਹ ਯਿਸੂ ਨੇ ਦਿੱਤਾ ਸੀ।

ਸਾਨੂੰ ਜ਼ਰੂਰ ਹੀ ਸਮਝ ਲੈਣਾ ਚਾਹੀਦਾ ਹੈ ਕਿ ਮਸੀਹ ਯਿਸੂ ਨੇ ਜੋ ਕੁਝ ਆਪਣੀ ਪਹਿਲੀ ਆਮਦ ਦੌਰਾਨ ਆਪਣੀ ਸੇਵਕਾਈ ਕਰਦੇ ਹੋਏ ਕੀਤਾ ਤਾਂ ਕਿ ਉਸ ਦੀ ਦੂਸਰੀ ਆਮਦ ਲਈ ਤਿਆਰ ਹੋਇਆ ਜਾਵੇ, ਅਤੇ ਅਸੀਂ ਉਨ੍ਹਾਂ ਹੁਕਮਾਂ ਵਿੱਚ ਜੀਵਨ ਬਤੀਤ ਕਰੀਏ।

ਮਾਟ ਚੇਨ

ਸੀਨੀਅਰ ਪਾਸਬਾਨ ਔਂਫ ਲਿਵਿੰਗ ਵਾਟਰ ਕ੍ਰਿਸ਼ਚਿਅਨ ਚਰਚ

ਰੌਬਟ ਨੇ ਵਿਸ਼ਵਾਸ਼ੀਆਂ ਨੂੰ ਚੰਗਾਈ ਅਤੇ ਛੁਟਕਾਰੇ ਦੀ ਸੇਵਕਾਈ ਵਾਸਤੇ ਅਭਿਆਸ ਦੇਣ ਲਈ ਇੱਕ ਉੱਤਮ ਪੁਸਤਕ ਲਿੱਖੀ ਹੈ।ਪੁਸਤਕ ਦੇ ਸ਼ੁਰੂਆਤ ਵਿੱਚ, ਉਹ ਆਗੂਆਂ ਦੇ ਅਭਿਆਸ ਅਤੇ ਦੂਸਰਿਆਂ ਨੂੰ ਉਭਾਰਨ ਦੀ ਮਹੱਤਤਾ ਨੂੰ ਦੱਸਦਾ ਹੈ।ਇਹ ਕੇਵਲ ਸਾਡੇ ਖੁਦ ਦੇ ਰਾਜ ਅਤੇ ਪਿੱਛੇ ਚੱਲਣ ਵਾਲਿਆਂ ਨੂੰ ਉਸਾਰਨ ਦੀ ਗੱਲ ਨਹੀਂ ਹੈ ਪਰੰਤੂ ਇਸ ਧਰਤੀ ਉੱਪਰ ਪ੍ਰਭੂ ਯਿਸੂ ਮਸੀਹ ਦੇ ਰਾਜ ਨੂੰ ਫੈਲਾਉਣ ਦੀ ਗੱਲ ਹੈ।ਫਿਰ ਉਹ ਸਫ਼ਲ ਚੰਗਾਈ ਅਤੇ ਛੁਟਕਾਰੇ ਦੀ ਸੇਵਕਾਈ ਨੂੰ ਕਈ ਪ੍ਰਯੋਗਾਤਮਕ ਕਦਮਾਂ ਨਾਲ ਕਰਨ ਅਤੇ ਆਪਣੀ ਸੇਵਕਾਈ ਵਿੱਚੋਂ ਕਈ ਅਦਭੁੱਤ ਗਵਾਹੀਆਂ ਅਤੇ ਵਿਅਕਤੀਗਤ ਜੀਵਨ ਨੂੰ ਸਿੱਖਿਆਵਾਂ ਵਿੱਚ ਸ਼ਾਮਲ ਕਰਦੇ ਹੋਏ, ਵੱਖੋ-ਵੱਖਰੇ ਤਰੀਕਿਆਂ ਦਾ ਵਰਣਨ ਕਰਦਾ ਹੈ।

ਪੁਸਤਕ ਦੀ ਸ਼ੁਰੂਆਤ ਵਿੱਚ ਧਰਤੀ ਉੱਪਰ ਪਵਿੱਤਰ ਆਤਮਾ ਦੇ ਕੰਮ ਦਾ ਜਿਹੜਾ ਵਰਣਨ ਰੌਬਟ ਕਰਦਾ ਹੈ,ਉਹ ਬਹੁਤ ਗਹਿਰਾਈ ਵਾਲਾ ਹੈ।ਕਲੀਸਿਯਾ ਵਿੱਚ ਕੇਵਲ ਇੱਕ ਆਦਮੀ ਜਾਂ ਔਰਤ ਦੇ ਪ੍ਰਦਰਸ਼ਨ ਦਾ ਸਮਾਂ ਬੀਤ ਚੁੱਕਿਆ ਹੈ।ਇਨ੍ਹਾਂ ਆਖਰੀ ਦਿਨ੍ਹਾਂ ਵਿੱਚ ਪਵਿੱਤਰ ਆਤਮਾ ਮਸੀਹ ਯਿਸੂ ਦੇ ਪਿਆਰ ਅਤੇ ਸਮੱਰਥਾ ਵਿੱਚ ਚੱਲਣ ਲਈ ਕੇਵਲ ਇੱਕ ਵਿਅਕਤੀ ਨੂੰ ਹੀ ਨਹੀਂ ਸਗੋਂ ਬਹੁਤ ਸਾਰੇ ਲੋਕਾਂ ਨੂੰ ਉਭਾਰ ਰਿਹਾ ਹੈ।ਅਤੇ ਕੇਵਲ ਉਨ੍ਹਾਂ ਨੂੰ ਹੀ ਨਹੀਂ ਜੋ ਪੰਜ ਪ੍ਰਕਾਰ ਦੀ ਸੇਵਕਾਈ ਵਿੱਚ ਹਨ।

ਰੌਬਟ ਦੱਸਦਾ ਹੈ ਕਿ ਕਿਵੇਂ ਬੀਤੇ ਦਹਾਕਿਆਂ ਵਿੱਚ ਵਿਅਕਤੀਗਤ ਸੇਵਕਾਈਆਂ ਦਾ ਅਸਰ ਰਿਹਾ ਸੀ।ਜਦ ਇਹ ਸਭ ਕੁਝ ਕਹਿ ਦਿੱਤਾ ਗਿਆ,ਅਤੇ ਅਨੰਤਕਾਲ ਨੂੰ ਸਥਿਰ ਕਰ ਦਿੱਤਾ ਗਿਆ, ਤਾਂ ਕਿਹੜੀ ਗੱਲ ਹਮੇਸ਼ਾ ਦੇ ਅਤੇ ਅਨੰਤਕਾਲ ਵਿੱਚ ਭਿੰਨਤਾ ਕਰਦੀ ਹੈ?ਮੇਰਾ ਇਸ

ਸੋਚ ਵੱਲ ਰੁਝਾਨ ਹੈ ਕਿ ਜਿਹੜੇ ਵੀ ਵਿਅਕਤੀ ਆਪਣੇ ਵਰਦਾਨਾਂ ਨੂੰ ਕੇਵਲ ਖੁਦ ਦੇ ਰਾਜ ਨੂੰ ਬਣਾਉਣ ਅਤੇ ਖੁਦ ਦੀ ਪ੍ਰਸ਼ੰਸਾ ਅਤੇ ਮਸ਼ਹੂਰੀ ਲਈ ਚੇਲੇ ਬਣਾਉਦੇ ਹਨ, ਸਵਰਗ ਵਿੱਚ ਉਨ੍ਹਾਂ ਲਈ ਕੋਈ ਇਨਾਮ ਨਹੀਂ ਹੋਵੇਗਾ ਅਤੇ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਵੇਗਾ। ਪਰ ਇਹ ਉਨ੍ਹਾਂ ਲਈ ਹੋਵੇਗਾ ਜਿਨ੍ਹਾਂ ਨੇ ਮਸੀਹ ਵਰਗੀ ਦੀਨਤਾ ਨੂੰ ਸਮਝ ਲਿਆ ਅਤੇ ਪਰਮੇਸ਼ਵਰ ਦੀ ਕਿਰਪਾ ਦੁਆਰਾ ਸੌਂਪੇ ਹੋਏ ਵਰਦਾਨਾਂ ਨੂੰ ਕਈ ਗੁਣਾ ਵਧਾਇਆ ਹੈ। ਉਨ੍ਹਾਂ ਨੇ ਜਾਣ ਲਿਆ ਕਿ ਉਨ੍ਹਾਂ ਦੇ ਵਰਦਾਨ ਦਾ ਅੱਧਾ ਹਿੱਸਾ ਖੁਦ ਉਨ੍ਹਾਂ ਲਈ ਅਤੇ ਉਨ੍ਹਾਂ ਦੀ ਬੁਲਾਹਟ ਲਈ ਨਹੀਂ ਹੈ ਸਗੋਂ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ ਮਸੀਹ ਦੀ ਦੇਹੀ ਉਸਰਦੀ ਜਾਵੇ (ਅਫ਼ਸੀਆਂ 4:12)

ਮੈਨੂੰ ਰੌਬਟ ਨਾਲ ਕਈ ਵਰਿਆਂ ਤੋਂ ਕੰਮ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ ਅਤੇ ਸੇਵਕਾਈ ਦੇ ਕੰਮ ਲਈ ਪਵਿੱਤਰ ਆਤਮਾ ਨੇ ਉਸ ਨੂੰ ਸਮੱਰਥਾ ਨਾਲ ਭਰ ਕੇ ਅਤੇ ਪ੍ਰਪੱਕ ਕਰਕੇ ਵਰਤਦੇ ਹੋਏ ਦੇਖਿਆ ਹੈ। ਇਸ ਤਰੀਕੇ ਨਾਲ ਸੇਵਕਾਈ ਕਰਨ ਦੇ ਬਹੁਤ ਫਲਵੰਤ ਨਤੀਜੇ ਮਿਲੇ ਹਨ। ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਇਹ ਪੁਸਤਕ ਵੱਡੇ ਪੱਧਰ ਉੱਤੇ ਪ੍ਰਾਪਤ ਕੀਤੀ ਜਾਵੇਗੀ ਅਤੇ ਅੰਤ ਦੇ ਸਮੇਂ ਬਹੁਤ ਸਾਰੇ ਆਤਮਿਆਂ ਦੀ ਵਾਢੀ ਲਈ ਵਿਸ਼ਵਾਸ਼ੀਆਂ ਨੂੰ ਕਿਰਿਆਸ਼ੀਲ ਕਰਦੇ ਹੋਏ ਬਹੁਤ ਸਾਰੇ ਚਿੰਨ, ਅਦਭੁੱਤ ਕੰਮ, ਕਰਾਮਾਤਾਂ ਅਤੇ ਚੰਗਾਈਆਂ ਹੋਣਗੀਆਂ। ਮੈਂ ਵੀ ਉਸ ਦੀਆਂ ਇਨ੍ਹਾਂ ਸਿੱਖਿਆਵਾਂ ਅਤੇ ਅਭਿਆਸ ਸੇਵਕਾਈ ਨੂੰ ਬਹੁਤ ਵੱਡੇ ਪੱਧਰ ਉੱਤੇ ਸ਼ਿਫਾਰਿਸ਼ ਕਰਦਾ ਹਾਂ। ਰੌਬਟ ਤੁਸੀਂ ਬਹੁਤ ਵਧੀਆਂ ਕੰਮ ਕੀਤਾ ਹੈ।

ਮਾਰਕ ਆਰ. ਐਂਡਰਸਨ
ਚਿੰਨਾਂ ਅਤੇ ਅਦਭੁੱਤ ਕੰਮਾਂ ਵਿੱਚ ਚੱਲਣ ਦੀ ਕੁੰਜੀ
ਨਿਮਰਤਾ ਅਤੇ ਨਵੀਂ ਪ੍ਰਕਾਸ਼ਿਤ ਕੀਤੀ ਪੁਸਤਕ ਪੱਛਮੀ
ਮਸੀਹੀਅਤ ਉੱਪਰ
ਯੂਨਾਨੀ ਦਰਸ਼ਨ ਦਾ ਪ੍ਰਭਾਵ ਦੇ ਲੇਖਕ
www.markandersonministries.com

# ਸਮੱਰਥਾ ਨਾਲ ਖ਼ੁਸ਼-ਖਬਰੀ ਦੀ ਘੋਸ਼ਣਾ

## ਰੌਬਟ ਪ੍ਰਕਾਸ਼

ਸਮੱਰਥਾ ਨਾਲ ਖੁਸ਼-ਖਬਰੀ ਦੀ ਘੋਸ਼ਣਾ
ਰੌਬਟ ਪ੍ਰਕਾਸ਼ ਦੁਆਰਾ ਪੁਸਤਕ ਦੀ ਨਕਲ
ਕਰਨ ਦਾ ਹੱਕ ਰਾਖਵਾਂ ਹੈ © 2020

ਜਦ ਤੱਕ ਕੁਝ ਹੋਰ ਨੋਟ ਕੀਤਾ ਗਿਆ, ਪਵਿੱਤਰ ਸ਼ਾਸ਼ਤਰ ਦੀਆਂ ਸਾਰੀਆਂ ਆਇਤਾਂ ਪਵਿੱਤਰ ਬਾਈਬਲ ਵਿੱਚੋਂ ਲਈਆਂ ਗਈਆਂ ਹਨ:ਦਾ ਵੱਲਡ ਇੰਗਲਿਸ਼ ਬਾਈਬਲ।ਇਹ ਕੰਮ ਜਨਤਕ ਖੇਤਰ ਵੱਲ ਸਮਰਪਿਤ ਹੈ।

ਸਾਰੇ ਇਬਰਾਨੀ ਅਤੇ ਯੂਨਾਨੀ ਸ਼ਬਦਾ ਦਾ ਹਵਾਲਾ http://www.biblestudytools.com/lexicons ਵਿੱਚੋਂ ਲਏ ਗਏ ਹਨ।ਇਹ ਫਾਇਲਾਂ ਜਨਤਕ ਅਧਿਕਾਰ ਵਿੱਚ ਹਨ।

ਸਾਰੇ ਹੱਕ ਰਾਖਵੇਂ ਹਨ
ਇਸ ਪੁਸਤਕ ਦਾ ਪ੍ਰਕਾਸ਼ਨ ਸੰਯੁਕਤ ਰਾਜ
ਅਮਰੀਕਾ ਵਿੱਚ ਹੋਇਆ ਹੈ।

# ਪੁਸਤਕ ਦਾ ਸਮਰਪਣ

ਮੈਂ ਇਹ ਪੁਸਤਕ ਬਚਿੱਤਰ ਸਿੰਘ ਨੂੰ ਸਮਰਪਿੱਤ ਕਰ ਰਿਹਾ ਹਾਂ,ਜੋ ਕਿ ਮੇਰੇ ਪਿਆਰੇ ਮਿੱਤਰ ਹਨ ਅਤੇ ਖੁਸ਼-ਖਬਰੀ ਨੂੰ ਫੈਲਾਉਣ ਵਿੱਚ ਮੇਰੇ ਸੰਗੀ-ਸਾਥੀ ਹਨ। ਤੁਸੀਂ, ਦੂਸਰਿਆਂ ਨੂੰ ਸ਼ਸ਼ਕਤੀਕਰਨ ਕਰਨ ਦੀਆਂ ਸੱਚਾਈਆਂ,ਜੋ ਇਸ ਪੁਸਤਕ ਵਿੱਚ ਸਾਫ਼-ਸਾਫ਼ ਲਿੱਖੀਆਂ ਗਈਆਂ ਹਨ, ਨੂੰ ਪ੍ਰਤੱਖ ਰੂਪ ਦੇ ਰਹੇ ਹੋ। ਤੁਸੀਂ ਨਿਰਸਵਾਰਥ ਹੋ ਕੇ ਅਤੇ ਨਿਮਰਤਾ ਸਹਿਤ ਆਗੂਆਂ ਦੀ ਪੀੜ੍ਹੀ ਨੂੰ ਉਠਾ ਰਹੇ ਹੋਂ ਅਤੇ ਪਰੰਪਰਾ ਦੀ “ਲਹਿਰ” ਦੇ ਵਿਰੁੱਧ ਹੋ ਕੇ ਕੰਮ ਕਰ ਹਰੇ ਹੋਂ,ਮੈਨੂੰ ਤੁਹਾਡੇ ਉੱਤੇ ਬਹੁਤ ਮਾਣ ਹੈ।

ਮਸੀਹ ਯਿਸੂ ਨੂੰ ਮਹਿਮਾ ਦੇਣ, ਗਵਾਹ ਹੋਣ, ਅਤੇ ਵੱਡੇ ਪੱਧਰ ਉੱਤੇ ਚੰਗਾਈਆਂ, ਕਰਾਮਾਤਾਂ, ਅਤੇ ਪਵਿੱਤਰ ਆਤਮਾ ਦੀ ਹਜ਼ੂਰੀ ਦੀ ਸ੍ਰੇਸ਼ਠਤਾ ਅਤੇ ਪਰਮੇਸ਼ਵਰ ਦੀ ਦਯਾ ਦੀ ਮਿਠਾਸ ਨੂੰ ਦੇਖਣ ਲਈ ਅਸੀਂ ਦੋਵਾਂ ਨੇ ਇੱਕਠੇ ਸੰਘਰਸ਼ ਕੀਤਾ ਅਤੇ ਘਾਲਣਾ ਘਾਲ਼ੀ ਹੈ। ਮੈਂ ਭਵਿੱਖ ਵਿੱਚ ਪਰਮੇਸ਼ਵਰ ਦੀ ਸਮੱਰਥਾ ਅਤੇ ਭਲਾਈ ਦੀ ਹੋਰ ਵੱਡੀ ਲਹਿਰ ਵਿੱਚ, ਤੁਹਾਡੇ ਨਾਲ਼ ਅੱਗੇ ਵੱਧਣਾ ਚਾਹੁੰਦਾ ਹਾਂ।

ਤੁਹਾਡਾ ਭਵਿੱਖ ਸ਼ਾਨਦਾਰ ਹੈ, ਪਰਮੇਸ਼ਵਰ ਦੀ ਬੁਲਾਹਟ ਮਹਾਨ ਹੈ ਅਤੇ ਪਰਮੇਸ਼ਵਰ ਦੀ ਦਯਾ ਵੱਲ ਤੁਹਾਡੀ ਜ਼ਰੂਰਤ ਵੱਧ ਰਹੀ ਹੈ। ਪਰਮੇਸ਼ਵਰ ਦੀ ਹਜ਼ੂਰੀ ਪ੍ਰਤੀ ਵਫ਼ਾਦਾਰ ਬਣੇ ਰਹੋ, ਪਰਮੇਸ਼ਵਰ ਦੀ ਦਯਾ ਵਿੱਚ ਤੁਸੀਂ ਅਤੇ ਤੁਹਾਡਾ ਸਭ ਕੁਝ ਸਥਾਈ ਬਣੇ ਰਹੋ।

ਰੌਬਟ ਪ੍ਰਕਾਸ਼

# ਧੰਨਵਾਦ/ਆਭਾਰ

ਮੈਂ, ਮੇਰੀ ਪਤਨੀ ਅਭਿਲਾਸ਼ਾ ਦਾ ਖਾਸ ਧੰਨਵਾਦ ਕਰਦਾ ਹਾਂ। ਜਦੋਂ ਕਿ ਮੈਂ ਸਮੱਰਥਾ ਨਾਲ ਖੁਸ਼-ਖਬਰੀ ਨੂੰ ਪਿੰਡਾ ਅਤੇ ਦੇਸ਼ਾ ਵਿੱਚ ਫੈਲਾਉਂਦਾ ਹਾਂ। ਤੁਸੀਂ ਭਰੋਸੇਯੋਗਤਾ ਨਾਲ ਮੇਰਾ ਸਾਥ ਦਿੰਦੇ ਹੋਏ ਸੇਵਕਾਈ ਕਰਦੇ ਹੋਂ। ਮੈਂ ਇਸ ਸਾਹਸੀ ਕੰਮ ਨੂੰ ਪਸੰਦ ਕਰਦਾ ਹਾਂ, ਜਿਸ ਨੂੰ ਅਸੀਂ ਦੋਵੇ ਕਰ ਰਹੇ ਹਾਂ। ਮੈਂ ਇਸ ਕੰਮ ਨੂੰ ਤੁਹਾਡੇ ਸਾਥ ਤੋਂ ਬਿਨ੍ਹਾਂ ਇੱਕਲਿਆਂ ਕਰਨ ਦੀ ਕਲਪਨਾ ਵੀ ਨਹੀਂ ਕਰ ਸਕਦਾ। ਤੁਹਾਨੂੰ ਪਿਆਰ ਅਤੇ ਸਦਭਾਵਨਾ ਦਿੰਦਾ ਹਾਂ।

ਬੇਨ ਬੇਅਰਡ ਮੇਰੇ ਕੋਚ, ਸਲਾਹਕਾਰ, ਮਿੱਤਰ ਅਤੇ ਵਿਸ਼ਵਾਸ਼ ਵਿੱਚ ਮੇਰੇ ਪਿਤਾ ਹਨ, ਨੂੰ ਖਾਸ ਧੰਨਵਾਦ ਦਿੰਦਾ ਹਾਂ। ਤੁਸੀਂ ਹੌਸਲਾ, ਅਗਵਾਈ ਅਤੇ ਤਸੱਲੀ ਦੇਣ ਦੇ ਸਤੰਭ ਹੋਂ ਅਤੇ ਰਹੋਂਗੇ ਵੀ। ਮੈਂ ਤੁਹਾਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਹਾਂ।

ਇਸ ਪੁਸਤਕ ਦੀ ਸਮੀਖਿਆ ਅਤੇ ਸੰਪਾਦਨ ਕਰਨ ਲਈ (ਫੇਥ ਕਿੰਗਸਟਨ) ਦਾ ਖਾਸ ਧੰਨਵਾਦ। ਤੁਹਾਡੀ ਸਹਾਇਤਾ ਅਤੇ ਮਦਦ ਦਾ ਬਹੁਤ ਵੱਡਾ ਯੋਗਦਾਨ ਹੈ।

ਮੈਂ ਆਪਣੀ ਘਰੇਲੂ ਕਲੀਸਿਯਾ, ਦਾ ਰੌਕ ਔਫ ਕੇ.ਸੀ. ਦਾ ਅਤੇ ਪਾਸਟਰ ਫਿਲਿੱਪ ਅਤੇ ਸ਼ੂਸ਼ਨ ਓ ਰੇਅਲੀ ਦਾ ਖਾਸ ਧੰਨਵਾਦ ਕਰਦਾ ਹਾਂ। ਮੇਰੇ ਜੀਵਨ ਵਿੱਚ ਆਉਣ ਵਾਲੀਆਂ ਨਿਵਾਣਾ ਅਤੇ ਉਚਾਈਆਂ ਵੇ.ਲੇ,ਸਮੇਂ-ਸਮੇਂ ਉੱਪਰ ਆਉਣ ਵਾਲੇ ਆਗੂਆਂ ਦੁਆਰਾ ਦਿੱਤੇ ਹੌਂਸਲੇ ਅਤੇ ਮਦਦ ਨੂੰ ਮੈਂ ਸ਼ਬਦਾ ਵਿੱਚ ਜ਼ਾਹਿਰ ਨਹੀਂ ਕਰ ਸਕਦਾ।

ਮੇਰੇ ਸਵਰਗੀ ਪਿਤਾ ਦਾ ਖਾਸ ਧੰਨਵਾਦ ਜਿਸ ਨੇ ਮੈਨੂੰ ਆਪਣੀ ਦਯਾ ਦੁਆਰਾ ਬਹੁਤ ਸਾਰੇ ਦੇਸ਼ਾ ਵਿੱਚ ਸੇਵਕਾਈ ਕਰਨ ਲਈ ਬੁਲਾਇਆ। ਮੈਂ ਇਸ ਮਹਾਨ ਬੁਲਾਹਟ ਲਈ ਖੁਦ ਨੂੰ ਅਯੋਗ ਅਤੇ ਨਾਕਾਫ਼ੀ ਸਮਝਦਾ ਹਾਂ, ਅਤੇ ਮੈਂ ਇਸ ਗੱਲ ਲਈ ਨਿਮਰ ਬਣਦਾ ਹਾਂ ਕਿ ਤੁਸੀਂ ਮੈਨੂੰ ਚੁਣਿਆ ਹੈ।

# ਵਿਸ਼ਾ-ਵਸਤੂ


1. ਜਾਣ-ਪਹਿਚਾਣ
2. ਸ਼ਸ਼ਕਤੀਕਰਨ ਲਈ ਵਿਸ਼ੇਸ਼-ਅਧਿਕਾਰ ਪ੍ਰਾਪਤੀ
3. ਤੁਹਾਡੀ ਮਜ਼ਬੂਤ ਬੁਨਿਆਦ
4. ਰਾਜ ਦੀ ਖੁਸ਼-ਖਬਰੀ
5. ਖੁਸ਼-ਖਬਰੀ ਦੀ ਦਯਾ/ਕਿਰਪਾ
6. ਛੁਟਕਾਰਾ
7. ਮਸੀਹ ਯਿਸੂ ਦਾ ਨਮੂਨਾ ਅਤੇ ਰਸੂਲਾਂ ਦੀ ਪ੍ਰੇਰਣਾ
8. ਪਵਿੱਤਰ ਆਤਮਾ ਸਾਡਾ ਖੁਸ਼-ਖਬਰੀ ਸਹਾਇਕ
9. ਚੰਗਾਈ ਦੀਆਂ ਕਰਾਮਾਤਾਂ
10. ਛੁਟਕਾਰਾ ਅਤੇ ਸ਼ਾਸ਼ਨ
11. ਆਮ ਤੌਰ ਉੱਤੇ ਪੁੱਛੇ ਜਾਣ ਵਾਲੇ ਪ੍ਰਸ਼ਨ

# ਫਾਰਵਰਡ

ਇਸ ਪੁਸਤਕ ਬਾਰੇ ਗੱਲ ਕਰਨ ਤੋਂ ਪਹਿਲਾਂ,ਮੈਂ ਇਸ ਪੁਸਤਕ ਦੇ ਲੇਖਕ ਦੀ ਪ੍ਰਸ਼ੰਸ਼ਾ ਕਰਦਾ ਹਾਂ। ਰੌਬਟ ਅਸਲ ਵਿੱਚ ਪਰਮੇਸ਼ਵਰ ਦੇ ਲੋਕਾਂ ਲਈ ਤੋਂਹਫਾ ਹੈ।ਉਹ ਇੱਕ ਪ੍ਰਭਾਵਸ਼ਾਲੀ ਉਸਤਾਦ, ਇੱਕ ਅਭਿਸ਼ਿਕਤ ਪ੍ਰਚਾਰਕ, ਅਤੇ ਵਿਸ਼ਵਾਸ਼ੀਆਂ ਨੂੰ ਸੇਵਕਾਈ ਲਈ ਤਿਆਰ ਕਰਨ ਵਿੱਚ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਹੈ।

ਰੌਬਟ ਦੇ ਆਸ-ਪਾਸ ਰਹਿੰਦੇ ਹੋਏ ਮੈਂ ਇੱਕ ਗੱਲ ਉੱਤੇ ਧਿਆਨ ਕੇਂਦਰਿਤ ਕੀਤਾ ਹੈ ਕਿ ਉਹ ਆਤਮ-ਵਿਸ਼ਵਾਸ਼ ਅਤੇ ਨਿਮਰਤਾ ਦਾ ਸੁਮੇਲ ਹੈ। ਇਹ ਦੋ ਗੁਣ ਹਨ ਜਿਹੜੇ ਕਦੇ ਵੀ ਇੱਕੋ ਸਮੇਂ,ਇੱਕੋ ਆਦਮੀ ਵਿੱਚ ਨਹੀਂ ਦੇਖੇ ਜਾਂਦੇ, ਫਿਰ ਵੀ ਇਹ ਗੁਣ ਰੌਬਟ ਦੀ ਅਗਵਾਈ ਅਤੇ ਜੀਵਨ-ਸ਼ੈਲੀ ਵਿੱਚ ਦਿੱਖਦੇ ਹਨ।ਉਹ ਉਦਾਹਰਣ ਸਹਿਤ ਅਗਵਾਈ ਕਰਦਾ ਹੈ ਅਤੇ ਪਿਤਾ ਦੇ ਹਿਰਦੇ ਵਾਂਗ ਉਮੜਦੇ ਪਿਆਰ ਨਾ਼ਲ ਲੋਕਾਂ ਨੂੰ ਸਨੇਹ ਕਰਦਾ ਹੈ।ਜਦ ਵੀ ਮੈਂ ਰੌਬਟ ਬਾਰੇ ਸੋਚਦਾ ਹਾਂ, ਮੈਨੂੰ ਗਲਾਤੀਆਂ 5:22-23 ਵਿੱਚ ਲਿੱਖੇ ਹੋਏ "ਆਤਮਾ ਦੇ ਫ਼ਲਾਂ" ਯਾਕੂਬ 3:17 ਵਿੱਚ ਲਿੱਖੀ ਹੋਈ "ਉੱਪਰ ਦੀ ਬੁੱਧ", ਅਤੇ ਰਸੂਲਾਂ ਦੇ ਕਰਤੱਬ 1:8 ਵਿੱਚ ਮਸੀਹ ਯਿਸੂ ਦੁਆਰਾ ਵਾਇਦਾ ਕੀਤੀ ਹੋਈ ਸਮੱਰਥਾ ਦਾ ਚੇਤਾ ਆਉਂਦਾ ਹੈ। ਇਹ ਇੱਕ ਬਹੁਤ ਹੀ ਸ਼ਕਤੀਸ਼ਾਲੀ ਸੁਮੇਲ/ਮਿਸ਼ਰਣ ਹੈ।

ਮੈਂ ਹਰੇਕ ਸੇਵਕਾਈ ਆਗੂ ਨੂੰ ਪੁਰਜ਼ੋਰ ਅਪੀਲ ਕਰਾਂਗਾ ਕਿ ਉਹ ਪ੍ਰਾਥਨਾਪੂਰਵਕ ਰੌਬਟ ਨੂੰ ਸੇਵਕਾਈ ਲਈ ਬੁਲਾਉਣ ਤਾਂ ਕਿ ਵਿਸ਼ਵਾਸ਼ੀ, ਸੇਵਕਾਈ ਲਈ ਤਿਆਰ ਹੋਣ।ਸਾਡੇ ਬਹੁਤ ਸਾਰੇ ਲੋਕਾਂ ਨੂੰ ਰੌਬਟ ਨੇ ਸਿੱਖਿਅਤ ਕੀਤਾ ਹੈ, ਅਤੇ ਉਸ ਅਗਵਾਈ ਦਾ ਨਤੀਜਾ ਸਮੱਰਥਾਸ਼ਾਲੀ ਅਤੇ ਸਥਿਰ ਰਿਹਾ।ਜਦ ਵੀ ਉਹ ਚੰਗਾਈ ਸਭਾ ਚਲਾਉਂਦਾ ਹੈ, ਇਹ ਵੱਡੇ ਪੱਧਰ ਉੱਤੇ ਸਪੱਸ਼ਟ ਹੈ ਕਿ ਰੌਬਟ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਚੱਲਦਾ ਹੈ, ਅਤੇ ਉਸ ਅਧਿਕਾਰ ਨਾਲ ਚੱਲਦਾ ਹੈ ਜੋ ਕਰਾਮਾਤਾਂ ਦਾ ਦਰਵਾਜ਼ਾ ਖੋਲਦਾ ਹੈ।ਅਸੀਂ ਆਪਣੇ ਚਰਚ ਵਿੱਚ ਬਹੁਤ ਸਾਰੀਆਂ ਚੰਗਾਈਆਂ ਦੇ ਗਵਾਹ ਹਾਂ ਜੋ ਰੌਬਟ ਦੀ ਅਗਵਾਈ ਦੌਰਾਨ ਹੋਈਆਂ ਹਨ।ਮੇਰਾ ਖੁਦ ਦਾ ਪਰਿਵਾਰ ਰੌਬਟ ਦੀ ਚੰਗਾਈ ਸੇਵਕਾਈ ਨਾ਼ਲ

ਪ੍ਰਭਾਵਿਤ ਹੋ ਚੁੱਕਾ ਹੈ। ਇਸ ਚੰਗਾਈ ਸੇਵਕਾਈ ਦਾ ਅਸਰ ਰੌਬਟ ਦੇ ਜਾਣ ਤੋਂ ਬਾਦ ਵੀ ਬਹੁਤ ਦੇਰ ਤੱਕ ਬਣਿਆ ਰਿਹਾ ਕਿਉਂਕਿ ਬਹੁਤ ਸਾਰੇ ਲੋਕਾਂ ਨੇ ਨਿਹਚਾ ਦੁਆਰਾ ਚੰਗਾਈ ਅਤੇ ਕਰਾਮਾਤਾਂ ਵਿੱਚ ਜੀਵਨ ਜਿਉਣਾ ਸ਼ੁਰੂ ਕਰ ਦਿੱਤਾ ਸੀ। ਇਹ ਇੱਕ ਚੰਗਾ ਨਤੀਜਾ ਹੈ।

ਹੁਣ ਮੈਂ ਇਸ ਅਦਭੁੱਤ ਪੁਸਤਕ ਬਾਰੇ ਥੋੜ੍ਹਾ ਜਿਹਾ ਦੱਸਦਾ ਹਾਂ।

ਪਹਿਲੀ ਗੱਲ ਇਹ ਹੈ ਕਿ ਜਦ ਮੈਂ ਇਸ ਪੁਸਤਕ ਨੂੰ ਪੜ੍ਹਨਾ ਸ਼ੁਰੂ ਕੀਤਾ ਮੇਰਾ ਵਿਸ਼ਵਾਸ਼ ਵੱਧਣ ਲੱਗਾ। ਮੈਨੂੰ ਇੱਕੋ ਸਮੇਂ ਹੌਸਲਾ ਅਤੇ ਚੁਣੌਤੀ ਦੋਵੇਂ ਮਿਲੇ। ਇਹ ਪੁਸਤਕ ਸਮੱਰਥਾਸ਼ਾਲੀ ਚੰਗਾਈਆਂ ਅਤੇ ਕਰਾਮਾਤਾਂ ਨਾਲ ਭਰੀ ਹੋਈ ਹੈ।

ਮੈਂ ਜਦ ਹੀ ਇਸ ਪੁਸਤਕ ਦੇ ਸਫ਼ੇ ਪੜਨੇ ਸ਼ੁਰੂ ਕੀਤੇ, ਮੈਨੂੰ ਜਿਆਦਾ ਵਿਸ਼ਵਾਸ਼ ਕਰਨ ਦੀ ਅਤੇ ਲੋਕਾਂ ਦੇ ਜੀਵਨ ਵਿੱਚ ਪਵਿੱਤਰ ਆਤਮਾ ਦੀ ਗੂੜ੍ਹੀ ਸਾਂਝ ਦੁਆਰਾ ਸ਼ਕਤੀਸ਼ਾਲੀ ਬਦਲਾਵ ਦੇਖਣ ਦੀ ਪ੍ਰੇਰਣਾ ਮਿਲੀ।

ਇਹ ਪੁਸਤਕ ਪੜ੍ਹਨ ਵਿੱਚ ਤਾਂ ਸੁਖਾਲੀ ਹੈ ਪਰ ਅਸਲ ਜੀਵਨ ਵਿੱਚ ਉਤਾਰਨੀ ਬਹੁਤ ਮੁਸ਼ਕਿਲ ਹੈ। ਹਰੇਕ ਅਧਿਆਇ ਨੂੰ ਪੜ੍ਹਨ ਤੋਂ ਬਾਦ, ਮੈਨੂੰ ਅੱਗੇ ਪੜ੍ਹਨ ਲਈ ਇੱਛਾ ਬਣੀ ਹੀ ਰਹਿੰਦੀ ਸੀ। ਇਹ ਪੁਸਤਕ ਪਵਿੱਤਰ ਸ਼ਾਸ਼ਤਰ ਦੀਆਂ ਆਇਤਾਂ ਨਾਲ਼ ਅਤੇ ਪ੍ਰਭੂ ਯਿਸੂ ਮਸੀਹ ਵਿੱਚ ਸਾਰੇ ਵਿਸ਼ਵਾਸ਼ੀਆਂ ਲਈ ਪ੍ਰਯੋਗਾਤਮਕ ਵਰਤੋਂ ਨਾਲ ਭਰੀ ਹੋਈ ਹੈ। ਇਹ ਦੂਸਰੀ ਗੱਲ ਹੈ ਜੋ ਮੈਂ ਇਸ ਪੁਸਤਕ ਵਿੱਚ ਪੜ੍ਹੀ ਹੈ। ਬਾਈਬਲ ਦੀਆਂ ਠੋਸ ਸਿੱਖਿਆਂਵਾਂ ਅਤੇ ਵਿਸ਼ਵਾਸ਼ ਵਿੱਚ ਕਦਮ ਰੱਖਦੇ ਹੋਏ ਇਨ੍ਹਾਂ ਸੱਚਾਈਆਂ ਨੂੰ ਪ੍ਰਯੋਗਾਤਮਕ ਢੰਗਾਂ ਨਾਲ ਲਾਗੂ ਕਰਨਾ ਅਤੇ ਅਧਿਕਾਰ ਵਿੱਚ ਵਿਸ਼ਵਾਸ਼ ਕਰਨ ਦਾ ਇਹ ਪੁਸਤਕ ਸੁਮੇਲ ਹੈ। ਇਹ ਪੁਸਤਕ ਇਕੋ ਵੇਲੇ ਪ੍ਰੇਰਣਾ ਦੇਣ ਵਾਲੀ, ਸ਼ਸ਼ਕਤੀਕਰਨ ਕਰਨ ਵਾਲੀ, ਅਤੇ ਪ੍ਰਯੋਗਾਤਮਕ ਹੈ।

ਇਹ ਪੁਸਤਕ ਉਸ ਹਰੇਕ ਵਿਸ਼ਵਾਸ਼ੀ ਲਈ ਹੈ ਜੋ ਪ੍ਰਭੂ ਯਿਸੂ ਮਸੀਹ ਵਿੱਚ ਹੈ। ਤੁਹਾਡਾ ਪਿਛੋਕੜ ਕੀ ਹੈ, ਸੇਵਕਾਈ ਵਿੱਚ ਤੁਹਾਨੂੰ ਕਿਨ੍ਹਾਂ ਤਜ਼ਰਬਾ ਹੈ,ਜਾਂ ਬਾਈਬਲ ਸੰਬੰਧੀ ਤੁਹਾਡਾ ਗਿਆਨ ਕਿੰਨਾਂ ਹੈ ਵਰਗੀਆਂ

ਗੱਲਾਂ ਤੋਂ ਆਪਣਾ ਧਿਆਨ ਹਟਾਉਦੇ ਹੋਏ, ਇਹ ਪੁਸਤਕ ਤੁਹਾਨੂੰ ਵਿਸ਼ਵਾਸ਼ ਦੀ ਜੀਵਨ-ਸ਼ੈਲੀ ਅਤੇ ਭਰੋਸੇਯੋਗਤਾ ਵੱਲ ਲੈ ਜਾਵੇਗੀ। ਰੌਬਟ ਇੱਕ ਅਜਿਹਾ ਪਾਤਰ ਹੈ, ਜੋ ਸਭ ਤੋਂ ਵੱਧ ਤਜ਼ਰਬੇਕਾਰ ਪਾਸਬਾਨ ਨੂੰ ਵੀ ਪਵਿੱਤਰ ਆਤਮਾ ਦੁਆਰਾ ਸ਼ਸ਼ਕਤੀਕਰਨ ਦੀ ਸੇਵਕਾਈ ਵਿੱਚ ਅੱਗੇ ਵਧਾ ਸਕਦਾ ਹੈ। ਇੱਕ ਬਹੁਤ ਹੀ ਵਧੀਆ ਗੱਲ ਇਹ ਵੀ ਹੈ ਕਿ ਰੌਬਟ ਨਵੇਂ ਵਿਸ਼ਵਾਸ਼ੀ ਨੂੰ ਵੀ ਚੇਲੇ ਵਾਂਗ ਰੋਜ਼ਾਨਾ ਦੇ ਜੀਵਨ ਵਿੱਚ ਪਵਿੱਤਰ ਆਤਮਾ ਦੀ ਸਮੱਰਥਾ ਨੂੰ ਅਨੁਭਵ ਕਰਨ ਦੇ ਯੋਗ ਬਣਾ ਦਿੰਦਾ ਹੈ। ਇਸ ਪੁਸਤਕ ਨੂੰ ਪੜ੍ਹਨਾ ਤੁਹਾਡੀ ਸੰਭਾਵਨਾ ਨੂੰ "ਰਸੂਲਾਂ ਦੇ ਕਰਤੱਬ" ਪੁਸਤਕ ਦੀ ਤਰ੍ਹਾਂ ਅਸਲ ਜੀਵਨ ਜਿਉਣ ਵਿੱਚ ਤਰੱਕੀ ਦਿੰਦਾ ਹੈ।

ਰਸੂਲਾਂ ਦੇ ਕਰਤੱਬ 1:8

"ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਂਗੇ"॥

ਜਿਵੇਂ ਹੀ ਤੁਸੀਂ ਇਹ ਪੁਸਤਕ ਪੜ੍ਹਦੇ ਹੋਂ, ਤੁਸੀਂ ਹਰੇਕ ਕਦਮ ਉੱਪਰ ਪਵਿੱਤਰ ਆਤਮਾ ਨਾਲ ਸਹਿਭਾਗੀ ਹੁੰਦੇ ਜਾਂਦੇ ਹੋਂ। ਇਸ ਪੁਸਤਕ ਵਿਚਲੀਆਂ ਸੱਚਾਈਆਂ ਤੁਹਾਨੂੰ ਮਸੀਹ ਯਿਸੂ ਨਾ.ਲ ਸਹਿਭਾਗੀ ਹੋ ਕੇ ਨਵੀਂ ਸਮੱਰਥਾਸ਼ਾਲੀ ਜੀਵਨ-ਸ਼ੈਲੀ ਵਿੱਚ ਉੱਪਰ ਉੱਠ ਕੇ ਜਿੰਦਗੀਆਂ ਨੂੰ ਪਰਵਰਤਿਤ ਹੁੰਦਾ ਹੋਇਆ ਦਿਖਾ ਸਕਦੀਆਂ ਹਨ।

ਕਲਾਇੰਟ ਸਪਾਰਗਿਊ
ਮੁੱਖ
ਪਾਸਬਾਨ, ਲਾਇਫ ਮਿਸ਼ਨ ਚਰਚ
ਓਲਥੇ, ਕਨਸਾਸ

# ਜਾਣ-ਪਹਿਚਾਣ

ਮੈਨੂੰ ਬਹੁਤ ਉਤੇਜਨਾ ਹੋ ਰਹੀ ਹੈ ਕਿ ਇਹ ਪੁਸਤਕ ਮੇਰੇ ਹੱਥਾਂ ਵਿੱਚ ਹੈ। ਪਰਮੇਸ਼ਵਰ ਦੇ ਵਚਨ ਨੂੰ ਹਰ ਇੱਕ ਪ੍ਰਸਥਿਤੀ ਵਿੱਚ ਪਰਖਿਆ ਜਾ ਸਕਦਾ ਹੈ, ਅਤੇ ਹਰੇਕ ਪ੍ਰਸਥਿਤੀ ਵਿੱਚ ਵਚਨ ਸੱਚਾ ਅਤੇ ਵਿਸ਼ਵਾਸ਼ਯੋਗ ਸਿੱਧ ਹੋਇਆ ਹੈ। ਮੇਰੇ ਤਜ਼ਰਬੇ ਵਚਨ ਨੂੰ ਪ੍ਰਮਾਣਿਤ ਨਹੀਂ ਕਰਦੇ; ਫਿਰ ਵੀ ਮੇਰੇ ਕੋਲ਼ ਢੇਰ ਸਾਰੇ ਸਬੂਤ ਅਤੇ ਗਵਾਹੀਆਂ ਹਨ ਜਿਹੜੀਆਂ ਤੁਹਾਨੂੰ ਪਰਮੇਸ਼ਵਰ ਵਿੱਚ ਵਿਸ਼ਵਾਸ਼ ਕਰਨ ਲਈ ਪ੍ਰੇਰਿਤ ਕਰਨਗੀਆਂ। ਇਸ ਪੁਸਤਕ ਵਿੱਚ ਮੈਂ ਕਈ ਸੱਚਾਈਆਂ ਦੱਸੀਆਂ ਹਨ ਜੋ ਤੁਹਾਡੇ ਜੀਵਨ ਨੂੰ ਅਦਭੁੱਤ ਤਰੀਕੇ ਨਾਲ਼ ਬਦਲਣਗੀਆਂ;ਮੈਂ ਇਨ੍ਹਾਂ ਸੱਚਾਈਆਂ ਦਾ ਗਵਾਹ ਹਾਂ ਪਰ ਮੈਨੂੰ ਵੀ ਇਨ੍ਹਾਂ ਸੱਚਾਈਆਂ ਉੱਪਰ ਸ਼ੱਕ ਹੋਇਆ ਹੈ। ਇਸ ਗੱਲ ਦੀ ਚਿੰਤਾ ਨਾ ਕਰੋ ਕਿ ਤੁਸੀਂ ਕੌਣ ਹੋਂ, ਤੁਹਾਡੀ ਬੁਲਾਹਟ ਕੀ ਹੈ, ਤੁਹਾਡਾ ਪਿਛੋਕੜ ਕੀ ਹੈ, ਤੁਸੀਂ ਕਿੰਨਾਂ ਗੱਲਾਂ ਨਾਲ ਸੰਘਰਸ਼ ਕਰ ਰਹੇ ਹੋਂ, ਇਨ੍ਹਾਂ ਸਭ ਗੱਲਾਂ ਤੋਂ ਉੱਪਰ ਜਾਗ੍ਰਿਤੀ ਤੁਹਾਡੇ ਹੱਥ ਵਿੱਚ ਹੈ। ਤੁਹਾਨੂੰ ਕੇਵਲ ਇਸ ਗੱਲ ਦੀ ਜ਼ਰੂਰਤ ਹੈ ਕਿ ਅੱਗੇ ਵੱਧਣ ਲਈ ਤੁਹਾਨੂੰ ਕੋਈ ਰਾਹ ਵਿਖਾਵੇ।

ਨਿੱਕੀ, ਭਾਰਤ ਦੇ ਸੂਬੇ ਪੰਜਾਬ ਦੀ ਰਹਿਣ ਵਾਲੀ, ਮਸੀਹ ਯਿਸੂ ਵਿੱਚ ਇੱਕ ਨਵੀਂ ਵਿਸ਼ਵਾਸ਼ਣ ਸੀ। ਵੀਹ ਵਰ੍ਹਿਆਂ ਤੋਂ ਵੀ ਵੱਧ ਸ਼ੈਤਾਨੀ ਸ਼ਕਤੀਆਂ ਨੇ ਉਸਨੂੰ ਸਤਾਇਆ ਸੀ, ਮੁਕਤੀਦਾਤਾ ਪ੍ਰਤੀ ਉਸ ਦਾ

ਵਿਸ਼ਵਾਸ਼ ਬਹੁਤ ਹੀ ਗਹਿਰਾਈ ਵਾਲਾ ਸੀ, ਜਿਸ ਕਾਰਨ ਉਸ ਨੂੰ ਤੁਰੰਤ ਛੁਟਕਾਰਾ ਮਿਲ ਗਿਆ। ਜਦੋਂ ਮੈਂ ਪੰਜਾਬ ਦੀ ਸੇਵਕਾਈ ਵਿੱਚ ਸੀ, ਅਤੇ ਨਵੇਂ ਵਿਸ਼ਵਾਸ਼ੀਆਂ ਨੂੰ ਸਮੱਰਥਾਵਾਨ ਖੁਸ਼-ਖਬਰੀ ਸੁਣਾਉਣ ਵਾਲੇ ਬਣਾਉਣ ਦੀ ਭਾਲ ਕਰ ਰਿਹਾ ਸੀ, ਤਦ ਹੀ ਮੈਨੂੰ ਨਿੱਕੀ ਨੂੰ ਮਿਲਣ ਦਾ ਸੁਭਾਗ ਮਿਲਿਆ। ਜਦ ਕਿ ਉਹ ਵਿਸ਼ਵਾਸ਼ ਵਿੱਚ ਕੇਵਲ ਪੰਜ ਮਹੀਨਿਆਂ ਤੋਂ ਹੀ ਸੀ, ਮੇਰੇ ਦੁਆਰਾ ਚਲਾਈ ਗਈ ਅਭਿਆਸ ਸਭਾ ਵਿੱਚ ਉਹ ਸ਼ਾਮਲ ਹੋਈ। ਚੰਗਾਈਆਂ ਅਤੇ ਕਰਾਮਾਤਾਂ ਦੀ ਗਵਾਹ ਹੁੰਦੀ ਹੋਈ, ਉਸ ਦੀ ਜਾਣ-ਪਹਿਚਾਣ ਪਵਿੱਤਰ ਆਤਮਾ ਨਾਲ਼ ਕਰਾਈ ਗਈ ਅਤੇ ਉਸ ਨੇ ਖੁਸ਼- ਖਬਰੀ ਨੂੰ ਵੰਡਣਾ ਸਿੱਖਿਆ। ਮੈਂ ਤੀਬਰਤਾ ਨਾਲ਼ ਪੂਰੇ ਝੁੰਡ ਨੂੰ ਵਿਸ਼ਵਾਸ਼ ਦੀ ਮੁਨਾਦੀ ਕਰਨ ਅਤੇ ਕਰਾਮਾਤਾਂ ਲਈ ਵਿਸ਼ਵਾਸ਼ ਕਰਨ ਦੀ ਜ਼ਿੰਮੇਵਾਰੀ ਲਾਈ, ਅਤੇ ਆਗਿਆਕਾਰੀ ਵਿੱਚ ਨਿੱਕੀ ਬਹੁਤ ਅੱਗੇ ਸੀ।

ਜਦ ਉਹ ਆਪਣੇ ਸਹੁਰੇ ਪਰਿਵਾਰ ਦੇ ਘਰ ਚੱਲੀ ਗਈ, ਉਸ ਨੇ ਜਾਂਦੇ ਹੀ ਆਪਣੀ ਸੱਸ ਨੂੰ ਖੁਸ਼-ਖਬਰੀ ਦੱਸੀ, ਜੋ ਅਧਰੰਗ ਨਾਲ ਪੀੜਿਤ ਸੀ। ਉਸ ਦੀ ਇੱਕ ਲੱਤ ਪੱਕੇ ਰੂਪ ਵਿੱਚ ਮੁੜ ਗਈ ਸੀ, ਜੋ ਹਮੇਸ਼ਾ ਝਟਕੇ ਮਾਰਦੀ ਰਹਿੰਦੀ ਸੀ ਅਤੇ ਉਹ ਤੁਰਨ ਫਿਰਨ ਦੇ ਯੋਗ ਨਹੀਂ ਸੀ। ਉਸ ਦਾ ਆਪਣੇ ਬਲੈਡਰ ਉੱਪਰ ਕੋਈ ਨਿਯੰਤਰਣ ਨਹੀਂ ਸੀ, ਉਹ ਅਕਸਰ ਹੀ ਆਪਣੇ ਬਿਸਤਰ ਉੱਪਰ ਪੇਸ਼ਾਬ ਕਰ ਦਿੰਦੀ ਸੀ। ਨਿੱਕੀ ਨੇ ਪਵਿੱਤਰ ਆਤਮਾ ਨੂੰ ਸੱਦਾ ਦਿੱਤਾ ਅਤੇ ਕਰਾਮਾਤ ਹੋਣ ਲਈ ਪ੍ਰਾਥਨਾ ਕੀਤੀ। ਕੇਵਲ ਦੋ ਮਿੰਟਾਂ ਦੇ ਅੰਦਰ ਉਸ ਦੀ ਸੱਸ ਉੱਠ ਗਈ ਅਤੇ ਤੁਰਨ ਲੱਗੀ। ਅਗਲੇ ਦਿਨ ਉਹ ਆਪਣੇ ਡਾਕਟਰ ਕੋਲ ਗਈ, ਜੋ ਕਿ ਇਲਾਕੇ ਦਾ ਮੰਨਿਆਂ ਹੋਇਆ ਡਾਕਟਰ ਸੀ, ਅਤੇ ਕਾਫ਼ੀ ਸਮੇਂ ਤੋਂ ਉਸ ਦਾ ਇਲਾਜ਼ ਕਰ ਰਿਹਾ ਸੀ। ਡਾਕਟਰ ਨੂੰ ਬਹੁਤ ਅਚੰਭਾ ਹੋਇਆ ਅਤੇ ਪ੍ਰੀਖਣ ਕਰਦੇ ਹੋਏ ਉਸ ਨੇ ਨਿੱਕੀ ਦੀ ਸੱਸ ਨੂੰ ਅਵਿਸ਼ਵਾਸ਼ ਕਰਦੇ ਹੋਏ ਕਿਹਾ

“ਕਿਵੇਂ, ਇਹ ਕਿਵੇਂ ਹੋਇਆ? ਤੁਸੀਂ ਕਿਵੇਂ ਠੀਕ ਹੋਏ? ਉਸ ਨੇ ਉੱਤਰ ਦਿੱਤਾ, “ਮੇਰੀ ਨੂੰਹ ਨਿੱਕੀ ਨੇ ਮਸੀਹ ਯਿਸੂ ਦੇ ਨਾਮ ਵਿੱਚ ਮੇਰੇ ਲਈ ਪ੍ਰਾਥਨਾ ਕੀਤੀ”। ਹੈਰਾਨ ਹੋਏ ਡਾਕਟਰ ਨੇ ਬੇਨਤੀ ਕੀਤੀ, “ਕਿਰਪਾ

ਕਰਕੇ ਉਸ ਨੂੰ ਇੱਥੇ ਲਿਆਉਣਾ;ਮੈਂ ਉਸ ਨੂੰ ਪ੍ਰਸ਼ਨ ਪੁੱਛਣੇ ਚਾਹੁੰਦਾ ਹਾਂ"।

ਮੈਂ ਵਿਅਕਤੀਗਤ ਤੌਰ ਉੱਤੇ ਵਿਸ਼ਵਾਸ਼ੀਆਂ ਦੀ ਅਜਿਹੀ ਪੀੜ੍ਹੀ ਦਾ ਗਵਾਹ ਹੋਣ ਦਾ ਸੁਪਨਾ ਲੈਂਦਾ ਹਾਂ ਜੋ ਧਰਮ ਦੇ ਪ੍ਰਤਿਬੰਧਾਂ ਤੋਂ ਅਜ਼ਾਦ ਹੋਏ ਹੋਣ ਅਤੇ ਸਮੱਰਥਾ ਨਾਲ ਖੁਸ਼-ਖਬਰੀ ਦਾ ਐਲਾਨ ਤੀਬਰਤਾਪੂਰਵਕ ਅਤੇ ਬਹੁਤ ਵੱਡੇ ਅਨੰਦ ਨਾਲ ਕਰਦੇ ਹੋਣ, ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਇਸ ਸੱਚਾਈ ਦਾ ਕੰਢਾ ਦੇਖ ਲਿਆ ਹੈ।

ਅਗਰ ਨਵੇਂ ਅਤੇ ਅਨਪੜ੍ਹ ਵਿਸ਼ਵਾਸ਼ੀਆਂ ਨੂੰ ਦੱਸਿਆ ਜਾਂਦਾ ਕਿ ਉਹ ਮਸੀਹ ਦੇ ਕੰਮ ਕਰ ਸਕਦੇ ਹਨ ਅਤੇ ਮਸੀਹ ਯਿਸੂ ਉਨ੍ਹਾਂ ਦੇ ਨਾਲ ਹੈ, ਕਿ ਉਹ ਆਪਣੇ ਵਚਨ ਨੂੰ ਅਲੌਕਿਕ ਸਮੱਰਥਾ ਨਾਲ ਪੱਕਿਆਂ ਕਰਨ ਅਤੇ ਪਰਮੇਸ਼ਵਰ ਦਾ ਆਤਮਾ ਉਨ੍ਹਾਂ ਉੱਪਰ ਹੈ ਕਿ ਉਹ ਖੁਸ਼-ਖਬਰੀ ਨੂੰ ਨਿਡਰਤਾ ਨਾ.ਲ ਐਲਾਨ ਕਰਨ, ਅਗਰ ਉਹ ਅਜਿਹਾ ਕਰਦੇ ਤਾਂ ਕੀ ਵਾਪਰਨਾ ਸੀ? ਕੀ ਹੋਣਾ ਸੀ ਅਗਰ ਉਨ੍ਹਾਂ ਨੂੰ ਕੋਈ ਵੀ ਦੱਸਣ ਵਾਲਾ ਨਾ ਹੁੰਦਾ ਕਿ ਉਹ ਇਹ ਸਭ ਕੁਝ ਕਰ ਸਕਦੇ ਹਨ? ਕੀ ਹੋਵੇਗਾ ਅਗਰ ਮਸੀਹ ਦੀ ਦੇਹੀ ਦੇ ਅਭਿਸ਼ਿਕਤ ਆਗੂ, ਸੇਵਕਾਈ ਲਈ ਸ਼ਸ਼ਕਤੀਕਰਨ ਵਾਸਤੇ ਕਿਸੇ ਖਾਸ ਵਿਸ਼ਵਾਸ਼ੀ ਨੂੰ ਪਹਿਲ ਦੇਣ? ਇਸ ਪੁਸਤਕ ਨੂੰ ਲਿਖਣ ਦਾ ਮੇਰਾ ਉਦੇਸ਼ ਉਨ੍ਹਾਂ ਪ੍ਰਸ਼ਨਾ ਦੇ ਉੱਤਰ ਦੇਣਾ ਹੈ ਜੋ ਪਵਿੱਤਰ ਸ਼ਾਸ਼ਤਰ ਵਿੱਚੋਂ ਉੱਠਦੇ ਹਨ ਅਤੇ ਸੰਸਾਰ ਭਰ ਦੀ ਯਾਤਰਾ ਦੇ ਤਜ਼ਰਬੇ ਦੌਰਾਨ, ਪੰਦਰਾਂ ਤੋਂ ਵੀ ਵੱਧ ਵਰ੍ਹਿਆਂ ਤੋਂ ਮੈਂ ਇਹ ਗੱਲਾਂ ਸਿਖਾ ਰਿਹਾ ਹਾਂ।

ਜਦੋਂ ਮੈਂ ਭਾਰਤ ਦੇ ਦਿੱਲੀ ਸ਼ਹਿਰ ਵਿੱਚ ਸੀ, ਮੈਂ ਨੌਜਵਾਨਾ ਨਾਲ ਭਰੀ ਹੋਈ, ਇੱਕ ਛੋਟੀ ਪਰ ਉੱਭਰਦੀ ਹੋਈ ਕਲੀਸਿਯਾ ਦੇਖੀ। ਉਹ ਮਾਸੂਮ ਅਤੇ ਧਰਮ ਤੋਂ ਅਣਜਾਣ ਸਨ, ਮਸੀਹ ਯਿਸੂ ਪ੍ਰਤੀ ਉਨ੍ਹਾਂ ਦਾ ਪਿਆਰ ਅਤੇ ਭਗਤੀ ਤਰੋਤਾਜ਼ਾ ਸਨ। ਕਰਾਮਾਤਾਂ ਵਿੱਚ ਵਿਸ਼ਵਾਸ਼ ਕਰਨ ਲਈ ਮੈਂ ਉਸ ਮੌਕੇ ਨੂੰ ਝਪਟ ਲਿਆ, ਅਤੇ ਉਨ੍ਹਾਂ ਨੇ ਪਵਿੱਤਰ ਆਤਮਾ ਦਾ ਬਪਤਿਸਮਾ ਪਾਇਆ। ਤੇਈ ਵਰ੍ਹਿਆਂ ਦਾ ਨੌਜਵਾਨ ਅਭਿਸ਼ੇਕ ਉਨ੍ਹਾਂ ਵਿੱਚੋ ਇੱਕ ਸੀ। ਮੈਂ ਪਿਆਰ ਨਾਲ ਹੁਕਮ ਦਿੰਦੇ ਹੋਏ ਆਖਿਆ, "ਜਾਉ ਹਰ ਇੱਕ ਲਈ ਪ੍ਰਾਥਨਾ ਕਰੋ ਅਤੇ ਜੋ ਚਾਹੁੰਦਾ ਹੈ ਉਸ ਨੂੰ ਮਸੀਹ ਯਿਸੂ ਦੇ ਪਿਆਰ ਬਾਰੇ ਦੱਸੋ"।

ਅਭਿਸ਼ੇਕ ਸਹਿਰ ਦੀ ਹੀ ਸ਼ਬਜ਼ੀ ਮੰਡੀ ਵਿੱਚ ਗਿਆ ਅਤੇ ਤੀਬਰਤਾ ਨਾਲ਼ ਇੱਕ ਦੁਕਾਨਦਾਰ ਨੂੰ ਪੁੱਛਿਆ, "ਕੀ ਤੁਸੀਂ ਦਰਦ ਵਿੱਚ ਹੋਂ? ਕੀ ਮੈਂ ਤੁਹਾਡੀਆਂ ਸਰੀਰਕ ਸਮੱਸਿਆਵਾਂ ਵਾਸਤੇ ਪ੍ਰਾਥਨਾ ਕਰ ਸਕਦਾ ਹਾਂ? ਮਸੀਹ ਯਿਸੂ ਤੁਹਾਨੂੰ ਚੰਗਾ ਕਰਨਗੇ! "ਬਜ਼ੁਰਗ ਵਿਅਕਤੀ ਨੇ ਉਤਸੁਕਤਾ ਪੂਰਵਕ ਜਵਾਬ ਦਿੱਤਾ, "ਮੈਂ ਠੀਕ ਹਾਂ, ਪਰ ਮੈਂ ਇੱਕ ਨੌਜਵਾਨ ਵਿਅਕਤੀ ਨੂੰ ਜਾਣਦਾ ਹਾਂ ਜੋ ਕਿ ਏਡਸ ਨਾਲ ਮਰ ਰਿਹਾ ਹੈ, ਅਗਰ ਤੁਹਾਡੀ ਇੱਛਾ ਹੈ ਤਾਂ ਉਸ ਵਿਅਕਤੀ ਲਈ ਪ੍ਰਾਥਨਾ ਕਰੋ"। ਉਸ ਵਿਅਕਤੀ ਨੂੰ ਲੱਭਣ ਲਈ ਅਭਿਸ਼ੇਕ ਤੁਰੰਤ ਚਲਾ ਗਿਆ।

ਉਸ ਦਾ ਅਭਿਵਾਦਨ ਕਰਦੇ ਹੋਏ, ਅਭਿਸ਼ੇਕ ਨੇ ਉਸ ਨੂੰ ਲੱਭਣ ਦਾ ਕਾਰਨ ਲੁਕੋਇਆ ਨਹੀਂ, "ਮੈਂ ਤੁਹਾਡੇ ਲਈ ਪ੍ਰਾਥਨਾ ਕਰਨ ਵਾਸਤੇ ਆਇਆ ਹਾਂ। ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਮਸੀਹ ਯਿਸੂ ਇਸ ਹਾਲਤ ਵਿਚੋਂ ਤੁਹਾਨੂੰ ਚੰਗਾ ਕਰਨਗੇ"। ਉਹ ਵਿਅਕਤੀ ਜੋ ਵੀਹ ਵਰ੍ਹਿਆਂ ਦਾ ਸੀ, ਨੇ ਉੱਤਰ ਦਿੱਤਾ, "ਡਾਕਟਰਾਂ ਨੇ ਕਿਹਾ ਕਿ ਮੇਰੀ ਹਾਲਤ ਲਾ-ਇਲਾਜ਼ ਹੈ, ਅਤੇ ਮੈਂ ਆਖਰੀ ਸਟੇਜ਼ ਵਿੱਚ ਹਾਂ। ਮੇਰਾ ਸੁਰੱਖਿਆ ਤੰਤਰ ਬਿਲਕੁਲ ਖਰਾਬ ਹੋ ਚੁੱਕਿਆ ਹੈ"। ਅਭਿਸ਼ੇਕ ਨੇ ਉਸ ਦੀ ਗੱਲ ਉੱਪਰ ਧਿਆਨ ਨਾ ਕਰਦੇ ਹੋਏ ਆਖਿਆ "ਕਿ ਇਸ ਗੱਲ ਦੀ ਕੋਈ ਚਿੰਤਾ ਨਹੀਂ ਹੈ ਕਿ ਡਾਕਟਰ ਕੀ ਕਹਿੰਦੇ ਹਨ; ਮਸੀਹ ਯਿਸੂ ਪਰਮੇਸ਼ਵਰ ਹਨ ਅਤੇ ਉਹ ਤੁਹਾਨੂੰ ਚੰਗਾ ਕਰ ਸਕਦੇ ਹਨ"। ਉਸ ਆਦਮੀ ਨੇ ਉੱਤਰ ਦਿੱਤਾ, "ਇਮਾਨਦਾਰੀ ਨਾਲ਼ ਕਹਾਂ ਤਾਂ, ਮੈਂ ਵਿਸ਼ਵਾਸ਼ ਨਹੀਂ ਕਰਦਾ ਕਿ ਮੈਂ ਚੰਗਾ ਹੋ ਜਾਵਾਂਗਾ। ਮੈਨੂੰ ਇਹ ਵੀ ਨਹੀਂ ਪਤਾ ਕਿ ਮੈਂ ਪਰਮੇਸ਼ਵਰ ਵਿੱਚ ਵਿਸ਼ਵਾਸ਼ ਕਰਦਾ ਹਾਂ"। ਤੀਬਰਤਾ ਨਾਲ ਭਰੇ ਹੋਏ, ਅਭਿਸ਼ੇਕ ਨੇ ਚੁਣੌਤੀ ਨਾਲ ਜਵਾਬ ਦਿੱਤਾ, "ਮੈਂ ਹੁਣੇ ਤੁਹਾਡੇ ਲਈ ਪ੍ਰਾਥਨਾ ਕਰਨ ਜਾ ਰਿਹਾ ਹਾਂ ਅਤੇ ਤੁਸੀਂ ਚੰਗੇ ਹੋ ਜਾਉਂਗੇ। ਅਗਰ ਤੁਸੀਂ ਚੰਗੇ ਨਹੀਂ ਹੁੰਦੇ, ਤਾਂ ਆ ਕੇ ਮੇਰੇ ਮੂੰਹ ਉੱਤੇ ਥੁੱਕ ਦੇਣਾ। ਇਸ ਗੱਲ ਦਾ ਅਹਿਸਾਸ ਕਰਦੇ ਹੋਏ ਕਿ ਪ੍ਰਾਥਨਾ ਕਰਨ ਦੀ ਮਨਜ਼ੂਰੀ ਦੇਣਾ, ਵਾਦ-ਵਿਵਾਦ ਜ਼ਾਰੀ ਰੱਖਣ ਨਾਲੋਂ ਸੌਖਾ ਹੈ,ਨੌਜਵਾਨ ਆਦਮੀ ਮੰਨ ਗਿਆ ਅਤੇ ਅਭਿਸ਼ੇਕ ਨੇ ਨਿਡਰਤਾ ਨਾਲ ਪ੍ਰਾਥਨਾ ਕੀਤੀ।

ਦੋ ਹਫ਼ਤਿਆਂ ਬਾਦ, ਅਭਿਸ਼ੇਕ ਨੂੰ ਬਹੁਤ ਵੱਡੀ ਖਬਰ ਮਿਲੀ। ਜਿਸ ਵਿਅਕਤੀ ਨੂੰ ਏਡਸ ਸੀ, ਉਸ ਨੇ ਆਪਣਾ ਟੈਸਟ ਕਰਾਇਆ, ਅਤੇ ਟੈਸਟ ਦੇ ਨਤੀਜੇ ਹੈਰਾਨ ਕਰ ਦੇਣ ਵਾਲੇ ਸਨ ਨਾ ਕੇਵਲ ਉਸ ਖੁਦ ਲਈ ਬਲਕਿ ਡਾਕਟਰਾਂ ਲਈ ਵੀ। "ਮੈਨੂੰ ਨਹੀਂ ਪਤਾ ਕਿ ਮੈਂ ਇਸ ਗੱਲ ਦੀ ਵਿਆਖਿਆ ਕਿਵੇਂ ਕਰਾਂ, ਪਰ ਤੁਹਾਡੇ ਸਰੀਰ ਵਿੱਚ ਏਡਸ ਦਾ ਇੱਕ ਵੀ ਕਣ ਨਹੀਂ ਹੈ, ਤੁਹਾਡਾ ਸੁਰੱਖਿਆ ਤੰਤਰ ਪੂਰੀ ਤਰ੍ਹਾਂ ਠੀਕ ਹੈ"।

ਹਾਲ ਹੀ ਵਿੱਚ ਮੈਂ ਭਾਰਤ ਦੇ ਰੋਹਤਕ ਸ਼ਹਿਰ ਵਿੱਚ ਸੀ; ਮੈਂ ਹੋਰ ਵਿਸ਼ਵਾਸ਼ੀਆਂ ਨੂੰ ਅਭਿਆਸ ਦੇ ਰਿਹਾ ਸਾਂ ਕਿ ਬਿਮਾਰ ਲਈ ਪ੍ਰਾਥਨਾ ਕਰਦੇ ਹੋਏ ਖੁਸ਼-ਖਬਰੀ ਦਾ ਪ੍ਰਚਾਰ ਕਿਵੇਂ ਕਰਨਾ ਹੈ। ਮੈਂ ਇੱਕ ਬਜ਼ੁਰਗ ਜੋੜੇ ਨੂੰ ਮਿਲਿਆ ਜੋ ਮਸੀਹ ਯਿਸੂ ਨੂੰ ਪਿਆਰ ਕਰਦੇ ਸਨ, ਪਰ ਵਿਅਕਤੀਗਤ ਤੌਰ ਉੱਤੇ ਉਨ੍ਹਾਂ ਨੇ ਚੰਗਾਈ ਕਰਨ ਦਾ ਕੋਈ ਵੀ ਵਿਅਕਤੀਗਤ ਅਨੁਭਵ ਪ੍ਰਾਪਤ ਨਹੀਂ ਕੀਤਾ ਸੀ। ਪਵਿੱਤਰ ਸ਼ਾਸ਼ਤਰ ਵਿੱਚੋ ਸਿਖਾਉਣ ਤੋਂ ਬਾਦ, ਮੈਂ ਉਨ੍ਹਾਂ ਸਾਹਮਣੇ ਨਮੂਨਾ ਦਿੱਤਾ ਕਿ ਬਿਮਾਰ ਨੂੰ ਕਿਵੇਂ ਚੰਗਾ ਕਰਨਾ ਹੈ ਅਤੇ ਇਸ ਗੱਲ ਦਾ ਅਭਿਆਸ ਕਰਨ ਲਈ ਉਨ੍ਹਾਂ ਨੂੰ ਪ੍ਰੇਰਿਤ ਕੀਤਾ। ਉਸੇ ਦਿਨ ਦੀ ਸ਼ਾਮ ਨੂੰ ਉਹ ਜੋੜਾ ਇੱਕ ਪ੍ਰਾਥਨਾ ਸਭਾ ਵਿੱਚ ਗਿਆ, ਉਨ੍ਹਾਂ ਨੇ ਦੇਖਿਆ ਕਿ ਇੱਕ ਜਵਾਨ ਇਸਤਰੀ ਮੰਜੇ ਉੱਪਰ ਪਈ ਹੋਈ ਹੈ। ਪੁੱਛ-ਪੜਤਾਲ ਕਰਨ ਤੇ ਪਤਾ ਲੱਗਿਆ ਕਿ ਉਸ ਨੂੰ ਰੀੜ੍ਹ ਦੀ ਹੱਡੀ ਅੰਦਰ ਟੀ.ਬੀ. ਹੈ ਅਤੇ ਤਿੰਨ ਵਰ੍ਹਿਆਂ ਤੋਂ ਇਹ ਬਿਮਾਰੀ ਉਸ ਨੂੰ ਸੀ, ਉਹ ਖੜ੍ਹੇ ਹੋਣ ਅਤੇ ਤੁਰਨ-ਫਿਰਨ ਦੇ ਯੋਗ ਨਹੀਂ ਸੀ। ਕਰਾਮਾਤ ਹੋਣ ਲਈ ਵਿਸ਼ਵਾਸ਼ ਕਰਨ ਪ੍ਰਤੀ ਡਰ ਮਹਿਸੂਸ ਕਰਦੇ ਹੋਏ, ਉਨ੍ਹਾਂ ਨੇ ਆਸ ਰੱਖੀ ਕਿ ਕੋਈ ਵਿਸ਼ਵਾਸ਼ੀ ਜਾਂ ਪਾਸਬਾਨ ਆ ਕੇ ਉਸ ਲਈ ਪ੍ਰਾਥਨਾ ਕਰੇ। ਪਰੰਤੂ ਜਿਵੇਂ ਹੀ ਰਾਤ ਪੈਣ ਲੱਗੀ, ਵਿਸ਼ਵਾਸ਼ ਕਰਨ ਲਈ ਉਨ੍ਹਾਂ ਨੂੰ ਪ੍ਰੇਰਣਾ ਮਹਿਸੂਸ ਹੋਈ। ਪ੍ਰਾਥਨਾ ਕਰਦੇ ਹੋਏ, ਅਚਾਨਕ ਹੀ ਉਸ ਜਵਾਨ ਔਰਤ ਨੇ ਰੋਣਾ ਸ਼ੁਰੂ ਕਰ ਦਿੱਤਾ, ਅਤੇ ਉਹ ਆਪਣੇ ਪੈਰਾਂ ਭਾਰ ਖੜ੍ਹੀ ਹੋ ਗਈ ਅਤੇ ਚੰਗੀ ਹੋ ਗਈ। ਕੀ ਤੁਸੀਂ ਉਸ ਦੇ ਰਿਸ਼ਤੇਦਾਰਾਂ ਅਤੇ ਗੁਆਢੀਆਂ ਦੇ ਚਿਹਰਿਆਂ ਦੀ ਕਲਪਨਾ ਕਰ ਸਕਦੇ ਹੋਂ, ਜਦ ਕਿ ਉਨ੍ਹਾਂ ਨੇ ਉਸ ਨੂੰ ਘਰ ਵਾਪਸ ਜਾਣ ਲੱਗੇ ਪੈਦਲ ਜਾਂਦੀ ਨੂੰ ਦੇਖਿਆ? ਇਸ ਤਰ੍ਹਾਂ ਦੀਆਂ ਕਰਾਮਾਤਾਂ ਖੁਸ਼-ਖਬਰੀ ਦੇ ਫੈਲਣ ਲਈ ਸੁਨਹਿਰੀ ਰਸਤਾ ਹਨ।

ਜਦ ਕਿ ਮੈਂ ਇਹ ਪੁਸਤਕ ਲਿੱਖ ਰਿਹਾ ਹਾਂ, ਕੁਝ ਹੋਰ ਵੱਡੇ ਸਮਾਚਾਰ ਦੇਣ ਵਿੱਚ ਮੈਂ ਖੁਸ਼ ਹਾਂ। ਸਭ ਤੋਂ ਵੱਡੀ ਮਹੱਤਵਪੂਰਨ ਕਲੀਸਿਯਾ ਦੀ ਸਥਾਪਨਾ ਦੀ ਲਹਿਰ ਹਾਲ ਦੇ ਸਮੇਂ ਇਰਾਨ ਵਿੱਚ ਹੋ ਰਹੀ ਹੈ, ਜਿੱਥੇ ਕਿ ਆਗੂਆਂ ਦੀ ਵੱਡੀ ਗਿਣਤੀ ਵਿੱਚ ਔਰਤਾਂ ਹਨ; ਅਤੇ ਉਥੇ ਕੋਈ ਵੀ ਸੰਸਥਾਗਤ ਕਲੀਸਿਯਾ ਨਹੀਂ ਹੈ; ਸੰਸਥਾਗਤ ਧਰਮ ਦੀ ਪਾਬੰਦੀ ਤੋਂ ਬਿਨ੍ਹਾਂ, ਸਧਾਰਨ ਵਿਸ਼ਵਾਸ਼ੀ ਸਧਾਰਨ ਪਰੰਤੂ ਸਮੱਰਥਾਸ਼ਾਲੀ ਖੁਸ਼-ਖਬਰੀ ਫੈਲਾ ਰਹੇ ਹਨ। ਮਿੱਤਰ ਸਾਨੂੰ ਸਾਡੀ ਪ੍ਰਭਾਵਸ਼ੀਲਤਾ ਨੂੰ ਦੇਖਣ ਦੀ ਜ਼ਰੂਰਤ ਹੈ, ਇੱਕ ਧਾਰਮਿਕ ਵਤੀਰਾ-ਜੋ ਸਦੀਵੀ ਆਤਮਿਆਂ ਨੂੰ ਨਾਸ਼ ਕਰਦਾ ਹੈ, ਘੱਟੋ-ਘੱਟ ਅਸੀਂ ਤਾਂ ਉਸ ਵਤੀਰੇ ਨੂੰ ਸਾਕਾਰ ਨਾ ਕਰੀਏ।

ਜਦ ਤੁਸੀਂ ਇਸ ਪੁਸਤਕ ਨੂੰ ਪੜ੍ਹੋਗੇ ,ਤੁਹਾਨੂੰ ਅਹਿਸਾਸ ਹੋਵੇਗਾ ਕਿ ਮੇਰੇ ਜ਼ਿਆਦਾਤਰ ਅਨੁਭਵ ਭਾਰਤ ਵਿੱਚ ਹੋਏ ਹਨ, ਜਿੱਥੇ ਕਿ ਮੇਰਾ ਸ਼ੁਰੂਆਤੀ ਜੀਵਨ ਅਤੇ ਸੇਵਕਾਈ ਦੇ ਪੰਦਰਾਂ ਵਰ੍ਹੇ ਬੀਤੇ। ਫਿਰ ਵੀ, ਮੈਂ ਬਹੁਤ ਸਾਰੇ ਦੇਸ਼ਾ ਦਾ ਦੌਰਾ ਕੀਤਾ ਅਤੇ ਆਗੂਆਂ ਅਤੇ ਵਿਸ਼ਵਾਸ਼ੀਆਂ ਨੂੰ ਥੋੜ੍ਹੇ ਸਮੇਂ ਦਾ ਅਭਿਆਸ ਦਿੱਤਾ ਅਤੇ ਉਨ੍ਹਾਂ ਸਾਹਮਣੇ ਪਵਿੱਤਰ ਆਤਮਾ ਦੀ ਸਮੱਰਥਾ ਦਾ ਪ੍ਰਗਟਾਵਾ ਕੀਤਾ। ਇਸ ਪੁਸਤਕ ਵਿੱਚਲੀ ਸੱਚਾਈ ਭਾਰਤ ਦੇ ਪ੍ਰਸੰਗ ਤੱਕ ਸੀਮਿਤ ਨਹੀਂ ਹੈ, ਮੈਂ ਪਰਮੇਸ਼ਵਰ ਦੇ ਵਚਨ ਦੀ ਗਵਾਹੀ ਦੇ ਸਕਦਾ ਹਾਂ ਕਿ ਇਹ ਕਿਸੇ ਖਾਸ ਲੋਕਾਂ ਜਾਂ ਰਾਸ਼ਟਰ ਤੱਕ ਹੀ ਸੀਮਿਤ ਨਹੀਂ ਹੈ। ਮੈਨੂੰ ਇਸ ਤਰ੍ਹਾਂ ਦੇ ਫਲਵੰਤ ਤਜ਼ਰਬੇ ਏਸ਼ੀਆ ਦੇ ਦੂਸਰੇ ਹਿੱਸਿਆਂ, ਅਫਰੀਕਾ, ਯੂਰਪ ਅਤੇ ਅਮਰੀਕਾ ਵਿੱਚੋਂ ਵੀ ਮਿਲੇ ਹਨ। ਮੈਂ ਦੇਖ ਚੁੱਕਾ ਹਾਂ ਕਿ ਜਿੱਥੇ ਕਿਰਪਾ ਉੱਪਰ ਜ਼ੋਰ ਦਿੱਤਾ ਜਾਂਦਾ ਹੈ, ਉੱਥੇ ਧਰਮ ਦੇ ਨਕਾਰਾ ਹੋ ਚੁੱਕੇ ਕਾਨੂੰਨ ਪਕੜ੍ਹ ਬਣਾ ਕੇ ਨਹੀਂ ਰੱਖ ਸਕਦੇ, ਸਧਾਰਨ ਖੁਸ਼-ਖਬਰੀ ਵੀ ਸਮੱਰਥਾ ਪੂਰਵਕ ਫੈਲਦੀ ਹੈ। ਇਸ ਦਾ ਫ਼ਲ ਗੈਰ-ਜਾਤੀਆਂ ਦਾ ਵੱਡੇ ਪੱਧਰ ਉੱਤੇ ਮਸੀਹ ਯਿਸੂ ਵਿੱਚ ਆਉਣਾ ਹੈ, ਜਿਸ ਵਿੱਚ ਅੰਨੇ ਦੇਖਦੇ ਹਨ, ਲੰਙੇ ਤੁਰਦੇ ਹਨ, ਅਦਭੁੱਤ ਚੰਗਾਈਆਂ ਅਤੇ ਛੁਟਕਾਰੇ ਹੁੰਦੇ ਹਨ।

ਸਧਾਰਨ ਵਿਸ਼ਵਾਸ਼ੀ ਦੀ ਮਹੱਤਤਾ ਪ੍ਰਤੀ ਅਤੇ ਉਸ ਦੀਆਂ ਅਦਭੁੱਤ ਯੋਗਤਾਵਾਂ ਨੂੰ ਸਮਝਣ ਪ੍ਰਤੀ ਪਵਿੱਤਰ ਆਤਮਾ ਨੇ ਮੇਰੀਆਂ ਅੱਖਾਂ ਖੋਲੀਆਂ ਹਨ। ਇਸ ਧਰਤੀ ਉੱਪਰ ਪਰਮੇਸ਼ਵਰ ਦੀ ਇੱਛਾ ਦੀ ਪੂਰਤੀ

ਕੇਵਲ ਕੁਝ ਚੁਣੇ ਹੋਏ ਆਗੂਆਂ ਦੁਆਰਾ ਪੂਰੀ ਨਹੀਂ ਹੋ ਸਕਦੀ, ਪਰੰਤੂ ਇਹ ਤਦ ਹੀ ਹੋ ਸਕਦੀ ਹੈ ਜਦੋਂ ਮਸੀਹ ਦੀ ਦੇਹੀ ਆਪਣੇ ਪੂਰੇ ਵਜੂਦ ਵਿੱਚ ਉੱਠੇਗੀ। ਮੈਂ ਪ੍ਰਾਥਨਾ ਕਰਦਾ ਹਾਂ ਕਿ ਇਹ ਪੁਸਤਕ ਅਜਿਹੀ ਸਮਝ ਵਾਸਤੇ ਰਸਤਾ ਤਿਆਰ ਕਰੇ, ਅਤੇ ਇਹ ਸੱਚਾਈਆਂ ਤੁਹਾਨੂੰ ਪੂਰਨ ਹਿਰਦੇ ਦੇ ਤਿਆਗ ਦੀ ਖੁਸ਼-ਖਬਰੀ ਵੱਲ ਪ੍ਰੇਰਿਤ ਕਰਨ ਲਈ ਆਤਮਾ ਦੀ ਛਾਇਆ ਹੋਵੇ।

ਨੋਟ:ਇਸ ਪੁਸਤਕ ਵਿੱਚ, ਮੈਂ ਅਕਸਰ ਹੀ “ਸਧਾਰਨ ਵਿਸ਼ਵਾਸ਼ੀ” ਸ਼ਬਦ ਵਰਤਾਂਗਾ। ਮੈਂ ਪੱਕੇ ਤੌਰ ਉੱਤੇ ਮੰਨਦਾ ਹਾਂ ਕਿ ਸਾਰੇ ਵਿਸ਼ਵਾਸ਼ੀ ਪਵਿੱਤਰ ਹਨ ਅਤੇ ਕੋਈ ਸਧਾਰਨ ਨਹੀਂ ਹੈ। ਫਿਰ ਵੀ, ਕਲੀਸਿਯਾ ਵਿੱਚ ਵੱਡੇ ਪੱਧਰ ਉੱਤੇ ਆਗੂਆਂ ਅਤੇ ਵਿਸ਼ਵਾਸ਼ੀਆਂ ਵਿੱਚ ਵੱਡਾ ਅੰਤਰ ਆ ਚੁੱਕਿਆ ਹੈ, ਅਤੇ ਵਿਚਕਾਰਲੇ ਦਰਜੇ ਦੇ ਵਿਸ਼ਵਾਸ਼ੀ ਆਪਣੇ-ਆਪ ਨੂੰ ਸਧਾਰਨ ਮੰਨਦੇ ਹਨ। ਇਸ ਕਾਰਨ ਕਰਕੇ, ਮੈਂ ਇਹ ਸ਼ਬਦ ਵਰਤਦਾ ਹਾਂ।

# ਸ਼ਸ਼ਕਤੀਕਰਨ ਲਈ ਵਿਸ਼ੇਸ_ਅਧਿਕਾਰ ਪ੍ਰਾਪਤੀ

ਇੱਕ ਖਾਸ ਉਦੇਸ਼ ਲਈ ਪਰਮੇਸ਼ਵਰ ਮਸੀਹ ਯਿਸੂ ਨੇ ਆਗੂਆਂ ਲਈ ਪੰਜ ਪਰਤੀ ਸੇਵਕਾਈ ਦੀ ਸਿਰਜਨਾ ਕੀਤੀ। ਰਸੂਲ, ਨਬੀ, ਪਰਚਾਰਕ, ਪਾਸਬਾਨ ਅਤੇ ਉਸਤਾਦ।ਅਗਰ ਅਸੀਂ ਉਸ ਉਦੇਸ਼ ਤੋਂ ਨਜ਼ਰ ਹਟਾਉਂਦੇ ਹਾਂ,ਤਾਂ ਕਲੀਸਿਯਾ ਆਪਣੀ ਸਵਰਗੀ ਬਣਤਰ ਅਤੇ ਅੰਤਰ ਸ਼ਕਤੀ ਦੀ ਵਿਵਸਥਾ ਵਿੱਚ ਅਸਫਲ ਹੋ ਜਾਵੇਗੀ।ਸੰਪੂਰਨ ਕਲੀਸਿਯਾ ਦੀ ਮੰਜਿਲ, ਇਨ੍ਹਾਂ ਕਿਰਪਾਵਾਨ ਆਗੂਆਂ ਦੇ ਉੱਪਰ ਨਿਰਭਰ ਕਰਦੀ ਹੈ,ਅਤੇ ਆਗੂਆਂ ਦੀ ਸਫਲਤਾ ਕਲੀਸਿਯਾ ਦੇ ਸ਼ਸ਼ਕਤੀਕਰਨ ਉੱਤੇ ਨਿਰਭਰ ਕਰਦੀ ਹੈ।ਮੈਂ ਇੱਥੇ ਵਿਸਥਾਰ ਨਾਲ ਵਿਆਖਿਆ ਕਰਾਂਗਾ ਕਿ ਬਹੁਤ ਥੋੜ੍ਹਿਆਂ ਦਾ ਧਿਆਨ ਇਸ ਗੱਲ ਵੱਲ ਹੈ,ਕਿ ਪੰਜ-ਪਰਤੀ ਸੇਵਕਾਈ ਦਾ ਅਭਿਸ਼ੇਕ ਸਥਾਨ- ਅੰਤਰਣ ਯੋਗ ਅਤੇ ਦੋਬਾਰਾ ਲਾਗੂ ਹੋਣ ਦੇ ਯੋਗ ਹੈ।

"ਉਹ ਨੇ ਕਈਆਂ ਨੂੰ ਰਸੂਲ ਕਈਆਂ ਨੂੰ ਪਰਚਾਰਕ, ਕਈਆਂ ਨੂੰ ਪਾਸਬਾਨ ਅਤੇ ਉਸਤਾਦ ਕਰਕੇ ਦੇ ਦਿੱਤਾ।ਤਾਂ ਜੋ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ ਮਸੀਹ ਦੀ ਦੇਹ ਉਸਰਦੀ ਜਾਵੇ" ।ਅਫਸੀਆਂ 4;11-12 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਸਿੱਧਤਾਈ"ਯੂਨਾਨੀ ਭਾਸ਼ਾ ਦਾ "ਕਟਾਰਟੀਮੋਸ਼" ਸ਼ਬਦ ਹੈ, ਜਿਸ ਦਾ ਅਨੁਵਾਦ ਸੁੱਸਜਿਤ/ਸਜਾਉਣਾ ਸ਼ਬਦ ਨਾਲ ਹੀ ਕੀਤਾ ਜਾ ਸਕਦਾ ਹੈ।ਪੰਜ-ਪਰਤੀ ਸੇਵਕਾਈ ਦੀ ਮੁੱਖ ਬੁਲਾਹਟ-ਰਸੂਲ, ਨਬੀ, ਪਰਚਾਰਕ,ਪਾਸਬਾਨ ਅਤੇ ਉਸਤਾਦ-ਸੰਤ, ਸਿੱਧ ਅਤੇ ਸੁੱਸਜਿਤ ਹੋਣ ਤੋਂ ਹੈ,ਤਾਂ ਕਿ ਮਸੀਹ ਦੀ ਦੇਹੀ ਸੇਵਕਾਈ ਦੇ ਕੰਮ ਨੂੰ ਕਰ ਸਕੇ।

ਪੰਜ-ਪਰਤੀ ਮੈਂਬਰਾਂ ਨੂੰ ਅੱਗ ਲਾਉਣ ਦੀ ਸ਼ੁਰੂਆਤ ਕਰਨ ਵਾਲੇ ਕਿਹਾ ਜਾਂਦਾ ਹੈ,ਜੋ ਸਧਾਰਨ ਵਿਸ਼ਵਾਸੀਆਂ ਨੂੰ ਸੁੱਸਜਿਤ ਹੋਣ ਲਈ ਪ੍ਰੇਰਿਤ ਕਰਦੇ ਹਨ।ਉਨਾਂ ਦਾ ਆਪਣੇ ਆਪ ਵਿੱਚ ਅੰਤ ਨਹੀ ਹੁੰਦਾ,

ਅਤੇ ਉਨਾਂ ਦੀ ਬੁਲਾਹਟ ਅਤੇ ਸਫਲਤਾ, ਕਲੀਸਿਆ ਦੀ ਆਗਿਆਕਾਰੀ ਉੱਤੇ ਨਿਰਭਰ ਹੁੰਦੀ ਹੈ।ਪੰਜ-ਪਰਤੀ ਸੇਵਕਾਈ,ਵਿਸ਼ਵਾਸੀ ਲਈ ਦਰਪਣ ਦਾ ਕੰਮ ਕਰਦੀਆਂ ਹਨ, ਅਤੇ ਉਨ੍ਹਾਂ ਨੂੰ ਪਰਮੇਸ਼ਵਰ ਦੁਆਰਾ ਦਿਤੀ ਦਯਾ ਅਤੇ ਅੰਤਰ ਸ਼ਕਤੀ ਦਾ ਭੇਦ ਪ੍ਰਗਟ ਕਰਦੀਆਂ ਹਨ।

ਆਇਤ ਸ਼ਪੱਸ਼ਟ ਰੂਪ ਵਿੱਚ ਪੰਜ-ਪਰਤੀ ਸੇਵਕਾਈ ਦੇ ਵਰਦਾਨ ਅਤੇ ਅਭਿਸ਼ੇਕ ਨੂੰ ਸਭ ਵਿਸ਼ਵਾਸ਼ੀਆਂ ਨੂੰ ਦੋਬਾਰਾ ਦਿੱਤੇ ਜਾਣ ਦੇ ਇਰਾਦੇ ਬਾਰੇ ਵਿਆਖਿਆ ਕਰਦੀ ਹੈ।ਪੰਜ-ਪਰਤੀ ਸੇਵਕਾਈ ਵਿਸ਼ੇਸ਼ ਨਹੀਂ ਹਨ ;ਜੋ ਵੀ ਉਨ੍ਹਾਂ ਵਿੱਚ ਅਦੁੱਤੀ ਦਿਖਦਾ ਹੈ ਸੋ ਇੱਕ ਚਿੰਨ੍ਹ ਅਤੇ ਨਕਸ਼ਾ ਹੈ ਕਿ ਪਰਮੇਸ਼ਵਰ ਵਿਸ਼ਵਾਸ਼ੀਆਂ ਨੂੰ ਉਨ੍ਹਾਂ ਦੀ ਤਰ੍ਹਾਂ ਵਿਸ਼ੇਸ਼ ਬਣਾਉਣਾ ਚਾਹੁੰਦਾ ਹੈ। ਫ਼ਲਵੰਤ ਅਭਿਸ਼ੇਕ ਇੱਕ ਲੜੀਬੱਧ ਵਿਸ਼ਾ-ਵਸਤੂ ਹੈ-ਪਹਿਲਾਂ 5-ਪਰਤੀ ਸੇਵਕਾਈ ਵਿੱਚ ਪ੍ਰਗਟ ਹੋਇਆ,ਅਤੇ ਤਦ ਸਰੀਰ ਵਿੱਚ ਪ੍ਰਪੱਕ ਅਤੇ ਸੁਸੱਜਿਤ ਹੋਣ ਦੁਆਰਾ ਸ਼ਪੱਸ਼ਟ ਹੁੰਦਾ ਹੈ।

ਅਗਰ ਤੁਸੀਂ 5-ਪਰਤੀ ਸੇਵਕਾਈ ਲਈ ਬੁਲਾਏ ਗਏ ਹੋਂ,ਤਾਂ ਤੁਹਾਡੀ ਮਹਾਨਤਮ ਉਪਲੱਬਧੀ ਇਹ ਨਹੀਂ ਕਿ ਤੁਸੀਂ ਆਪਣੇ ਵਰਦਾਨ ਨਾਲ਼ ਹੀ ਸੇਵਾ ਕਰੋਂ,ਭਾਵੇਂ ਉਹ ਬਹੁਤ ਮਹੱਤਵਪੂਰਨ ਅਤੇ ਕੀਮਤ ਵਾਲ਼ਾ ਹੈ।ਇਸ ਤੋਂ ਇਲਾਵਾ,ਤੁਹਾਡੀ ਸਭ ਤੋਂ ਮਹੱਤਵਪੂਰਨ ਪ੍ਰਾਪਤੀ ਇਹ ਹੈ ਕਿ ਤੁਸੀਂ ਆਪਣੇ ਵਰਦਾਨ ਦੂਸਰਿਆਂ ਨੂੰ ਦਿਓ ਅਤੇ ਸਫਲਤਾਪੂਰਵਕ ਉਨ੍ਹਾਂ ਦੁਆਰਾ ਸੇਵਕਾਈ ਕਰੋ।

ਅਫਸੀਆਂ ਦੇ ਲੇਖਕ ਰਸੂਲ ਪੌਲੁਸ ਨੇ, ਆਪਣੀ ਬੁਲਾਹਟ ਨੂੰ ਅੱਛੀ ਤਰ੍ਹਾਂ ਜਾਣ ਲਿਆ ਸੀ;ਉਹ ਆਪਣੀ ਸਿੱਖਿਆ ਨਾਲ਼ ਜੁੜਿਆ ਰਿਹਾ ਅਤੇ ਨਿਰੰਤਰ ਦੂਸਰਿਆਂ ਦਾ ਸ਼ਸ਼ਕਤੀਕਰਨ ਕਰਦਾ ਰਿਹਾ।ਇਸ ਉਪਦੇਸ਼ ਅਤੇ ਹੁਕਮ ਉਤੇ ਧਿਆਨ ਦਿਉ ਜੋ ਉਸਨੇ ਆਪਣੇ ਚੇਲੇ ਤਿਮੋਥਿਉਸ ਨੂੰ ਦਿੱਤਾ ਸੀ।

"ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹਿਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿਖਿਆ ਦੇਣ ਜੋਗ ਹੋਣ"। 2 ਤਿਮੋਥਿਉਸ 2:2

## ਨਵੇਂ ਨਿਯਮ ਦਾ ਨਮੂਨਾ

ਰਸੂਲ ਪੌਲੁਸ ਆਪਣੀ ਸੇਵਕਾਈ ਨੂੰ ਦੁਹਰਾਉਣ ਵਿੱਚ ਵਿਸ਼ਵਾਸ਼ ਕਰਦਾ ਸੀ ਅਤੇ ਉਸ ਨੇ ਸ਼ਪੱਸ਼ਟ ਰੂਪ ਵਿੱਚ ਦੂਸਰੇ ਮਾਤਬਰ ਮਨੁੱਖਾਂ ਨੂੰ ਵੀ ਉਹ ਹੁਕਮ ਅਤੇ ਸਿੱਖਿਆਵਾਂ ਸਿਖਾਉਣ ਦਾ ਜਿਕਰ ਕੀਤਾ ਜੋ ਤਿਮੋਥਿਉਸ ਨੂੰ ਸਿੱਖਾਈਆਂ ਗਈਆਂ ਸਨ।ਪਵਿੱਤਰ ਸ਼ਾਸ਼ਤਰ "ਅਭਿਸ਼ਿਕਤ ਵਿਅਕਤੀ", "ਵਰਦਾਨ ਪਾਏ ਹੋਏ ਵਿਅਕਤੀ",ਅਤੇ ਨਾ ਹੀ "ਵਿਸ਼ੇਸ਼ ਬੁਲਾਏ ਹੋਏ ਵਿਅਕਤੀਆਂ" ਦਾ ਵਰਨਣ ਕਰਦਾ ਹੈ।5-ਪਰਤੀ ਸੇਵਕਾਈ ਨੂੰ ਦੁਹਰਾਉਣ ਲਈ ਭਰੋਸੇ-ਯੋਗਤਾ ਦਾ ਗੁਣ ਹੋਣਾ ਜਰੂਰੀ ਹੈ।ਭਰੋਸੇਯੋਗਤਾ ਇੱਕ ਚਾਬੀ ਹੈ,ਕਿਉਂਕਿ ਮੂਲ ਤੌਰ ਉਤੇ 5-ਪਰਤੀ ਸੇਵਕਾਈ ਦੇ ਅਭਿਸ਼ੇਕ ਅਤੇ ਵਰਦਾਨ ਸਥਾਨ-ਅੰਤਰਣ ਯੋਗ ਅਤੇ ਦੁਹਰਾਉਣ ਯੋਗ ਹਨ।

ਭਰੋਸੇਯੋਗ ਆਦਮੀਆਂ ਅਤੇ ਔਰਤਾਂ ਨੂੰ ਲੱਭਣ ਦੀ ਥਾਂ ਤੇ, ਬਹੁਤੇ ਆਗੂ, ਵਿਸ਼ੇਸ਼ ਵਰਦਾਨ,ਬੁਲਾਏ ਹੋਏ ਅਤੇ ਅਭਿਸ਼ੇਕ ਪਾਏ ਹੋਏ ਨੂੰ ਲੱਭਦੇ ਹਨ ਅਤੇ ਆਪਣੀ ਸੇਵਕਾਈ ਟੀਮ ਵਿੱਚ ਸ਼ਾਮਲ ਕਰਦੇ ਹਨ।

2 ਤਿਮੋਥਿਉਸ 2:2 ਵਿੱਚ ਦੱਸੀ ਲੜੀਬੱਧ ਕਿਰਿਆ ਨੂੰ ਦੁਹਰਾਉਣ ਬਾਰੇ ਸੋਚੋ:ਪੌਲੁਸ ਤੋਂ ਤਿਮੋਥਿਉਸ,ਤਿਮੋਥਿਉਸ ਤੋਂ ਭਰੋਸੇਯੋਗ ਮਨੁੱਖਾਂ,ਅਤੇ ਭਰੋਸੇਯੋਗ ਮਨੁੱਖਾਂ ਤੋਂ ਦੂਸਰਿਆਂ ਨੂੰ।ਸਧਾਰਨ ਸ਼ਬਦਾਂ ਵਿੱਚ ਭਰੋਸੇਯੋਗਤਾ ਤੁਹਾਡੇ ਵਿਸ਼ਵਾਸ਼ ਪ੍ਰਤੀ ਨਿਸ਼ਚੇ ਨੂੰ ਸ਼ਪੱਸ਼ਟ ਕਰਦੀ

ਹੈ,ਅਤੇ ਇਹ ਗੁਣ ਤੁਹਾਨੂੰ ਸ਼ਸ਼ਕਤੀਕਰਨ ਲਈ ਸਥਾਨ ਦਿੰਦਾ ਹੈ।ਪੌਲੁਸ ਆਪਣੇ ਵਰਦਾਨ ਅਤੇ ਅਭਿਸ਼ੇਕ ਦੂਸਰਿਆਂ ਨੂੰ ਦੇਣ ਲਈ ਹਮੇਸ਼ਾ ਭਾਲ਼ ਕਰਦਾ ਰਹਿੰਦਾ ਸੀ;ਉਹ ਇਕ ਬਹੁਤ ਵੱਡਾ ਦੁਹਰਾਉਣ ਵਾਲ਼ਾ ਸੀ !ਇਨ੍ਹਾਂ ਆਇਤਾਂ ਉਤੇ ਧਿਆਨ ਦਿਉ।

“ਕਿਉਂ ਜੋ ਮੈਂ ਤੁਹਾਡੇ ਦਰਸ਼ਨ ਨੂੰ ਬਹੁਤ ਤਰਸਦਾ ਹਾਂ ਭਈ ਜਾਣੋ ਕੋਈ ਆਤਮਕ ਦਾਨ ਤੁਹਾਨੂੰ ਦੁਆਵਾਂ ਜੋ ਤੁਸੀਂ ਤਕੜੇ ਹੋ ਜਾਵੋ 0ਤਾਤਪਰਜ ਇਹ ਹੈ ਕਿ ਤੁਸਾਂ ਵਿੱਚ ਰਲ ਕੇ ਆਪਸ ਦੀ ਨਿਹਚਾ ਦੇ ਕਾਰਨ ਜਿਹੜੀ ਤੁਹਾਡੇ ਅਤੇ ਮੇਰੇ ਵਿੱਚ ਹੈ ਸਾਡੀ ਦੋਹਾਂ ਦੀ ਨਿਸ਼ਾ ਹੋਵੇ”। ਰੋਮੀਆਂ ਨੂੰ 1:11-12

“ਤੂੰ ਉਸ ਦਾਤ ਦੀ ਬੇਪਰਵਾਹੀ ਨਾ ਕਰ ਜੋ ਤੇਰੇ ਵਿੱਚ ਹੈ ਅਤੇ ਜਿਹੜੀ ਅਗੰਮ ਵਾਕ ਦੇ ਰਾਹੀਂ ਪਰਿਹਾ ਦੇ ਹੱਥ ਰੱਖਣ ਨਾਲ਼ ਤੈਨੂੰ ਦਿੱਤੀ ਗਈ ਹੈ ”। 1ਤਿਮੋਥਿਉਸ 4:14

“ਇਸ ਕਾਰਨ ਮੈਂ ਤੈਨੂੰ ਚਿਤਾਰਦਾ ਹਾਂ ਭਈ ਤੂੰ ਪਰਮੇਸ਼ੁਰ ਦੀ ਉਸ ਦਾਤ ਨੂੰ ਜੋ ਤੇਰੇ ਉਤੇ ਮੇਰੇ ਹੱਥ ਰੱਖਣ ਦੁਆਰਾ ਤੈਨੂੰ ਮਿਲੀ ਚਮਕਾ ਦਿਹ”। 2 ਤਿਮੋਥਿਉਸ ਨੂੰ 1:6

ਇਸ ਸੱਚਾਈ ਨੂੰ ਅਫਸੀਆਂ 4:11-12 ਦੇ ਅਨੁਸਾਰ ਅਭਿਆਸ ਕਰੋ ਅਤੇ ਯਾਦ ਕਰੋ,ਸਫਲਤਾ ਲਈ ਮਸੀਹ ਦੀ ਦੇਹੀ ਨੂੰ ਸੁਸੱਜਿਤ ਕਰਨ ਦੀ ਯੋਗਤਾ ਨਾਲ਼ ਜੋੜਿਆ ਜਾਂਦਾ ਹੈ,ਦੇਹੀ ਉਨ੍ਹਾਂ ਕੁ ਹੀ ਪ੍ਰਭਾਵਸ਼ਾਲੀ ਹੋਈ ਜਿੰਨਾਂ ਕੁ ਉਹ ਖੁਦ ਹਨ।ਅਗਰ ਇਹ ਸੱਚ ਹੈ ਤਾਂ ਸਾਨੂੰ ਮਸੀਹ ਯਿਸੂ ਦੇ ਜੀਵਨ ਵਿੱਚ ਸ਼ਸ਼ਕਤੀਕਰਨ ਦੇ ਸ਼ਪੱਸ਼ਟ ਸਬੂਤ ਲੱਭਣ ਦੀ ਲੋੜ ਹੈ।ਹੇਠਾਂ ਲਿਖੇ ਵਚਨਾਂ ਉਤੇ ਧਿਆਨ ਦਿਉ:

“ਚੇਲਾ ਗੁਰੂ ਨਾਲੋਂ ਵੱਡਾ ਨਹੀਂ ਪਰ ਹਰੇਕ ਜਦ ਪੂਰਾ ਹੋ ਗਿਆ ਤਦ ਆਪਣੇ ਗੁਰੂ ਵਰਗਾ ਹੋਵੇਗਾ”। ਲੂਕਾ 6:40 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ )

ਕੀ ਤੁਸੀਂ ਸਵਾਮੀ ਦੇ ਸ਼ਪੱਸ਼ਟ ਵਚਨਾਂ ਨੂੰ ਸੁਣਿਆ ਹੈ? ਹਰ ਇੱਕ, ਜਦੋਂ ਉਹ ਸੰਪੂਰਨ ਸਿੱਖਿਅਤ ਹੁੰਦਾ ਹੈ,ਆਪਣੇ ਉਸਤਾਦ ਦੀ ਤਰ੍ਹਾਂ ਹੋਵੇਗਾ। ਮਸੀਹ ਯਿਸੂ ਦਾ ਇਹ ਮਿਸ਼ਨ ਸੀ ਕਿ ਉਹ ਆਪਣੇ-ਆਪ ਨੂੰ ਆਪਣੇ ਚੇਲਿਆਂ ਨੂੰ ਦੇ ਦੇਵੇ ਤਾਂ ਕਿ ਉਹ ਵੀ ਉਸ ਵਰਗੇ ਬਣਨ। ਮਿੱਤਰ ਉਸ ਦਾ ਉਦੇਸ਼ ਅਤੇ ਨਿਸ਼ਾਨਾ ਬਦਲਿਆ ਨਹੀਂ ਹੈ। ਉਹ ਅੱਜ ਵੀ ਇੱਛਾ ਰੱਖਦਾ ਹੈ ਕਿ ਉਸ ਦੇ ਚੇਲੇ ਸੰਪੂਰਨ ਸਿੱਖਿਅਤ ਅਤੇ ਪ੍ਰਪੱਕ ਹੋਣ ਤਾਂ ਕਿ ਉਹ ਆਪਣੇ ਵਿੱਚੋਂ ਮਸੀਹ ਨੂੰ ਵਿਖਾ ਸਕਣ। ਉਸ ਦੀ ਆਮਦ ਹੋਣ ਤੋਂ ਪਹਿਲਾਂ ਉਸ ਦੇ ਹੁਕਮ ਉੱਤੇ ਧਿਆਨ ਦਿਉ।

"ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ 0ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ  ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲ਼ੇ ਤੁਹਾਡੇ ਨਾਲ਼ ਹਾਂ"॥

ਮੱਤੀ  28:19-20 ( ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਮਸੀਹ ਯਿਸੂ ਨੇ ਹੁਕਮ ਦਿੱਤਾ "ਸਾਰੀਆਂ ਗੱਲਾਂ" ਖੁਸ਼ ਖਬਰੀ ਦੇ ਪ੍ਰਚਾਰ ਸਮੇਤ,ਬਿਮਾਰਾਂ ਨੂੰ ਚੰਗਿਆਂ ਕਰਨਾ, ਮੁਰਦਿਆਂ ਨੂੰ ਜਿਵਾਲਣਾ ਅਤੇ ਦੁਸ਼ਟ ਆਤਮਿਆਂ ਨੂੰ ਕੱਢਣਾ,ਸਭ ਦੇਸ਼ਾਂ ਦੇ ਹਰੇਕ ਚੇਲੇ ਨੂੰ ਸਿਖਾਉਣਾ ਹੈ( ਮੱਤੀ 10:7-8 ) ਇਥੇ ਰੁਤਬੇ ਅਨੁਸਾਰ ਵਿਸ਼ੇਸ਼ ਯੋਗਤਾਵਾਂ ਆਗੂਆਂ ਨੂੰ ਸਧਾਰਨ ਵਿਸ਼ਵਾਸ਼ੀਆਂ ਤੋਂ ਵੱਖਰਾ ਨਹੀਂ ਕਰਦੀਆਂ। ਮਸੀਹ ਯਿਸੂ ਆਪਣੇ ਚੇਲਿਆਂ ਵਿੱਚ ਬਹੁਤ ਵਿਸ਼ਵਾਸ਼ ਕਰਦਾ ਸੀ,ਜਿਹੜੇ ਬਾਰਾਂ ਦੀ ਗਿਣਤੀ ਤੋਂ ਕਿਤੇ ਵੱਧ ਸਨ ( ਲੂਕਾ 10:1, ਮਰਕੁਸ 9:38-39 )। ਮਸੀਹ ਨੇ ਵਿਉਂਤਬੱਧ ਤਰੀਕੇ ਨਾਲ਼ ਆਪਣੇ ਆਪ ਨੂੰ ਚੇਲਿਆਂ ਲਈ ਖਰਚ ਕਰ ਦਿੱਤਾ ਜਿਵੇਂ ਕਿ ਉਸ ਨੇ ਸਿਖਾਇਆ,ਸੇਵਕਾਈ ਨੂੰ ਨਮੂਨੇ ਵਿੱਚ ਢਾਲ਼ਿਆ,ਅਤੇ ਉਨ੍ਹਾਂ ਨੂੰ ਭੇਜਿਆ ਕਿ ਉਸਦੇ ਕੰਮਾਂ ਨੂੰ ਦੁਹਰਾਉਣ। ਭਾਵੇਂ ਯਿਸੂ ਪਰਮੇਸ਼ਵਰ ਦਾ ਪੁੱਤਰ ਸੀ, ਫਿਰ ਵੀ ਉਸ ਨੇ ਸਧਾਰਨ ਮਨੁੱਖ ਦੀ ਤਰ੍ਹਾਂ ਸੇਵਕਾਈ ਕੀਤੀ, ਸੰਪੂਰਨ ਤੌਰ ਤੇ ਪਿਤਾ ਵੱਲ ਸਮਰਪਿਤ ਰਿਹਾ ਅਤੇ ਪਵਿੱਤਰ ਆਤਮਾ ਦੁਆਰਾ ਸ਼ਕਤੀਸ਼ੰਪੰਨ ਹੋਇਆ ( ਫਿਲਿਪੀਆਂ ਨੂੰ 2:5-8

)।ਇਸ ਤਰ੍ਹਾਂ ਉਸ ਦਾ ਨਮੂਨਾ ਦੁਹਰਾਉਣ ਵਾਲ਼ਾ ਸੀ,ਅਤੇ ਉਸਨੇ ਜ਼ੋਰਦਾਰ ਤਰੀਕੇ ਨਾਲ਼, ਆਪਣੇ ਚੇਲਿਆਂ ਨੂੰ ਉਹੋ ਕਰਨ ਲਈ ਕਿਹਾ ਜੋ ਉਸਨੇ ਖੁਦ ਕੀਤਾ ਸੀ।ਹੇਠ ਲਿਖਿਆਂ ਗੱਲਾਂ ਉੱਤੇ ਧਿਆਨ ਦਿਉ:ਪਾਣੀ ਉਪਰ ਚਲਦੇ ਵਕਤ, ਉਸਨੇ ਪਤਰਸ ਨੂੰ ਵੀ ਅਜਿਹਾ ਹੀ ਕਰਨ ਲਈ ਪ੍ਰੇਰਿਤ ਕੀਤਾ।ਥੋੜ੍ਹੇ ਸਮੇਂ ਲਈ ਪਤਰਸ ਸਫਲਤਾਪੂਰਵਕ ਪਾਣੀ ਉਤੇ ਤੁਰਿਆ ( ਮੱਤੀ 14:26-29 )।ਜਦ ਚੇਲੇ ਮਸੀਹ ਯਿਸੂ ਦੁਆਰਾ ਸ਼ਰਾਪਿਤ ਅੰਜ਼ੀਰ ਦੇ ਦਰੱਖਤ ਨੂੰ ਇੰਨੀ ਛੇਤੀ,ਸੁੱਕਣ ਉੱਤੇ ਹੈਰਾਨ ਹੋ ਰਹੇ ਸਨ, ਮਸੀਹ ਨੇ ਝੱਟ ਉਨ੍ਹਾਂ ਨੂੰ ਸਿਖਾਇਆ ਕਿ ਉਹ ਵੀ ਅਜਿਹਾ ਕਰ ਸਕਦੇ ਹਨ ( ਮੱਤੀ 21:20-22 )

ਮਸੀਹ ਯਿਸੂ ਨੇ ਬਾਰਾਂ ਅਤੇ ਸੱਤਰ੍ਹਾਂ ਨੂੰ ਪ੍ਰਚਾਰ ਕਰਨ, ਬਿਮਾਰਾਂ ਨੂੰ ਚੰਗਾਂ ਕਰਨ, ਅਤੇ ਦੁਸ਼ਟ ਆਤਮਿਆਂ ਨੂੰ ਕੱਢਣ ਲਈ ਸ਼ਸ਼ਕਤੀਕਰਨ ਕੀਤਾ, ਅਤੇ ਅਕਸਰ ਉਹ ਅਜਿਹਾ ਕਰਿਆ ਕਰਦਾ ਸੀ ( ਲੂਕਾ 9:1-2, 9:49-50, ਲੂਕਾ 10:1,9,17-19 )

ਮਸੀਹ ਯਿਸੂ ਨੇ ਇੱਕ ਅਚੰਭਾ ਕਰਨ ਵਾਲਾ ਵਾਅਦਾ ਕੀਤਾ ਕਿ ਹਰ ਇੱਕ ਜਿਹੜਾ ਉਸ ਉਤੇ ਨਿਹਚਾ ਕਰਦਾ ਹੈ, ਉਹ ਵੀ ਅਚੰਭੇ ਵਾਲ਼ੇ ਉਹੋ ਕੰਮ ਕਰ ਸਕਦਾ ਹੈ ਜਿਹੇ ਉਸ ਨੇ ਖੁਦ ਕੀਤੇ ਸਨ ( ਯੂੰਹਨਾ 14:12 )।

ਮੈਂ ਤੁਹਾਨੂੰ ਖੁਸ਼ ਖਬਰੀ ਦੀਆਂ ਪੁਸਤਕਾਂ ਪੜ੍ਹ ਕੇ ਮਸੀਹ ਬਾਰੇ ਸਿੱਖਣ ਲਈ, ਸੇਵਕਾਈ ਲਈ ਦੂਸਰਿਆਂ ਦਾ ਸ਼ਸ਼ਕਤੀਕਰਨ ਕਰਨ ਲਈ, ਮਸੀਹ ਯਿਸੂ ਨੇ ਵਿਅਕਤੀਗਤ ਅਰਾਮ ਅਤੇ ਸਥਾਨ ਦਾ ਬਲੀਦਾਨ ਕੀਤਾ ਤਾਂ ਕਿ ਉਹ ਖੁਦ ਨੂੰ ਦੂਸਰਿਆਂ ਉੱਪਰ ਦੁਹਰਾਵੇ, ਲਈ ਪ੍ਰੇਰਿਤ ਕਰਾਂਗਾ ।ਠੀਕ ਤਿੰਨ ਸਾਲਾਂ ਦੇ ਅੰਦਰ,ਉਸ ਨੇ ਸਫਲਤਾਪੂਰਵਕ ਸਿੱਖੇ ਹੋਏ ਚੇਲਿਆਂ ਨੂੰ ਇਸ ਧਰਤੀ ਉੱਪਰ ਆਤਮ ਵਿਸ਼ਵਾਸ਼ ਨਾਲ਼ ਛੱਡਿਆ ਕਿ ਉਹ ਉਸ ਦਾ ਸੰਦੇਸ਼ ਅਤੇ ਉਦੇਸ਼ ਬਣੇ ਰਹਿਣਗੇ।ਮਿੱਤਰ ਕੀ ਤੁਸੀਂ ਇੱਕ ਵਾਰ ਵੀ ਅਜਿਹੀ ਗੱਲ ਲੱਭ ਸਕਦੇ ਹੋਂ ਕਿ ਮਸੀਹ ਨੇ ਆਪਣੇ ਚੇਲਿਆਂ ਨੂੰ ਕਿਹਾ ਹੋਵੇ, “ਪਿੱਛੇ ਖੜੇ ਰਹੋ।ਮੈਂ ਵਿਸ਼ੇਸ਼ ਤੌਰ ਉੱਤੇ ਅਭਿਸ਼ਿਕਤ ਹਾਂ, ਅਤੇ ਜੋ ਮੈਂ ਕਰ ਰਿਹਾ ਹਾਂ ਤੁਸੀਂ ਉਹ ਨਹੀਂ ਕਰ ਸਕਦੇ”?

## ਸ਼ਸ਼ਕਤੀਕਰਨ ਦੇ ਭਿੰਨ-ਭਿੰਨ ਦਰਜੇ

ਬਹੁਤ ਸਾਲਾਂ ਤੋਂ,ਮੈਂ ਭਿੰਨ-ਭਿੰਨ ਤਰੀਕਿਆਂ, ਜਿਨ੍ਹਾਂ ਨਾਲ਼ ਆਗੂ ਆਪਣੇ ਵਰਦਾਨਾਂ ਅਤੇ ਬੁਲਾਹਟਾਂ ਅਤੇ ਕਿਵੇਂ ਉਹ ਭਿੰਨ-ਭਿੰਨ ਤਰੀਕਿਆਂ ਨਾਲ਼ ਦੂਸਰਿਆਂ ਦਾ ਸ਼ਸ਼ਕਤੀਕਰਨ ਕਰਦੇ ਹਨ, ਨੂੰ ਦੇਖਿਆ ਹੈ।

ਹੇਠਾਂ ਦਿੱਤਾ ਚਾਰਟ ਸਾਡੀ ਸਹਾਇਤਾ ਕਰਦਾ ਹੈ ਕਿ ਅਸੀਂ ਕਿਥੇ ਹਾਂ ਅਤੇ ਪਰਮੇਸ਼ਵਰ ਸਾਨੂੰ ਕਿਥੇ ਵੇਖਣਾ ਚਾਹੁੰਦਾ ਹੈ।

| **ਸ਼ਸ਼ਕਤੀਕਰਨ ਦੇ ਦਰਜੇ** | **ਆਗੂਆਂ ਦੀ ਜੀਵਨ ਸ਼ੈਲੀ ਅਤੇ ਪਹਿਲੂ** |
|---|---|
| ਸਭ ਤੋਂ ਨੀਵਾਂ ਦਰਜਾ, ਸਵੈ-ਕੇਂਦਰਿਤ | ਇਹ ਆਗੂ ਸੰਪੂਰਨ ਤੌਂਰ ਉਤੇ ਆਪਣੇ ਵਰਦਾਨ ਅਤੇ ਅਭਿਸ਼ੇਕ ਨੂੰ ਵਰਤਦੇ ਹੋਏ ਪਰਮੇਸ਼ਵਰ ਦੀ ਸੇਵਾ ਕਰਨ ਲਈ,ਖੁਦ ਉੱਪਰ ਧਿਆਨ ਕਰਦਾ ਹੈ।ਇਸ ਆਗੂ ਕੋਲ਼ ਦੂਸਰਿਆਂ ਨੂੰ ਸ਼ਸ਼ਕਤੀਕਰਨ ਕਰਨ ਦਾ ਕੋਈ ਨਜ਼ਰੀਆ ਨਹੀਂ ਹੁੰਦਾ;ਇਸ ਕਾਰਨ ਉਹ ਅਜਿਹਾ ਕਰਨ ਦਾ ਯਤਨ ਵੀ ਨਹੀਂ ਕਰਦਾ।ਇਹ ਆਗੂ ਖੁਦ ਨੂੰ ਅਭਿਸ਼ਿਕਤ ਅਤੇ ਦੂਸਰਿਆਂ ਨੂੰ ਸਧਾਰਨ ਸਮਝਦਾ ਹੈ।ਇੱਕ ਪਾਸਬਾਨ ਆਪਣੇ ਝੁੰਡ ਦੀ ਚਰਾਈ ਉਪਰ ਸੰਪੂਰਨ ਧਿਆਨ ਦੇਵੇਗਾ ਅਤੇ ਇੱਕ ਨਿਗਾਹਬਾਨ ਗੁਆਚਿਆਂ ਹੋਇਆਂ ਨੂੰ ਮਸੀਹ ਵਿੱਚ ਲੱਭਣ ਲਈ ਪੂਰਾ ਧਿਆਨ ਕਰੇਗਾ ਆਦਿ। |

| **ਸ਼ਸ਼ਕਤੀਕਰਨ ਦੇ ਦਰਜੇ** | **ਆਗੂਆਂ ਦੀ ਜੀਵਨ ਸ਼ੈਲੀ ਅਤੇ ਪਹਿਲੂ** |
|---|---|
| ਕੁਝ ਚੁਣਿਆਂ ਹੋਇਆਂ ਦਾ ਅੰਸ਼ਿਕ ਸ਼ਸ਼ਕਤੀਕਰਨ, | ਇਹ ਆਗੂ ਆਪਣਾ ਬਹੁਤਾ ਸਮਾਂ ਦੂਸਰਿਆਂ ਨੂੰ ਅਭਿਸ਼ੇਕ ਕਰਨ ਵਿੱਚ ਖਰਚ ਕਰਦਾ ਹੈ ਜਿਵੇਂ ਉੱਪਰ ਦੱਸਿਆ ਗਿਆ ਹੈ।ਫਿਰ ਵੀ ਇਹ ਆਗੂ ਭਿੰਨਤਾਂ ਕਰਦਾ ਹੋਇਆ ਸਮਝਦਾ ਹੈ ਕਿ ਕੁਝ ਵਿਸ਼ੇਸ਼ ਭਵਿੱਖ ਦੇ ਆਗੂ ਹਨ ਜਿਨ੍ਹਾਂ ਦਾ ਉਸ ਨੂੰ ਸ਼ਸ਼ਕਤੀਕਰਨ |

| | |
|---|---|
| ਜਿਆਦਾਤਰ ਸਵੈ-ਕੇਂਦਰਿਤ | ਕਰਨਾ ਚਾਹੀਦਾ ਹੈ।ਆਪਣੇ ਪ੍ਰਭਾਵਿਤ ਕਰਨ ਦੇ ਖੇਤਰ ਵਿੱਚ,ਅਜਿਹੇ ਆਗੂ ਸੰਭਾਵਨਾ ਲੱਭਦੇ ਹਨ,ਆਉਣ ਵਾਲ਼ੇ ਆਗੂਆਂ ਵਿੱਚ ਅਭਿਸ਼ੇਕ ਅਤੇ ਬੁਲਾਹਟ ਕੇਵਲ ਆਪਣੇ ਆਪ ਨੂੰ ਸ਼ਸ਼ਕਤੀਕਰਨ ਕਰਨ ਲਈ ਵਰਤਣ ਦਾ ਯਤਨ ਕਰਦੇ ਹਨ।ਉਦਾਹਰਣ ਤੌਰ ਉਤੇ,ਇੱਕ ਪ੍ਰਚਾਰਕ ਸਭਾ ਵਿੱਚ ਕੁਝ ਨਵੇਂ ਪ੍ਰਚਾਰਕਾਂ ਨੂੰ ਸਥਾਪਿਤ ਕਰੇਗਾ,ਇਸ ਪ੍ਰਕਾਰ ਪ੍ਰਚਾਰਕ ਉਨ੍ਹਾਂ ਨੂੰ ਬੁਲਾਏਗਾ ਅਤੇ ਉਨ੍ਹਾਂ ਨੂੰ ਸੁੱਸਜਿਤ ਕਰੇਗਾ।ਸ਼ਸ਼ਕਤੀਕਰਨ ਥੋੜ੍ਹਿਆਂ ਵਿੱਚ ਹੀ ਹੋਵੇਗਾ ਨਾ ਕਿ ਪੂਰੀ ਦੇਹੀ/ਮਸੀਹ ਦੀ ਕਲੀਸਿਯਾ ਵਿੱਚ। |
| ਦੂਸਰਾ ਸਥਾਨ ਦਿੰਦੇ ਹੋਏ ਦੇਹੀ ਦਾ ਸ਼ਸ਼ਕਤੀਕਰਨ | ਇਸ ਆਗੂ ਕੋਲ਼ ਵਿਸ਼ਵਾਸ਼ੀਆਂ ਦੀ ਉੱਨਤੀ ਲਈ ਪ੍ਰਕਾਸ਼ਨ ਹੁੰਦਾ ਹੈ ਸਾਂਝੇ ਤੌਰ 'ਤੇ,ਅਤੇ ਪਰਮੇਸ਼ਵਰ ਦੀਆਂ ਯੋਜਨਾਵਾਂ ਦਾ ਉਦੇਸ਼ ਅਤੇ ਕਿਰਿਆਤਮਕ ਕਦਮ ਚੁੱਕਦਾ ਹੈ ਤਾਂ ਕਿ ਉਨ੍ਹਾਂ ਨੂੰ ਸੇਵਕਾਈ ਲਈ ਸੁਸੱਜਿਤ ਕਰੇ।ਫਿਰ ਵੀ ਇਹ ਦੂਸਰੇ ਦਰਜੇ ਦੀ ਹੀ ਪਹਿਲ ਹੈ,ਖੁਦ ਦੀ ਬੁਲਾਹਟ ਅਤੇ ਅਭਿਸ਼ੇਕ ਨੂੰ ਕੇਂਦਰੀ ਪੱਧਰ ਉਤੇ ਰੱਖਦੇ ਹੋਏ ਅੱਗੇ ਵਧਾਉਣਾ ਅਤੇ ਸਹਾਇਤਾ ਦੇਣਾ ਹੈ।ਇਸ ਪ੍ਰਕਾਰ ਦਾ ਆਗੂ ਦੂਸਰਿਆਂ ਨੂੰ ਸ਼ਸ਼ਕਤੀਕਰਨ ਵਿੱਚ ਖੁਸ਼ ਹੁੰਦਾ ਹੈ,ਅਗਰ ਉਸ ਨੂੰ ਸ਼ਿਖਰ ਉਤੇ ਬਣੇ ਰਹਿਣ ਵਿੱਚ ਕੋਈ ਅਸੁਵਿਧਾ ਜਾਂ ਕੋਈ ਰੁਕਾਵਟ ਨਾ ਪਵੇ ਤਾਂ ਹੀ ਉਹ ਇਹ ਕਰ ਪਾਵੇਗਾ।ਅਸੁਵਿਧਾ,ਜਲਨ ਅਤੇ ਦੁਸ਼ਮਣੀ ਅਜਿਹੇ ਆਗੂ ਨੂੰ ਦੂਸਰਿਆਂ ਨੂੰ ਸ਼ਸ਼ਕਤੀਕਰਨ ਕਰਨ ਤੋਂ ਰੋਕਦੀ ਹੈ ਅਤੇ ਦੂਸਰਿਆਂ ਨੂੰ ਕੇਵਲ ਉਪਾਧੀ ਦੇ ਤੌਂਰ ਉੱਤੇ ਹੀ ਉੱਪਰ ਉਠਾਉਦੀ ਹੈ;ਤਾਂ ਕਿ ਦੂਸਰੇ ਉਸ ਤੋਂ ਵੱਧ ਉੱਘੇ ਨਾ ਦਿੱਖਣ ਲੱਗ ਜਾਣ। |

| ਸ਼ਸ਼ਕਤੀਕਰਨ ਦੇ ਦਰਜੇ | ਆਗੂਆਂ ਦੀ ਜੀਵਨ ਸ਼ੈਲੀ ਅਤੇ ਪਹਿਲੂ |
|---|---|
| ਸੰਪੂਰਨ ਸ਼ਸ਼ਕਤੀਕਰਨ ਅਤੇ ਬਾਈਬਲ ਵਾਲ਼ੀ ਜੀਵਨ-ਸ਼ੈਲੀ | 5-ਪਰਤੀ ਸੇਵਕਾਈ ਦੀ ਬੁਲਾਹਟ ਦਾ ਬੁਨਿਆਦੀ ਪ੍ਰਗਟਾਓ,ਇਹ ਹੈ ਕਿ ਇਹ ਆਗੂ ਸਾਰੇ ਵਿਸ਼ਵਾਸ਼ੀਆਂ ਨੂੰ ਸ਼ਸ਼ਕਤੀਕਰਨ ਕਰਨ ਵਿੱਚ ਆਪਣੀ ਸਭ ਤੋਂ ਵੱਡੀ ਸਫਲਤਾ ਵਜੋਂ ਵੇਖਦਾ ਹੈ। ਇਹ ਆਗੂ ਮਹੱਤਵਪੂਰਨ ਤੌਂਰ ਉਤੇ ਚੇਲਿਆਂ ਨੂੰ ਚੁਣਦਾ ਹੈ,ਉਨ੍ਹਾਂ ਨੂੰ ਸੁਸੱਜਿਤ ਕਰਦਾ ਹੈ,ਅਤੇ ਸਿਆਣਪ ਨਾਲ਼ ਉਨ੍ਹਾਂ ਨੂੰ ਸੇਵਾ ਕਰਨ ਅਤੇ ਵੱਧਣ ਦੇ ਮੌਕੇ ਦਿੰਦਾ ਹੈ। ਉਹ ਸਮਝਦਾ ਹੈ ਕਿ ਵਿਅਕਤੀਗਤ ਅਰਾਮ ਅਤੇ ਸਥਾਨ ਦਾ ਬਲੀਦਾਨ,ਦੇਹੀ ਨੂੰ ਸੁਸੱਜਿਤ ਕਰਨ ਲਈ ਲਾਜ਼ਮੀ ਹੈ। ਹਰੇਕ ਅਵਸਰ ਉੱਤੇ ਆਪਣੇ ਵਰਦਾਨ ਦੁਆਰਾ ਸੇਵਕਾਈ ਕਰਨਾ ਇੱਕ ਮੌਕਾ ਹੁੰਦਾ ਹੈ, ਉਹ ਦੂਸਰਿਆਂ ਲਈ ਨਮੂਨਾ,ਨਿਰਦੇਸ਼ ਅਤੇ ਦੂਸਰਿਆਂ ਨੂੰ ਸਿਖਾਉਣ ਦਾ ਇੱਕ ਢੰਗ ਹੁੰਦਾ ਹੈ। ਯਿਸੂ ਦੀ ਤਰ੍ਹਾਂ ਇਸ ਆਗੂ ਨੇ ਥੋੜੇ ਸਮੇਂ ਵਿੱਚ ਹੀ ਆਪਣੇ ਸਥਾਨ ਉਤੇ ਆ ਸਕਣ ਵਾਲ਼ੇ ਦੂਸਰੇ ਲੋਕਾਂ ਨੂੰ ਉਠਾਇਆ ਹੁੰਦਾ ਹੈ। ਇਹ ਸੇਵਕਾਈ ਕੇਵਲ ਇੱਕ ਆਗੂ ਉੱਪਰ ਨਿਰਭਰ ਨਹੀਂ ਹੁੰਦੀ,ਪਰ ਬਹੁਤ ਸਾਰੇ ਭਰੋਸੇਯੋਗ ਆਦਮੀਆਂ ਅਤੇ ਔਰਤਾਂ ਉੱਪਰ ਨਿਰਭਰ ਕਰਦੀ ਹੈ। |

# ਵੱਡੇ ਪੱਧਰ ਉੱਤੇ ਫੈਲਿਆ ਹੋਇਆ ਧੋਖਾ ਅਤੇ .ਗਲਤ ਧਾਰਨਾਵਾਂ

ਸਧਾਰਨ ਵਿਸ਼ਵਾਸ਼ੀ ਆਪਣੇ ਆਪ ਨੂੰ 5-ਪਰਤ ਦੀ ਸੇਵਕਾਈ ਕਰਨ ਦੇ ਯੋਗ ਨਹੀਂ ਸਮਝਦਾ, ਜਦ ਤਕ ਕਿ ਉਹ ਵਿਅਕਤੀਗਤ ਤੌਰ ਉੱਤੇ ਵਿਸ਼ੇਸ਼ ਬੁਲਾਹਟ ਜਾਂ ਪੂਰਾ ਸਮਾਂ ਸੇਵਕਾਈ ਕਰਨ ਦਾ ਮੌਕਾ ਨਹੀਂ ਪਾਉਂਦੇ।ਕਲੀਸਿਯਾ ਵਿੱਚ  ਬਹੁਤੇ ਸ਼ਰੋਤਿਆਂ ਵਾਂਗ ਹੀ ਸ਼ਾਮਲ ਹੁੰਦੇ ਹਨ,ਜਦਕਿ 5-ਪਰਤੀ ਸੇਵਕਾਈ ਜਿੰਮੇਵਾਰੀ ਦਾ ਬੋਝ ਲੈ ਕੇ ਚਲਦੀ ਹੈ । ਵਿਸ਼ਵਾਸ਼ੀ ਆਪਣੇ ਆਪ ਨੂੰ ਆਗੂਆ ਦੀ ਯੋਗਤਾ ਵਿੱਚ ਦੇਖਣ ਦੀ ਬਜਾਏ,ਆਪਣੇ ਆਪ ਨੂੰ ਅਯੋਗ ਅਤੇ ਛੋਟਾ ਸਮਝਦੇ ਹਨ।ਇਸ ਸਮੱਸਿਆ ਦੇ ਹੱਲ ਲਈ ਆਗੂਆਂ ਨੂੰ ਗੰਭੀਰ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ:ਉਹ ਖੁਦ ਅਦਭੁੱਤ ਨਹੀਂ ਹਨ,ਅਤੇ ਸਾਰੇ ਵਿਸ਼ਵਾਸ਼ੀ ਯੋਗ ਹਨ ਅਤੇ ਸੇਵਕਾਈ ਲਈ ਬੁਲਾਏ ਗਏ ਹਨ।

ਮਿੱਤਰ,ਅਗਰ ਸ਼ੈਤਾਨ ਤੁਹਾਨੂੰ ਤੁਹਾਡੀ ਬੁਲਾਹਟ ਨੂੰ ਜਾਨਣ ਅਤੇ ਉਸ ਵਿੱਚ ਚੱਲਣ ਤੋਂ ਨਹੀਂ ਰੋਕ ਸਕਿਆ ਤਾਂ ਉਸ ਦੀ ਦੂਸਰੀ ਯੋਜਨਾ ਹੋਵੇਗੀ ਕਿ ਉਹ ਤੁਹਾਨੂੰ ਸੋਚਣ ਲਈ ਮਜਬੂਰ ਕਰੇ ਕਿ ਤੁਸੀਂ ਵਿਸ਼ੇਸ਼ ਅਭਿਸ਼ੇਕ ਪਾਏ ਹੋਏ ਹੋਂ ਅਤੇ ਦੂਸਰਿਆਂ ਤੋਂ ਅਲੱਗ ਹੋਂ।ਆਪਣੇ ਘਮੰਡ ਦੇ ਅਸਲੀ ਪਾਪ ਨੂੰ ਪ੍ਰਗਟ ਕਰਨ ਦੁਆਰਾ,ਸ਼ੈਤਾਨ ਸਫਲਤਾਪੂਰਵਕ ਪਰਮੇਸ਼ਵਰ ਦੇ ਆਗੂਆਂ ਦੀਆਂ ਪੀੜੀਆਂ ਨੂੰ ਧੋਖਾ ਦੇ ਚੁੱਕਾ ਹੈ।

ਦੂਸਰਿਆਂ ਦਾ ਸ਼ਸ਼ਕਤੀਕਰਨ ਕਰਨ ਦੀ ਥਾਂ ਉਤੇ ਅਜਿਹੇ ਆਗੂ ਸੇਵਕਾਈ ਨੂੰ ਵੱਡੇ ਪੱਧਰ ਉੱਤੇ ਕਰਨ ਲਈ ਲੋਕਾਂ ਅਤੇ ਸਾਧਨਾਂ ਨੂੰ ਇਕੱਠਾ ਕਰਦੇ ਹਨ-ਇੱਕ ਯਾਤਰੀ ਪ੍ਰਚਾਰਕ ਨੂੰ ਨਿੱਜੀ ਜਹਾਜ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਜ਼ਿਆਦਾ ਕਰੂਸਡ ਚਲਾ ਸਕੇ,ਅਤੇ ਪਾਸਬਾਨ ਵੱਡੇ ਕਲੀਸਿਯਾ ਭਵਨ ਬਣਾਉਦੇ ਹਨ ਤਾਂ ਕਿ ਆਪਣੇ ਪ੍ਰਭਾਵ ਅਤੇ ਸਰੋਤਿਆਂ ਦੀ ਗਿਣਤੀ ਨੂੰ ਵਧਾ ਸਕਣ।ਗੁਆਚਿਆਂ ਹੋਇਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ਼ ਸ਼ਸ਼ਕਤੀਕਰਨ ਦਾ ਗਵਾਹ ਬਣਨ ਦੀ ਬਜਾਏ,ਸਧਾਰਨ ਵਿਸ਼ਵਾਸ਼ੀਆਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਜਾਣ-ਪਹਿਚਾਣ ਦੇ ਗੈਰ ਵਿਸ਼ਵਾਸ਼ੀਆਂ ਨੂੰ ਮਸ਼ਹੂਰ ਯਾਤਰੀ ਪ੍ਰਚਾਰਕ ਜਾਂ ਪਾਸਬਾਨ ਨੂੰ ਸੁਣਨ ਲਈ ਬੁਲਾਉਣ।ਸਧਾਰਨ ਵਿਸ਼ਵਾਸ਼ੀਆਂ ਨੂੰ ਵਿਸ਼ੇਸ਼ ਅਭਿਆਸ ਨਹੀਂ ਦਿੱਤਾ ਜਾਂਦਾ ਕਿ ਕਿਵੇਂ ਉਨ੍ਹਾਂ ਨੇ ਖੁਦ ਦੇ ਪਰਿਵਾਰ ਨੂੰ ਪਰਮੇਸ਼ਵਰ ਦੇ ਵਚਨ ਨੂੰ ਸਿਖਾਉਣਾ ਹੈ ਅਤੇ ਉਨ੍ਹਾਂ ਦੀ ਚਰਵਾਹੀ ਕਰਨੀ ਹੈ;ਭਾਵੇਂ ਉਹ ਐਤਵਾਰ ਦੀ ਸਭਾ ਲਈ "ਯੋਗਤਾ ਪ੍ਰਾਪਤ"ਪ੍ਰਚਾਰਕ ਤੋਂ ਆਪਣੇ ਪਰਿਵਾਰ ਦੀਆਂ ਆਤਮਿਕ ਲੋੜਾਂ ਲਈ ਨਿਰਭਰ ਵੀਂ ਕਿਉਂ ਨਾ ਹੋਣ।

ਆਗੂ ਅਣਜਾਣੇ ਵਿੱਚ ਆਪਣੇ ਅਭਿਸ਼ੇਕ ਅਤੇ ਵਰਦਾਨਾਂ ਨੂੰ ਵਰਤਦੇ ਹੋਏ,ਸ਼ੈਤਾਨੀ ਜਾਲ਼ ਵਿੱਚ ਫਸ ਕੇ ਸਵੈ-ਸੇਵਾ ਅਤੇ ਸਵੈ-ਉਨਤੀ ਵਿੱਚ ਲੱਗ ਜਾਂਦੇ ਹਨ।ਸਵਾਰਥੀ ਇੱਛਾ ਅਤੇ ਘਮੰਡ ਅਸਾਨੀ ਨਾਲ਼ ਪਰਮੇਸ਼ਵਰ ਦੀ "ਸੇਵਾ" ਵਿੱਚ ਧੋਖਾ ਦੇ ਸਕਦਾ ਹੈ;ਕੋਈ ਵੀ ਇਸ ਗੱਲ਼ ਤੋਂ ਅਣਜਾਣ ਰਹਿਣ ਦਾ ਘਮੰਡ ਨਹੀਂ ਕਰ ਸਕਦਾ।ਦੂਸਰਿਆਂ ਦਾ ਸ਼ਸ਼ਕਤੀਕਰਨ ਕਰਨ ਵਿੱਚ ਹਿਰਦੇ ਦੇ ਘਮੰਡ ਅਤੇ ਸਵਾਰਥੀ ਭਾਵਨਾ ਨੂੰ ਚੋਟ ਪਹੁੰਚਦੀ ਹੈ।ਮੇਰੇ ਪਾਸਬਾਨ 'ਬੇਨ ਬੇਅਰਡ' ਨਿਰਸੁਆਰਥ ਆਗੂ ਦੀ ਅਦੁੱਤੀ ਮਿਸ਼ਾਲ ਹਨ।ਉਨ੍ਹਾਂ ਨੇ ਮੈਨੂੰ ਵੱਧਣ,ਪ੍ਰਪੱਕ ਹੋਣ,ਅਤੇ ਆਪਣੇ ਵਰਦਾਨਾਂ ਨੂੰ ਵਰਤਣ ਦੇ ਅਣਗਿਣਤ ਮੌਕੇ ਦਿੱਤੇ,ਜਦਕਿ ਉਸ ਵਕਤ ਉਹ ਵਧੇਰੇ ਸਮੱਰਥ ਅਤੇ ਯੋਗ ਸਨ।ਮੈਨੂੰ ਇੱਕ ਆਗੂ ਦਿਖਾਓ,ਜਿਸਨੇ ਦੂਸਰਿਆਂ ਨੂੰ ਉਠਾਉਣ ਲਈ ਖੁਦ ਦੇ ਮੌਕਿਆਂ ਨੂੰ ਬਲੀਦਾਨ ਕਰ ਦਿੱਤਾ ਹੋਵੇ,ਅਤੇ ਉੱਥੇ ਤੁਸੀਂ ਮਸੀਹ ਦੇ ਸੁਭਾਅ ਨੂੰ ਵੇਖਦੇ ਹੋਂ।

ਫਿਰ ਵੀ,ਆਗੂਆਂ ਦੀ ਵੱਡੀ ਗਿਣਤੀ ਆਪਣੇ ਪ੍ਰਭਾਵ ਦੇ ਖੇਤਰ ਅਤੇ ਸਥਾਨ ਲਈ ਜਿਆਦਾ ਜੱਦੋ-ਜਹਿਦ ਕਰਦੀ ਹੈ ।ਅਨਾਥ ਆਤਮਾ,ਜਿਹੜੀ ਪਿਤਾ ਦੇ ਪਿਆਰ ਦੀ ਪ੍ਰਵਾਨਗੀ ਤੋਂ ਵਾਂਝੀਂ ਰਹਿ ਜਾਂਦੀ ਹੈ,ਸਧਾਰਨ ਨਾਲੋਂ ਅਦੁੱਤੀ ਪਹਿਚਾਣ ਲਈ ਤਾਂਘ ਕਰਦੀ ਹੈ,ਜਿਸ ਵਿੱਚ ਇਹ ਝੂਠੀ ਸੁਰੱਖਿਆ ਅਤੇ ਝੂਠੀ ਕਦਰ ਪ੍ਰਾਪਤ ਕਰ ਸਕਦੀ ਹੈ।ਦੂਸਰਿਆਂ ਨੂੰ ਸ਼ਸ਼ਕਤੀਕਰਨ ਕਰਨ ਦੀ ਬਜਾਏ,ਆਗੂ ਪੂਰੇ ਧਿਆਨ ਅਤੇ ਸਖਤੀ ਨਾਲ਼ ਆਪਣੇ ਵਰਦਾਨਾਂ ਅਤੇ ਅਭਿਸ਼ੇਕ ਨੂੰ ਵਧਾਉਣ,ਪ੍ਰਪੱਕ ਕਰਨ,ਅਤੇ ਤੇਜ਼ ਕਰਨ ਲਈ ਨਿਰੰਤਰ ਲੁਭਾਏ ਗਏ ਹਨ-ਜਿਸ ਕੰਮ ਵਿੱਚ ਉਹ ਚੰਗੇ ਹਨ ਉਸ ਨੂੰ ਹੋਰ ਵਧੀਆ ਕਰਨ ਲਈ ਉਹ ਅਜਿਹਾ ਕਰਦੇ ਹਨ।ਅਜਿਹਾ ਕਰਦੇ ਹੋਏ;ਸਧਾਰਨ ਵਿਸ਼ਵਾਸ਼ੀਆਂ ਅਤੇ ਆਗੂਆਂ ਵਿਚਕਾਰ ਖਾਈ ਹੋਰ ਵੱਡੀ ਹੋ ਜਾਂਦੀ ਹੈ;ਸਧਾਰਨ ਵਿਸ਼ਵਾਸ਼ੀਆਂ ਦਾ ਵਰਦਾਨ ਅਤੇ ਅਭਿਸ਼ੇਕ ਪੱਧਰ ਪ੍ਰਾਪਤ ਕਰਨਾ ਘੱਟ ਤੋਂ ਘੱਟ ਦਿੱਖਦਾ ਹੈ।ਅਭਿਸ਼ੇਕ ਸਧਾਰਨ ਵਿਸ਼ਵਾਸ਼ੀਆਂ ਦਾ ਧਿਆਨ ਵੱਡੇ ਪੱਧਰ ਉੱਤੇ ਖਿੱਚਦਾ ਹੈ,ਜਿਹੜੇ ਕਿ ਆਪਣੀ ਆਤਮਿਕ ਜਿੰਮੇਵਾਰੀ ਕੇਵਲ਼ ਅਭਿਸ਼ਿਕਤ ਆਗੂਆਂ ਨੂੰ ਸਾਥ ਦੇਣਾ ਹੀ ਸਮਝਦੇ ਹਨ।

ਇਹ ਇੱਕ ਥੱਲੇ ਜਾਣ ਵਾਲ਼ੀ ਚੱਕਰੀ ਵਾਂਗ ਹੈ ਅਤੇ ਬਹੁਤ ਵੱਡੀਆਂ ਸੰਸਥਾਵਾਂ ਅਤੇ ਕਲੀਸਿਆਂਵਾਂ ਵਿੱਚ ਵਿਸ਼ਵਾਸ਼ੀਆਂ ਦੀ ਯੋਗਤਾ ਦੀ ਮੌਤ ਵਾਂਗਰ ਹੈ।ਆਪਣੀ ਚੰਗਾਈ ਅਤੇ ਪ੍ਰਚਾਰ ਸੇਵਾ ਦੇ ਅਰੰਭਿਕ ਵਰ੍ਹਿਆਂ ਵਿੱਚ,ਮੈਂ ਸੈਂਕੜਿਆਂ ਦੀ ਭੀੜ ਨਾਲ਼ ਸ਼ੁਰੂਆਤ ਕੀਤੀ,ਜੋ ਛੇਤੀ ਹੀ ਹਜਾਰਾਂ ਦੀ ਗਿਣਤੀ ਵਿੱਚ ਹੋ ਗਈ।ਭੀੜ ਜਿੰਨੀ ਵੱਡੀ ਹੁੰਦੀ ਸੀ,ਮੈਂ ਉਨਾਂ ਹੀ ਜਿਆਦਾ ਉਤਸਾਹਿਤ ਹੁੰਦਾ ਸੀ;ਇੱਕ ਨਸ਼ੇ ਦੀ ਤਰ੍ਹਾਂ ਮੈਂ ਇੱਕ ਅਸਥਾਈ ਉਚੱਾਈ ਉੱਤੇ ਪਹੁੰਚ ਜਾਂਦਾ ਸੀ।ਭਾਵੇਂ ਕੋਈ ਵੀ ਉਸ ਗੱਲ ਨੂੰ ਨਹੀਂ ਪਹਿਚਾਣ ਸਕਦਾ ਸੀ ਕਿ ਮੈਂ ਅੰਦਰੋਂ ਕੀ ਅਨੁਭਵ ਕਰ ਰਿਹਾ ਹਾਂ,ਮੈਂ ਛੇਤੀ ਹੀ ਪਛਾਣ ਗਿਆ ਕਿ ਇੱਕ ਅਨਾਥ ਪਹਿਚਾਣ ਮੇਰੇ ਹਿਰਦੇ ਨਾਲ਼ ਬੱਝੀ ਹੋਈ ਹੈ।"ਉਚੱਾਈ" ਝੂਠੀ ਕਦਰ ਅਤੇ ਮਾਨਤਾ ਸੀ ਜਿਸਨੂੰ ਮੈਂ ਆਪਣੇ ਪ੍ਰਭਾਵ ਖੇਤਰ ਵਿੱਚ ਵਾਧਾ ਮੰਨਦਾ ਸੀ।ਭਾਵੇਂ ਮੇਰੇ ਕੁਝ ਪ੍ਰਯੋਜਨ ਗਲਤ ਸਨ,ਫਿਰ ਵੀ ਪਰਮੇਸ਼ਵਰ ਨੇ ਹਰ ਸਭਾ ਵਿੱਚ ਆਪਣੀ ਮਹਿਮਾ ਪ੍ਰਗਟ ਕੀਤੀ-ਬਹਿਰੇ ਸੁਣ ਰਹੇ ਸਨ,ਅੰਨੇ ਦੇਖ ਰਹੇ ਸਨ,ਲੰਗੜੇ ਚੱਲ ਰਹੇ ਸਨ,ਦੁਸ਼ਟ ਆਤਮਾ ਨਿਕਲ਼ ਰਹੇ ਸਨ,ਅਤੇ ਬਹੁਤ ਸਾਰੇ ਗੈਰ ਵਿਸ਼ਵਾਸ਼ੀਆਂ ਨੇ ਮਸੀਹ ਯਿਸੂ ਦੇ ਨਾਮ ਵਿੱਚ ਛੁਟਕਾਰਾ ਪਾਇਆ।

ਪਰਮੇਸ਼ਵਰ ਮੈਨੂੰ ਅਤੇ ਤੁਹਾਨੂੰ ਆਪਣੀ ਮਹਿਮਾ ਵਾਸਤੇ ਵਰਤਣ ਤੋਂ ਨਹੀਂ ਰੁਕਦਾ ਭਾਵੇਂ ਸਾਡੇ ਪ੍ਰਯੋਜਨ ਗਲਤ ਹੀ ਕਿਉ ਨਾ ਹੋਣ;ਇਹ ਇੱਕ ਗਲਤੀ ਹੈ ਜਿਸ ਨੂੰ ਅਸੀਂ ਸੱਚ ਮੰਨ ਲੈਂਦੇ ਹਾਂ ਕਿ ਅਭਿਸ਼ੇਕ ਸਾਨੂੰ ਛੱਡ ਦੇਵੇਗਾ ਅਗਰ ਸਾਡੇ ਜੀਵਨਾਂ ਵਿੱਚ ਕੋਈ ਪਾਪ ਹੈ,ਪਰੰਤੂ ਪਰਮੇਸ਼ਵਰ ਦੇ ਵਰਦਾਨ ਅਤੇ ਬੁਲਾਹਟ ਨਾ ਹਟਾਉਣ ਯੋਗ ਹਨ (ਰੋਮੀਆਂ ਨੂੰ 11:29 )! ਪਛਤਾਵੇ ਦੇ ਵਰਦਾਨ ਲਈ ਮੈਂ ਪਰਮੇਸ਼ਵਰ ਦਾ ਧੰਨਵਾਦ ਕਰਦਾ ਹਾਂ-ਗਲਤ ਪਹਿਚਾਣ ਨੂੰ ਸਮਝਣ ਦੀ ਯੋਗਤਾ,ਇਸਨੂੰ ਠੁਕਰਾਉਣਾ ਅਤੇ ਸੱਚਾਈ ਨੂੰ ਸਵੀਕਾਰ ਕਰਨਾ ਜੋ ਸਾਨੂੰ ਅਜ਼ਾਦ ਕਰਦੀ ਹੈ।ਮਿੱਤਰ,ਹੁਣ ਮੈਂ ਬਹੁਤ ਜਿਆਦਾ ਆਜ਼ਾਦ ਮਹਿਸੂਸ ਕਰਦਾ ਹਾਂ! 5,000 ਲੋਕਾਂ ਦੀ ਭੀੜ ਸਾਹਮਣੇ ਮੇਰੇ ਪਰਚਾਰ ਦੁਆਰਾ ਕਰਾਮਾਤਾਂ ਕਰਨ ਨਾਲੋਂ,ਮੈਂ 50 ਵਿਸ਼ਵਾਸ਼ੀਆਂ ਨੂੰ ਖੜਾ ਕਰਾਂਗਾ ਜੋ ਪ੍ਰਭਾਵਸ਼ਾਲੀ ਤਰੀਕੇ ਨਾਲ਼ ਖੁਸ਼ਖਬਰੀ ਦਾ ਪ੍ਰਚਾਰ ਕਰਨ ਅਤੇ ਸਮੱਰਥਾ ਵਿੱਚ ਸੇਵਕਾਈ ਕਰਨ।ਤਾਂ ਵੀ ਸਾਨੂੰ ਇੱਕ ਦੀ ਚੋਣ ਕਰਨ ਦੀ ਲੋੜ ਨਹੀਂ ਪਵੇਗੀ।ਮੇਰੇ 5,000 ਦੀ ਭੀੜ ਸਾਹਮਣੇ ਪ੍ਰਚਾਰ ਕਰਨ ਤੋਂ ਪਹਿਲਾਂ,ਬਾਅਦ ਅਤੇ ਦੌਰਾਨ,ਬਹੁਤ ਵੱਡੀ ਰੂਪ ਰੇਖਾ ਪੰਜਾਹ ਵਿਸ਼ਵਾਸ਼ੀਆਂ ਨੂੰ ਅਭਿਆਸ ਦਿਵਾਉਣ ਦੀ ਹੋਵੇਗੀ ਅਤੇ ਉਨ੍ਹਾਂ ਨੂੰ ਸੇਵਕਾਈ ਦੇ ਹਰ ਖੇਤਰ ਵਿਚ ਸਹਿਭਾਗੀ ਕਰਨ ਦੀ ਹੋਵੇਗੀ!

## ਉੱਨਤੀ ਲਈ ਨਮੂਨਾ

ਬਹੁਤ ਵਰਿਆਂ ਤੋਂ,ਮੈਂ ਉੱਚ ਪੱਧਰੀ ਪ੍ਰਭਾਵਸ਼ਾਲੀ ਨਮੂਨਿਆਂ ਨੂੰ ਸਿੱਖਿਆ ਅਤੇ ਦੇਖਿਆ ਹੈ,ਜਿਹੜੇ ਦੂਸਰਿਆਂ ਵਿੱਚ ਪਵਿੱਤਰ ਆਤਮਾ ਦੇ ਸ਼ਸ਼ਕਤੀਕਰਨ ਨੂੰ ਰੋਕਦੇ ਹਨ।ਬਾਈਬਲ ਕਲਾਸ ਵਿੱਚ ਸੰਸਥਾਗਤ ਆਤਮਿਕ ਸਿੱਖਿਆ ਸ਼ਸ਼ਕਤੀਕਰਨ ਦਾ ਸਭ ਤੋਂ ਹੇਠਲਾ ਨਮੂਨਾ ਹੈ,

ਅਤੇ ਭਵਿੱਖ ਦੀ ਸੇਵਾ ਲਈ ਲੋੜੀਦੀ ਦੈਨਿਕ ਪ੍ਰਕਿਰਿਆ ਨੂੰ ਰੋਕਦਾ ਹੈ।ਅਜਿਹੇ ਨਮੂਨੇ ਪ੍ਰਯੋਗਾਤਮਕ ਆਗਿਆਕਾਰੀ ਦੀ ਜਗ੍ਹਾਂ ਉੱਤੇ ਮਾਨਸਿਕ ਗਿਆਨ ਉੱਪਰ ਵਧੇਰੇ ਧਿਆਨ ਕਰਦੇ ਹਨ।ਮਿੱਤਰ,ਯਿਸੂ ਸਾਡਾ ਮਹਾਨ ਪ੍ਰਤੀਰੂਪ ਹੈ ਅਤੇ ਰਹੇਗਾ ਵੀ! ਪ੍ਰਭੂ ਨੂੰ ਦੇਖੋ ਜਦੋਂ ਉਸ ਨੇ ਸੇਵਕਾਈ ਦਾ ਪ੍ਰਤੀਰੂਪ ਬਣਾਇਆ ਸੀ, ਪ੍ਰਭੂ ਨਾਲ਼ ਸਹਿਭਾਗੀ ਹੋਵੋ ਜਦ ਉਹ ਸੇਵਾ ਕਰਦਾ ਸੀ,ਅਤੇ ਪ੍ਰਭੂ ਦੇ ਕੀਤੇ ਹੋਏ ਕੰਮਾਂ ਪ੍ਰਤੀ ਸਧਾਰਨ

ਆਗਿਆਕਾਰੀ, ਪਰਮੇਸ਼ਵਰ ਦੁਆਰਾ ਦਿੱਤਾ ਸਭ ਤੋਂ ਵਧੀਆ ਹਮੇਸ਼ਾ ਦਾ ਨਿਯਮ ਸੀ ਅਤੇ ਰਹੇਗਾ ਵੀ।

ਅੱਗੇ ਵੱਧਣ ਤੋਂ ਪਹਿਲਾਂ,ਮੈਂ ਇੱਕ ਮਹੱਤਵਪੂਰਨ ਤੱਥ ਦੱਸਣਾ ਚਾਹੁੰਦਾ ਹਾਂ।ਪਵਿੱਤਰ ਸ਼ਾਸ਼ਤਰ ਦੇ ਇਹ ਸਿਧਾਂਤ ਆਗੂਆਂ ਅਤੇ ਵਿਸ਼ਵਾਸ਼ੀਆਂ ਦੋਵਾਂ ਲਈ ਲਿੱਖੇ ਗਏ ਹਨ।ਭਾਵੇਂ ਇਸ ਆਇਤ ਦਾ ਬਹੁਤੇਰਾ ਹਿੱਸਾ ਆਗੂਆਂ ਉੱਤੇ ਲਾਗੂ ਹੁੰਦਾ ਮਹਿਸੂਸ ਹੁੰਦਾ ਹੈ,ਪਰ ਇਹ ਵਿਚਾਰ ਗਲਤ ਹੈ।ਆਓ ਅਸੀਂ ਦੋਬਾਰਾ ਇੱਕ ਮਹੱਤਵਪੂਰਨ ਆਇਤ ਨੂੰ ਦੇਖੀਏ।

"ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹਿਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ" 2 ਤਿਮੋਥੀਉਸ 2:2 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਭਾਵੇਂ ਤੁਸੀਂ 5-ਪਰਤੀ ਸੇਵਕਾਈ ਦੇ ਸੇਵਕ ਨਹੀਂ ਹੋ,ਤਦ ਵੀ ਤੁਹਾਨੂੰ,ਦੂਸਰਿਆ ਨੂੰ ਸੁਸੱਜਿਤ ਕਰਨ,ਅਭਿਆਸ ਦੇਣ,ਅਤੇ ਸ਼ਸ਼ਕਤੀਕਰਨ ਲਈ ਬੁਲਾਇਆ ਜਾਂਦਾ ਹੈ,ਜਿਵੇਂ ਕਿ ਉਪਰਲੀ ਆਇਤ ਵਿੱਚ ਸਾਫ ਤੌਰ ਉਤੇ ਜ਼ਿਕਰ ਕੀਤਾ ਗਿਆ ਹੈ !ਸ਼ਸ਼ਕਤੀਕਰਨ ਦੀ ਲੜੀ ਰਸੂਲ ਪੌਲੁਸ ਨਾਲ 5-ਪਰਤੀ ਸੇਵਕਾਈ ਤੋਂ ਸ਼ੁਰੂ ਹੋਈ-ਪਰ ਸਹਿਜ ਤੌਰ ਉਤੇ ਪੌਲੁਸ ਤੋਂ ਤਿਮੋਥਿਉਸ ਨੂੰ,ਤਿਮੋਥਿਉਸ ਤੋਂ ਭਰੋਸੇਮੰਦ ਮਨੁੱਖਾ ਨੂੰ,ਅਤੇ ਭਰੋਸੇਮੰਦ ਮਨੁੱਖਾਂ ਤੋਂ ਦੂਸਰਿਆਂ ਨੂੰ।ਜਿਵੇਂ-ਜਿਵੇਂ ਖੁਸ਼ਖਬਰੀ ਅੱਗੇ ਵੱਧਦੀ ਗਈ ਅਸੀਂ ਇਸ ਦੀ ਯੋਗਤਾ ਨੂੰ ਘੱਟ ਹੋਇਆ ਸਵੀਕਾਰ ਨਹੀਂ ਕਰਦੇ।ਜਿਸ ਪਵਿੱਤਰ ਆਤਮਾ ਨੇ ਪੌਲੁਸ ਦੇ ਅੰਦਰ ਵਾਸ ਕੀਤਾ ਉਸੇ ਨੇ ਭਰੋਸੇਯੋਗ ਆਦਮੀਆਂ ਅਤੇ ਦੂਸਰਿਆਂ ਦੇ ਅੰਦਰ ਵੀ ਵਾਸ ਕੀਤਾ !ਅਗਰ ਤੁਸੀਂ ਵਿਸ਼ਵਾਸੀ ਹੋਂ ਤਾਂ ਤੁਹਾਨੂੰ ਦੂਸਰਿਆਂ ਨੂੰ ਸ਼ਸ਼ਕਤੀਕਰਨ ਕਰਨ ਲਈ ਬੁਲਾਇਆ ਗਿਆ ਹੈ !

ਮਸੀਹ ਯਿਸੂ ਦੁਆਰਾ ਦਿੱਤਾ ਗਿਆ ਚਾਰ ਚਰਨਾਂ ਦਾ ਨਮੂਨਾ

**1. ਸਧਾਰਨ ਆਗਿਆਕਾਰੀ –** ਅਧਾਰਿਤ ਸਿੱਖਿਆਵਾਂ - ਉਨ੍ਹਾਂ ਆਤਮਿਕ ਸਿੱਖਿਆਵਾਂ ਉੱਪਰ ਧਿਆਨ ਦਿਉ ਜਿਹੜੀਆਂ ਪ੍ਰਯੋਗਾਤਮਕ ਆਗਿਆਕਾਰੀ ਦੀ ਨੀਂਹ ਰੱਖਦੀਆਂ ਹਨ।ਮਾਨਸਿਕ ਸਮਝ ਦਾ ਆਪਣੇ

ਆਪ ਵਿੱਚ ਕੋਈ ਅੰਤ ਨਹੀਂ ਹੈ ;ਸਾਡਾ ਆਖਰੀ ਵਿਸ਼ਵਾਸ਼ਪੂਰਨ ਉਦੇਸ਼ ਪਰਮੇਸ਼ਵਰ ਦੇ ਪਿਆਰ ਨੂੰ ਪ੍ਰਗਟ ਕਰਨਾ ਹੈ।ਮੱਤੀ 5:7 ਬਾਰੇ ਸੋਚੋ;ਇਹ ਇੱਕ ਉਪਯੋਗੀ,ਜੀਵਨ-ਸ਼ੈਲੀ ਦੀ ਸਿੱਖਿਆ ਸੀ ਜੋ ਮਸੀਹ ਯਿਸੂ ਨੇ ਆਪਣੇ ਚੇਲਿਆਂ ਨੂੰ ਸਿਖਾਈ।

ਮਸੀਹ ਯਿਸੂ ਆਪਣੀਆਂ ਸਿੱਖਿਆਵਾਂ ਦਾ ਅੰਤ ਇੱਕ ਦ੍ਰਿਸ਼ਟਾਂਤ ਨਾ਼ਲ ਕਰਦਾ ਹੋਇਆ ਕਹਿੰਦਾ ਹੈ ਕਿ ਆਗਿਆਕਾਰੀ ਸਾਰੇ ਗਿਆਨ ਦਾ ਮੁੱਖ ਨਿਯਮ ਹੈ।

**2. ਪ੍ਰਗਟਾਵਾ ਅਤੇ ਨਮੂਨਾ –** ਤੁਸੀਂ ਸੇਵਾ ਕਿਵੇਂ ਕਰਦੇ ਹੋਂ ਅਤੇ ਆਤਮਿਕ ਜੀਵਨ-ਸ਼ੈਲੀ ਕਿਵੇਂ ਅਪਣਾਉਦੇ ਹੋਂ,ਦਾ ਅਭਿਆਸੀ ਪ੍ਰਗਟਾਵਾ ਕਰੋ;ਤੁਹਾਨੂੰ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਵਿਸ਼ਵਾਸ਼ੀ ਤੁਹਾਨੂੰ ਸ਼ਪੱਸ਼ਟ ਸੁਣਦੇ ਅਤੇ ਦੇਖਦੇ ਹਨ।ਪ੍ਰਗਟਾਵੇ ਲਈ ਅਭਿਆਸੀ ਗੱਲਾਂ ਹੇਠ ਲਿਖੀਆਂ ਹਨ;ਤੁਸੀਂ ਇੱਕਲੇ ਕਿਵੇਂ ਪ੍ਰਾਥਨਾ ਕਰਦੇ ਹੋ,ਵਿਅਕਤੀਗਤ ਪਾਪ ਦਾ ਅੰਗੀਕਾਰ ਕਿਵੇਂ ਕਰਦੇ ਹੋਂ ਅਤੇ ਪਾਪ ਨਾ਼ਲ ਕਿਵੇਂ ਨਜਿਠੱਦੇ ਹੋਂ,ਬਿਮਾਰਾਂ ਲਈ ਪ੍ਰਾਥਨਾ ਕਿਵੇਂ ਕਰਦੇ ਹੋਂ,ਪਵਿਤਰ ਆਤਮਾ ਦੀ ਅਵਾਜ਼ ਕਿਵੇਂ ਸੁਣਦੇ ਹੋਂ,ਅਤੇ ਖੁਸ਼ਖਬਰੀ ਦੇ ਸ਼ੰਦੇਸ਼ ਲਈ ਤੁਸੀਂ,ਕਿਵੇਂ ਤਿਆਰੀ ਕਰਦੇ ਹੋਂ?ਤੁਹਾਡੇ ਆਤਮਿਕ ਜੀਵਨ ਦਾ ਹਰੇਕ ਹਿੱਸਾ-ਨਿੱਜੀ ਅਤੇ ਸਰਵਜਨਿਕ ਦੋਵੇਂ-ਦੂਸਰਿਆਂ ਉਪਰ ਦੁਹਰਾਉਣ ਦਾ ਪ੍ਰਗਟਾਵਾ ਕਰਨ ਵਾ਼ਲਾ ਹੋਣਾ ਚਾਹੀਦਾ ਹੈ।ਜਦ ਵੀ ਤੁਸੀਂ ਸੇਵਕਾਈ ਕਰੋ,ਪ੍ਰਾਥਨਾ ਕਰੋਂ,ਅਤੇ ਖੁਸ਼ਖਬਰੀ ਨੂੰ ਵੰਡੋਂ,ਅੰਤਰਰਾਸ਼ਟਰੀ ਪੱਧਰ ਉੱਤੇ ਦੂਸਰਿਆਂ ਨੂੰ ਆਪਣੇ ਨਾ਼ਲ ਲਿਆਉ ਅਤੇ ਉਨ੍ਹਾਂ ਸਾਹਮਣੇ ਨਮੂਨਾ ਪੇਸ਼ ਕਰੋ। ਤਿੰਨ ਵਰ੍ਹਿਆਂ ਲਈ ਰਾਤ ਅਤੇ ਦਿਨ,ਮਸੀਹ ਯਿਸੂ ਨਿਰੰਤਰ ਆਪਣੇ ਜੀਵਨ ਦਾ ਪ੍ਰਗਟਾਵਾ ਅਤੇ ਪ੍ਰਤੀਰੂਪ/ਨਮੂਨਾ ਚੇਲਿਆਂ ਸਾਹਮਣੇ ਦਿਖਾਉਂਦਾ ਰਿਹਾ;ਉਸਨੇ ਕਦੇ ਵੀ ਇੱਕ ਵੀ ਮੌਕਾ ਨਹੀਂ ਗੁਆਇਆ!

**3. ਅਭਿਆਸ ਲਈ ਵਿਸ਼ਵਾਸ਼ੀਆਂ ਦੀ ਹਿੱਸੇਦਾਰੀ –** ਦੂਸਰਿਆਂ ਨੂੰ ਪ੍ਰਾਥਨਾ, ਸੇਵਕਾਈ, ਖੁਸ਼ਖਬਰੀ ਵੰਡਣ ਦੇ ਅਵਸਰ ਦਿਉ।ਅਗਰ ਤੁਸੀਂ ਪਹਿਲਾਂ ਹੀ ਉਨ੍ਹਾਂ ਸਾਹਮਣੇ ਸੇਵਕਾਈ ਦਾ ਪ੍ਰਤੀਰੂਪ ਅਤੇ ਪ੍ਰਗਟਾਵਾ ਕਰ ਚੁੱਕੇ ਹੋਂ,ਤਾਂ ਉਹ ਹਿੱਸੇਦਾਰੀ ਲਈ ਤਿਆਰ ਹਨ।ਉਨ੍ਹਾਂ ਦੀ ਹਿੱਸੇਦਾਰੀ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਲੈ ਜਾਓ!

**4. ਉਨ੍ਹਾਂ ਨੂੰ ਸੇਵਕਾਈ ਦੇ ਕੰਮ ਲਈ ਭੇਜੋ –** ਮੱਤੀ 4:18 ਵਿੱਚ, ਮਸੀਹ ਯਿਸੂ ਨੇ ਆਪਣੇ ਪਹਿਲੇ ਚੇਲੇ ਇਕਠੇ ਕੀਤੇ। ਮੱਤੀ 10 ਅਧਿਆਇ ਵਿੱਚ,ਯਿਸੂ ਨੇ ਉਨ੍ਹਾਂ ਨੂੰ ਪਹਿਲੇ ਮਿਸ਼ਨ ਉੱਤੇ ਭੇਜਿਆ। ਯਿਸੂ ਨੇ ਆਪਣੇ ਸ਼ੂਲ਼ੀ ਚੜ੍ਹਨ ਅਤੇ ਕੁਰਬਾਨੀ ਦਿੱਤੇ ਜਾਣ ਤੋਂ ਤਿੰਨ ਵਰੇ ਪਹਿਲਾਂ ਹੀ ਸੇਵਕਾਈ ਕੀਤੀ। ਇਹ ਸੱਚ ਮੰਨਣਾ ਸੁਰੱਖਿਅਤ ਹੈ ਉਸਨੇ ਨੌਂ ਮਹੀਨਿਆਂ ਦੀ ਟ੍ਰੇਨਿੰਗ ਦੇ ਚੌਥੇ ਮਹੀਨੇ ਵਿੱਚ ਹੀ ਚੇਲਿਆਂ ਨੂੰ ਬਾਹਰ ਭੇਜਿਆ। ਮਸੀਹ ਯਿਸੂ ਆਗਿਆਕਾਰਿਤਾ ਚਾਹੁੰਦਾ ਹੈ,ਅਤੇ ਉਹ ਸਾਡੇ ਤੋਂ ਸਿੱਖਣ ਅਤੇ ਅੱਗੇ ਵੱਧਣ ਦੀ ਆਸ ਰੱਖਦਾ ਹੈ। ਵਿਸ਼ਵਾਸ਼ ਵਿੱਚ ਕਦਮ ਵਧਾਉਣ ਤੋਂ ਨਾ ਝਿਜਕੋ,ਅਤੇ ਦੂਸਰਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ। ਮਸੀਹ ਯਿਸੂ ਨੇ ਖੁਸ਼ਖਬਰੀ ਵੰਡਣ,ਬਿਮਾਰਾਂ ਨੂੰ ਚੰਗਾਂ ਕਰਨ,ਅਤੇ ਦੁਸ਼ਟ ਆਤਮਿਆਂ ਨੂੰ ਕੱਢਣ ਲਈ–ਸੱਤਰ ਦੂਸਰੇ ਹੋਰ ਚੇਲਿਆਂ ਨੂੰ ਬਾਹਰ ਭੇਜਿਆ–ਜਿਹੜੇ ਉਸ ਦੇ ਬਾਰਾਂ ਦਾ ਜਰੂਰੀ ਭਾਗ ਨਹੀਂ ਸਨ (ਲੂਕਾ 10:1 )। ਮਸੀਹ ਯਿਸੂ ਨੂੰ ਨਿਰੰਤਰ ਆਪਣੇ ਚੇਲਿਆਂ ਦੀ ਸੋਧ ਕਰਨੀ ਪੈਂਦੀ ਸੀ,ਪਰ ਉਸਨੇ ਸੰਪੂਰਨਤਾਂ ਅਤੇ ਪ੍ਰਪੱਕਤਾ ਨੂੰ ਆਗਿਆਕਾਰਿਤਾ ਉੱਪਰ ਪਹਿਲ ਨਹੀਂ ਦਿੱਤੀ।

## ਸਮਾਪਤੀ ਵਿਚਾਰ

ਤੁਸੀਂ ਆਪਣੇ ਬਾਰੇ ਕੀ ਸੋਚਦੇ ਹੋਂ,ਤੁਸੀਂ ਕੀ ਕਰ ਚੁੱਕੇ ਹੋਂ ਅਤੇ ਕੀ ਨਹੀਂ,ਜਾਂ ਮਸੀਹ ਯਿਸੂ ਦੀ ਆਗਿਆਕਾਰੀ ਕਰਨ ਲਈ ਤੁਸੀਂ ਕਿੰਨੀ ਮੁਸ਼ਕਤ ਕਰਦੇ ਹੋਂ,ਇਨ੍ਹਾਂ ਸਾਰੀਆਂ ਗੱਲਾਂ ਤੋਂ ਪਰ੍ਹੇ ਤੁਸੀਂ ਮਸੀਹ ਦੀ ਦੇਹੀ ਹੋਂ। ਮਸੀਹ ਦਾ ਅਰਥ ਹੈ ਅਭਿਸ਼ਿਕਤ। ਉਸ ਦੀ ਦੇਹੀ ਹੁੰਦੇ ਹੋਏ ਤੁਸੀਂ ਅਭਿਸ਼ਿਕਤ ਹੋਂ,ਅਤੇ ਦੂਸਰਿਆਂ ਦੇ ਵਰਦਾਨ ਅਤੇ ਅਭਿਸ਼ੇਕ ਉਨ੍ਹਾਂ ਲਈ ਦੂਰ ਹਨ ਪਰ ਤੁਹਾਡੇ ਲਈ ਉਪਲੱਬਧ ਹਨ।

ਤੁਸੀਂ ਕਿਥੇ ਰਹਿੰਦੇ ਹੋ,ਤੁਸੀਂ ਕਿਹੜੀ ਭਾਸ਼ਾ ਬੋਲਦੇ ਹੋ,ਅਤੇ ਤੁਹਾਡੇ ਪ੍ਰਭਾਵ ਦਾ ਘੇਰਾ,ਸਭ ਕੁਝ ਭਿੰਨ ਹੋ ਸਕਦਾ ਹੈ,ਪਰੰਤੂ ਪਰਮੇਸ਼ਵਰ ਦਾ ਪ੍ਰਗਟਾਉ ਤੁਹਾਡਾ ਹੀ ਹੈ। ਤੁਸੀ ਬੁਲਾਏ ਗਏ ਹੋਂ। ਤੁਸੀ ਚੁਣੇ ਗਏ ਹੋਂ, ਤੁਸੀ ਅਭਿਸ਼ੇਕ ਕੀਤੇ ਗਏ ਹੋਂ। ਤੁਹਾਨੂੰ ਇਨ੍ਹਾਂ ਗੱਲਾਂ ਉੱਪਰ ਵਿਸ਼ਵਾਸ਼ ਕਰਨ ਦੀ ਜਰੂਰਤ ਹੈ! 5–ਪਰਤੀ ਸੇਵਕਾਈ ਦਾ ਹਰੇਕ ਪ੍ਰਗਟਾਉ, ਤੁਹਾਨੂੰ ਪਰਮੇਸ਼ਵਰ ਦੁਆਰਾ ਦਿੱਤੇ ਟੀਚੇ ਦਾ ਸਵਰਗੀ ਸੱਦਾ ਹੈ। ਸਾਡਾ

ਟੀਚਾ ਹਰੇਕ ਵਿਸ਼ਵਾਸ਼ੀ ਨੂੰ 5-ਪਰਤੀ ਸੇਵਕਾਈ ਦੀ ਦਯਾ ਵਿੱਚ ਲਪੇਟਣਾ ਹੈ,ਇਸ ਤਰ੍ਹਾਂ ਉਹ ਚਰਵਾਹੀ ਅਤੇ ਪੋਸ਼ਣ ਕਰਦੇ ਹੋਏ ਪਰਮੇਸ਼ਵਰ ਦੇ ਰਾਜ ਨੂੰ ਫੈਲਾਉਦੇ ਹਨ( ਪਾਸਬਾਨ),ਸਿੱਖਿਆ ਅਤੇ ਅਭਿਆਸ (ਉਸਤਾਦ), ਗੁਆਚਿਆਂ ਤੱਕ ਪਹੁੰਚਣਾ (ਪ੍ਰਚਾਰਕ), ਭਵਿੱਖਵਾਣੀ ਅਤੇ ਆਤਮਾ ਦਾ ਪ੍ਰਗਟੀਕਰਨ (ਨਬੀ), ਅਤੇ ਸਵਰਗ ਰੂਪੀ ਬਦਲਾਵ ਲਿਆਉਣਾ (ਰਸੂਲ), ਤਾਂ ਕਿ ਉਨ੍ਹਾਂ ਦੇ ਆਲ਼ੇ-ਦੁਆਲ਼ੇ ਦੇ ਸਮਾਜ ਅਤੇ ਸੱਭਿਆਚਾਰ ਵਿੱਚ ਬਦਲਾਵ ਆ ਜਾਵੇ !

ਉਹ ਦਿਨ ਜਲਦ ਆ ਰਿਹਾ ਹੈ ਜਦੋਂ ਕੋਈ ਵੀ ਨਹੀਂ ਕਹੇਗਾ, "ਮੈਂ ਇੱਕ ਪ੍ਰਚਾਰਕ ਨਹੀਂ ਇਸ ਲਈ ਮੈਂ ਗੁਆਚਿਆ ਕੋਲ਼ ਨਹੀਂ ਪਹੁੰਚ ਸਕਦਾ" ਅਤੇ ਨਾ ਹੀ "ਮੈਂ ਭਵਿੱਖਵਾਣੀ ਅਤੇ ਬਿਮਾਰਾਂ ਨੂੰ ਚੰਗਾ ਕਰ ਸਕਦਾ ਹਾਂ ਕਿਉਂਕਿ ਮੈਂ ਇੱਕ ਅਭਿਸ਼ਿਕਤ ਨਬੀ ਨਹੀਂ ਹਾਂ"।ਖੁਸ਼ਖਬਰੀ ਦੀ ਦਯਾ ਸੇਵਕਾਈ ਦੇ ਖੇਤਰ ਨੂੰ ਪੱਧਰਾ ਕਰ ਰਹੀ ਹੈ, ।ਜੋ ਹਾਲ਼ੇ ਤੱਕ ਨਹੀਂ ਦੇਖਿਆ ਗਿਆ,ਪਰਮੇਸ਼ਵਰ ਦੇ ਆਗਮਨ ਤੋਂ ਪਹਿਲਾਂ ਅਤੇ ਪਰਮੇਸ਼ਵਰ ਆਪਣੀ ਦੇਹੀ ਨੂੰ ਪਹਿਚਾਣ ਲਈ ਮਹਾਨਤਮ ਜਾਗਰਣ ਵਾਸਤੇ ਉਠਾਉਣ ਜਾ ਰਿਹਾ ਹੈ !

## ਝੁੰਡ ਵਿੱਚ ਜਾਂ ਵਿਅਕਤੀਗਤ ਤੌਰ ਉਤੇ ਵਿਚਾਰੇ ਜਾਣ ਵਾ਼ਲੇ ਉਪਯੋਗੀ ਪ੍ਰਸ਼ਨ:

## 5-ਪਰਤੀ ਸੇਵਕਾਈ ਲਈ:

1. ਕੀ ਤੁਹਾਡੀ ਸੇਵਕਾਈ ਦੀ ਬਣਤਰ ਅਤੇ ਪ੍ਰਗਟਾਵਾ ਵਿਸ਼ਵਾਸ਼ੀਆਂ ਨੂੰ ਤੁਹਾਡੇ ਦਰਜੇ ਤੱਕ ਪਹੁੰਚਣ ਲਈ ਸ਼ਸ਼ਕਤੀਕਰਨ ਕਰਦਾ ਹੈ,ਅਤੇ ਕੀ ਤੁਹਾਡੀ ਸੇਵਕਾਈ ਦੀ ਬਣਤਰ ਅਤੇ ਉਨ੍ਹਾਂ ਦੀ ਯੋਗਤਾ ਵਿੱਚ ਅੰਤਰ ਹੈ? ਕੀ ਤੁਹਾਡੀ ਸੇਵਕਾਈ ਦਾ ਤਰੀਕਾ ਵਿਸ਼ਵਾਸ਼ੀਆਂ ਨੂੰ ਹੌਂਸਲਾ ਦਿੰਦਾ ਹੈ ਜਾਂ ਨਿਰਾਸ਼ ਕਰਦਾ ਹੈ?

2. ਕੀ ਤੁਸੀਂ ਇਹ ਵਿਸ਼ਵਾਸ਼ ਕਰਦੇ ਹੋ ਕਿ ਤੁਹਾਡਾ ਮੁੱਖ ਟੀਚਾ ਅਤੇ ਬੁਲਾਹਟ ਦੂਸਰਿਆਂ ਨੂੰ ਸੇਵਕਾਈ ਲਈ ਸ਼ਸ਼ਕਤੀਕਰਨ ਕਰਨਾ ਹੈ? ਅਗਰ ਨਹੀਂ, ਤਾਂ ਕਿਉਂ ਨਹੀਂ?

3. ਕੀ ਤੁਸੀਂ ਆਪਣਾ ਜਿਆਦਾ ਸਮਾਂ ਅਤੇ ਤਾਕਤ ਖੁਦ ਦੇ ਵਰਦਾਨਾਂ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਦੂਸਰਿਆਂ ਉੱਪਰ ਦੋਬਾਰਾ ਲਾਗੂ ਕਰਨ ਵਿੱਚ ਖਰਚ ਕੀਤਾ ਹੈ?

4. ਕੀ ਤੁਸੀਂ ਮਿਹਨਤ ਨਾਲ਼ ਆਪਣੀ ਬੁਲਾਹਟ ਅਤੇ ਵਰਦਾਨਾਂ ਨੂੰ ਦੂਸਰਿਆਂ ਵਿੱਚ ਖਰਚ ਕਰ ਰਹੇ ਹੋ? ਤੁਸੀਂ ਕਿਵੇਂ ਆਪਣੇ ਸਮੇਂ ਅਤੇ ਸਮੱਰਥਾ ਨੂੰ ਪਰਮੇਸ਼ਵਰ ਦੀ ਸੇਵਕਾਈ ਵਿੱਚ ਆਪਣੇ ਵਰਦਾਨਾਂ ਨਾਲ਼ ਬਿਨ੍ਹਾਂ ਸਮਝੌਤੇ, ਮਸੀਹ ਦੀ ਦੇਹੀ ਨੂੰ ਸ਼ਸ਼ਕਤੀਕਰਨ ਦੇ ਆਖਰੀ ਟੀਚੇ ਵੱਲ਼ ਵੱਧ ਤੋਂ ਵੱਧ ਕਰ ਰਹੇ ਹੋਂ?

5. ਕੀ ਤੁਹਾਡੇ ਜੀਵਨ ਵਿੱਚ ਚੇਲੇ ਬਣਾਉਣ ਦੀ ਲੜੀਬੱਧਤਾ ਹੈ? ਅਗਲੀਆਂ ਗੱਲਾਂ ਉਤੇ ਧਿਆਨ ਦਿਓ:ਕੀ ਤੁਹਾਡੇ ਜੀਵਨ ਵਿੱਚ "ਪੌਲੁਸ" ਹੈ ਜੋ ਤੁਹਾਡੀ ਨਿਗਰਾਨੀ ਕਰ ਰਿਹਾ ਹੈ? ਕੀ ਤੁਹਾਡੇ ਜੀਵਨ ਵਿੱਚ "ਤਿਮੋਥਿਉਸ" ਹੈ, ਜਿਸ ਨੂੰ ਤੁਸੀਂ ਸਰਗਰਮ ਤਰੀਕੇ ਨਾਲ਼ ਸ਼ਸ਼ਕਤੀਕਰਨ ਕਰ ਰਹੇ ਹੋਂ? ਕੀ ਤੁਸੀਂ ਆਪਣੇ "ਤਿਮੋਥਿਉਸ" ਨੂੰ ਹਦਾਇਤ ਕੀਤੀ ਹੈ ਕਿ ਉਹ ਭਰੋਸੇਮੰਦ ਆਦਮੀਆਂ ਦੀ ਸ਼ਸ਼ਕਤੀਕਰਨ ਕਰਨ ਲਈ ਭਾਲ਼ ਕਰੇ ਜਿਹੜੇ ਦੂਸਰਿਆਂ ਨੂੰ ਸਿੱਖਾ ਸਕਣ?

6. ਦੂਸਰਿਆਂ ਦਾ ਸ਼ਸ਼ਕਤੀਕਰਨ ਕਰਨਾ, ਤੁਹਾਡੇ ਖੁਦ ਦੇ ਵਰਦਾਨਾਂ/ਬੁਲਾਹਟ, ਮਹਾਨ ਪਿਆਰ ਦੀ ਜਰੂਰਤ,ਦ੍ਰਿਸ਼ਟੀ, ਧੀਰਜ ਅਤੇ ਨਿਰੰਤਰਤਾ ਨਾਲੋਂ ਬਹੁਤ ਜਿਆਦਾ ਗੁੰਝਲਦਾਰ ਹੈ।ਤੁਸੀਂ ਕਿਵੇਂ ਆਪਣੇ-ਆਪ ਨੂੰ ਦੂਸਰਿਆਂ ਲਈ ਖਰਚ ਕਰਨ ਅਤੇ ਸ਼ਸ਼ਕਤੀਕਰਨ ਲਈ ਜਿੰਮੇਵਾਰ ਬਣਾ ਸਕਦੇ ਹੋ? ਅਸੀਂ ਮਸੀਹ ਯਿਸੂ ਦੇ ਜੀਵਨ ਵਿੱਚੋਂ,ਸੇਵਕਾਈ ਲਈ ਦੂਸਰਿਆਂ ਦਾ ਸ਼ਸ਼ਕਤੀਕਰਨ ਕਰਨ ਬਾਰੇ ਕੀ ਸੋਚਦੇ ਹਾਂ?

7. ਉਹ ਕਿਹੜਾ ਆਖਰੀ ਸਮਾਂ ਸੀ ਜਦੋਂ ਤੁਸੀਂ ਸੇਵਕਾਈ ਦੇ ਅਵਸਰ ਦਾ "ਬਲੀਦਾਨ" ਕੀਤਾ ਅਤੇ ਆਪਣੇ ਚੇਲਿਆਂ ਨੂੰ ਸ਼ਸ਼ਕਤੀਕਰਨ ਕਰਨ ਲਈ ਵਰਤੋਂ ਕੀਤਾ?

8. ਕੀ ਤੁਸੀਂ ਸਵੈ-ਸੇਵਾ,ਸਵੈ-ਵਾਧੇ, ਅਤੇ ਸੁਆਰਥੀ ਭਾਵਨਾਵਾਂ ਦੇ ਜਾਲ਼ ਵਿੱਚ ਫਸ ਚੁੱਕੇ ਹੋਂ? ਅਗਰ ਹਾਂ, ਤਾਂ ਤੁਹਾਡੇ ਵਰਦਾਨ ਨੂੰ ਵਧਾਉਣਾ ਅਤੇ ਤਿੱਖਾ ਕਰਨਾ, ਸਵੈ-ਸੇਵਾ ਕਿਵੇਂ ਬਣ ਗਿਆ?

**ਸਧਾਰਨ ਵਿਸ਼ਵਾਸ਼ੀਆਂ ਲਈ:**

1. ਇਸ ਅਧਿਆਇ ਨੂੰ ਪੜਨ ਤੋਂ ਪਹਿਲਾਂ,ਕੀ ਤੁਸੀਂ 5-ਪਰਤੀ ਸੇਵਕਾਈ ਦੇ ਅਭਿਸ਼ੇਕ ਅਤੇ ਵਰਦਾਨਾਂ ਨੂੰ ਆਪਣੇ ਜੀਵਨ ਵਿੱਚ ਦੁਹਰਾਉਂਦੇ ਹੋਏ ਦੇਖਿਆ ਹੈ?ਕੀ ਤੁਸੀਂ ਉਨ੍ਹਾਂ ਦੇ ਆਤਮਿਕ ਦਰਜੇ ਨੂੰ ਆਪਣੀ ਯੋਗਤਾ ਅਤੇ ਪਹੁੰਚ ਤੱਕ ਵੇਖਿਆ ਹੈ?

2. ਕਿਹੜਾ ਆਤਮਿਕ ਰੂਪ (ਚਰਿੱਤਰ ਗੁਣ) ਤੁਹਾਨੂੰ 5-ਪਰਤੀ ਸੇਵਕਾਈ ਦੇ ਵਰਦਾਨ ਅਤੇ ਅਭਿਸ਼ੇਕ ਦੇ ਯੋਗ ਬਣਾਉਦਾ ਹੈ? ਕੀ ਤੁਸੀਂ ਹੁਣ ਦੀ ਘੜੀ ਇਸ ਗੁਣ ਨੂੰ ਅਹਿਸਾਸ ਕਰ ਰਹੇ ਹੋਂ?

3. ਕੀ ਤੁਹਾਡੇ ਕੋਲ਼ ਇਕ ਅਜਿਹਾ ਆਗੂ ਹੈ ਜੋ ਤੁਹਾਨੂੰ ਸੇਵਕਾਈ ਲਈ ਸ਼ਸ਼ਕਤੀਕਰਨ ਕਰਨ ਵਾਸਤੇ ਨਿਰੰਤਰ ਆਪਣੇ-ਆਪ ਨੂੰ ਖਰਚ ਕਰਦਾ ਹੈ?ਅਗਰ ਨਹੀਂ, ਤਾਂ ਕੀ ਤੁਸੀਂ ਆਗੂ ਦੀ ਅਗਵਾਈ ਲਈ ਖੋਜ ਕੀਤੀ ਹੈ?ਤੁਸੀਂ ਕਿਵੇਂ ਉਪਯੋਗੀ ਢੰਗ ਨਾਲ਼ 5-ਪਰਤੀ ਸੇਵਕਾਈ ਨੂੰ,ਆਤਮਿਕ ਵਾਧੇ ਅਤੇ ਸੇਵਕਾਈ ਨੂੰ ਸ਼ਸ਼ਕਤੀਕਰਨ ਕਰਨ ਲਈ ਆਪਣੇ-ਆਪ ਨੂੰ ਸਮਰਪਣ ਕਰ ਸਕਦੇ ਹੋਂ?

4. ਕੀ ਤੁਸੀਂ ਆਪਣੇ-ਆਪ ਨੂੰ ਅਭਿਸ਼ਿਕਤ ਸਮਝਦੇ ਹੋਂ?ਤੁਸੀਂ ਅਭਿਸ਼ਿਕਤ ਹੋਂ ਜਾਂ ਨਹੀਂ ਇਸ ਵਾਸਤੇ ਤੁਸੀਂ ਕਿਹੜਾ ਆਤਮਿਕ ਮੁਲਾਂਕਣ ਤਹਿ ਕਰਦੇ ਹੋਂ?

5. ਕੀ ਤੁਸੀਂ ਪਰਮੇਸ਼ਵਰ ਦੇ ਵਰਦਾਨਾਂ ਅਤੇ ਅਭਿਸ਼ੇਕ ਦੇ ਭੁੱਖੇ,ਪਿਆਸੇ ਅਤੇ ਚਾਹੁਣ ਵਾਲ਼ੇ ਹੋਂ?ਕੀ ਤੁਸੀਂ ਮਸੀਹ ਦਾ ਅਨੁਸਰਣ ਕਰਨ ਵਿੱਚ ਆਤਮਿਕ ਜਾਗਰੂਕਤਾ ਦਾ ਅਹਿਸਾਸ ਕਰਦੇ ਹੋਂ,ਜਾਂ ਆਤਮਿਕ ਮੌਤ ਦਾ?ਸ਼ਸ਼ਕਤੀਕਰਨ ਹੋਣ ਵਿੱਚ ਤੁਹਾਨੂੰ ਕਿਹੜੀ ਚੀਜ਼ ਰੁਕਾਵਟ ਪਾਉਦੀਂ ਹੈ?

6. ਆਪਣੇ-ਆਪ ਨੂੰ ਤਿਮੋਥਿਉਸ ਸਮਝੋ;ਕੀ ਤੁਹਾਡੇ ਜੀਵਨ ਵਿੱਚ "ਪੌਲੂਸ"ਹੈ?ਕੀ ਤੁਸੀਂ ਹੁਣ ਦੀ ਘੜੀ ਵਿੱਚ "ਭਰੋਸੇਯੋਗ ਆਦਮੀਆਂ/ਔਰਤਾਂ ਲਈ"ਆਪਣੇ-ਆਪ ਨੂੰ ਖਰਚ ਕਰ ਰਹੇ ਹੋਂ?ਅਗਰ ਨਹੀਂ,ਤਾਂ ਸੋਚੋ ਤੁਹਾਡਾ "ਪੌਲੂਸ" ਕੌਣ ਹੋ ਸਕਦਾ ਹੈ ਅਤੇ ਸ਼ਸ਼ਕਤੀਕਰਨ ਦੀ ਇਸ ਲੜੀ ਵਿੱਚ ਕਿਹੜੇ "ਭਰੋਸੇਯੋਗ ਆਦਮੀ/ਔਰਤਾਂ" ਹੋ ਸਕਦੇ ਹਨ?

# ਤੁਹਾਡੀ ਮਜ਼ਬੂਤ ਬੁਨਿਆਦ

## ਇੱਕ ਗੁਜਰਿਆ ਹੋਇਆ ਪ੍ਰਤੀਰੂਪ/ਨਮੂਨਾ

ਪੁਰਾਣੇ ਨਿਯਮ ਵਿੱਚ,ਅਭਿਸ਼ੇਕ-ਪਵਿੱਤਰ ਆਤਮਾ-ਕਿਸੇ ਵਿਸ਼ੇਸ਼ ਮਕਸਦ ਲਈ ਪਰਮੇਸ਼ਵਰ ਦੁਆਰਾ ਚੁਣੇ ਹੋਏ ਕੁਝ ਲੋਕਾਂ ਉੱਪਰ ਆਉਦਾ ਸੀ।ਆਤਮਾ ਵਿੱਚ ਕੰਮ ਕਰਨ ਲਈ ਉਨ੍ਹਾਂ ਚੁਣਿਆਂ ਹੋਇਆਂ ਵਿੱਚ ਜਾਜਕ,ਨਬੀ,ਅਤੇ ਰਾਜੇ ਹੁੰਦੇ ਸਨ।ਉਨ੍ਹਾਂ ਤੋਂ ਬਿਨ੍ਹਾਂ,ਪਵਿੱਤਰ ਅਭਿਸ਼ੇਕ ਵਿੱਚ ਸੇਵਕਾਈ ਕਰਨ ਦਾ ਸੁਨਿਹਰੀ ਮੌਕਾ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੁੰਦਾ ਸੀ।ਪਰਮੇਸ਼ਵਰ ਦੇ ਉਨ੍ਹਾਂ ਅਭਿਸ਼ਿਕਤਾਂ ਅਤੇ ਸਧਾਰਨ ਯਹੂਦੀਆਂ ਵਿੱਚ ਬਹੁਤ ਵੱਡਾ ਅੰਤਰ ਸੀ।ਪਰਮੇਸ਼ਵਰ ਦੇ ਲੋਕਾਂ ਦਾ ਪੂਰਾ ਰਾਸ਼ਟਰ ਉਸ ਦਯਾ ਉੱਪਰ ਨਿਰਭਰ ਸੀ,ਜਿਹੜੀ ਕਿ ਕੁਝ ਆਗੂਆਂ ਦੇ ਹੱਥ ਵਿੱਚ ਸੀ।ਫਿਰ ਵੀ ਸਮੇਂ ਬਦਲੇ, ਅਤੇ ਹੁਣ ਅਸੀਂ ਦੋ ਵੱਖਰੇ ਨੇਮਾਂ ਵਿੱਚ ਜੀਵਨ ਬਤੀਤ ਕਰਦੇ ਹਾਂ,ਕਲੀਸਿਆਂਵਾਂ ਦਾ ਵੱਡਾ ਹਿੱਸਾ ਪੁਰਾਣੇ ਨਿਯਮ ਦੀ ਮਾਨਸਿਕਤਾ ਨਾਲ਼ ਬੱਝਿਆ ਹੋਇਆ ਹੈ।ਇਸ ਤਰ੍ਹਾਂ ਦੀ ਮਾਨਸਿਕਤਾ ਅਭਿਸ਼ੇਕ ਨੂੰ ਉਨ੍ਹਾਂ ਲਈ ਰਾਖਵਾਂ ਮੰਨਦੀ ਹੈ-ਜਿਹੜੇ ਖਾਸ ਚੁਣੇ ਹੋਏ,ਪ੍ਰਪੱਕ ਅਤੇ ਅਭਿਅਸਤ ਹਨ-ਜਿਸ ਨਾਲ਼ ਕਰਾਮਾਤਾਂ ਕਰਨ ਦੀ ਸ਼ਕਤੀ,ਬਿਮਾਰਾਂ ਨੂੰ ਚੰਗਾ ਕਰਨਾ ਅਤੇ ਦੁਸ਼ਟ ਆਤਮਿਆਂ ਨੂੰ ਕੱਢਣਾ ਹੁੰਦਾ ਹੈ।ਜਦ ਤੱਕ ਅਸੀਂ "ਤੌਬਾ ਅਤੇ ਵਿਸ਼ਵਾਸ਼ ਦੀ ਖੁਸ਼ ਖਬਰੀ" ( ਮਰਕੁਸ 1:15 ),ਪੁਰਾਣੇ ਦਾਖਰਸ ਅਤੇ

ਮਸਕਾਂ ਨੂੰ ਮੁੜ ਤੋਂ ਨਵਾਂ ਬਣਾਉਣ ( ਮਰਕੁਸ 2:21-22 )ਨਵੇਂ ਨੇਮ ਨੂੰ ਨਹੀਂ ਮੰਨਦੇ,ਤਾਂ ਅਸੀਂ ਪੁਰਾਣੇ ਦੇ ਬੰਧਨਾਂ ਅਧੀਨ ਜੀਵਨ ਜਿਉਦੇਂ ਹੋਏ ਮੂਰਖ ਬਣਦੇ ਹਾਂ।ਆਓ ਅਸੀਂ ਇਨ੍ਹਾਂ ਮਹੱਤਵਪੂਰਨ ਭਿੰਨਤਾਵਾਂ ਨੂੰ ਸੋਚਦੇ ਹੋਏ ਪਹਿਲਾਂ ਯਿਰਮਿਯਾਹ 31:31-34 ਪੜ੍ਹੀਏ ਅਤੇ ਤਦ ਹੇਠਾਂ ਦਿੱਤੇ ਚਾਰਟ ਦਾ ਅਧਿਐਨ ਕਰੀਏ।

"ਵੇਖੋ,ਓਹ ਦਿਨ ਆ ਰਹੇ ਹਨ,ਯਹੋਵਾਹ ਦਾ ਵਾਕ ਹੈ,ਕਿ ਮੈਂ ਇਸਰਾਏਲ ਦੇ ਘਰਾਣੇ ਨਾਲ ਅਤੇ ਯਹੂਦਾਹ ਦੇ ਘਰਾਣੇ ਨਾਲ ਇੱਕ ਨਵਾਂ ਨੇਮ ਬੰਨ੍ਹਾਂਗਾ, ਉਸ ਨੇਮ ਵਾਂਙੁ ਨਹੀਂ ਜਿਹੜਾ ਉਹਨਾਂ ਦੇ ਪਿਉ ਦਾਦਿਆਂ ਨਾਲ ਬੰਨ੍ਹਿਆ ਜਿਸ ਦਿਨ ਮੈਂ ਓਹਨਾਂ ਦਾ ਹੱਥ ਫੜਿਆ ਭਈ ਓਹਨਾਂ ਨੂੰ ਮਿਸਰ ਦੇਸ ਵਿਚੋਂ ਬਾਹਰ ਲਿਆਵਾਂ,ਜਿਸ ਮੇਰੇ ਨੇਮ ਨੂੰ ਉਹਨਾਂ ਤੋੜ ਦਿੱਤਾ ਭਾਵੇਂ ਮੈਂ ਉਹਨਾਂ ਦਾ ਵਿਆਂਧੜ* ਸਾਂ, ਯਹੋਵਾਹ ਦਾ ਵਾਕ ਹੈ, ਏਹ ਉਹ ਨੇਮ ਹੈ ਜਿਹੜਾ ਮੈਂ ਉਹਨਾਂ ਦਿਨਾਂ  ਦੇ ਪਿੱਛੋ ਇਸਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ,ਯਹੋਵਾਹ ਦਾ ਵਾਕ ਹੈ,ਮੈਂ ਆਪਣੀ ਬਿਵਸਥਾ ਨੂੰ ਉਹਨਾਂ ਦੇ ਅੰਦਰ ਰੱਖਾਂਗਾ ਅਤੇ ਉਨਾਂ ਦੇ ਦਿਲਾਂ ਉੱਤੇ ਲਿਖਾਂਗਾ।ਮੈਂ ਉਹਨਾਂ ਦਾ ਪਰਮੇਸ਼ਵਰ ਹੋਵਾਂਗਾ ਅਤੇ ਉਹ ਮੇਰੀ ਪਰਜਾ ਹੋਣਗੇ0ਓਹ ਫੇਰ ਕਦੀ ਹਰੇਕ ਆਪਣੇ ਭਰਾ ਨੂੰ ਨਾ ਸਿਖਲਾਏਗਾ ਭਈ ਯਹੋਵਾਹ ਨੂੰ ਜਾਣੋ ਕਿਉਂ ਜੋ ਓਹ ਸਾਰਿਆਂ ਦੇ ਸਾਰੇ ਓਹਨਾਂ ਦੇ ਛੋਟੇ ਤੋਂ ਵੱਡੇ ਤੀਕ ਮੈਨੂੰ ਜਾਣ ਲੈਣਗੇ,ਯਹੋਵਾਹ ਦਾ ਵਾਕ ਹੈ,ਕਿਉਂ ਜੋ ਮੈਂ ਉਹਨਾਂ ਦੀ

ਬਦੀ ਨੂੰ ਮਾਫ ਕਰਾਂਗਾ ਅਤੇ ਓਹਨਾਂ ਦੇ ਪਾਪ ਫੇਰ ਚੇਤੇ ਨਾ ਕਰਾਂਗਾ"॥

| **ਪੁਰਾਣਾ ਨੇਮ** | **ਨਵਾਂ ਨੇਮ** |
|---|---|
| ਨਬੀ,ਜਾਜਕ,ਅਤੇ ਰਾਜੇ ਪਰਮੇਸ਼ਵਰ ਦੇ ਮਧਿਅਸਥ ਸਨ।ਪਰਮੇਸ਼ਵਰ ਦੇ ਲੋਕਾਂ ਨੂੰ, ਪਰਮੇਸ਼ਵਰ ਦੀ ਅਗਵਾਈ,ਸਮੱਰਥਾ ਅਤੇ ਛੁਟਕਾਰੇ ਲਈ ਉਨ੍ਹਾਂ ਉੱਪਰ ਦੇਖਣ ਲਈ ਨਿਰਦੇਸ਼ ਦਿੱਤਾ ਗਿਆ ਸੀ। | ਕੇਵਲ ਮਸੀਹ ਯਿਸੂ ਹੀ ਆਪਣੇ ਲੋਕਾਂ ਅਤੇ ਪਰਮੇਸ਼ਵਰ ਦੇ ਵਿਚਕਾਰ ਮਧਿਅਸਥ ਹੈ।ਅਸੀਂ ਅਗਵਾਈ,ਸਮੱਰਥਾ ਅਤੇ ਛੁਟਕਾਰੇ ਲਈ ਸਿੱਧਾ ਪਰਮੇਸ਼ਵਰ ਵੱਲ ਹੀ ਵੇਖਣਾ ਹੈ। |

| | |
|---|---|
| ਪਰਮੇਸ਼ਵਰ ਨੇ ਨਬੀਆਂ ਦੁਆਰਾ ਗੱਲ ਕੀਤੀ ਜਾਂ ਨਬੀਆਂ ਨਾਲ ਗੱਲ ਕੀਤੀ, ਤਦ ਉਨ੍ਹਾਂ ਨੇ ਪਰਮੇਸ਼ਵਰ ਦੇ ਸਧਾਰਨ ਲੋਕਾਂ ਨੂੰ ਉਹੋ ਸ਼ੰਦੇਸ਼ ਦਿੱਤਾ। | ਪਰਮੇਸ਼ਵਰ ਵਿਸ਼ਵਾਸ਼ੀਆਂ ਨਾ਼ਲ ਜਾਂ ਵਿਸ਼ਵਾਸ਼ੀਆਂ ਦੁਆਰਾ ਗੱ਼ਲ ਕਰਦਾ ਹੈ। |
| ਪਰਮੇਸ਼ਵਰ ਦੇ ਲੋਕਾਂ ਦੀ ਪਛਾਣ ਦਾਸਾਂ ਵਾ਼ਲੀ ਸੀ। | ਪਰਮੇਸ਼ਵਰ ਦੇ ਲੋਕਾਂ ਦੀ ਪਛਾਣ ਪੁੱਤਰਾਂ ( ਅਤੇ ਧੀਆਂ ) ਦੀ ਹੈ। |
| ਪਰਮੇਸ਼ਵਰ ਦਾ ਆਤਮਾ ਕਿਸੇ ਵਿਸ਼ੇਸ਼ ਕੰਮ ਲਈ ਥੋੜ੍ਹੇ ਲੋਕਾਂ ਉੱਪਰ ਆਉਦਾ ਸੀ। | ਪਰਮੇਸ਼ਵਰ ਦਾ ਆਤਮਾ ਸਾਰੇ ਵਿਸ਼ਵਾਸ਼ੀਆਂ ਅੰਦਰ ਵਾਸ ਕਰਦਾ ਹੈ;ਇਹ ਸਰਵ-ਵਿਆਪੀ ਕੰਮ ਹੈ। |
| ਤੁਹਾਡੀ ਬੁਲਾਹਟ ਨਿਸ਼ਚਿਤ ਕਰਦੀ ਸੀ ਕਿ ਤੁਸੀਂ ਅਭਿਸ਼ਿਕਤ ਹੋਂ ਜਾਂ ਨਹੀਂ। | ਅਭਿਸ਼ੇਕ ਸਾਰੇ ਵਿਸ਼ਵਾਸ਼ੀਆਂ ਵਿੱਚ ਵਾਸ ਕਰਦਾ ਹੈ।(ਯੂੰਹਨਾਂ 2:20,27 ) |
| ਨਬੀ,ਜਾਜਕ,ਅਤੇ ਰਾਜੇ ਪਰਮੇਸ਼ਵਰ ਦੀ ਪਰਜਾ ਦਾ ਬਹੁਤ ਛੋਟਾ ਹਿੱਸਾ ਹੁੰਦੇ ਸਨ,ਇਹ ਇੱਕ ਬਹੁਤ ਹੀ ਵਿਸ਼ੇਸ਼ ਅਧਿਕਾਰ ਪ੍ਰਾਪਤ ਪਦਵੀ ਸੀ ਜਿਸ ਨੂੰ ਤੁਸੀਂ ਆਪਣੀ ਇੱਛਾ ਨਾ਼ਲ ਨਹੀਂ ਚੁਣ ਸਕਦੇ ਸੀ। | ਸਾਰੇ ਵਿਸ਼ਵਾਸ਼ੀ ਰਾਜੇ ਅਤੇ ਪਾਸਬਾਨ ਹਨ (ਪ੍ਰਕਾਸ਼ ਦੀ ਪੋਥੀ 5:10),ਅਤੇ ਉਨ੍ਹਾਂ ਨੂੰ ਆਪਣੀ ਜਿੰਦਗੀ ਵਿੱਚ ਬਿਮਾਰੀ ਅਤੇ ਦੁਸ਼ਟ ਆਤਮਿਆਂ ਉੱਪਰ ਰਾਜ ਕਰਨ ਵਾ਼ਲੀ ਦਯਾ ਮਿਲੀ ਹੈ (ਰੋਮੀਆਂ 5:17),ਸਾਰੇ ਵਿਸ਼ਵਾਸ਼ੀਆਂ ਨੂੰ ਭਵਿੱਖਵਾਣੀ ਕਰਨ ਦੀ ਦਯਾ ਮਿ਼ਲੀ ਹੈ (1ਪਤਰਸ 4:11, 1ਕੁਰਿੰਥੀਆਂ 14:31)। |
| ਕੇਵਲ ਨਬੀ ਹੀ ਉਹ ਵਿਸ਼ੇਸ਼ ਅਧਿਕਾਰ ਪ੍ਰਾਪਤ ਪਾਤਰ ਸਨ ਜਿਨ੍ਹਾਂ ਦੁਆਰਾ ਪਰਮੇਸ਼ਵਰ ਕਰਾਮਾਤਾਂ ਕਰਦਾ ਸੀ | ਸ਼ਾਰੇ ਵਿਸ਼ਵਾਸ਼ੀਆਂ ਨੂੰ ਇਹ ਵਿਸ਼ੇਸ਼ ਅਧਿਕਾਰ ਦਾ ਹੱਕ ਅਤੇ ਸਮੱਰਥਾ ਨਾ਼ਲ ਕਰਾਮਾਤਾਂ ਕਰਨ ਲਈ ਮਿਲਿਆ ਹੈ (ਯੂੰਹਨਾ 14:12),ਜਿਵੇਂ ਕਿ ਚੰਗਾਈ ਕਰਨਾ ਅਤੇ ਦੁਸ਼ਟ ਆਤਮਿਆਂ ਨੂੰ ਕੱਢਣਾ (ਮਰਕੁਸ 16:17-18) |

ਸਾਨੂੰ ਪੁਰਾਣੇ ਨਿਯਮ ਦੇ ਕਿਸੇ ਵੀ ਨਬੀ ਦੀ ਬੁਲਾਹਟ ਅਤੇ ਅਭਿਸ਼ੇਕ ਨੂੰ ਪ੍ਰਾਪਤ ਕਰਨ ਦੀ ਤੀਬਰ ਇੱਛਾ ਨਹੀਂ ਹੋਣੀ ਚਾਹੀਦੀ;ਸਾਨੂੰ ਮੂਸਾ, ਦਾਊਦ, ਜਾਂ ਏਲੀਯਾਹ ਦੀ ਤਰ੍ਹਾਂ ਸੇਵਕਾਈ ਕਰਨ ਲਈ ਚਾਹ ਨਹੀਂ ਹੋਣੀ ਚਾਹੀਦੀ।ਅੱਜ-ਕੱਲ੍ਹ,ਬਹੁਤ ਸਾਰੇ ਏਲੀਯਾਹ ਦੇ ਅਭਿਸ਼ੇਕ ਦਾ "ਦੁੱਗਣਾ ਹਿੱਸਾ" ਪਾਉਣ ਲਈ ਪ੍ਰਾਥਨਾ ਕਰਦੇ ਹਨ।ਮਿੱਤਰ,ਨਵੇਂ ਨੇਮ ਦੇ ਵਿਸ਼ਵਾਸ਼ੀ ਹੋਣ ਕਾਰਨ,ਸਾਨੂੰ ਪੁਰਾਣੇ ਨੇਮ ਦੇ ਸਭਨਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਜਨਾਂ ਨਾਲੋਂ ਵੱਧ ਵਿਸ਼ੇਸ਼ ਅਧਿਕਾਰ ਅਤੇ ਪਦਵੀ ਪ੍ਰਾਪਤ ਹੈ (ਮੱਤੀ 11:11)।ਅਸੀਂ ਨਬੀ,ਜਾਜਕ,ਅਤੇ ਰਾਜੇ ਦਾ ਹੈਰਾਨ ਕਰ ਦੇਣ ਵਾਲ਼ਾ ਸੰਯੁਕਤ ਰੂਪ ਹਾਂ।ਸਾਨੂੰ ਕੇਵਲ ਮਸੀਹ ਯਿਸੂ ਤਰ੍ਹਾਂ ਹੀ ਹੋਣਾ ਚਾਹੀਦਾ ਹੈ-ਤਾਂ ਕਿ ਅਸੀਂ ਉਸ ਦੇ ਅਭਿਸ਼ੇਕ, ਆਤਮਾ, ਚਰਿੱਤਰ, ਅਤੇ ਸੇਵਕਾਈ ਵਿੱਚ ਚੱਲ ਸਕੀਏ।

5-ਪਰਤੀ ਸੇਵਕਾਈ ਵਿੱਚ ਹੋਣਾ ਤੁਹਾਨੂੰ ਨਬੀ,ਜਾਜਕ, ਅਤੇ ਰਾਜਾ ਦੀ ਵਿਸ਼ੇਸ਼ ਪਦਵੀ ਦੇਣਾ ਨਹੀਂ ਹੈ।ਇਹ ਵਿਸ਼ੇਸ਼ ਅਧਿਕਾਰ ਪਦਵੀ ਕੇਵਲ ਮਸੀਹ ਯਿਸੂ ਉੱਪਰ ਵਿਸ਼ਵਾਸ਼ ਕਰਨ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ।ਪਰਮੇਸ਼ਵਰ ਮਸੀਹ ਯਿਸੂ ਨੇ 5- ਪਰਤੀ ਸੇਵਕਾਈ ਇਸ ਕਾਰਨ ਬਣਾਈ ਸੀ ਕਿ ਵਿਸ਼ਵਾਸ਼ੀਆਂ ਦੇ ਅਭਿਸ਼ੇਕ ਨੂੰ ਬਾਹਰ ਲਿਆਂਦਾ ਜਾਵੇ ਜੋ ਪਹਿਲਾਂ ਤੋਂ ਹੀ ਉਨ੍ਹਾਂ ਦੇ ਅੰਦਰ ਹੈ,ਅਤੇ ਹਰੇਕ ਵਿਸ਼ਵਾਸ਼ੀ ਨੂੰ ਦਯਾ ਅਤੇ ਵਰਦਾਨਾਂ ਵਿੱਚ ਚੱਲਣ ਲਈ ਉਸ ਬੀਜ ਦੇ ਰੂਪ ਵਿੱਚ ਅਭਿਅਸਤ ਕਰਨਾ ਜੋ ਉਨ੍ਹਾਂ ਅੰਦਰ ਵਾਸ ਕਰਦਾ ਹੈ।ਮਿੱਤਰ,ਪਵਿੱਤਰ ਆਤਮਾ ਮਹਾਨਤਮ ਅਭਿਸ਼ੇਕ ਅਤੇ ਵਰਦਾਨ ਹੈ,ਅਤੇ ਉਹ ਤੁਹਾਡੇ ਅੰਦਰ ਪਹਿਲਾਂ ਤੋਂ ਹੀ ਵਾਸ ਕਰਦਾ ਹੈ!

ਮੈਨੂੰ ਸ਼ਪੱਸ਼ਟੀਕਰਨ ਦੀ ਇਜ਼ਾਜਤ ਦਿਉ।ਮੈਂ ਉੱਪਰ ਵਰਣਿਤ ਕੀਤਾ ਕਿ ਹਰੇਕ ਵਿਸ਼ਵਾਸ਼ੀ ਇੱਕ ਨਬੀ ਹੈ;ਫਿਰ ਵੀ,ਅਸੀਂ 5-ਪਰਤੀ ਸੇਵਕਾਈ ਦੀ ਮਹਾਨ ਬੁਲਾਹਟ ਵਿੱਚ ਇੱਕ ਨਬੀਂ ਨੂੰ ਦੇਖਦੇ ਹਾਂ।ਇੱਕ 5-ਪਰਤੀ ਸੇਵਕਾਈ ਵਿੱਚ ਨਬੀ ਹੀ ਇੱਕਲਾ ਭਵਿੱਖਵਾਣੀ ਕਰਨ ਦੇ ਕਾਬਿਲ ਨਹੀਂ ਹੁੰਦਾ;ਰਸੂਲ ਪੌਲੁਸ ਨੇ ਸਾਰੇ ਵਿਸ਼ਵਾਸ਼ੀਆਂ ਨੂੰ ਭਵਿੱਖਵਾਣੀ ਦੇ ਵਰਦਾਨ ਦੀ ਤੀਬਰ ਇੱਛਾ ਰੱਖਣ ਦਾ ਉਪਦੇਸ਼ ਦਿੱਤਾ (1 ਕੁਰਿੰਥੀਆਂ 14:1,39) ਇਸ ਕਾਰਨ ਉਹ ਸਭ ਭਵਿੱਖਵਾਣੀ ਕਰਨ ਦੇ ਕਾਬਿਲ ਸਨ

(1 ਕੁਰਿੰਥੀਆਂ 14:31)ਨਵੇਂ ਨੇਮ ਦੇ ਨਬੀ ਸੁਭਾਵਿਕ ਤੌਰ ਉੱਤੇ ਦੇਹੀ ਨੂੰ ਪਰਮੇਸ਼ਵਰ ਦੀ ਅਵਾਜ ਸੁਣਨ,ਪਛਾਣ ਕਰਨ,ਅਤੇ ਭਵਿੱਖਵਾਣੀ ਕਰਨ ਦੀ ਸਿੱਖਿਆ ਲਈ ਅਤੇ ਸੁਸੱਜਿਤ ਹੋਣ ਦੇ ਉਦੇਸ਼ ਪ੍ਰਤੀ ਝੁਕਾਏ ਗਏ ਹਨ।ਸਾਰੇ ਵਿਸ਼ਵਾਸ਼ੀ ਨਬੀ ਦੇ ਤੌਰ ਉੱਤੇ ਕੰਮ ਕਰ ਸਕਦੇ ਹਨ;

ਇਹ ਢਾਂਚਾ ਕੇਵਲ ਇੱਕ ਕ੍ਰਮ ਹੈ-ਨਬੀ ਦਾ ਪਹਿਲਾਂ ਫਰਜ਼ ਸੁੱਸਜਿਤ ਹੋਣਾ ਹੈ,ਅਤੇ ਫਿਰ ਸਾਰੀ ਦੇਹੀ ਨੂੰ ਭਵਿੱਖਵਾਣੀ ਲਈ ਤਿਆਰ ਕਰਨਾ ਹੈ।ਅਗਰ ਇੱਕ ਨਬੀ ਇੱਕਲਾ ਹੀ ਭਵਿੱਖਵਾਣੀ ਕਰਨ ਵਾਲ਼ਾ ਹੋਵੇ,ਤਦ ਉਹ ਨਬੀ ਆਪਣੀ ਬੁਲਾਹਟ ਤੋਂ ਪੂਰੀ ਤਰ੍ਹਾਂ ਭਟਕ ਚੁਕਿਆ ਹੈ!

## ਇੱਕ ਵਿਸ਼ਵਾਸ਼ੀ ਦੇ ਫਰਜ਼ ਅਤੇ ਪਦਵੀ ਦੀ ਪਰਿਭਾਸ਼ਾ

ਆਉ ਅਸੀਂ ਹੁਣ ਬਦਲੇ ਹੋਏ ਸਾਧਾਰਨ ਤਰੀਕੇ ਨਾਲ ਅਰਥ ਕਰਕੇ ਵਿਸ਼ਵਾਸ਼ੀ ਨੂੰ ਪਰਿਭਾਸ਼ਿਤ ਕਰੀਏ।ਇੱਕ ਤਰ੍ਹਾਂ ਦੇ ਵਿਸ਼ਵਾਸ਼ੀ ਉਹ ਹੁੰਦੇ ਹਨ ਜੋ ਵਿਸ਼ਵਾਸ਼ ਨਾਲ਼ ਮਸੀਹ ਯਿਸੂ ਵਿੱਚ ਭਰੋਸੇਯੋਗ ਅਤੇ ਆਗਿਆਕਾਰ ਬਣੇ ਰਹਿਣ।ਸਧਾਰਨ ਤੌਰ ਉਤੇ ਚੇਲਾ ਇੱਕ ਭਰੋਸੇਯੋਗ ਵਿਸ਼ਵਾਸ਼ੀ ਹੁੰਦਾ ਹੈ,ਜਿਹੜਾ ਕਿ ਭਰੋਸੇਯੋਗਤਾ ਨਾਲ਼ ਆਪਣੇ ਦ੍ਰਿੜ ਨਿਸ਼ਚੇ ਵਿੱਚ ਕੰਮ ਕਰਦਾ ਹੈ।ਦੂਸਰਿਆਂ ਦਾ ਸ਼ਸ਼ਕਤੀਕਰਨ ਕਰਨ ਲਈ ਰਸੂਲ ਪੌਲੂਸ ਜਿਹੜਾ ਗੁਣ ਲੱਭਦਾ ਸੀ,ਉਹ ਹੈ ਭਰੋਸੇਯੋਗ ਵਿਸ਼ਵਾਸ਼ੀ (ਚੇਲਾ)।ਕਿਰਪਾ ਕਰਕੇ ਹੇਠਾਂ ਦਿੱਤੇ ਵਚਨਾਂ ਉੱਤੇ ਧਿਆਨ ਦਿਉ।

"ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹਿਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿਖਿਆ ਦੇਣ ਜੋਗ ਹੋਣ" 2 ਤਿਮੋਥੀਉਸ 2:2 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ" ਉਹ ਕਿਹੜੀਆਂ ਗੱਲਾਂ ਸਨ ਜਿਹੜੀਆਂ ਰਸੂਲ ਪੌਲੂਸ ਤਿਮੋਥਿਉਸ ਨੂੰ ਸਖਤੀ ਨਾਲ਼ ਦੂਸਰਿਆ ਨੂੰ ਵੰਡਣ ਲਈ ਪ੍ਰੇਰਿਤ ਕਰਦਾ ਹੈ?ਪੌਲੂਸ ਲਈ ਇਨ੍ਹਾਂ "ਗੱਲਾਂ" ਦਾ ਅਸਧਾਰਨ ਮਹੱਤਵ ਹੋਵੇਗਾ,ਜਿਨ੍ਹਾਂ ਨੂੰ ਉਸਨੇ ਛੇਤੀ ਅਤੇ ਠੀਕ-ਠੀਕ ਅੱਗੇ ਪਹੁੰਚਾਉਣ ਦਾ ਹੁਕਮ

ਦਿੱਤਾ। ਉੱਪਰ ਦਿੱਤੇ "ਸਧਾਰਨ ਬੁਨਿਆਦੀ ਸਿਧਾਂਤ" ਦੇ ਵਚਨ ਨੂੰ ਅੱਗੇ ਸਿਖਾਉਣ ਤੋਂ ਪਹਿਲਾਂ,ਤੁਹਾਨੂੰ ਇਹ ਜਰੂਰ ਸਮਝ ਲੈਣਾ ਚਾਹੀਦਾ ਹੈ ਕਿ ਰਸੂਲ ਪੌਲੂਸ ਦੀਆਂ ਸਿਖਿਆਂਵਾਂ ਬਿਨ੍ਹਾਂ ਸਮੱਰਥਾ,ਕਰਾਮਾਤਾਂ ਅਤੇ ਪਵਿੱਤਰ ਆਤਮਾ ਦੇ ਸ਼ਪੱਸ਼ਟੀਕਰਨ ਤੋਂ ਨਹੀਂ ਸਨ। ਇਹ ਇੱਕ "ਸਧਾਰਨ ਸਿਧਾਂਤ" ਨਹੀ ਸੀ,ਜਿਹੜਾ ਪੌਲੂਸ ਨੇ ਤਿਮੋਥਿਉਸ ਨੂੰ ਭਰੋਸੇਯੋਗ ਆਦਮੀਆਂ ਨੂੰ ਦੇਣ ਦੀ ਹਿਦਾਇਤ ਕੀਤੀ ਸੀ,ਪਰੰਤੂ ਖੁਸ਼ਖਬਰੀ ਸਮੱਰਥਾ ਨਾਲ਼ ਪ੍ਰਗਟ ਹੋਈ। ਰਸੂਲ ਪੌਲੂਸ ਵਿਸ਼ਵਾਸ਼ ਕਰਦਾ ਸੀ ਕਿ ਪ੍ਰਤੱਖ ਸਮੱਰਥਾ ਵਾਲ਼ੀ ਖੁਸ਼ਖਬਰੀ ਦੁਹਰਾਉਣ ਯੋਗ,ਅਤੇ ਸਥਾਨ-ਅੰਤਰਣ ਯੋਗ ਹੈ,ਉਸ ਤੋਂ ਤਿਮੋਥਿਉਸ ਨੂੰ,ਤਿਮੋਥਿਉਸ ਤੋਂ ਭਰੋਸੇਯੋਗ ਮਨੁੱਖਾਂ ਨੂੰ,ਅਤੇ ਭਰੋਸੇਯੋਗ ਮਨੁੱਖਾਂ ਤੋਂ ਦੂਸਰਿਆਂ ਨੂੰ। ਨਿਮਨਲਿਖਿਤ ਆਇਤਾਂ ਉੱਪਰ ਧਿਆਨ ਦਿਉ।

"ਅਤੇ ਮੇਰਾ ਬਚਨ ਅਤੇ ਮੇਰਾ ਪਰਚਾਰ ਗਿਆਨ ਦੀਆਂ ਮਨਾਉਣ ਵਾਲ਼ੀਆਂ ਗੱਲਾਂ ਦੇ ਨਾਲ਼ ਨਹੀਂ ਸਗੋਂ ਆਤਮਾ ਅਤੇ ਸਮੱਰਥਾ ਦੇ ਪਰਮਾਣ ਨਾਲ਼ ਸੀ 0 ਤਾਂ ਜੋ ਤੁਹਾਡੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ਵਰ ਦੀ ਸਮੱਰਥਾ ਉੱਤੇ ਠਹਿਰੇ"॥ 1ਕੁਰਿੰਥੀਆਂ 2:4-5 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਮੈਂ ਤਾਂ ਇੰਜੀਲ ਤੋਂ ਸ਼ਰਮਾਉਦਾ ਨਹੀਂ ਇਸ ਲਈ ਜੋ ਉਹ ਹਰੇਕ ਨਿਹਚਾਵਾਨ ਦੀ ਮੁਕਤੀ ਦੇ ਲਈ ਪਰਮੇਸ਼ਵਰ ਦੀ ਸ਼ਕਤੀ ਹੈ,ਪਹਿਲਾਂ ਯਹੂਦੀ ਫੇਰ ਯੂਨਾਨੀ ਦੇ ਲਈ" ਰੋਮੀਆਂ 1:16 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ ਅਤੇ ਯੂਨਾਨੀ ਵਿਆਖਿਆ)

"ਇਸ ਲਈ ਜੋ ਸਾਡੀ ਖੁਸ਼ ਖਬਰੀ ਨਿਰੀਆਂ ਗੱਲਾਂ ਹੀ ਗੱਲਾਂ ਨਹੀਂ ਸੀ ਸਗੋਂ ਸਮੱਰਥਾ ਅਤੇ ਪਵਿੱਤਰ ਆਤਮਾ ਅਤੇ ਪੂਰੇ ਯਕੀਨ ਨਾਲ਼ ਭੀ ਤੁਹਾਡੇ ਨਮਿੱਤ ਤੁਸਾਂ ਨਾਲ਼ ਸਾਡਾ ਕਿਹੋ ਜਿਹਾ ਵਰਤਾਰਾ ਸੀ" 1ਥੱਸਲੁਨੀਕੀਆਂ 1:5 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਇਸ ਪੁਸਤਕ ਵਿੱਚ,ਮੈ ਤਿੰਨ ਪ੍ਰਕਾਰ ਦੀ ਸੇਵਕਾਈ ਉੱਪਰ ਧਿਆਨ ਕਰ ਰਿਹਾ ਹਾਂ, ਜਿਹੜੀ ਕਿ ਵਧੇਰੇ ਕਰਕੇ ਮਸੀਹ ਯਿਸ਼ੂ ਅਤੇ ਉਸ ਦੇ ਚੇਲਿਆਂ ਅਤੇ ਰਸੂਲਾਂ ਦੇ ਕੰਮਾਂ ਦੀ ਸੀ:ਖੁਸ਼ ਖਬਰੀ ਦਾ ਪ੍ਰਚਾਰ ਕਰਦੇ

ਹੋਏ,ਬਿਮਾਰਾਂ ਨੂੰ ਚੰਗਿਆ ਕਰਨਾ,ਅਤੇ ਦੁਸ਼ਟ ਆਤਮਿਆਂ ਨੂੰ ਕੱਢਣਾ ਸੀ। ਪ੍ਰਚਾਰ ਕਰਨ,ਬਿਮਾਰਾਂ ਨੂੰ ਚੰਗਾ ਕਰਨ ਅਤੇ ਦੁਸ਼ਟ ਆਤਮਿਆਂ ਨੂੰ ਕੱਢਣ ਦਾ ਅਧਿਕਾਰ ਚੇਲਿਆਂ ਨੂੰ ਦਿੱਤਾ ਗਿਆ ਸੀ-ਅਤੇ ਅੱਗੇ ਹਰੇਕ ਵਿਸ਼ਵਾਸੀ ਨੂੰ। ਇਹ ਬਹੁਤ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਸੀ ਪਵਿੱਤਰ ਸ਼ਾਸਤਰ ਦੇ ਸਬੂਤ ਨੂੰ ਸਾਫ-ਸਾਫ ਸਮਝੋ,ਨਹੀਂ ਤਾਂ ਸ਼ੈਤਾਨ ਤੁਹਾਡੀ ਯੋਗਤਾ ਅਤੇ ਵਿਸ਼ਵਾਸ਼ ਅਤੇ ਨਾਲ ਹੀ ਦੂਸਰਿਆਂ ਦੀ ਯੋਗਤਾ ਨੂੰ ਵੀ ਦੂਸ਼ਿਤ ਕਰਕੇ ਰੋਕ ਦੇਵੇਗਾ। ਕਿਰਪਾ ਕਰਕੇ ਇਸ ਸਫੇ ਉੱਤੇ ਨਿਸ਼ਾਨੀ ਲਗਾਉ,ਇਹਨਾਂ ਆਇਤਾਂ ਉੱਤੇ ਮਨਨ ਕਰੋ, ਇਹਨਾਂ ਨੂੰ ਲਿਖੋ ਅਤੇ ਆਪਣੇ ਘਰ ਵਿੱਚ ਲਗਾਓ,ਕਿਉਂਕਿ ਇਹ ਤੁਹਾਨੂੰ ਦਿੱਤੀ ਪਰਮੇਸ਼ਵਰ ਦੀ ਯੋਗਤਾ ਦਾ ਐਲਾਨ ਕਰਦੀਆਂ ਹਨ!

"ਉਸ ਨੇ ਆਪਣੇ ਬਾਰਾਂ ਚੇਲਿਆਂ ਨੂੰ ਕੋਲ ਸੱਦ ਕੇ ਉਨਾਂ ਨੂੰ ਇਖ਼ਤਿਆਰ ਦਿੱਤਾ ਜੋ ਭ੍ਰਿਸ਼ਟ ਆਤਮਿਆਂ ਨੂੰ ਕਢੱਣ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਦੂਰ ਕਰਨ 0 ਅਤੇ ਤੁਰਦੇ ਤੁਰਦੇ ਪਰਚਾਰ ਕਰ ਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆਇਆ ਹੈ 0 ਰੋਗੀਆਂ ਨੂੰ ਚੰਗਾ ਕਰੋ,ਮੁਰਦਿਆਂ ਨੂੰ ਜਿਵਾਲੋ,ਕੋੜੀਆਂ ਨੂੰ ਸ਼ੁੱਧ ਕਰੋ,ਭੂਤਾਂ ਨੂੰ ਕੱਢੋ। ਤੁਸਾਂ ਮੁਫ਼ਤ ਲਿਆ ਹੈ,ਮੁਫ਼ਤ ਹੀ ਦਿਓ" ਮੱਤੀ 10:1,7-8 (ਮੇਰੇ ਦੁਆਰਾ,ਖਾਸ ਧਿਆਨ ਦੇਣ ਯੋਗ)

"ਇਨ੍ਹਾਂ ਗੱਲਾਂ ਦੇ ਪਿੱਛੋਂ ਪ੍ਰਭੁ ਨੇ ਸੱਤਰ ਹੋਰ ਵੀ ਠਹਿਰਾਏ ਅਰ ਹਰ ਨਗਰ ਅਤੇ ਹਰ ਥਾਂ ਜਿੱਥੇ ਆਪ ਜਾਣ ਵਾਲਾ ਸੀ ਉਨ੍ਹਾਂ ਨੂੰ ਦੋ ਦੋ ਕਰਕੇ ਆਪਣੇ ਅੱਗੇ ਘੱਲਿਆ 0 ਅਤੇ ਜਿਸ ਨਗਰ ਵਿੱਚ ਤੁਸੀਂ ਵੜੋ ਅਤੇ ਓਹ ਤੁਹਾਨੂੰ ਕਬੂਲ ਕਰਨ ਤਦ ਜੋ ਕੁਝ ਤੁਹਾਡੇ ਅੱਗੇ ਰੱਖਿਆ ਜਾਵੇ ਸੋ ਖਾਓ 0 ਅਰ ਓੱਥੋਂ ਦੇ ਰੋਗੀਆਂ ਨੂੰ ਚੰਗੇ ਕਰੋ ਅਤੇ ਉਨ੍ਹਾਂ ਨੂੰ ਕਹੋ ਭਈ ਪਰਮੇਸ਼ਵਰ ਦਾ ਰਾਜ ਤੁਹਾਡੇ ਨੇੜੇ ਆ ਗਿਆ ਹੈ" ਲੂਕਾ 10:1, 8-

"ਓਹ ਸੱਤਰ ਅਨੰਦ ਨਾਲ ਮੁੜੇ ਅਰ ਬੋਲੇ ਕਿ ਪ੍ਰਭੁ ਜੀ ਤੇਰੇ ਨਾਮ ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ! 0 ਉਸ ਨੇ ਉਨਾਂ ਨੂੰ ਆਖਿਆ,ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਅਕਾਸ਼ ਤੋਂ ਡਿੱਗਾ ਹੋਇਆ ਡਿੱਠਾ 0 ਵੇਖੋ ਮੈਂ ਤੁਹਾਨੂੰ ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ ਸ਼ਕਤੀ ਉੱਤੇ

ਇਖ਼ਤਿਆਰ ਦਿੱਤਾ ਹੈ ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ" ਲੂਕਾ 10:17-19 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਉਸ ਨੇ ਉਨ੍ਹਾਂ ਨੂੰ ਆਖਿਆ,ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪਰਚਾਰ ਕਰੋ 0 ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ,ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ, 0 ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ।ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ" ਮਰਕੁਸ 16:15, 17-18 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ,ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ" ਮਰਕੁਸ 11:23 ( ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਜੇ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ! 0 ਪਰ ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾਂ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ ਕਿਉਂਕਿ ਆਤਮਾ ਅਜੇ ਦਿੱਤਾ ਨਾ ਗਿਆ ਸੀ ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਸੀ ਹੋਇਆ" ਯੂੰਹਨਾ 7:38-39 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ਼ ਜਾਂਦਾ ਹਾਂ" ਯੂੰਹਨਾ 14:12 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਯਿਸੂ ਨੇ ਉਹ ਨੂੰ ਆਖਿਆ,ਜੇ ਤੁਸੀਂ ਕਰ ਸਕਦੇ ਹੋ! ਪਰਤੀਤ ਕਰਨ

ਵਾਲੇ ਦੇ ਲਈ ਸੱਭੋ ਕੁਝ ਹੋ ਸਕਦਾ ਹੈ" ਮਰਕੁਸ 9:23 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਸਧਾਰਨ ਵਿਸ਼ਵਾਸ਼ ਦੇ ਉੱਲਟ,ਇੱਕ ਚੰਗਾਈ ਸੇਵਕ,ਇੱਕ ਛੁਟਕਾਰੇ ਦੇ ਸੇਵਕ,ਅਤੇ ਇੱਕ ਖੁਸ਼ਖਬਰੀ ਦੇ ਪਰਚਾਰਕ ਲਈ ਕੋਈ ਵਿਸ਼ੇਸ਼ ਬੁਲਾਹਟ ਨਹੀ ਹੁੰਦੀ।ਇਹ ਕਿਰਪਾ ਵਾਲ਼ਾ ਸ਼ਸ਼ਕਤੀਕਰਨ ਅਤੇ ਪਵਿੱਤਰ ਅਧਿਕਾਰ ਉਨ੍ਹਾਂ ਸਭ ਵਿਸ਼ਵਾਸ਼ੀਆਂ ਨੂੰ ਦਿੱਤਾ ਜਾਂਦਾ ਹੈ ਜਿਹੜੇ ਮਸੀਹ ਯਿਸੂ ਦੀ ਤਰ੍ਹਾਂ ਬਣਨ ਦੀ ਇੱਛਾ ਰੱਖਦੇ ਹਨ।ਖੁਸ਼ ਖਬਰੀ ਦਾ ਪ੍ਰਚਾਰ ਕਰਨ,ਬਿਮਾਰ ਨੂੰ ਚੰਗਾ ਕਰਨ,ਅਤੇ ਦੁਸ਼ਟ ਆਤਮਿਆਂ ਨੂੰ ਕੱਢਣ ਲਈ ਅਧਿਆਤਮਕ ਗਿਆਨ ਦੀ ਡਿਗਰੀ ,ਇੱਕ ਭਵਿੱਖਵਾਣੀ,ਟੀਚਾ-ਨਿਰਮਾਣ ਸ਼ਬਦ,ਅਤੇ ਨਾ ਹੀ ਇੱਕ ਖੁਸ਼-ਖਬਰੀ ਪਰਚਾਰਕ ਦੇ ਅਭਿਸ਼ੇਕ ਦੀ ਲੋੜ ਹੁੰਦੀ ਹੈ-ਜੋ ਸਭ ਤੋਂ ਜਰੂਰੀ ਹੈ ਉਹ ਹੈ ਮਸੀਹ ਯਿਸੂ ਵਿੱਚ ਸਧਾਰਨ ਵਿਸ਼ਵਾਸ਼!

## ਨਿਰਸੰਦੇਹ ਗਵਾਹੀਆਂ

ਅਰਾਧਨਾ ਮੇਰੀ ਪਤਨੀ ਦੀ ਭੈਣ ਹੈ।ਗਰਮੀ ਦੀਆਂ ਛੁੱਟੀਆਂ ਦੌਰਾਨ,ਅਸੀਂ ਉਸ ਨੂੰ ਸਾਡੇ ਨਾਲ਼ ਮਿਲ ਕੇ ਘੁਮਣ ਦਾ ਸੱਦਾ ਦਿੱਤਾ।ਉਹ ਮਸੀਹ ਯਿਸੂ ਲਈ ਭੁੱਖੀ-ਪਿਆਸੀ ਸੀ ਅਤੇ ਸਾਡੇ ਨਾਲ਼ ਸਫਰ ਕਰਦੇ ਹੋਏ ਨਿਰੰਤਰ ਆਤਮਾ ਦੀ ਹਜ਼ੂਰੀ ਅਤੇ ਕਰਾਮਾਤਾਂ ਦੀ ਗਵਾਹ ਸੀ।ਉਸਨੇ ਮੇਰੇ ਕੋਲੋਂ ਮਜ਼ਬੂਤੀ ਨਾਲ਼ ਵਾਰ-ਵਾਰ ਸੁਣਿਆ ਅਤੇ ਸਿੱਖਿਆ ਸੀ ਕਿ ਸਾਰੇ ਵਿਸ਼ਵਾਸ਼ੀ ਬੁਲਾਏ ਗਏ ਹਨ ਅਤੇ ਸੁਸੱਜਿਤ ਕਰਕੇ ਖੁਸ਼ ਖਬਰੀ ਦੀ ਸਮੱਰਥਾ ਵਿੱਚ ਐਲਾਨ ਕੀਤੇ ਗਏ ਹਨ।ਥੋੜ੍ਹੇ ਸਮੇਂ ਦੇ ਅੰਦਰ ਹੀ, ਪਰਮੇਸ਼ਵਰ ਦੁਆਰਾ ਦਿੱਤੀ ਯੋਗਤਾ ਉਸ ਅੰਦਰੋਂ ਬਾਹਰ ਆਉਣ ਲੱਗੀ।

ਅਰਾਧਨਾ,ਇੱਕ ਮਿਡਲ ਸਕੂਲ ਵਿੱਚ ਅਧਿਆਪਕ ਦੇ ਤੌਰ ਉੱਤੇ ਕੰਮ ਕਰਦੀ ਸੀ। ਸਕੂਲ ਦੇ ਨਵੇਂ ਸ਼ੈਸ਼ਨ ਦੀ ਸ਼ੁਰੂਆਤ ਵਿੱਚ,ਵਿਦਿਆਰਥੀਆਂ ਦੇ ਇੱਕ ਨਵੇਂ ਝੁੰਡ ਵਿੱਚ ਉਸ ਨੇ ਦੇਖਿਆ ਕਿ ਕੁਝ ਬੱਚੇ, ਇੱਕ ਹੋਰ ਬੱਚੇ ਦਾ ਮਜਾਕ ਉਡਾ ਰਹੇ ਸਨ।ਉਸਨੇ ਉਨ੍ਹਾਂ ਨੂੰ ਪੁੱਛਿਆ "ਤੁਸੀਂ ਉਸ ਦਾ ਮਜਾਕ ਕਿਉਂ ਉਡਾ ਰਹੇ ਹੋ? ਕੀ ਗੱਲ

ਹੈ?"ਉਨ੍ਹਾਂ ਨੇ ਉੱਤਰ ਦਿੱਤਾ "ਉਹ ਮੂਰਖ ਹੈ;ਉਹ ਕੁਝ ਵੀ ਨਹੀਂ ਸਮਝ ਸਕਦਾ"। ਤਦ ਉਸ ਨੇ ਲੜਕੇ ਦੇ ਕੰਨਾਂ ਵਿੱਚ ਉੱਚੀ ਸੁਣਨ ਵਾਲ਼ੀ ਮਸ਼ੀਨ ਦੇਖੀ। ਉਸ ਲੜਕੇ ਨਾਲ਼ ਗੱਲ਼ ਕਰਨ ਦੀ ਕੋਸ਼ਿਸ਼ ਵਿੱਚ,ਉਸ ਨੇ ਇਹ ਅਹਿਸਾਸ ਕੀਤਾ ਕਿ ਉਹ ਲੜਕਾ ਇੰਨੀ ਬੁਰੀ ਤਰ੍ਹਾਂ ਬਹਿਰਾ (ਬੋਲ਼ਾ) ਸੀ ਕਿ ਉੱਚੀ ਸੁਣਨ ਵਾਲ਼ੀ ਮਸ਼ੀਨ ਨਾਲ਼ ਵੀ ਉਸ ਨੂੰ ਕੋਈ ਬਹੁਤਾ ਫਰਕ ਨਹੀਂ ਸੀ ਪੈ ਰਿਹਾ। ਉਸ ਨੇ ਸਾਰੀ ਜਮਾਤ ਨੂੰ ਚੁੱਪ ਕਰਾਇਆ ਅਤੇ ਉਨ੍ਹਾਂ ਨੂੰ ਕਿਹਾ ਕਿ ਉਹ ਉਸ ਲੜਕੇ ਲਈ ਮਸੀਹ ਯਿਸੂ ਦੇ ਨਾਮ ਵਿੱਚ ਪ੍ਰਾਥਨਾ ਕਰੇਗੀ। ਉਸ ਲੜਕੇ ਦੇ ਕੰਨਾਂ ਉੱਪਰ ਹੱਥ ਰੱਖਦੇ ਹੋਏ;ਉਸ ਨੇ ਉਸ ਲੜਕੇ ਲਈ ਪ੍ਰਾਥਨਾ ਕੀਤੀ ਜਿਵੇਂ ਕਿ ਉਸ ਨੇ ਮੈਨੂੰ (ਪਾਸਟਰ) ਪ੍ਰਾਥਨਾ ਕਰਦੇ ਹੋਏ ਦੇਖਿਆ ਸੀ। ਤੁਰੰਤ ਉਸ ਦੇ ਕੰਨ ਖੁੱਲ ਗਏ,ਅਤੇ ਉਹ ਸਾਫ਼-ਸਾਫ਼ ਸੁਣਨ ਲੱਗਾ! ਵਿਦਿਆਰਥੀ ਹੈਰਾਨ ਸਨ!ਕਲਾਸ ਤੋਂ ਬਾਅਦ,ਅਰਾਧਨਾ ਨੇ ਉਸ ਲੜਕੇ ਦੇ ਵੱਡੇ ਭਰਾ ਨੂੰ ਲੱਭਿਆ,ਅਤੇ ਉਸਦੇ ਭਰਾ ਦੇ ਬਹਿਰੇ ਹੋਣ ਦੀ ਪੂਰੀ ਸੱਚਾਈ ਜਾਣੀ। ਕਰਾਮਾਤ ਹੋਣ ਕਾਰਨ ਵੱਡੇ ਭਰਾ ਨੂੰ ਹੈਰਾਨੀ ਹੋਈ ਅਤੇ ਅਰਾਧਨਾ ਨੂੰ ਆਪਣੇ ਉੱਪਰ ਪ੍ਰਾਥਨਾ ਕਰਨ ਲਈ ਵੀ ਕਿਹਾ। ਵੱਡੇ ਭਰਾ ਨੂੰ ਪੜਾਈ ਕਰਨ ਵਿੱਚ ਕਾਫੀ ਔਖ ਸੀ-ਉਹ ਜਮਾਤ ਵਿੱਚ "ਸਭ ਤੋਂ ਧੀਮਾ" ਸੀ। ਅਰਾਧਨਾ ਨੇ ਉਸ ਲਈ ਵੀ ਪ੍ਰਾਥਨਾ ਕੀਤੀ।

ਜਦੋਂ ਬੱਚੇ ਘਰ ਵਾਪਸ ਜਾ ਰਹੇ ਸਨ,ਤਾਂ ਉਨ੍ਹਾਂ ਵਿੱਚੋਂ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ: "ਤੇਰਾ ਅੱਜ ਦਾ ਦਿਨ ਕਿਵੇਂ ਰਿਹਾ"?, "ਔਹ, ਅੱਛਾ ਸੀ। ਮੈਂ ਬਹੁਤ ਹੀ ਅਸਧਾਰਨ ਗੱਲ ਦੇਖੀ"। "ਕਿਹੜੀ ਗੱਲ"? "ਓਹ,ਜਮਾਤ ਵਿੱਚ ਇੱਕ ਬਹਿਰਾ ਲੜਕਾ ਸੀ,ਅਤੇ ਇੱਕ ਅਧਿਆਪਕਾ ਨੇ ਉਸ ਲਈ ਪ੍ਰਾਥਨਾ ਕੀਤੀ, ਉਹ ਤੁਰੰਤ ਹੀ ਸੁਣਨ ਲੱਗ ਪਿਆ ਅਤੇ ਚੰਗਾ ਹੋ ਗਿਆ"। "ਕੀ"! ?

ਅਗਲੇ ਦਿਨ ਕੁਝ ਮਾਪੇ ਸਕੂਲ ਵਿੱਚ ਗਏ ਅਤੇ ਉਸ ਲੜਕੇ ਨੂੰ ਦੇਖਿਆ ਜੋ ਚੰਗਾ ਹੋ ਗਿਆ ਸੀ;ਦੂਸਰੇ ਮਾਪਿਆ ਨੇ ਅਰਾਧਨਾ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਲਈ ਵੀ ਪ੍ਰਾਥਨਾ ਕਰੇ। ਤਿੰਨ ਹਫਤਿਆਂ ਦੇ ਅੰਦਰ ਹੀ,ਵੱਡੇ ਭਰਾ ਨੇ ਚਮਤਕਾਰੀ ਸੁਧਾਰ ਕੀਤੇ ਅਤੇ ਜਮਾਤ ਵਿੱਚ ਸਿਖਰ ਉਤੇ ਪਹੁੰਚ ਗਿਆ!

ਇੱਕ “ਕਰਾਮਾਤੀ ਅਧਿਆਪਕ” ਦੀ ਖਬਰ ਸਾਰੇ ਪਿੰਡ ਵਿੱਚ ਫੈਲ ਗਈ,ਅਤੇ ਇੱਕ ਪੁਰਾਣੇ,ਪਰੰਪਰਾਗਤ ਚਰਚ ਨੇ ਅਰਾਧਨਾ ਨੂੰ ਆਉਣ ਅਤੇ ਬੋਲਣ ਲਈ ਸੱਦਾ ਦਿੱਤਾ।ਉਨ੍ਹਾ ਦੇ ਚਰਚ ਵਿੱਚ ਇਸਤਰੀ ਦੇ ਬੋਲਣ ਦਾ ਰਿਵਾਜ ਨਹੀਂ ਸੀ,ਪਰ ਗਵਾਹੀਆਂ ਕਾਰਨ ਉਹ ਜਿਆਦਾ ਉੱਤਸੁਕ ਸਨ।ਅਰਾਧਨਾ ਨੇ ਉਸੇ ਪ੍ਰਕਾਰ ਪ੍ਰਚਾਰ ਅਤੇ ਸੇਵਕਾਈ ਕੀਤੀ ਜਿਵੇਂ ਉਸ ਨੂੰ ਸਿਖਾਇਆ ਗਿਆ ਸੀ।ਸਟੇਜ ਉੱਪਰ ਚੜ੍ਹ ਕੇ ਬੋਲਣ ਤੋਂ ਪਹਿਲਾਂ,ਉਸ ਨੂੰ ਗਿਆਨ ਦਾ ਵਚਨ ਦਿਤਾ ਗਿਆ–ਉਸ ਨੂੰ ਕਿਸੇ ਵਿਗੜੀ ਹਲਾਤ ਵਾਲ਼ੇ ਆਦਮੀ ਦਾ ਨਾਮ ਵੀ ਦਿੱਤਾ ਗਿਆ।ਭਾਵੇਂ ਉਹ ਝਿਜਕ ਰਹੀ ਸੀ,ਫਿਰ ਵੀ ਉਸ ਨੇ ਉਹ ਸਭ ਬੋਲਿਆ ਜੋ ਉਸ ਨੂੰ ਕਿਹਾ ਗਿਆ ਸੀ।ਇੱਕ ਵਿਅਕਤੀ ਦਾ ਨਾਮ ਬੋਲਦੇ ਹੋਏ–ਜਿਸ ਨੂੰ ਪੇਟ ਦੀ ਗੰਭੀਰ ਸਮੱਸਿਆ ਸੀ–ਬੁਲਾਇਆ ਗਿਆ–ਅਰਾਧਨਾ ਨੇ ਉਸ ਉਪਰ ਪ੍ਰਾਥਨਾ ਕੀਤੀ।ਪਰਮੇਸ਼ਵਰ ਦੀ ਸਮੱਰਥਾ ਕਾਰਨ ਉਹ ਧਰਤੀ ਉੱਤੇ ਡਿਗ ਗਿਆ ਅਤੇ ਜੋਰ ਨਾਲ਼ ਹਿਲਣ ਲੱਗਾ,ਜਿਸ ਕਾਰਨ ਉਸ ਦੀ ਐਨਕ ਡਿਗ ਗਈ।ਉਸ ਦੀ ਬਿਮਾਰੀ ਦੇ ਸਾਰੇ ਲੱਛਣ ਤੁਰੰਤ ਅਲੋਪ ਹੋ ਗਏ,ਅਤੇ ਉਸ ਵਿਅਕਤੀ ਨੇ ਗਵਾਹੀ ਦਿੱਤੀ।ਜਿਵੇਂ ਹੀ ਅਰਾਧਨਾ ਨੇ ਪਰਮੇਸ਼ਵਰ ਦਾ ਵਚਨ ਵੰਡਣਾ ਸ਼ੁਰੂ ਕੀਤਾ,ਉਸ ਵਿਅਕਤੀ ਨੇ ਆਪਣੀ ਬਾਈਬਲ ਖੋਲੀ ਅਤੇ ਅਹਿਸਾਸ ਕੀਤਾ ਕਿ ਉਸ ਦੀ ਨਜ਼ਰ ਵਿੱਚ ਬਹੁਤ ਵੱਡਾ ਅੰਤਰ ਆ ਗਿਆ ਹੈ।ਆਪਣੀ ਨਜ਼ਰ ਨੂੰ ਜਾਂਚਣ ਤੋਂ ਬਾਦ ਉਸ ਨੇ ਅਹਿਸਾਸ ਕੀਤਾ ਕਿ ਉਸ ਦੀਆਂ ਅੱਖਾਂ ਪੂਰੀ ਤਰ੍ਹਾਂ ਚੰਗੀਆਂ ਹੋ ਚੁੱਕੀਆ ਹਨ–ਉਹ ਚਸ਼ਮੇ ਤੋਂ ਬਿਨ੍ਹਾਂ ਹੀ ਬਾਈਬਲ ਨੂੰ ਚੰਗੀ ਤਰ੍ਹਾਂ ਪੜ੍ਹ ਸਕਦਾ ਸੀ!

ਕੁਝ ਮਹੀਨੇ ਬਾਦ,ਅਰਾਧਨਾ ਮੇਰੇ ਨਾਲ਼ ਦੂਸਰੇ ਪਿੰਡ ਵਿੱਚ ਗਈ।ਉਥੇ ਇੱਕ 50 ਸਾਲ਼ ਦੀ ਔਰਤ ਸੀ ਜਿਸ ਨੂੰ ਛਾਤੀ ਦਾ ਕੈਂਸਰ ਸੀ।ਇਸ ਘਟਨਾ ਤੋਂ ਪਹਿਲਾਂ,ਉਸ ਦੀ ਦੂਸਰੀ ਛਾਤੀ ਵਿੱਚ ਕੈਂਸਰ ਸੀ,ਜਿਸਨੂੰ ਅਪਰੇਸ਼ਨ ਨਾਲ਼ ਕੱਢਿਆ ਗਿਆ ਸੀ।ਫਿਰ ਵੀ,ਉਸ ਦੀ ਦੂਸਰੀ ਛਾਤੀ ਵਿੱਚ ਕੈਂਸਰ ਵਾਪਸ ਆ ਗਿਆ।ਜਿਵੇਂ ਹੀ ਅਰਾਧਨਾ ਨੇ ਉਸ ਉੱਪਰ ਪ੍ਰਾਥਨਾ ਕੀਤੀ,ਪਵਿੱਤਰ ਆਤਮਾ ਦੀ ਸ਼ਕਤੀ ਕਾਰਨ ਉਹ ਜਮੀਨ ਉੱਤੇ ਡਿੱਗ ਗਈ।ਜਦੋਂ ਉਹ ਉੱਠੀ,ਤਾਂ ਉਸ ਨੂੰ ਉਹ ਕੈਂਸਰ ਨਹੀਂ ਲੱਭਾ–ਉਹ ਚੰਗੀ ਹੋ ਚੁੱਕੀ ਸੀ!

ਬਾਹਰ ਜਾਣ ਦਾ ਅਨੰਦ ਮਾਨਣ ਤੋਂ ਬਾਅਦ,ਉਹ ਆਪਣੇ ਕੰਮ ਉਤੇ ਵਾਪਸ ਚਲੀ ਗਈ। ਸਕੂਲ ਦੇ ਇੱਕ ਕਮਰੇ ਦੀ ਮੁਰੰਮਤ ਕੀਤੀ ਜਾ ਰਹੀ ਸੀ,ਅਤੇ ਰੰਗਸਾਜ਼ ਕਮਰੇ ਨੂੰ ਰੰਗ ਕਰਨ ਆਏ ਸਨ। ਅਰਾਧਨਾ ਨੇ ਇੱਕ ਰੰਗਸਾਜ਼ ਨੂੰ ਚਾਹ ਦਿੱਤੀ !ਫਿਰ ਵੀ,ਉਸ ਨੇ ਉਸ ਨੂੰ ਕੋਈ ਜਵਾਬ ਨਹੀਂ ਦਿੱਤਾ। ਉਸ ਰੰਗਸਾਜ਼ ਦੇ ਇੱਕ ਮਿੱਤਰ ਨੇ ਅਰਾਧਨਾ ਨੂੰ ਦੱਸਿਆ ਕਿ ਉਹ ਜਨਮ ਤੋਂ ਹੀ ਬਹਿਰਾ ਹੈ।ਅਰਾਧਨਾ ਨੇ ਉਸ ਵਿਅਕਤੀ ਨੂੰ ਇਸ਼ਾਰਿਆ ਵਿੱਚ ਸਮਝਾਇਆ ਕਿ ਉਹ ਉਸ ਲਈ ਪ੍ਰਾਥਨਾ ਕਰਨਾ ਚਾਹੁੰਦੀ ਹੈ,ਅਤੇ ਉਸ ਨੇ ਪ੍ਰਾਥਨਾ ਕੀਤੀ।

ਤੁਰੰਤ ਉਸ ਦੇ ਕੰਨ ਖੁੱਲ ਗਏ,ਅਤੇ ਉਹ ਸੁਣਨ ਲੱਗਾ। ਰੰਗਸਾਜ਼ ਅਚੰਭੇ ਵਿੱਚ ਪੈ ਗਏ ! ਉਹ ਸਭ ਮੁਸਲਿਮ ਸਨ,ਅਤੇ ਸਾਰੇ ਝੁੰਡ ਨੇ ਪੁੱਛਿਆ ਕਿ ਇਹ ਕਿਵੇਂ ਵਾਪਰਿਆ। ਉਸ ਨੇ ਦੱਸਿਆ ਕਿ ਮਸੀਹ ਯਿਸੂ ਦਾ ਕੰਮ ਸੀ ਅਤੇ ਅਰਾਧਨਾ ਨੇ ਉਨ੍ਹਾਂ ਸਭਨਾਂ ਨੂੰ ਨਵਾਂ ਨੇਮ ਦਿੱਤਾ। ਉਹ, ਆਦਰਪੂਰਵਕ ਝੁੱਕੇ,ਨਵੇਂ ਨਿਯਮ ਲਏ,ਅਤੇ ਮਸੀਹ ਯਿਸੂ ਦੇ ਨਾਮ ਦੀ ਪ੍ਰਸ਼ੰਸ਼ਾ ਕੀਤੀ !

ਮਿੱਤਰ ਜਦੋਂ ਤੁਸੀਂ ਇਨ੍ਹਾਂ ਗਵਾਹੀਆਂ ਨੂੰ ਪੜ੍ਹਦੇ ਹੋ ਤਾਂ ਮੈਂ ਤੁਹਾਡੇ ਭਾਵਾਂ ਨੂੰ ਨਹੀਂ ਦੇਖ ਸਕਦਾ-ਸ਼ਾਇਦ ਤੁਸੀਂ ਹੈਰਾਨ,ਉਤੇਜਿਤ,ਉਲਝੇ ਹੋਏ,ਜਾਂ ਸ਼ੱਕ ਵਿੱਚ ਹੋਵੋਂ-ਪਰ ਮੈਂ ਤੁਹਾਨੂੰ ਵਾਇਦਾ ਕਰਦਾ ਹਾਂ ਕਿ ਉਹ ਗਵਾਹੀਆਂ ਸੱਚੀਆਂ ਹਨ। ਇਹ ਥੋੜੀਆਂ ਗਵਾਹੀਆਂ ਦਾ ਕੁਝ ਹਿੱਸਾ ਹਨ ਜਿਹੜਾ ਕਿ ਪਰਮੇਸ਼ਵਰ ਨੇ ਕੁਝ ਵਰ੍ਹਿਆਂ ਦੇ ਅੰਦਰ ਅਰਾਧਨਾ ਦੇ ਦੁਆਰਾ ਪੂਰਾ ਕੀਤਾ। ਇਸ ਤਰ੍ਹਾਂ ਦੇ ਪਰੰਪਰਾਗਤ ਵਿਚਾਰ ਉਸ ਨੂੰ ਨਹੀਂ ਸਿਖਾਏ ਗਏ ਸਨ;ਉਹ ਸਧਾਰਨ ਤੌਰ ਉੱਤੇ ਇਹ ਵਿਸ਼ਵਾਸ਼ ਕਰਦੀ ਸੀ ਕਿ ਵਿਸ਼ਵਾਸ਼ੀਆਂ ਲਈ ਇਹ ਕੰਮ ਆਮ ਹਨ !

ਜਦ ਵੀ ਮੈਂ ਸੇਵਕਾਈ ਲਈ ਜਾਂਦਾ ਹਾਂ,ਮੈਂ ਹਮੇਸ਼ਾ ਇਹ ਨਿਸ਼ਾਨਾ ਰੱਖਦਾ ਹਾਂ ਕਿ ਮੈਂ ਦੂਸਰਿਆ ਨੂੰ ਵੀ ਨਾਲ਼ ਲੈ ਜਾਵਾਂ ਤਾਂ ਕਿ ਪਵਿੱਤਰ ਆਤਮਾ ਵਿੱਚ ਉਨ੍ਹਾਂ ਸਾਹਮਣੇ ਖੁਸ਼ਖਬਰੀ ਨੂੰ ਪ੍ਰਮਾਣਿਤ ਕਰ ਸਕਾਂ, ਨਮੂਨਾ ਦੇ ਸਕਾਂ, ਅਤੇ ਸਿੱਖਾ ਸਕਾਂ। ਹਰੇਕ ਵਿਅਕਤੀ ਉਸ ਦੀ ਮਹਿਮਾ ਕਰਨ ਲਈ ਉਮੀਦਵਾਰ ਹੈ ਕਿਉਂਕਿ ਪਵਿੱਤਰ ਆਤਮਾ ਸਭ ਵਿਸ਼ਵਾਸ਼ੀਆਂ ਦੇ

ਅੰਦਰ ਵਾਸ ਕਰਦੀ ਹੈ। ਮੇਰੇ ਮਿੱਤਰਾਂ ਵਿੱਚੋਂ ਇੱਕ ਮਿੱਤਰ, ਗੁੰਜਨ ਨੇ ਕਈ ਸਭਾਵਾਂ ਵਿੱਚ ਮੇਰੇ ਨਾਲ਼ ਸ਼ਿਰਕਤ ਕੀਤੀ। ਪੰਜਾਬ ਵਿੱਚ ਇੱਕ ਖੁਸ਼ਖਬਰੀ ਦੀ ਸਭਾ ਦੌਰਾਨ, ਮੈਂ ਉਸ ਨੂੰ ਪ੍ਰੋਤਸਾਹਨ ਦਿੱਤਾ ਕਿ ਉਹ ਪਵਿੱਤਰ ਆਤਮਾ ਤੋਂ ਅਗਵਾਈ ਲਵੇ ਅਤੇ ਕਰਾਮਾਤਾਂ ਕਰਨ ਲਈ ਵਿਸ਼ਵਾਸ਼ ਕਰੇ। ਸ਼ਪੱਸ਼ਟ ਤੌਰ ਉੱਤੇ ਉਹ ਕਰਾਮਾਤਾਂ ਵਿੱਚ ਵਿਸ਼ਵਾਸ਼ ਕਰਦਾ ਸੀ ਅਤੇ ਉਸ ਨੇ ਨਿਰੰਤਰ ਮੇਰੇ ਨਾਲ਼ ਕਰਾਮਾਤਾਂ ਹੁੰਦੀਆਂ ਦੇਖੀਆਂ ਸਨ,ਪਰ ਉਸ ਨੂੰ ਪਤਾ ਨਹੀਂ ਸੀ ਕਿ ਪਵਿੱਤਰ ਆਤਮਾ ਉਸ ਨੂੰ ਵਰਤੇਗਾ। ਮੈਂ ਤੁਰੰਤ ਉਸ ਉੱਪਰ ਹੱਥ ਰੱਖੇ, ਅਤੇ, ਵਿਸ਼ਵਾਸ਼ ਵਿੱਚ ਪਵਿੱਤਰ ਆਤਮਾ ਤੋਂ ਉਸ ਲਈ ਕਿਰਪਾ ਪ੍ਰਾਪਤ ਕੀਤੀ। ਥੋੜ੍ਹੀ ਹੀ ਦੇਰ ਵਿੱਚ,ਉਸ ਨੇ ਇਕ ਬਜ਼ੁਰਗ ਆਦਮੀ ਦਾ ਦਰਸ਼ਨ ਦੇਖਿਆ, ਜਿਸ ਦੀ ਖੱਬੀ ਅੱਖ ਅੰਨੀ ਸੀ। ਉਤੇਜਿਤ ਹੁੰਦੇ ਹੋਏ, ਮੈਂ ਜ਼ੋਰਦਾਰ ਤਰੀਕੇ ਨਾਲ਼ ਉਸ ਨੂੰ ਉੱਠ ਕੇ ਗਿਆਨ ਵਚਨ ਵੰਡਣ ਲਈ ਕਿਹਾ। ਉਹ ਝਿਜਕ ਰਿਹਾ ਸੀ ਅਤੇ ਉਸ ਨੇ ਪ੍ਰਸ਼ਨ ਕੀਤਾ ਕਿ ਕੀ ਉਸ ਨੇ ਇਹ ਅਵਾਜ ਪਰਮੇਸ਼ਵਰ ਤੋਂ ਹੀ ਸੁਣੀ ਹੈ। ਮਿੱਤਰ, ਸਾਨੂੰ ਜਰੂਰ ਲੋਕਾਂ ਨੂੰ ਮੌਕਾ ਦੇਣਾ ਚਾਹੀਦਾ ਹੈ ਕਿ ਉਹ ਵਿਸ਼ਵਾਸ਼ ਦੁਆਰਾ ਬਿਨ੍ਹਾਂ ਸ਼ਰਮ ਅਤੇ ਅਸਫਲਤਾ ਹੋਣ ਦੇ ਡਰ ਤੋਂ, ਅੱਗੇ ਕਦਮ ਵਧਾਉਣ। ਕਿਉਂਕਿ ਮੈਂ ਉਸ ਦੀ ਝਿਜਕ ਤੋਂ ਵੱਧ ਪ੍ਰੋਤਸਾਹਿਤ ਅਤੇ ਜ਼ਿਦੀ ਸੀ,ਮੈਂ ਜਿੱਤ ਗਿਆ,ਅਤੇ ਗੁੰਜਨ ਉੱਠਿਆ ਅਤੇ ਉਸ ਨੇ ਵਚਨ ਵੰਡਿਆ। ਭੀੜ ਦੇ ਪਿੱਛੋ ਇਕ ਬਜ਼ੁਰਗ ਵਿਅਕਤੀ ਨੇ ਉੱਤਰ ਦਿੱਤਾ, ਉਸ ਦੀ ਖੱਬੀ ਅੱਖ ਅੰਨੀ ਹੈ। ਗੁੰਜਨ 'ਬੇਪਰਤੀਤੀ' ਨਾਲ਼ ਘੁੰਮਿਆ ਅਤੇ ਮੇਰੇ ਵਲ਼ ਘੂਰਿਆ। ਮੈਂ ਇਕੋ ਸਮੇਂ ਉਤੇਜਨਾ ਅਤੇ ਉਲੱਝਣ ਨੂੰ ਸਮਝ ਸਕਦਾ ਸੀ। ਉਹ ਆਸ ਕਰ ਰਿਹਾ ਸੀ ਕਿ ਮੈਂ ਉਸ ਵਿਅਕਤੀ ਲਈ ਪ੍ਰਾਥਨਾ ਕਰਾਂਗਾ, ਪਰ ਮੈਂ ਨਿਰਦੇਸ਼ ਦਿੱਤਾ, "ਵਚਨ ਦੇ ਅਨੁਸਾਰ ਚੰਗਾਈ ਦੀ ਮੁਨਾਦੀ ਕਰੋ ਅਤੇ ਪ੍ਰਾਥਨਾ ਕਰੋ"! ਇੱਕ ਛਣ ਵਿੱਚ ਆਦਮੀ ਦੀ ਅੱਖ ਖੁੱਲ ਗਈ,ਅਤੇ ਉਹ ਸਾਫ਼-ਸਾਫ਼ ਵੇਖਣ ਲੱਗਿਆ!

ਸਭਾ ਸੂਰਜ ਡੁੱਬਣ ਤੋਂ ਬਾਦ ਦੇਰ ਰਾਤ ਨੂੰ ਕੀਤੀ ਗਈ ਸੀ, ਅਤੇ ਮੱਧਮ ਰੋਸ਼ਨੀ ਵਿੱਚ ਵੀ,ਬਜ਼ੁਰਗ ਆਦਮੀ ਚੰਗੀ ਤਰ੍ਹਾਂ ਦੇਖ ਸਕਦਾ ਸੀ !ਭੀੜ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ, ਅਤੇ ਬਹੁਤ ਸਾਰਿਆਂ ਨੇ ਮਸੀਹ ਯਿਸੂ ਉੱਪਰ ਵਿਸ਼ਵਾਸ਼ ਕੀਤਾ!

## ਬੈਰ.ਲ ਦਾ ਤ.ਲ

ਮੇਰੀ ਉੱਪਰ ਵਾ.ਲੀ ਗਵਾਹੀ ਦੇ ਉੱਲਟ,ਵੱਡੇ ਪੱਧਰ ਉਤੇ ਚਰਚ ਨੇ ਕੁਝ ਥੋੜ੍ਹਿਆਂ ਨੂੰ ਹੀ ਇਸ ਪਵਿੱਤਰ ਅਧਿਕਾਰ ਦਾ ਪ੍ਰਤੀਨਿੱਧ ਦਿੱਤਾ ਹੈ,ਅਤੇ ਜਿਆਦਾਤਰ ਆਤਮਿਕ '.ਲਾਲ ਟੇਪ/ਚੇਪੀ' ਵਿਸ਼ਵਾਸ਼ੀਆਂ ਨੂੰ ਕੋਸ਼ਿਸ਼ ਕਰਨ ਤੋਂ ਨਿਰਾਸ਼ ਕਰਦੀ ਹੈ।ਨਿਰਾਸ਼ਾਪੂਰਵਕ, ਆਧੁਨਿਕ ਸਹਿਜ ਬੁੱਧੀ ਦੇ ਅਨੁਸਾਰ "ਵਿਸ਼ਵਾਸ਼ੀ" ਸ਼ਬਦ ਪ੍ਰੇਰਣਾ ਦੇਣ ਵਾ.ਲੀ ਪਦਵੀ ਲਈ ਚਾਹੁਣਯੋਗ ਨਹੀਂ ਹੈ।ਮਸੀਹ ਸਭਿਆਚਾਰ ਵਿੱਚ, "ਵਿਸ਼ਵਾਸ਼ੀ" ਦਾ ਅਰਥ ਸਧਾਰਨ ਹੈ,ਜੋ ਮੁਸ਼ਕਿ.ਲ ਦੇ ਨਾ.ਲ ਸਵਰਗ ਵਿੱਚ ਦਾਖਲ ਹੋਵੇਗਾ ਜਾਂ ਅਨੰਤਕਾ.ਲ ਦੀ ਜਿੰਦਗੀ ਪ੍ਰਾਪਤ ਕਰੇਗਾ, ਜੋ ਅਭਿਸ਼ਿਕਤ ਨਹੀਂ ਹੈ, ਅਦਭੁੱਤ ਬੁਲਾਹਟ ਤੋਂ ਵਾਂਝਾ, ਆਤਮਿਕਤਾ ਦਾ ਸ਼ੁਰੂਆਤੀ ਦਰਜਾ, ਅਤੇ ਜੋ ਮੌਜੂਦ ਹੈ ਪਰ ਕਿਰਿਆਸ਼ੀ.ਲ ਨਹੀਂ।ਇਹ ਸ਼ਬਦ ਉਨ੍ਹਾਂ ਵਿਸ਼ੇਸ਼ਤਾਵਾਂ ਦੀ ਮੰਗ ਕਰਦਾ ਹੈ, ਜਿਵੇਂ ਕਿ ਇੱਕ ਆਗਿਆਕਾਰੀ ਵਿਸ਼ਵਾਸ਼ੀ, ਇੱਕ ਦਿਆਲੂ ਵਿਸ਼ਵਾਸ਼ੀ ਜਾਂ ਇੱਕ ਸ਼ਰਧਾਵਾਨ ਵਿਸ਼ਵਾਸ਼ੀ, ਜਿਹੜਾ ਕਿ ਵਿਸ਼ਵਾਸ਼ੀ ਲਈ ਸਕਾਰਾਤਮਕ ਵਰਣਨ ਮੰਨਿਆ ਜਾਂਦਾ ਹੈ।ਇਸ ਘੱਟੋ-ਘੱਟ ਪਛਾਣ ਨੂੰ ਪ੍ਰਭਾਵਸ਼ਾਲੀ ਅਗਾਂਹਵਧੂ ਹੋਣਾ ਚਾਹੀਦਾ ਹੈ ਅਤੇ ਵੱਡਾ ਮਹੱਤਵ ਜਿਵੇਂ ਕਿ ਅਗਾਂਹਵਧੂ ਅਰਾਧਨਾ ਆਗੂ, ਪ੍ਰਾਥਨਾ ਸੇਵਕ, ਸਲਾਹਕਾਰ, ਦਰਬਾਨ, ਡੀਕਨ, ਬਜ਼ੁਰਗ, ਪਾਸਬਾਨ, ਆਦਿ ਬਣਾਉਣਾ ਚਾਹੀਦਾ ਹੈ।ਕੀ ਤੁਸੀਂ ਕਦੇ ਧਿਆਨ ਕੀਤਾ ਹੈ ਕਿ ਆਗੂ ਆਪਣੇ ਆਪ ਨੂੰ ਅਕਸਰ ਕਦੇ ਵੀ ਵਿਸ਼ਵਾਸ਼ੀ ਨਹੀਂ ਸਮਝਦੇ? ਜਿਵੇਂ ਕਿ ਮੈਂ ਸੰਸਾਰ ਭਰ ਵਿੱਚ ਯਾਤਰਾ ਕਰਦਾ ਹਾਂ, ਮੈਂ ਇਸ ਪ੍ਰਭਾਸ਼ਿਕ ਸ਼ਬਦਾਵਲੀ ਦੀ ਗਵਾਹੀ ਦੇ ਸਕਦਾ ਹਾਂ ਅਤੇ ਵਿਸ਼ਵਾਸ਼ ਨੂੰ ਫ਼ੈਲਾਉਦਾ ਹਾਂ।

## ਵਿਸ਼ੇਸ਼ ਅਧਿਕਾਰ ਅਤੇ ਪਦਵੀ

ਮਿੱਤਰ, ਮੈਂ ਤੁਹਾਨੂੰ ਵਿਸ਼ਵਾਸ਼ ਦਿਵਾਉਦਾ ਹਾਂ ਕਿ ਆਧੁਨਿਕ ਸਮੇਂ ਦੀ ਇਹ ਪਰਿਭਾਸ਼ਾ ਬਹੁਤ ਗਲਤ ਹੈ।ਵਿਸ਼ਵਾਸ਼ੀ ਹੋਣਾ ਮਹਾਨਤਮ ਅਤੇ ਸਰਵਉੱਚ ਪਦਵੀ ਅਤੇ ਵਿਸ਼ੇਸ਼ ਅਧਿਕਾਰ ਹੈ ਜਿਸਨੂੰ ਅਸੀਂ ਪ੍ਰਾਪਤ ਕਰ ਸਕਦੇ ਹਾਂ-ਸਰਵਸ਼ਕਤੀਮਾਨ ਪਰਮੇਸ਼ਵਰ ਦੀ ਆਤਮਾ ਦੇ ਉੱਤਰਾਧਿਕਾਰ ਦਾ ਆਧਾਰ ਅਤੇ ਪੁੱਤਰਤਵ ਹੋਣ ਦਾ ਮੂਲ ਹੈ।ਇਹ

ਪਛਾਣ ਅਨਾਦਿ-ਕਾਲੀਨ ਹੈ,ਅਤੇ ਇਸ ਉੱਪਰ ਸਭ ਤੋਂ ਵੱਧ ਮਹੱਤਵਪੂਰਨ ਵਾਇਦੇ ਟਿਕੇ ਹੋਏ ਹਨ।

ਆਤਮਿਕ ਵਰਦਾਨਾਂ ਸਮੇਤ 5-ਪਰਤੀ ਸੇਵਕਾਈ, ਅਸਥਾਈ ਹਨ ( 1 ਕੁਰਿੰਥੀਆਂ 13:8-10 ), ਪਰੰਤੂ ਵਿਸ਼ਵਾਸ਼ ਅਤੇ ਪੁੱਤਰਤਵ ਅਨਾਦਿ ਕਾਲੀਨ

ਸ਼ਵਰਗ ਵਿੱਚ ਨਬੀਆਂ, ਪਰਚਾਰਕਾਂ, ਅਤੇ ਪਾਸਬਾਨਾਂ ਦੀ ਜ਼ਰੂਰਤ ਨਹੀਂ ਹੋਵੇਗੀ, ਕਿਉਂਕਿ ਅਸੀਂ ਸਭ ਸੰਪੂਰਨ ਅਤੇ ਸਿੱਧ ਹੋ ਕੇ ਅੱਛੇ ਪਿਤਾ ਦੀ ਹਜ਼ੂਰੀ ਵਿੱਚ ਚਮਕਾਂਗੇ। ਹੇਠਾਂ ਦਿੱਤੇ ਦੋ ਵਿਰੋਧੀ ਗਰਾਫ਼ਾ ਬਾਰੇ ਸੋਚੋ ਅਤੇ ਤੁਲਨਾ ਕਰੋ:




ਵਿਸ਼ਵਾਸ਼ੀ ਵਰਦਾਨ ਬੁਲਾਹਟ

ਚਾਰਟ-1-ਝੂਠਾ ਗਿਆਨ:ਵਿਸ਼ਵਾਸ਼ੀ ਹੋਣ ਦਾ ਸ਼ੁਰੂਆਤੀ ਚਿੰਨ, ਮਹੱਤਤਾ ਅਤੇ ਪ੍ਰਭਾਵ ਨਾਲ਼ ਵਰਦਾਨਾਂ ਅਤੇ ਬੁਲਾਹਟ ਨੂੰ ਵਧਾਉਣਾ ਹੈ। ਇਹ ਝੂਠਾ ਗਿਆਨ ਵਰਦਾਨਾਂ ਅਤੇ ਬੁਲਾਹਟ ਦੇ ਪ੍ਰਭਾਵ ਅਤੇ ਪ੍ਰਭਾਵਸ਼ੀਲਤਾ ਨਾਲ਼ ਬੱਝਿਆ ਹੁੰਦਾ ਹੈ।

ਵਰਦਾਨ/ਬੁਲਾਹਟ ਅਸਥਾਈ

.................................................................

ਵਿਸ਼ਵਾਸ਼ੀ / ਪੁੱਤਰਤਵ ਅਨਾਦਿ-ਕਾਲੀਨ

ਚਾਰਟ-2 ਸੱਚ:ਸਵਰਗ ਵਿੱਚ ਸਾਡਾ ਮਹਾਨਤਮ ਪ੍ਰਭਾਵ ਅਤੇ ਕੀਮਤ ਇੱਕ ਵਿਸ਼ਵਾਸ਼ੀ ਹੋਣ ਵਿੱਚ ਹੈ।ਸਾਡੇ ਵਰਦਾਨ ਅਤੇ ਬੁਲਾਹਟ ਉਸ ਨੀਂਵ ਉੱਪਰ ਨਿਰਭਰ ਹਨ ਅਤੇ ਪੁੱਤਰਤਵ ਦੇ ਵਿਸ਼ਵਾਸ਼ ਅਤੇ ਸੁਰੱਖਿਆ ਵਿੱਚ ਵੱਧਦੇ ਹਨ।

ਤੁਹਾਡਾ ਅਧਿਕਾਰ,ਖੁਸ਼ ਖਬਰੀ ਦਾ ਪ੍ਰਚਾਰ ਕਰਨਾ,ਬਿਮਾਰਾਂ ਨੂੰ ਚੰਗਾ ਕਰਨਾ, ਅਤੇ ਦੁਸ਼ਟ ਆਤਮਿਆਂ ਨੂੰ ਕੱਢਣਾ 5-ਪਰਤੀ ਸੇਵਕਾਈ ਦੀ ਬੁਲਾਹਟ ਉੱਪਰ ਨਿਰਭਰ ਨਹੀਂ, ਸਗੋਂ ਸਰਵਵਿਆਪੀ ਹੈ। 5-ਪਰਤੀ ਸੇਵਕਾਈ ਦਾ ਹਰੇਕ ਜਨ-ਚਾਹੇ ਉਹ ਇਕ ਪਾਸਬਾਨ, ਉਸਤਾਦ, ਜਾਂ ਰਸੂਲ ਹੈ- ਨੂੰ ਇਹੋ ਕੰਮ ਕਰਨੇ ਚਾਹੀਦੇ ਹਨ ਕਿਉਂਕਿ 'ਕੇਂਦਰੀ ਭਾਗ' ਤੋਂ ਉਹ ਇੱਕ ਵਿਸ਼ਵਾਸ਼ੀ ਹੀ ਹਨ।ਇੱਕ ਪ੍ਰਚਾਰਕ ਨੂੰ ਖੁਸ਼ ਖਬਰੀ ਦਾ ਪ੍ਰਚਾਰ ਕਰਨ ਲਈ ਵੀ ਵਿਸ਼ਵਾਸ਼ੀ ਦੇ ਆਧਾਰ ਉੱਤੇ ਹੀ ਅਧਿਕਾਰ ਦਿੱਤਾ ਜਾਂਦਾ ਹੈ।ਇੱਕ ਪ੍ਰਚਾਰਕ ਦੀ ਕਿਰਪਾ ਖੁਸ਼ ਖਬਰੀ ਦਾ ਪ੍ਰਚਾਰ ਕਰਨ ਤੱਕ ਸੀਮਿਤ ਨਹੀਂ ਹੁੰਦੀ ਪਰੰਤੂ ਮੁੱਢਲੇ ਰੂਪ ਵਿੱਚ ਸਿਖਾਉਣ, ਨਮੂਨਾ ਦੇਣ, ਪ੍ਰੇਰਣਾ ਦੇਣ, ਅਤੇ ਦੇਹੀ ਨੂੰ ਖੁਸ਼ ਖਬਰੀ ਦੀ ਮੁਨਾਦੀ ਨਾਲ਼ ਸ਼ਸ਼ਕਤੀਕਰਨ, ਦੀ ਯੋਗਤਾ ਹੋਣਾ ਹੈ।

## ਪਵਿੱਤਰ ਆਤਮਾ ਦੀ ਹੈਕਲ

ਵਿਸ਼ਵਾਸ਼ੀ ਹੋਣ ਦੀ ਪਦਵੀ ਨਾਲ਼ ਤੁਸੀਂ ਮਹਾਨਤਮ ਅਨਾਦਿ-ਕਾਲੀਨ ਪਹਿਚਾਣ ਪ੍ਰਾਪਤ ਕਰਦੇ ਹੋ-ਜਿਉਦੇਂ ਪਰਮੇਸ਼ਵਰ ਦਾ ਇੱਕ ਪੁੱਤਰ (ਧੀ) ਬਣਦੇ ਹੋਂ।ਤੁਸੀਂ ਇੱਕ ਵਿਸ਼ਵਾਸ਼ ਅਧਾਰਿਤ ਪੁੱਤਰ ਹੋਂ।

"ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਓਨ੍ਹਾਂ ਨੂੰ ਪਰਮੇਸ਼ਵਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ" ਯੂੰਹਨਾ 1:12 (ਮੇਰੇ ਦੁਆਰਾ ਖਾਸ਼ ਧਿਆਨ ਦੇਣ ਯੋਗ)

ਕਿਉਂਕਿ ਤੁਸੀਂ ਇੱਕ ਪੁੱਤਰ ਹੋਂ, ਇਸ ਕਾਰਨ ਤੁਸੀਂ ਸਭ ਤੋਂ ਮਹਾਨਤਮ ਖਜ਼ਾਨਾ ਪ੍ਰਾਪਤ ਕਰਦੇ ਹੋਂ-ਪਵਿੱਤਰ ਆਤਮਾ ਦਾ।

"ਅਤੇ ਤੁਸੀਂ ਜੋ ਪੁੱਤ੍ਰ ਹੋ ਇਸੇ ਕਾਰਨ ਪਰਮੇਸ਼ਵਰ ਨੇ ਆਪਣੇ ਪੁੱਤ੍ਰ ਦੇ ਆਤਮਾ ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ ਜਿਹੜਾ "ਅੱਬਾ", ਅਰਥਾਤ "ਹੇ ਪਿਤਾ" ਪੁਕਾਰਦਾ ਹੈ" ਗਲਾਤੀਆਂ 4:6 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਅਸੀਂ ਇੱਕ ਆਗੂ ਦੇ ਅਭਿਸ਼ੇਕ ਉੱਪਰ ਵਿਸ਼ੇਸ਼ ਜ਼ੋਰ ਦਿੰਦੇ ਹਾਂ ਪਰ ਅਭਿਸ਼ੇਕ ਅਤੇ ਹਰੇਕ ਵਿਸ਼ਵਾਸ਼ੀ ਦੇ ਅੰਦਰ ਮੌਜੂਦ ਯੋਗਤਾ ਦੇ ਸੋਮੇ ਪਵਿੱਤਰ ਆਤਮਾ ਨੂੰ ਨਹੀਂ ਸਮਝਦੇ।ਅਸੀਂ ਆਪਣਾ ਧਿਆਨ ਪ੍ਰਸਿੱਧ ਸੇਵਕਾਂ ਦੇ ਵਰਦਾਨ ਉੱਪਰ ਲਗਾਉਂਦੇ ਹਾਂ ਪਰ ਵਰਦਾਨ ਦੇਣ ਵਾਲ਼ੇ ਨੂੰ ਭੁੱਲ ਜਾਂਦੇ ਹਾਂ ਜਿਹੜਾ ਸਭ ਵਿਸ਼ਵਾਸ਼ੀਆਂ ਦੇ ਅੰਦਰ ਵਾਸ ਕਰਦਾ ਹੈ।ਬਹੁਤਿਆਂ ਲਈ, ਸੱਚਾਈ ਜੋ ਤੁਹਾਨੂੰ ਯੋਗ ਬਣਾਉਦੀ ਹੈ ਅਤੇ ਪਵਿੱਤਰ ਆਤਮਾ ਦੀ ਹਜੂਰੀ ਜੋ ਤੁਹਾਡੇ ਅੰਦਰ ਵਾਸ ਕਰਦਾ ਹੈ, ਨਾਲ਼ੋ ਇੱਕ ਧਰਮ ਸਿੱਖਿਆ ਦਾ ਸਰਟੀਫਿਕੇਟ ਜਾਂ ਇੱਕ "ਉੱਚ ਦਰਜੇ" ਦੇ ਨਬੀ ਦੀ ਨਬੂਵਤ ਜਿਆਦਾ ਮਹੱਤਵਪੂਰਨ ਹੁੰਦੀ ਹੈ।

ਸ਼ੈਤਾਨ ਨੇ ਸਾਨੂੰ ਸਭ ਤੋਂ ਵੱਡੇ ਵਰਦਾਨ ਅਤੇ ਸੱਚਾਈ ਨੂੰ ਛੋਟਾ ਕਰਕੇ ਦਿਖਾਉਦੇਂ ਹੋਏ ਧੋਖਾ ਦਿੱਤਾ ਹੈ;ਇਸ ਤਰ੍ਹਾਂ ਇਹ ਪਵਿੱਤਰ ਆਤਮਾ ਦੀ ਹਜੂਰੀ ਨੂੰ ਬਹੁਤ ਛੋਟਾ ਅਤੇ ਪ੍ਰਭਾਵਹੀਨ ਬਣਾਉਦਾ ਹੈ।

ਇਹ ਹੀ ਉਹ ਆਤਮਾ ਹੈ ਜੋ ਮਸੀਹ ਯਿਸੂ ਦੁਆਰਾ ਸ਼ੁਰੂ ਕੀਤੀ ਗਈ (ਲੂਕਾ 4:18-19), ਉਸੇ ਆਤਮਾ ਨੇ ਉਸ ਨੂੰ ਮੁਰਦਿਆਂ ਵਿਚੋਂ ਜਿਵਾਲਿਆਂ (ਰੋਮੀਆਂ 8-11), ਜੋ ਸਭ ਵਿਸ਼ਵਾਸ਼ੀਆਂ ਨੂੰ ਦਿੱਤੀ ਗਈ ਹੈ ਕਿ ਸਾਡੇ ਅੰਦਰੋਂ ਵੱਗਦੇ ਪਾਣੀ ਦੇ ਸੋਮੇ ਫੁੱਟ ਨਿੱਕਲਣ ਕਿ ਬਿਮਾਰਾਂ ਨੂੰ ਚੰਗੇ ਕਰਨ,ਦੱਬੇ ਹੋਇਆਂ ਨੂੰ ਅਜ਼ਾਦ ਕਰਨ, ਅਤੇ ਰਾਸ਼ਟਰਾਂ ਨੂੰ ਸਮੱਰਥਾ ਦੇ ਪ੍ਰਦਰਸ਼ਨ ਨਾਲ਼ ਖੁਸ਼ ਖਬਰੀ ਦਾ ਪ੍ਰਗਟਾਵਾ ਕਰਨ।(ਯੂਹੰਨਾ 7:38-39, ਮਰਕੁਸ 16:20, 1 ਥਸੁੱਲਨੀਕੀਆਂ 1:5, 1 ਕੁਰਿੰਥੀਆਂ 2:4-5)।ਮਿੱਤਰ, ਅਸੀਂ ਬਹੁਤ ਭਿਆਨਕ ਗਲਤੀ ਕਰਦੇ ਹਾਂ ਜਦੋਂ ਅਸੀਂ ਵਰਦਾਨ ਨੂੰ ਵਰਦਾਨ ਦੇਣ ਵਾਲ਼ੇ ਤੋਂ ਵੱਧ ਮਹੱਤਵ ਦਿੰਦੇ ਹਾਂ।ਉਹ

ਸਾਰੇ ਅਭਿਸ਼ੇਕ ਦਾ ਸਰੋਤ ਹੈ। ਉਸ ਦੀ ਹਜੂਰੀ ਵਿੱਚ ਬੱਝ ਕੇ ਤੁਸੀਂ ਯੋਗ ਹੁੰਦੇ ਹੋਂ, ਅਤੇ ਸਮੱਰਥਾ ਨਾਲ਼ ਖੁਸ਼ ਖਬਰੀ ਨੂੰ ਐਲਾਨ ਕਰਨ ਲਈ ਸ਼ਸ਼ਕਤੀਕਰਿਤ ਹੁੰਦੇ ਹੋਂ। ਤੁਸੀਂ ਹੋਰ ਕਿਹੜੀ ਗੱਲ਼ ਦਾ ਇੰਤਜਾਰ ਕਰ ਰਹੇ ਹੋਂ?

## ਕਰਾਮਾਤ ਹੋਣਾ!

ਮੈਂ ਆਪਣੇ ਦੇਖੇ ਹੋਏ ਨਤੀਜਿਆਂ ਤੋਂ ਬਹੁਤ ਪ੍ਰਭਾਵਿਤ ਹੋਇਆ,ਜਦੋਂ ਮੈਂ ਹਰੇਕ ਵਿਸ਼ਵਾਸ਼ੀ ਨੂੰ ਸ਼ਸ਼ਕਤੀਕਰਨ ਕਰਨ ਦੇ ਕੁਦਰਤੀ ਕੰਮ ਉੱਪਰ ਜ਼ੋਰ ਦਿੱਤਾ। ਮੈਂ ਭਾਰਤ, ਪੰਜਾਬ ਦੇ ਇੱਕ ਪੂਰਬੀ ਪਿੰਡ ਵਿੱਚ ਸੀ। ਜਿੱਥੇ ਮੈਂ ਦੋ ਸੌ ਲੋਕਾਂ ਦੀ ਭੀੜ ਸਾਹਮਣੇ ਜ਼ੋਰਦਾਰ ਪ੍ਰਚਾਰ ਕੀਤਾ। ਭੀੜ ਵਿੱਚ ਬਹੁਤ ਸਾਰੇ ਨਵੇਂ ਵਿਸ਼ਵਾਸ਼ੀ ਸਨ-ਪਰਮੇਸ਼ਵਰ ਵਿੱਚ ਕੁਝ ਵਰ੍ਹਿਆਂ ਜਾਂ ਮਹੀਨਿਆਂ ਤੋਂ-ਉਨ੍ਹਾਂ ਨੂੰ ਪਵਿੱਤਰ ਆਤਮਾ ਜੋ ਉਨ੍ਹਾਂ ਵਿੱਚ ਹੈ ਬਾਰੇ ਵਿਸ਼ਵਾਸ਼ ਕਰਾਉਣ ਤੋਂ ਬਾਅਦ, ਸਾਡੇ ਸਾਹਮਣੇ ਬਹੁਤ ਸਾਰੇ ਬਿਮਾਰ, ਦੁਰਬਲ ਅਤੇ ਅੰਗਹੀਣ ਲੋਕਾਂ ਨੇ ਚੁਫੇਰੇ ਦੇ ਸਧਾਰਨ ਵਿਸ਼ਵਾਸ਼ੀਆਂ ਤੋਂ ਪ੍ਰਾਥਨਾ ਕਰਾਉਣ ਲਈ ਆਪਣੇ ਹੱਥ ਉਠਾਏ। ਨਤੀਜੇ ਬਹੁਤ ਵਧੀਆ ਸਨ!ਬਹੁਤ ਸਾਰੇ ਨਬਾਲਿਗ ਨੌਜਵਾਨ,ਜੋ ਜਨਮ ਤੋਂ ਹੀ ਬਹਿਰੇ ਸਨ, ਤੁਰੰਤ ਚੰਗੇ ਹੋ ਗਏ ਅਤੇ ਸੁਣਨਾ ਸ਼ੁਰੂ ਕੀਤਾ!ਬਹੁਤ ਸਾਰੇ ਬਿਮਾਰੀ ਦੇ ਸਤਾਏ ਹੋਏ ਅਤੇ ਪੁਰਾਣੇ ਦਰਦ ਵਾਲ਼ੇ ਤੁਰੰਤ ਅਜ਼ਾਦ ਹੋ ਗਏ। ਇਹ ਸਭ "ਅਭਿਸ਼ਿਕਤ" ਨਬੀ, ਪ੍ਰਸਿੱਧ ਰਸੂਲ ਜਾਂ ਪ੍ਰਚਾਰਕ ਦੁਆਰਾ ਪੂਰਾ ਨਹੀਂ ਹੋਇਆ, ਅਤੇ ਨਾ ਹੀ ਵਿਅਕਤੀਗਤ ਤੌਰ ਉੱਤੇ ਮੈਂ ਹਰੇਕ ਆਦਮੀ ਲਈ ਪ੍ਰਾਥਨਾ ਕਰ ਰਿਹਾ ਸੀ;ਇਹ ਸਧਾਰਨ ਵਿਸ਼ਵਾਸ਼ੀਆਂ ਦਾ ਮਸੀਹ ਵਿੱਚ ਆਪਣੀ ਮਹਾਨਤਾ ਨੂੰ ਪਛਾਣਨ ਦਾ ਫ਼ਲ ਸੀ। ਜਿਨ੍ਹਾਂ ਨੌਜਵਾਨ ਵਿਸ਼ਵਾਸ਼ੀਆਂ ਨੂੰ ਮੈਂ ਸਿਖਾਉਦਾ ਹਾਂ, ਉਹ ਗਿਆਨ ਦਾ ਵਚਨ ਪ੍ਰਾਪਤ ਕਰਦੇ ਹਨ, ਬਿਮਾਰਾਂ ਨੂੰ ਚੰਗਾ ਕਰਦੇ ਹਨ, ਅਤੇ ਕਰਾਮਾਤਾਂ ਕਰਦੇ ਹਨ ਕਿਉਂਕਿ ਉਹ ਪਵਿੱਤਰ ਆਤਮਾ ਦੇ ਪਾਤਰ ਹਨ।

ਮੈਂ ਦੋ-ਹਫਤਿਆਂ ਦੇ ਵਿਸ਼ਵਾਸ਼ੀ ਨੂੰ ਲਿਆ ਅਤੇ ਉਸ ਨੂੰ ਪਵਿੱਤਰ ਆਤਮਾ ਦੀ ਗੱਲ਼ ਸੁਣਨ ਬਾਰੇ ਸਿੱਖਾਇਆ ਅਤੇ ਸਮੱਰਥਾ ਵਿੱਚ ਤੁਰੰਤ ਲਾਗੂ ਕੀਤਾ। ਕਿਹੜੀ ਗੱਲ਼ ਕਲੀਸਿਯਾ ਨੂੰ ਪਿੱਛੇ ਖਿੱਚ ਰਹੀ ਹੈ-ਉਹ ਹਨ

ਧਰਮ ਅਤੇ ਆਗੂ, ਜਿਹੜੇ ਕਲੀਸਿਯਾ ਦੀ ਯੋਗਤਾ ਨੂੰ ਸਮਝਣ ਵਿੱਚ ਅਸਫ਼ਲ ਹੋ ਰਹੇ ਹਨ। ਇਸ ਦੇ ਸਿੱਟੇ ਭਿਆਨਕ ਹਨ–ਹਜ਼ਾਰਾ ਪਾਪ ਵਿੱਚ ਨਾਸ਼ ਹੋ ਰਹੇ ਹਨ, ਬਿਮਾਰੀ ਵਿੱਚ, ਅਤੇ ਬੇਵਜ਼ਾ ਦੁਸ਼ਟ ਆਤਮਿਆਂ ਦੇ ਕਸ਼ਟ ਵਿੱਚ ਫਸੇ ਹੋਏ ਹਨ। ਮਿੱਤਰ ਸਾਨੂੰ ਇਹ ਸਭ ਤੋਂ ਵੱਡਾ ਨਿਸ਼ਾਨਾ ਬਣਾਉਣਾ ਚਾਹੀਦਾ ਹੈ ਕਿ ਅਸੀਂ ਮਸੀਹ ਦੀ ਦੇਹੀ ਨੂੰ ਸੁਸੱਜਿਤ ਕਰੀਏ !

## ਸ਼ਪੱਸ਼ਟੀਕਰਨ

ਹੁਣ ਜਦ ਕਿ ਹਰੇਕ ਵਿਸ਼ਵਾਸ਼ੀ ਸ਼ਕਤੀਕਰਨ ਹੋਣ ਲਈ ਯੋਗ ਹੈ, ਤਾਂ ਕੀ ਹਰੇਕ ਵਿਸ਼ਵਾਸ਼ੀ ਨੂੰ ਪ੍ਰਾਥਨਾ ਭਵਨ ਬਣਾ ਲੈਣਾ ਚਾਹੀਦਾ ਹੈ ਅਤੇ ਪਰੰਪਰਾਗਤ ਅਤੇ ਸੰਸਥਾਗਤ ਢੰਗ ਨਾਲ਼ ਸੇਵਕਾਈ ਸ਼ੁਰੂ ਕਰ ਦੇਣੀ ਚਾਹੀਦੀ ਹੈ? ਨਹੀਂ ਬਿਲਕੁਲ ਨਹੀਂ। ਅਗਰ ਇੱਕ ਵਿਸ਼ਵਾਸ਼ੀ ਭਾਵਪੂਰਨਤਾਂ ਨਾਲ਼ ਖੁਸ਼ ਖਬਰੀ ਦਾ ਐਲਾਨ ਕਰ ਰਿਹਾ ਹੈ ਅਤੇ ਸਮੱਰਥਾ ਵਿੱਚ ਪ੍ਰਾਥਨਾ ਕਰ ਰਿਹਾ ਹੈ ਤਾਂ ਕੀ ਉਸ ਨੂੰ ਸਥਾਨਕ ਚਰਚ ਵਿੱਚ ਜਾ ਕੇ ਵਾਇਦਾ ਕਰਨ ਦੀ ਕੋਈ ਜ਼ਰੂਰਤ ਨਹੀਂ, ਅਤੇ ਨਾ ਹੀ ਪਾਸਬਾਨ ਨੂੰ ਹਸਪਤਾਲ਼ ਬਣਾ ਕੇ ਚਲਾਉਣ ਦੀ ਜ਼ਰੂਰਤ ਹੈ। ਹਰੇਕ ਵਿਸ਼ਵਾਸ਼ੀ ਨੂੰ ਆਪਣੇ ਪ੍ਰਭਾਵ ਖੇਤਰ, ਰਿਸ਼ਤੇਦਾਰੀ, ਅਤੇ ਰੋਜ਼ਗਾਰ ਕਿੱਤੇ ਵਿੱਚ ਸ਼ਸ਼ਕਤੀਕਰਨ ਕਰਨਾ ਚਾਹੀਦਾ ਹੈ। ਇਨ੍ਹਾਂ ਕਿੱਤਿਆ ਦੀ ਸੂਚੀ ਬਾਰੇ ਸੋਚੋ, ਉਨ੍ਹਾ ਦੇ ਪ੍ਰਭਾਵ ਖੇਤਰ ਵਿੱਚ ਭਿੰਨਤਾ, ਅਤੇ ਉਹ ਕਿੰਨਾਂ ਦੁਆਰਾ ਖੁਸ਼ ਖਬਰੀ ਵਿੱਚ ਆ ਸਕਦੇ ਹਨ ਬਾਰੇ ਸੋਚੋ।

- ਜਲ਼ ਸੈਨਾ ਦਾ ਕੈਪਟਨ
- ਪੇਸ਼ੇਵਰ ਗਾਇਕ
- ਸਕੂਲ ਦਾ ਦਰਬਾਨ
- ਘਰ ਵਿੱਚ ਰਹਿਣ ਵਾਲ਼ੀ ਸੱਤ ਬੱਚਿਆਂ ਦੀ ਮਾਂ
- ਜਿਲ੍ਹਾ ਕਮਿਸ਼ਨਰ
- ਰੈਸਟੋਰੇਂਟ ਦਾ ਰਸੋਈਆ

- ਅੰਤਰਰਾਸ਼ਟਰੀ ਧਰਮ ਪ੍ਰਚਾਰਕ
- ਹਸਪਤਾਲ਼ ਦੀ ਨਰਸ
- ਸੂਚਨਾ ਤਕਨੀਕ ਦੇ ਪੇਸ਼ੇਵਰ
- ਬੈਂਕ ਦਾ ਖਜ਼ਾਨਚੀ
- ਫੁਟਕਲ਼ ਮੈਨੇਜਰ

ਰਸੂਲ ਪੌਲੁਸ ਦੀ 1 ਕੁਰਿੰਥੀਆਂ 12:12-26 ਦੇਹੀ ਸੰਬੰਧੀ ਸਿੱਖਿਆ ਨੂੰ ਬਹੁਤ ਲੋਕ ਗਲਤ ਵਿਆਖਿਆ ਕਰਦੇ ਹਨ ਅਤੇ ਜਿਸ ਦਾ ਅਰਥ ਕੁਝ ਨੂੰ ਦੂਸਰਿਆਂ ਨਾਲੋਂ ਵੱਡਾ ਅਭਿਸ਼ੇਕ ਅਤੇ ਵਰਦਾਨ ਮਿਲਣਾ ਸਮਝਿਆ ਜਾਂਦਾ ਹੈ।ਆਉ ਇਸ ਗੱਲ਼ ਨੂੰ ਸ਼ਪੱਸ਼ਟ ਕਰੀਏ;ਸਾਡੀ ਸਿੱਖਿਆ ਪ੍ਰਾਪਤੀ ਵਿੱਚ ਪਵਿੱਤਰ ਸ਼ਾਸ਼ਤਰ ਦਾ ਇਹ ਹਿੱਸਾ ਸਪੱਸ਼ਟ ਸਿੱਖਿਆਵਾਂ ਦੀ ਵਿਵਸਥਾ ਦਾ ਇਨਕਾਰ ਨਹੀਂ ਕਰਦਾ ਹੈ।

ਪੌਲੁਸ ਕਹਿ ਰਿਹਾ ਸੀ ਕਿ,ਹਰੇਕ ਵਿਸ਼ਵਾਸ਼ੀ ਦੇ ਪ੍ਰਭਾਵ ਦਾ ਦਾਇਰਾ ਭਿੰਨ ਹੁੰਦਾ ਹੈ,ਇਸ ਕਾਰਨ ਕੁਝ ਨੂੰ ਦੂਸਰਿਆਂ ਤੋਂ ਵੱਧ "ਪ੍ਰਤੱਖ" ਆਦਰ ਮਿਲਦਾ ਹੈ।ਅੰਤਰਰਾਸ਼ਟਰੀ ਧਰਮ ਪ੍ਰਚਾਰਕ ਅਤੇ ਜਲ਼ ਸੈਨਾ ਦੇ ਕੈਪਟਨ ਦਾ ਪ੍ਰਭਾਵ ਪਾਉਣ ਦਾ ਦਾਇਰਾ, ਘਰ ਵਿੱਚ ਰਹਿਣ ਵਾਲ਼ੀ ਮਾਂ ਨਾਲ਼ੋ ਬਹੁਤ ਜ਼ਿਆਦਾ ਦਿਖੇਗਾ, ਫਿਰ ਵੀ, ਇਹ ਗੱਲ਼ ਨਹੀਂ ਦਰਸਾਉਦੀ ਕਿ ਘਰ ਵਿੱਚ ਰਹਿਣ ਵਾਲ਼ੀ ਮਾਂ ਘੱਟ ਅਭਿਸ਼ਿਕਤ ਹੈ, ਅਤੇ ਨਾ ਹੀ ਉਸ ਦੇ ਪ੍ਰਭਾਵ ਦਾ ਦਾਇਰਾ ਘੱਟ ਮਹੱਤਵਪੂਰਨ ਹੈ।ਕੁਝ ਪ੍ਰਸੰਗਾਂ, ਵਿੱਚ ਘਰ ਵਿੱਚ ਰਹਿਣ ਵਾਲ਼ੀਆ ਔਰਤਾਂ ਹੀ ਰਾਸ਼ਟਰਾਂ ਨੂੰ ਤਬਦੀਲ਼ ਕਰ ਰਹੀਆਂ ਹਨ, ਜਿਵੇਂ ਕਿ ਮੈਂ ਵਰਣਨ ਕੀਤਾ ਸੀ ਕਿ ਇਰਾਨ ਵਿੱਚ ਜ਼ਿਆਦਾਤਰ ਔਰਤਾਂ ਹੀ ਕਲੀਸਿਯਾ ਦੀ ਸਥਾਪਨਾ ਕਰ ਰਹੀਆਂ ਹਨ।

ਮਿੱਤਰ,ਉੱਠੋ ਅਤੇ ਪਵਿੱਤਰ ਆਤਮਾ ਦੀ ਸਮੱਰਥਾ ਨਾਲ਼ ਖੁਸ਼ ਖਬਰੀ ਦੇ ਚਾਨਣ ਨੂੰ ਚਮਕਾਓ!ਇਹ ਤੁਹਾਡਾ ਟੀਚਾ, ਤੁਹਾਡਾ ਅਧਿਕਾਰ, ਅਤੇ ਮਹਾਨਤਮ ਅਵਸਰ ਹੈ ਜੋ ਤੁਹਾਡੇ ਸਾਹਮਣੇ ਪਿਆ ਹੈ! ਅਤੇ ਜਿਵੇਂ ਕਿ ਤੁਸੀਂ ਸਮਝਦੇ ਹੋਂ, ਦੂਸਰਿਆਂ ਨੂੰ ਸੁਸੱਜਿਤ ਕਰਨ ਅਤੇ ਅਭਿਆਸ ਦੇਣ ਲਈ ਅੰਤਰਰਾਸ਼ਟਰੀ ਬਣੋ!

ਝੁੰਡ ਵਿੱਚ ਜਾਂ ਵਿਅਕਤੀਗਤ ਤੌਰ ਉੱਤੇ ਵਿਚਾਰੇ ਜਾਣ ਵਾਲ਼ੇ ਉਪਯੋਗੀ ਪ੍ਰਸ਼ਨ:

## 5-ਪਰਤ ਦੇ ਸੇਵਕਾਂ ਲਈ:

1. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਕੀ ਤੁਹਾਨੂੰ ਪੁਰਾਣੇ ਨਿਯਮ ਅਤੇ ਨਵੇਂ ਨਿਯਮ ਦੀ ਖੁਦ ਲਈ ਅਤੇ ਦੂਸਰਿਆਂ ਲਈ ਸੂਝ ਸੀ? ਤੁਹਾਡੇ ਵਿਸ਼ਵਾਸ਼ ਨੂੰ ਕਿਹੜੀ ਗੱਲ਼ ਬਦਲਦੀ ਹੈ? ਅਗਰ ਕੋਈ ਹੈ ਤਾਂ ਉਸ ਨੂੰ ਨਵੇਂ ਨਿਯਮ ਦੇ ਅਨੁਸਾਰ ਢਾਲ਼ੇ ਜਾਣ ਦੀ ਜ਼ਰੂਰਤ ਹੈ।
2. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਵਿਸ਼ਵਾਸ਼ੀ ਹੋਣ ਨੂੰ ਤੁਸੀਂ ਕਿਸ ਤਰ੍ਹਾਂ ਦੇਖਦੇ ਸੀ? ਕੀ ਤੁਹਾਡਾ ਨਜ਼ਰੀਆ ਬਦਲਿਆ ਹੈ? ਅਗਰ ਇਸ ਤਰ੍ਹਾਂ ਹੋਇਆ ਹੈ, ਤਾਂ ਦੂਸਰਿਆਂ ਨੂੰ ਸ਼ਸ਼ਕਤੀਕਰਨ ਕਰਨ ਲਈ ਇਹ ਤੁਹਾਨੂੰ ਕਿਵੇਂ ਪ੍ਰੋਤਸਾਹਨ ਦਿੰਦਾ ਹੈ?
3. ਕੀ ਸਮੱਰਥਾ ਨਾਲ਼ ਖੁਸ਼ਖਬਰੀ ਦੇ ਪ੍ਰਚਾਰ ਕਰਨ ਦੀਆਂ ਉਮੀਦਾਂ ਨੂੰ ਇੱਕ ਵਿਸ਼ੇਸ਼ 5-ਪਰਤੀ ਸੇਵਕਾਈ ਦੀ ਬੁਲਾਹਟ ਦੁਆਰਾ ਰੋਕਿਆ ਗਿਆ ਸੀ? ਇਸ ਦਾ ਅਰਥ ਹੈ, ਇੱਕ ਉਸਤਾਦ ਜਾਂ ਪਾਸਬਾਨ ਹੁੰਦੇ ਹੋਏ, ਕੀ ਤੁਸੀਂ ਗੁਆਚਿਆਂ ਲਈ ਕਰਾਮਾਤਾਂ ਨਾਲ਼ ਖੁਸ਼ ਖਬਰੀ ਦੇ ਪ੍ਰਚਾਰ ਵਾਸਤੇ ਆਪਣੇ ਆਪ ਨੂੰ ਅਭਿਸ਼ਿਕਤ ਅਤੇ ਬੁਲਾਇਆ ਹੋਇਆ ਨਹੀਂ ਸਮਝਦੇ ਕਿਉਂਕਿ ਤੁਸੀਂ ਇੱਕ ਪ੍ਰਚਾਰਕ ਜਾਂ ਨਬੀ ਨਹੀਂ ਹੋਂ?
4. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਕੀ ਤੁਸੀਂ ਆਤਮ ਵਿਸ਼ਵਾਸ਼ੀ ਅਤੇ ਆਸ਼ਾਵਾਨ ਸੀ ਕਿ ਪਰਮੇਸ਼ਵਰ ਤੁਹਾਨੂੰ ਚੰਗਾਈ ਅਤੇ ਛੁਟਕਾਰੇ ਲਈ ਵਰਤ ਰਿਹਾ ਸੀ? ਕਿਵੇਂ ਇੱਕ ਵਿਸ਼ਵਾਸ਼ੀ ਹੁੰਦੇ ਹੋਏ,ਸ਼ਸ਼ਕਤੀਕਰਨ ਦੀ ਸਮਝ ਨੇ ਤੁਹਾਡੇ ਆਤਮਵਿਸ਼ਵਾਸ਼ ਅਤੇ ਉਮੀਦਾਂ ਨੂੰ ਅਲੌਕਿਕ ਤਰੀਕੇ ਨਾਲ਼ ਵਰਤਣ ਲਈ ਅਕਾਰ ਦਿੱਤਾ?
5. ਕੀ ਤੁਸੀਂ ਵਿਸ਼ਵਾਸ਼ੀਆਂ ਨੂੰ , ਮਸੀਹ ਯਿਸੂ ਵਿੱਚ ਹੈਰਾਨ ਕਰ ਦੇਣ ਵਾਲ਼ੀ ਯੋਗਤਾ ਬਾਰੇ ਨਿਰੰਤਰਤਾ ਨਾਲ਼ ਸਿੱਖਾਇਆ? ਇਸ ਅਧਿਆਇ ਦੁਆਰਾ ਕਿਹੜੇ ਤਰੀਕਿਆਂ ਨੇ, ਵਿਸ਼ਵਾਸ਼ੀਆਂ ਦੀ ਯੋਗਤਾ ਸੰਬੰਧੀ ਤੁਹਾਡੇ ਵਿਚਾਰ ਬਦਲ਼ੇ ਹਨ?

6. ਕੀ ਤੁਸੀਂ ਵਿਸ਼ਵਾਸ਼ ਕਰਦੇ ਹੋਂ ਕਿ ਦੇਹੀ ਨੂੰ ਖੁਸ਼ ਖਬਰੀ ਦਾ ਪ੍ਰਚਾਰ ਕਰਨ ਅਤੇ ਚੰਗਾਈ ਅਤੇ ਕਰਾਮਾਤਾਂ ਦੀ ਆਸ ਲਈ ਪ੍ਰੋਤਸਾਹਿਤ ਅਤੇ ਸ਼ਸ਼ਕਤੀਕਰਨ ਕਰਨਾ ਅਸਾਨ ਹੋਵੇਗਾ? ਉਨ੍ਹਾਂ ਦਾ ਸ਼ਸ਼ਕਤੀਕਰਨ ਕਰਨ ਵਿੱਚ ਕਿਹੜੀਆਂ ਰੁਕਾਵਟਾਂ ਅੜਿੱਕਾ ਲਾਉਂਦੀਆਂ ਹਨ, ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ ਲਈ ਤੁਸੀਂ ਕੀ ਕਰੋਂਗੇ?

**ਸਧਾਰਨ ਵਿਸ਼ਵਾਸ਼ੀਆਂ ਲਈ:**

1. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਕੀ ਤੁਸੀਂ ਆਪਣੇ ਆਪ ਨੂੰ ਰਾਜਾ, ਨਬੀ, ਅਤੇ ਜਾਜਕ ਸਮਝਦੇ ਸੀ? ਰੋਜ਼ਾਨਾ ਦੇ ਜੀਵਨ ਵਿੱਚ ਪਰਮੇਸ਼ਵਰ ਦੇ ਸਾਹਮਣੇ ਇੱਕ ਜਾਜਕ, ਨਬੀ, ਅਤੇ ਰਾਜਾ ਹੋਣਾ ਉਪਯੋਗੀ ਤੌਰ ਉੱਤੇ ਕਿਹੋ ਜਿਹਾ ਦਿੱਖਦਾ ਹੈ?

2. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਕੀ ਤੁਸੀਂ ਮਸੀਹ ਯਿਸੂ ਨਾਲੋਂ ਵੱਧ ਪੁਰਾਣੇ ਨਿਯਮ ਦੇ ਇੱਕ ਨਬੀ ਦੀ ਤਰ੍ਹਾਂ ਬਣਨ ਦੀ ਇੱਛਾ ਰੱਖਦੇ ਸੀ? ਕਿਵੇਂ ਮਸੀਹ ਯਿਸੂ ਦੀ ਤਰ੍ਹਾਂ ਬਣਨ ਦੀ ਇੱਛਾ ਰੱਖਣਾ, ਪੁਰਾਣੇ ਨਿਯਮ ਦੇ ਨਬੀ, ਜਾਜਕ, ਜਾਂ ਰਾਜੇ ਨਾਲੋ ਜਿਆਦਾ ਭਿੰਨ ਹੈ?

3. ਕੀ ਤੁਹਾਨੂੰ ਪ੍ਰਚਾਰ ਕਰਨ ਦਾ ਪੂਰਾ ਅਧਿਕਾਰ, ਬਿਮਾਰ ਨੂੰ ਚੰਗਾਂ ਕਰਨਾ ਅਤੇ ਦੁਸ਼ਟ ਆਤਮਿਆਂ ਨੂੰ ਕੱਢਣ ਦੀ ਗੱਲ ਸਮਝਦੇ ਹੋਏ ਉਤੇਜਨਾ ਹੋ ਰਹੀ ਹੈ ਜਾਂ ਡਰ ਲੱਗ ਰਿਹਾ ਹੈ? ਕਿਉਂ? ਇਸ ਅਧਿਕਾਰ ਅਤੇ ਸ਼ਸ਼ਕਤੀਕਰਨ ਵਿੱਚ ਚੱਲਣ ਲਈ ਤੁਸੀਂ ਕਿਹੜੇ ਕਿਰਿਆਤਮਕ ਕਦਮ ਚੁੱਕਣ ਜਾ ਰਹੇ ਹੋਂ?

4. ਤੁਸੀਂ ਇਸ ਸੱਚਾਈ ਤੋਂ ਕਿਵੇਂ ਜਾਗਰੂਕ ਹੋਂ ਕਿ ਪਵਿੱਤਰ ਆਤਮਾ ਤੁਹਾਡੇ ਅੰਦਰ ਵਾਸ ਕਰਦਾ ਹੈ? ਤੁਹਾਡੇ ਅੰਦਰ ਪਵਿੱਤਰ ਆਤਮਾ ਦੇ ਵਾਸ ਅਤੇ ਸਮੱਰਥਾ ਨਾਲ਼ ਖੁਸ਼ਖਬਰੀ ਦੇ ਪ੍ਰਚਾਰ ਕਰਨ ਦੇ ਅਧਿਕਾਰ ਤੋਂ ਤੁਸੀਂ ਕੀ ਸਮਝਦੇ ਹੋਂ?

5. ਸਮਾਜ ਵਿੱਚ ਤੁਹਾਡਾ ਪੇਸ਼ਾ/ਕੰਮ ਕੀ ਹੈ, ਅਤੇ ਤੁਹਾਡੇ ਪ੍ਰਭਾਵ ਖੇਤਰ ਵਿੱਚ ਕੌਣ ਆਉਦਾ ਹੈ? ਕਿਹੜੇ ਉਪਯੋਗੀ ਢੰਗਾਂ ਨਾਲ਼ ਤੁਸੀਂ ਖੁਸ਼ ਖਬਰੀ ਵੰਡ ਸਕਦੇ ਹੋਂ ਅਤੇ ਆਪਣੇ ਪ੍ਰਭਾਵ ਖੇਤਰ ਵਿੱਚ ਕਰਾਮਾਤਾਂ ਲਈ ਵਿਸ਼ਵਾਸ਼ ਕਰ ਸਕਦੇ ਹੋਂ?

# ਰਾਜ ਦੀ ਖੁਸ਼-ਖਬਰੀ

## ਮੁਕਤੀ ਤੱਕ ਛੁਟਕਾਰਾ

ਪੱਛਮੀ ਪੰਜਾਬ ਦੇ ਪਿੰਡ ਤੋਂ ਪਿੰਡ ਯਾਤਰਾ ਕਰਦੇ ਹੋਏ ਮੈਂ ਕੁਝ ਮਿੱਤਰਾਂ ਨੂੰ ਮਿਲਣ ਅਤੇ ਸਥਾਨਕ ਪਾਸਬਾਨਾਂ ਨੂੰ ਅਭਿਆਸ ਦੇਣ ਲਈ ਇੱਕ ਛੋਟੇ ਜਿਹੇ ਸ਼ਹਿਰ ਵਿੱਚ ਰੁਕਿਆ। ਮੇਰੇ ਬਿਨ੍ਹਾਂ ਜਾਣੇ ਪਵਿੱਤਰ ਆਤਮਾ ਇੱਕ ਸਵਰਗੀ ਧੁਨ ਵਜਾਉਣ ਵਾਲ਼ਾ ਸੀ। ਇੱਕ ਪੜ੍ਹਿਆ ਲਿਖਿਆ ਹਿੰਦੂ ਆਦਮੀ ਉਸੇ ਸ਼ਹਿਰ ਵਿੱਚ ਰਹਿੰਦਾ ਸੀ ਜੋ ਭਿੰਨ-ਭਿੰਨ ਦਰਦਾਂ ਅਤੇ ਸਿਹਤ ਸਮੱਸਿਆਵਾਂ ਤੋਂ ਪਰੇਸ਼ਾਨ ਸੀ;ਉਸ ਦੀ ਮੁੱਖ ਸ਼ਿਕਾਇਤ ਸਿਰ ਅਤੇ ਛਾਤੀ ਵਿੱਚ ਦਰਦ ਸੀ। ਫਿਰ ਵੀ, ਜਾਂਚਣ ਤੋਂ ਬਾਅਦ ਵੀ ਡਾਕਟਰਾਂ ਨੂੰ ਕੁਝ ਨਹੀਂ ਮਿਲਿਆ। ਹੋਰ ਜਿਆਦਾ ਜਾਂਚਾਂ ਤੋਂ ਬਾਅਦ, ਡਾਕਟਰਾਂ ਨੇ ਕਿਹਾ ਕਿ ਉਸ ਦੇ ਲੱਛਣ ਅਸਲੀ ਨਹੀਂ ਹਨ-ਉਸ ਦੀ (ਬਿਮਾਰ ਵਿਅਕਤੀ ਦੀ) ਕਲਪਨਾ ਮਨਘੜਤ ਹੈ।

ਜਿਵੇਂ ਹੀ ਉਹ ਲੱਛਣ ਬਹੁਤ ਸਮੇਂ ਤੱਕ ਬਣੇ ਰਹੇ,ਤਾਂ ਉਸ ਅੰਦਰ ਆਤਮ-ਹੱਤਿਆ ਕਰਨ ਦੀਆਂ ਸੋਚਾਂ ਅਤੇ ਇੱਛਾਵਾਂ ਪ੍ਰਬਲ ਹੋਣ ਲੱਗੀਆਂ। ਇਸ ਵਿਚਾਰ ਦਾ ਵਿਰੋਧ ਉਹ ਇਸ ਗੱਲ਼ ਨਾਲ਼ ਹੀ ਕਰ ਸਕਦਾ ਸੀ ਕਿ ਉਸ ਤੋਂ ਬਿਨ੍ਹਾਂ ਉਸ ਦੇ ਪਰਿਵਾਰ ਨੂੰ ਕਿੰਨ੍ਹਾਂ ਸੰਘਰਸ਼ ਕਰਨਾ ਪਵੇਗਾ;ਉਸ ਦਾ ਆਪਣੇ ਪਰਿਵਾਰ ਪ੍ਰਤੀ ਪਿਆਰ ਅਤੇ ਧਿਆਨ

ਰੱਖਣਾ ਹੀ ਉਸ ਦੀ ਸੁਰੱਖਿਆ ਦੀ ਆਖਰੀ ਢਾਲ਼ ਸੀ। ਪਰ ਕਈ ਮਹੀਨਿਆਂ ਦੀ ਕਠੋਰ ਵਿਚਾਰਾਂ ਦੀ ਲੜਾਈ ਤੋਂ ਬਾਅਦ,ਇੱਕ ਅਜੀਬ ਅਤੇ ਬਹੁਤ ਵੱਡੀ ਝੂਠੀ ਸ਼ਾਤੀ ਨੇ, ਉਸ ਦਾ ਆਪਣੇ ਪਰਿਵਾਰ ਪ੍ਰਤੀ ਧਿਆਨ ਰੱਖਣ ਅਤੇ ਸੰਭਾਲਣ ਨੂੰ ਦਬਾ ਦਿੱਤਾ ਸੀ, ਅਤੇ ਖੁਦ ਨੂੰ ਮਾਰਨ ਲਈ ਮਜ਼ਬੂਰ ਕਰ ਰਹੀ ਸੀ। ਉਹ ਤੰਗ ਕਰਨ ਵਾਲ਼ੀ "ਸ਼ਾਤੀ" ਤੋਂ ਇਨ੍ਹਾਂ ਡਰਿਆ ਹੋਇਆ ਸੀ ਕਿ ਉਹ ਤੁਰੰਤ ਇੱਕ ਮਨੋਚਿਕਿਤਸਕ ਕੋਲ਼ ਗਿਆ। ਜਦੋਂ ਉਹ ਮਨੋਚਿਕਿਤਸਕ ਨੂੰ ਮਿਲਣ ਲਈ ਉਸ ਦੇ ਦਫ਼ਤਰ ਵੱਲ ਜਾ ਰਿਹਾ ਸੀ ਤਾਂ ਉਸੇ ਸਵੇਰ ਉਹ ਆਪਣੇ ਇੱਕ ਵਿਸ਼ਵਾਸ਼ੀ ਮਿੱਤਰ ਨਾਲ਼ ਮਿਲਿਆ। ਸੰਘਰਸ਼ ਨੂੰ ਛਿਪਾਉਣ ਦੇ ਅਯੋਗ,ਉਸ ਨੇ ਸਾਰੀ ਗੱਲ਼ ਖੋਲ ਦਿੱਤੀ ਕਿ ਉਹ ਕਿੱਧਰ ਜਾ ਰਿਹਾ ਹੈ।

ਉਸ ਦਿਨ ਮੈਂ ਸ਼ਹਿਰ ਵਿੱਚ ਸੀ, ਇਸ ਗੱਲ ਦਾ ਪਤਾ ਹੁੰਦੇ ਹੋਏ, ਉਸ ਵਿਸ਼ਵਾਸ਼ੀ ਨੇ, ਮਨੋਚਿਕਿਤਸਕ ਕੋਲ਼ ਜਾਣ ਤੋਂ ਪਹਿਲਾਂ ਉਸ ਆਦਮੀ ਨੂੰ ਮੇਰੇ(ਪਾਸਬਾਨ) ਕੋਲ਼ ਆਉਣ ਉੱਪਰ ਜ਼ੋਰ ਪਾਇਆ।

ਉਸਨੂੰ ਮਿਲਣ ਅਤੇ ਉਸ ਦੀ ਕਹਾਣੀ ਨੂੰ ਸੁਣਨ ਤੋਂ ਬਾਦ, ਮੈਂ ਉਸ ਨੂੰ ਆਤਮ-ਨਿਰਭਰਤਾ ਨਾਲ਼ ਉੱਤਰ ਦਿੱਤਾ, "ਅੱਜ, ਮਸੀਹ ਯਿਸੂ ਤੁਹਾਨੂੰ ਤੁਹਾਡੇ ਕਸ਼ਟ ਤੋਂ ਛੁਟਕਾਰਾ ਦੇਣ ਜਾ ਰਹੇ ਹਨ। ਬਿਨ੍ਹਾਂ ਵਿਆਖਿਆ ਦਿੰਦੇ ਹੋਏ,ਮੈਂ ਤੁਰੰਤ ਉਸ ਦੇ ਸਿਰ ਉੱਪਰ ਹੱਥ ਰੱਖੇ, ਉਸ ਨੂੰ ਕਸ਼ਟ ਦੇਣ ਵਾਲ਼ੀਆਂ ਅਤੇ ਸਤਾਉਣ ਵਾਲ਼ੀਆਂ ਦੁਸ਼ਟ ਸ਼ਕਤੀਆਂ ਨੂੰ ਬੰਨਿਆ, ਅਤੇ ਉਨ੍ਹਾਂ ਨੂੰ ਝਿੜਕ ਕੇ ਕੱਢਿਆ। ਇੱਕ ਹੀ ਘੜੀ ਵਿੱਚ,ਉਸ ਦੇ ਸਾਰੇ ਲੱਛਣ ਜਾਂਦੇ ਰਹੇ-ਉਸ ਦੇ ਸ਼ਰੀਰਕ ਲੱਛਣਾਂ ਦੇ ਨਾਲ਼-ਨਾਲ਼ ਉਸ ਦੇ ਦਿਮਾਗ ਦਾ ਸੰਘਰਸ਼ ਵੀ ਜਾਂਦਾ ਰਿਹਾ-ਅਤੇ ਜਿਹੜੇ ਛੁਟਕਾਰੇ ਅਤੇ ਸ਼ਾਤੀ ਨੂੰ ਉਹ ਅਨੁਭਵ ਕਰ ਰਿਹਾ ਸੀ,ਉਸ ਉੱਪਰ ਉਹ ਬਹੁਤ ਅਚੰਭਿਤ ਸੀ। ਫਿਰ ਮੈਂ ਉਸ ਨਾਲ਼ ਰਾਜ ਦੀ ਖੁਸ਼ ਖਬਰੀ ਨੂੰ ਸਾਂਝਾ ਕੀਤਾ, ਅਤੇ ਠੀਕ ਉਸ ਸਮੇਂ ਤੋਂ ਬਾਦ, ਉਸ ਨੇ ਆਪਣਾ ਸਿਰ ਪ੍ਰਾਥਨਾ ਵਿੱਚ ਝੁਕਾ ਦਿੱਤਾ,ਅਤੇ ਮਸੀਹ ਯਿਸੂ ਨੂੰ ਖੁਦ ਦੇ ਬਚਾਓ ਲਈ ਪੁਕਾਰਨ ਲੱਗਾ।

## ਰਾਜ ਦੀ ਪਰਿਭਾਸ਼ਾ

ਸਾਡੇ ਵਿੱਚੋਂ ਬਹੁਤਿਆਂ ਲਈ, ਰਾਜ ਦੀ ਪਰਿਭਾਸ਼ਾ ਅਤੇ ਵਿਚਾਰ

ਵਿਦੇਸ਼ੀ ਜਾਂ ਬਾਹਰੀ ਹਨ, ਵਿਸ਼ੇਸ਼ ਕਰਕੇ ਅਦ੍ਰਿਸ਼ ਅਤੇ ਆਤਮਿਕ ਹਨ। ਆਓ ਅਸੀਂ ਰਾਜ ਨੂੰ ਪਰਿਭਾਸ਼ਿਤ ਕਰਦੇ ਹੋਏ ਆਰੰਭ ਕਰੀਏ।

ਇੱਕ ਰਾਜ, ਰਾਜੇ ਦਾ ਸ਼ਾਸ਼ਨ ਹੁੰਦਾ ਹੈ, ਇੱਕ ਰਿਆਸਤ ਜਿਸ ਉੱਪਰ ਰਾਜੇ ਦਾ ਅਧਿਕਾਰ ਹੁੰਦਾ ਹੈ।

ਚਾਹੇ ਇਸ ਸੰਸਾਰ ਵਿੱਚ ਬਹੁਤ ਸਾਰੇ ਰਾਜ ਹਨ-ਰਾਸ਼ਟਰਾਂ ਉੱਪਰ ਮਨੁੱਖਾਂ ਦੁਆਰਾ ਰਾਜ ਕੀਤਾ ਜਾਂਦਾ ਹੈ- ਆਤਮਿਕ ਰਾਜ ਕੇਵਲ਼ ਦੋ ਹਨ। ਇਹ ਦੋਵੇਂ ਰਾਜ ਇੱਕ ਦੂਸਰੇ ਨਾਲ਼ ਵਿਰੋਧ ਅਤੇ ਝਗੜਾ ਕਰਦੇ ਰਹਿੰਦੇ ਹਨ। ਸ਼ਪੱਸ਼ਟਤਾ ਲਈ "ਪਰਮੇਸ਼ਵਰ ਦਾ ਰਾਜ" ਅਤੇ "ਸਵਰਗ ਦਾ ਰਾਜ" ਵੱਖੋ-ਵੱਖਰੇ ਹਨ। ਪਰ ਇੱਥੇ ਪਰਮੇਸ਼ਵਰ ਦੇ ਰਾਜ ਅਤੇ ਸ਼ੈਤਾਨ/ਅੰਧਕਾਰ ਦੇ ਰਾਜ ਦੀ ਗੱਲ ਕਰਦੇ ਹਾਂ। ਇਹ ਮੁੱਢੋਂ ਇੱਕ-ਦੂਸਰੇ ਦੇ ਵਿਰੋਧੀ ਹਨ।

| ਰਾਜ | ਪਰਮੇਸ਼ਵਰ ਦਾ ਰਾਜ | ਅੰਧਕਾਰ ਦਾ ਰਾਜ |
|---|---|---|
| ਰਾਜਾ | ਮਸੀਹ ਯਿਸੂ | ਸ਼ੈਤਾਨ |
| ਸੈਨਾ | ਆਗਿਆਕਾਰੀ ਫਰਿਸ਼ਤੇ ਅਤੇ ਵਿਸ਼ਵਾਸ਼ੀ | ਹਿੰਸਕ, ਸਤਾਉਣ ਵਾਲ਼ੇ ਅਵਿਸ਼ਵਾਸ਼ੀ ਅਤੇ ਦੁਸ਼ਟ ਆਤਮੇ |
| ਰਾਜ | ਪਰਮੇਸ਼ਵਰ ਦਾ ਰਾਜ | ਅੰਧਕਾਰ ਦਾ ਰਾਜ |
| ਨਾਗਰਿਕ | ਕਿਰਿਆਸ਼ੀਲ਼ ਵਿਸ਼ਵਾਸ਼ੀ | ਅਵਿਸ਼ਵਾਸ਼ੀ |
| ਸਭਿਆਚਾਰ | ਪਿਆਰ, ਦਯਾ, ਕਿਰਪਾ, ਭਲਾਈ, ਅਤੇ ਸੱਚਾਈ | ਸੁਆਰਥੀਪਨ, ਨਫ਼ਰਤ, ਲਾਲਚ, ਬਦਲ਼ਾ ਅਤੇ ਝੂਠ |
| ਪ੍ਰਗਟੀਕਰਨ | ਜੀਵਨ, ਚੰਗਾਈ, ਸਿਹਤ, ਆਸ਼, ਸ਼ਾਤੀ, ਮੇਲ-ਮਿਲਾਪ, ਅਤੇ ਅਸ਼ੀਸ਼ਾਂ | ਮੌਤ, ਬਿਮਾਰੀ, ਦੁੱਖ, ਨਿਰਾਸ਼ਾ, ਕਸ਼ਟ, ਸ਼ਰਾਪ, ਅਤੇ ਝਗੜਾ |

ਜਦੋਂ ਵੀ ਆਤਮਿਕ ਰਾਜ ਦਾ ਸ਼ਾਸ਼ਨ ਹੁੰਦਾ ਹੈ, ਤਾਂ ਹਮੇਸ਼ਾ ਮੇਲ਼-ਮਿਲਾਪ ਹੁੰਦਾ ਹੈ। ਜਦੋਂ ਵੀ ਵਿਸ਼ਵਾਸ਼ ਵਿੱਚ ਰਾਜ ਦੀ ਖੁਸ਼ ਖਬਰੀ ਦਾ ਐਲਾਨ ਕੀਤਾ ਜਾਂਦਾ ਹੈ, ਤਾਂ ਹਮੇਸ਼ਾ ਨਾਲ਼-ਨਾਲ਼ ਚਿੰਨ ਵੀ ਹੁੰਦੇ ਹਨ। ਜਿਵੇਂ ਹੀ ਤੁਸੀਂ ਹੇਠ ਲਿੱਖੇ ਵਚਨ ਨੂੰ ਪੜ੍ਹੋਗੇ, ਤਾਂ ਰਾਜ ਦੇ ਸ਼ੰਦੇਸ਼ ਅਤੇ ਰਾਜ ਦੇ ਮੇਲ਼-ਮਿਲਾਪ ਦਰਮਿਆਨ ਸੰਬੰਧ ਅਤੇ ਰਿਸ਼ਤੇ ਨੂੰ ਨੋਟ ਕਰੋ (ਬਿਮਾਰੀ, ਦੁਸ਼ਟ ਆਤਮਿਆਂ ਉੱਪਰ ਸ਼ਾਸ਼ਨ)।

"ਯਿਸੂ ਸਾਰੀ ਗਲੀਲ ਵਿੱਚ ਫਿਰਦਾ ਹੋਇਆ ਉਨ੍ਹਾਂ ਦੀਆਂ ਸਮਾਜਾਂ ਵਿੱਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖੁਸ਼ ਖਬਰੀ ਦਾ ਪਰਚਾਰ ਕਰਦਾ ਅਤੇ ਲੋਕਾਂ ਵਿੱਚੋਂ ਸਾਰੀ ਮਾਂਦਗੀ ਨੂੰ ਹਟਾਉਂਦਾ ਸੀ 0 ਅਰ ਸਾਰੇ ਸੁਰੀਆ ਦੇਸ ਵਿੱਚ ਉਹ ਦੀ ਧੁੰਮ ਪੈ ਗਈ ਅਤੇ ਉਨ੍ਹਾ ਸਭਨਾਂ ਰੋਗੀਆਂ ਨੂੰ ਜਿਹੜੇ ਕਈ ਪਰਕਾਰ ਦੇ ਰੋਗਾਂ ਅਤੇ ਦੁੱਖਾਂ ਵਿੱਚ ਫਸੇ ਹੋਏ ਸਨ ਅਤੇ ਜਿਨ੍ਹਾਂ ਨੂੰ ਭੂਤ ਚਿੰਬੜੇ ਹੋਏ ਸਨ ਅਤੇ ਮਿਰਗੀ ਵਾਲਿਆਂ ਅਤੇ ਅਧਰੰਗੀਆਂ ਨੂੰ ਉਹ ਦੇ ਕੋਲ ਲਿਆਏ ਅਰ ਉਸ ਨੇ ਉਨ੍ਹਾਂ ਨੂੰ ਚੰਗਾ ਕੀਤਾ"

ਮੱਤੀ 4:23-24

"ਯਿਸੂ ਉਨ੍ਹਾਂ ਦੀਆਂ ਸਮਾਜਾਂ ਵਿੱਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖੁਸ਼ ਖਬਰੀ ਦਾ ਪਰਚਾਰ ਕਰਦਾ ਹੋਇਆ ਅਤੇ ਸਾਰੇ ਰੋਗ ਅਤੇ ਮਾਂਦਗੀ ਦੂਰ ਕਰਦਾ ਹੋਇਆ ਸਰਬੱਤ ਨਗਰਾਂ ਅਤੇ ਪਿੰਡਾਂ ਵਿੱਚ ਫਿਰਿਆ"

ਮੱਤੀ 9:35

"ਅਤੇ ਤੁਰਦੇ ਤੁਰਦੇ ਪਰਚਾਰ ਕਰ ਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆਇਆ ਹੈ 0 ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਸਾਂ ਮੁਫਤ ਲਿਆ ਹੈ, ਮੁਫਤ ਹੀ ਦਿਓ"

ਮੱਤੀ 10:7-8

"ਉਸ ਨੇ ਬਾਰਾਂ ਚੇਲਿਆਂ ਨੂੰ ਇੱਕਠੇ ਬੁਲਾ ਕੇ ਉਨ੍ਹਾਂ ਨੂੰ ਸਾਰਿਆਂ ਭੂਤਾਂ ਉਤੇ ਅਤੇ ਰੋਗਾਂ ਦੇ ਦੂਰ ਕਰਨ ਦੀ ਸ਼ਕਤੀ ਤੇ ਇਖਤਿਆਰ ਦਿੱਤਾ 0 ਅਰ ਉਨ੍ਹਾਂ ਨੂੰ ਪਰਮੇਸ਼ਵਰ ਦੇ ਰਾਜ ਦਾ ਪਰਚਾਰ ਕਰਨ ਅਤੇ ਰੋਗੀਆਂ ਨੂੰ ਚੰਗੇ ਕਰਨ ਲਈ ਲਿਆ"

ਲੂਕਾ 9:1-2

"ਅਤੇ ਫਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪਰਚਾਰ ਕੀਤਾ 0 ਅਤੇ ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਦਾ ਸੀ ਸੁਣੇ ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ 0 ਕਿਉਂਕਿ ਭਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਨ੍ਹਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ 0..... ਪਰ ਜਾਂ ਉਨ੍ਹਾਂ ਨੇ ਫਿਲਿੱਪੁਸ ਦੀ ਪਰਤੀਤ ਕੀਤੀ ਜੋ ਪਰਮੇਸ਼ੁਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ ਖਬਰੀ ਸੁਣਾਉਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ ਬਪਤਿਸਮਾ ਲੈਣ ਲੱਗੇ"

ਰਸੂਲਾਂ ਦੇ ਕਰਤੱਬ 8:5-7, 12

ਤੁਸੀਂ ਰਾਜੇ ਮਸੀਹ ਯਿਸੂ ਦੀ ਇੱਛਾ ਨੂੰ ਕਿਵੇਂ ਜਾਣ ਸਕਦੇ ਹੋਂ? ਅਸੀਂ ਇਹ ਫ਼ੈਸਲਾਕੁਨ ਉੱਤਰ,ਉਸ ਦੁਆਰਾ ਧਰਤੀ ਉੱਪਰ ਕੀਤੇ ਕੰਮਾਂ ਨੂੰ ਧਿਆਨ ਨਾ.ਲ ਦੇਖਦੇ ਹੋਏ, ਲੱਭਦੇ ਹਾਂ (ਜਿਵੇਂ ਕਿ ਉੱਪਰ ਦਿੱਤੇ ਵਚਨਾਂ ਵਿੱਚ ਦਿੱਤਾ ਗਿਆ ਹੈ), ਇਸ ਦੇ ਨਾ.ਲ ਹੀ ਉਸ ਨੇ ਸਾਨੂੰ ਪ੍ਰਾਥਨਾ ਕਰਨ ਲਈ ਹਦਾਇਤ ਦਿੱਤੀ।

"ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ"।

ਮੱਤੀ 6:10

ਇਹ ਵਚਨ ਮਸੀਹ ਯਿਸੂ ਦੀ ਇਛੱਾ ਨੂੰ ਸ਼ਪੱਸ਼ਟ ਤੌਰ ਉੱਤੇ ਪ੍ਰਗਟ ਕਰਦੇ ਹਨ। ਜਿਹੜਾ ਮੇਲ-ਮਿਲਾਪ ਸਵਰਗ ਵਿੱਚ ਹੈ, ਉਸ ਦੀ ਇੱਛਾ ਹੈ ਕਿ ਉਹੋ ਹੀ ਧਰਤੀ ਉੱਤੇ ਵੀ ਹੋਵੇ। ਸਵਰਗ ਵਿੱਚ ਬਿਮਾਰੀ, ਦੁਰਬਲਤਾ, ਮੌਤ, ਸ਼ਰਾਪ, ਜਾਂ ਪਾਪ ਨਹੀਂ ਹੈ। ਜੋ ਕੁਝ ਸਵਰਗ ਵਿੱਚ ਮੌਜੂਦ ਨਹੀਂ ਹੈ, ਉਹ ਸਭ ਇੱਥੇ ਵੀ ਮੌਜੂਦ ਨਹੀਂ ਹੋਣਾ ਚਾਹੀਦਾ ਅਤੇ ਜਦੋਂ ਉਸ ਦਾ ਰਾਜ ਸਥਾਪਤ ਹੋਵੇਗਾ ਉਦੋਂ ਵੀ ਇਹ ਗੱਲਾਂ ਨਹੀ ਹੋਣਗੀਆਂ। ਪਰਮੇਸ਼ਵਰ ਨੇ ਆਪਣੀ ਇੱਛਾ ਅਤੇ ਆਪਣੇ ਤਰਕ ਨਾ.ਲ, ਇਸ ਧਰਤੀ ਦਾ ਸ਼ਾਸ਼ਨ ਮਨੁੱਖਤਾ ਨੂੰ ਸੌਂਪਿਆ (ਉੱਤਪਤੀ 1:28, ਜ਼ਬੂਰ 115:16)। ਸ਼ੈਤਾਨ ਨੇ ਧੋਖੇ ਅਤੇ ਪਾਪ ਵਿੱਚ ਡੇਗਣ ਨਾ.ਲ ਅਧਿਕਾਰ ਨੂੰ ਖੋਹ ਲਿਆ (ਰੋਮੀਆਂ

6:16), ਅਤੇ ਮਾਨਵਤਾ ਉੱਤੇ ਉਸ ਦਾ ਰਾਜ ਹੋ ਗਿਆ( ਲੂਕਾ 4:5-6)।ਮਸੀਹ ਯਿਸੂ ਮਨੁੱਖ ਬਣ ਕੇ ਆਇਆ, ਅਤੇ ਮਾਨਵਤਾ ਦੁਆਰਾ ਗੁਆਏ ਸਵਰਗੀ ਸ਼ਾਸ਼ਨ ਨੂੰ ਮੁੜ ਪ੍ਰਾਪਤ ਕੀਤਾ, ਛੁਟਕਾਰੇ ਰਾਹੀਂ ਪਰਮੇਸ਼ਵਰ ਦੇ ਰਾਜ ਨੂੰ ਧਰਤੀ ਉੱਪਰ ਮੁੜ ਸਥਾਪਿਤ ਕੀਤਾ, ਅਤੇ ਆਪਣੀ ਕਲੀਸਿਯਾ ਦੇ ਰਾਹੀਂ ਰਾਜ ਨੂੰ ਸਾਰੇ ਰਾਸ਼ਟਰਾਂ ਉੱਪਰ ਫੈਲਾਇਆ (ਫਿੱਲਪੀਆਂ 2:5-11) ਮੱਤੀ 16:19 ਉੱਪਰ ਧਿਆਨ ਦਿਓ:

"ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ"

## ਰਾਜ ਦੇ ਪ੍ਰਗਟੀਕਰਨ ਲਈ ਮਸੀਹ ਯਿਸੂ ਦਾ ਨਮੂਨਾ

ਜਦੋਂ ਅਸੀਂ ਪਵਿੱਤਰ ਸ਼ਾਸ਼ਤਰ ਦੇ ਇਸ ਭਾਗ ਨੂੰ ਪੜ੍ਹਦੇ ਅਤੇ ਵਿਚਾਰਦੇ ਹਾਂ, ਕਿਵੇਂ ਮਸੀਹ ਯਿਸੂ ਦੋ ਸਾਮਰਾਜਾਂ ਦੇ ਟਕਰਾਅ ਦਾ ਵਰਣਨ ਕਰਦਾ ਹੈ।

"ਤਦ ਲੋਕ ਇੱਕ ਅੰਨ੍ਹਾ ਗੂੰਗਾ ਜਿਹ ਨੂੰ ਭੂਤ ਚਿੰਬੜਿਆ ਹੋਇਆ ਸੀ ਉਹ ਦੇ ਕੋਲ ਲਿਆਏ ਅਤੇ ਉਸ ਨੇ ਉਹ ਨੂੰ ਅਜਿਹਾ ਚੰਗਾ ਕੀਤਾ ਜੋ ਗੂੰਗਾ ਬੋਲਣ ਵੇਖਣ ਲੱਗਾ 0 ਅਤੇ ਸਾਰੇ ਲੋਕ ਅਚੰਰਜ ਹੋਕੇ ਬੋਲੇ,ਭਲਾ, ਇਹੋ ਦਾਊਦ ਦਾ ਪੁੱਤ੍ਰ ਨਹੀਂ ਹੈ? 0 ਪਰ ਫ਼ਰੀਸੀਆਂ ਨੇ ਸੁਣ ਕੇ ਕਿਹਾ ਜੋ ਇਹ ਭੂਤਾਂ ਦੇ ਸਰਦਾਰ ਬਆਲਜ਼ਬੂਲ ਦੀ ਸਹਾਇਤਾ ਬਿਨਾ ਭੂਤਾਂ ਨੂੰ ਨਹੀਂ ਕੱਢਦਾ 0 ਪਰ ਉਸ ਨੇ ਉਨ੍ਹਾਂ ਦੀ ਸੋਚ ਵਿਚਾਰ ਜਾਣ ਕੇ ਉਨ੍ਹਾ ਨੂੰ ਆਖਿਆ ਭਈ ਜਿਸ ਕਿਸੇ ਰਾਜ ਵਿੱਚ ਫੁੱਟ ਪੈਂਦੀ ਹੈ ਸੋ ਵਿਰਾਨ ਹੋ ਜਾਂਦਾ ਹੈ ਅਤੇ ਜਿਸ ਕਿਸੇ ਨਗਰ  ਅਥਵਾ ਘਰ ਵਿੱਚ ਫੁੱਟ ਪੈਂਦੀ ਹੈ ਉਹ ਕਾਇਮ ਨਾ ਰਹੇਗਾ 0 ਅਤੇ ਜੇ ਸ਼ਤਾਨ ਹੀ ਸ਼ਤਾਨ ਨੂੰ ਕੱਢਦਾ ਹੈ ਤਾਂ ਉਹ ਦੇ ਆਪਣੇ ਆਪ ਵਿੱਚ ਹੀ ਫੁੱਟ ਪੈ ਗਈ ਹੈ।ਫੇਰ ਉਹ ਦਾ ਰਾਜ ਕਿੱਕੁਰ ਕਾਇਮ ਰਹੇ? 0 ਅਰ ਜੇ ਮੈਂ ਬਆਲਜ਼ਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਤੁਹਾਡੇ ਪੁੱਤ੍ਰ ਕਿਹ ਦੀ ਸਹਾਇਤਾ ਨਾਲ ਕੱਢਦੇ ਹਨ? ਇਸ ਲਈ ਤੁਹਾਡਾ ਨਿਆਉਂ ਕਰਨ ਵਾਲੇ ਓਹੋ ਹੋਣਗੇ 0 ਪਰ ਜੇ ਮੈਂ

ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ"

ਮੱਤੀ 12:22-28

ਆਓ ਅਸੀਂ ਹੁਣ ਪਰਮੇਸ਼ਵਰ ਦੇ ਰਾਜ ਦੇ ਪ੍ਰਗਟੀਕਰਨ ਦੇ ਮੁੱਖ ਤਿੰਨ ਘਟਕ ਅਧਿਕਾਰ, ਭੰਡਾਰੀ ਅਤੇ ਸਮੱਰਥਾ ਨੂੰ ਦੇਖੀਏ। ਭੰਡਾਰੀ:ਪਰਮੇਸ਼ਵਰ ਦਾ ਰਾਜ ਅਤੇ ਅੰਧਕਾਰ ਦਾ ਰਾਜ ਦੋਵੇਂ ਹੀ ਇੱਕ ਮਨੁੱਖੀ ਮੁਖਤਾਰ ਨੂੰ ਲੱਭਦੇ ਹਨ ਜਿਹੜਾ ਉਨ੍ਹਾਂ ਦੀ ਇੱਛਾ ਲਈ ਸਮਰਪਿਤ ਹੋਵੇ। ਇਹ ਭੰਡਾਰੀ ਇੱਕ ਸਾਧਨ ਹੁੰਦਾ ਹੈ ਜਿਸਦੇ ਦੁਆਰਾ ਆਤਮਾ ਦੇ ਰਾਜ ਦਾ ਪ੍ਰਗਟੀਕਰਨ ਹੁੰਦਾ ਹੈ। ਅਧਿਕਾਰ:ਆਦਮ ਦੇ ਅਸਲੀ ਪਾਪ ਨੇ ਸ਼ੈਤਾਨ ਨੂੰ ਅਧਿਕਾਰ ਦੇ ਦਿੱਤਾ, ਅਤੇ ਸਾਰੀ ਮਾਨਵਤਾ ਵਿੱਚ ਪਾਪ ਅਤੇ ਮੌਤ ਫੈਲ ਗਈ (ਰੋਮੀਆਂ 5:12)। ਮਸੀਹ ਯਿਸੂ ਨੇ ਪਿਤਾ ਦੀ ਅਧੀਨਗੀ ਵਿੱਚ ਜੀਵਨ ਬਿਤਾਇਆ ਅਤੇ ਉਸ ਦੇ ਅਧਿਕਾਰ ਵਿੱਚ ਕੰਮ ਕੀਤੇ। ਮਸੀਹ ਯਿਸੂ ਨੇ ਅਧਿਕਾਰ ਦੁਆਰਾ ਹੁਕਮ ਦਿੰਦੇ ਹੋਏ ਦੁਸ਼ਟ ਆਤਮਾ ਨੂੰ ਝਿੜਕਿਆ;ਇਸ ਦੁਸ਼ਟ ਆਤਮਾ ਕਾਰਨ ਹੀ ਉਹ ਮਨੁੱਖ ਅੰਨਾ ਅਤੇ ਗੂੰਗਾਂ ਸੀ।

ਆਤਮਾ:-ਪਰਮੇਸ਼ਵਰ ਦੇ ਰਾਜ ਲਈ ਪਵਿੱਤਰ ਆਤਮਾ ਅਤੇ ਅੰਧਕਾਰ ਦੇ ਰਾਜ ਲਈ ਦੁਸ਼ਟ ਆਤਮੇ -ਭੰਡਾਰੀ ਦੇ ਅਧਿਕਾਰ ਦੁਆਰਾ ਪ੍ਰਗਟੀਕਰਨ ਕਰਦੇ ਹਨ। ਦੁਸ਼ਟ ਆਤਮੇ ਬਿਮਾਰੀ, ਪਾਪ, ਸ਼ਰਾਪ ਅਤੇ ਮੌਤ ਨਾਲ਼ ਸਬੂਤ ਦਿੰਦੇ ਹਨ। ਪਵਿੱਤਰ ਆਤਮਾ ਚੰਗਾਈ, ਭਲਾਈ, ਅਤੇ ਜੀਵਨ ਨਾਲ਼ ਪ੍ਰਗਟੀਕਰਨ ਕਰਦਾ ਹੈ। ਇਸ ਖਾਸ ਕਹਾਣੀ ਵਿੱਚ, ਅਦ੍ਰਿਸ਼ ਦੁਸ਼ਟ ਆਤਮਾ ਨੇ ਉਸ ਵਿਅਕਤੀ ਨੂੰ ਅੰਨਾ ਅਤੇ ਗੂੰਗਾ ਕਰ ਰੱਖਿਆ ਸੀ। ਪਵਿੱਤਰ ਆਤਮਾ ਨੇ ਚੰਗਾਈ ਦਾ ਪ੍ਰਗਟੀਕਰਨ ਕੀਤਾ ਅਤੇ ਉਸ ਵਿਅਕਤੀ ਨੂੰ ਦੁਸ਼ਟ ਦੇ ਪ੍ਰਭਾਵ ਤੋਂ ਅਜ਼ਾਦ ਕਰਾਇਆ।

ਪਰ ਜੇ ਮੈਂ ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ।

ਜੋ ਪਰਮੇਸ਼ਵਰ ਦੇ ਰਾਜ ਵਿੱਚ ਨਹੀਂ ਹੈ ਸਾਨੂੰ ਉਸਨੂੰ ਸਮਝਣ ਦੀ ਲੋੜ੍ਹ ਹੈ ਅਤੇ ਅਧਿਕਾਰ ਦੁਆਰਾ ਉਸ ਦਾ ਵਿਰੋਧ ਕਰਨਾ ਚਾਹੀਦਾ ਹੈ। ਅਸੀਂ

ਵਿਸ਼ਵਾਸ਼ ਵਿੱਚ ਉਸ ਅਧਿਕਾਰ ਦੀ ਵਰਤੋਂ ਪਵਿੱਤਰ ਆਤਮਾ ਦੀ ਸਹਾਇਤਾ ਨਾ਼ਲ ਕਰਦੇ ਹਾਂ।ਅਤੇ ਅਸੀਂ, ਪਵਿੱਤਰ ਆਤਮਾ ਦੇ ਰਾਜ ਦਾ ਪ੍ਰਗਟੀਕਰਨ ਚੰਗਾਈ, ਚਿੰਨ੍ਹਾਂ, ਅਦਭੁਤ ਕੰਮਾਂ, ਅਤੇ ਛੁਟਕਾਰੇ ਦੁਆਰਾ ਹੋਣ ਦੇ ਗਵਾਹ ਬਣਦੇ ਹਾਂ।

## ਅੰਧਕਾਰ ਦਾ ਵਿਰੋਧ

ਰਾਜ ਦਾ ਸ਼ੰਦੇਸ਼ ਸਿੱਧੇ ਰੂਪ ਵਿੱਚ ਅੰਧਕਾਰ ਦਾ ਵਿਰੋਧ ਕਰਦਾ ਹੈ;ਜਦੋਂ ਵਿਸ਼ਵਾਸ਼ੀ ਪਰਮੇਸ਼ਵਰ ਦੇ ਸ਼ਾਸ਼ਨ ਦਾ ਐ਼ਲਾਨ ਕਰਦੇ ਹਨ ਤਾਂ ਦੁਸ਼ਟ ਆਤਮੇ ਕੰਬਦੇ ਹਨ!ਜਦੋਂ ਮਸੀਹ ਯਿਸੂ ਨੇ ਰਾਜ ਦਾ ਐਲਾਨ ਕੀਤਾ, ਦੁਸ਼ਟ ਆਤਮੇ ਅਕਸਰ ਪ੍ਰਗਟ ਹੁੰਦੇ ਸਨ (ਮਰਕੁਸ 1:21-28)।ਰਾਜ ਦੀ ਖੁਸ਼ ਖਬਰੀ ਦੁਸ਼ਟ ਆਤਮਾ ਲਈ ਨੀਚਤਾ ਦਾ ਮੰਚ ਤਿਆਰ ਕਰਦੀ ਹੈ।ਜਿਵੇਂ ਹੀ ਅਸੀਂ ਉਸ ਸ਼ਪੱਸ਼ਟੀਕਰਨ ਦੇ ਅਨੁਸਾਰ ਕੰਮ ਕਰਦੇ ਹਾਂ ਤਾਂ ਦੁਸ਼ਟ ਦੇ ਕੰਮ ਪ੍ਰਤੱਖ ਤੌਰ ਉੱਤੇ ਖਿੱਲਰ ਜਾਂਦੇ ਹਨ!

ਹੁਣ ਮੈਂ ਤੈਨਨ ਵਿੱਚ ਸਾਂ, ਅਤੇ ਲਿਵਿੰਗ ਵਾਟਰ ਚਰਚ ਵਿੱਚ ਸੇਵਕਾਈ ਕਰ ਰਿਹਾ ਸਾਂ।ਮੈਂ ਰਾਜ ਦੀ ਖੁਸ਼ ਖਬਰੀ ਦਾ ਪ੍ਰਚਾਰ ਕੀਤਾ, ਬੁੱਧੀ ਦਾ ਵਚਨ ਦੇਣ ਤੋਂ ਬਾਦ, ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਅੱਗੇ ਆ ਕੇ ਕੁਝ ਬੋਲਣ।ਇੱਕ ਔਰਤ ਮੇਰੇ ਕੋ਼ਲ ਪਹੁੰਚੀ ਜੋ ਬਹੁਤ ਜ਼ਿਆਦਾ ਕਸ਼ਟ ਵਿੱਚ ਸੀ,ਅਤੇ ਜਾਂਚ ਵਿੱਚ ਉਸ ਦੇ ਜਨਾਨਾ ਅੰਗ ਵਿੱਚ ਕੈਂਸਰ ਦਾ ਪਤਾ ਲੱਗਿਆ ਸੀ।ਪਵਿੱਤਰ ਆਤਮਾ ਨੂੰ ਸੱਦਾ ਦਿੰਦੇ ਹੋਏ, ਮੈਂ ਉਸ ਨੂੰ ਸਤਾਉਣ ਵਾ਼ਲੀਆਂ ਦੁਸ਼ਟ ਆਤਮਿਆਂ ਨੂੰ ਝਿੜਕਿਆ ਕਿ ਉਸ ਵਿਚੋਂ ਨਿਕਲ ਜਾਣ।ਅਚਾਨਕ ਉਹ ਝੁਕੀ ਅਤੇ ਜ਼ੋਰ ਨਾ਼ਲ ਖੰਘਣਾ ਸੁਰੂ ਕੀਤਾ, ਉਹ ਖੁਸ਼ਕ ਹੌਂਕੇ ਲੈ ਰਹੀ ਪ੍ਰਤੀਤ ਹੋ ਰਹੀ ਸੀ।ਥੋੜ੍ਹੀ ਦੇਰ ਪ੍ਰਾਥਨਾ ਕਰਨ ਤੋਂ ਬਾਦ;ਉਹ ਸਿੱਧੀ ਖੜੀ ਹੋ ਗਈ ਅਤੇ ਦੱਸਿਆ ਕਿ ਕੋਈ ਚੀਜ਼ ਉਸ ਵਿੱਚੋਂ ਨਿਕਲਣ ਤੋਂ ਬਾਦ, ਉਹ ਬਹੁਤ ਹਲਕਾ ਮਹਿਸੂਸ ਕਰ ਰਹੀ ਹੈ।

ਅਚਾਨਕ, ਉਸ ਦੇ ਪੇਡੂ ਦਾ ਸਾਰਾ ਦਰਦ ਜਾਂਦਾ ਰਿਹਾ ਅਤੇ ਉਹ ਕੈਂਸਰ ਤੋਂ ਚੰਗੀ ਹੋਈ ਮਹਿਸੂਸ ਕਰਨ ਲੱਗੀ!

ਇੱਕ ਹੋਰ ਔਰਤ ਨੇ ਕਿਹਾ ਕਿ ਉਹ ਬਹੁਤ ਵਰਿਆਂ ਤੋਂ ਨੀਂਦ ਨਾ

ਆਉਣ ਦੀ ਬਿਮਾਰੀ ਤੋਂ ਪੀੜਿਤ ਹੈ। ਮੈਂ ਉਸ ਨੂੰ ਕਿਹਾ ਕਿ ਉਹ ਮੇਰੀਆਂ ਅੱਖਾਂ ਵਿੱਚ ਦੇਖੇ, ਜਿਵੇਂ ਹੀ ਮੈਂ ਹੁਕਮ ਦਿੱਤਾ, "ਹੇ ਸਤਾਉਣ ਵਾਲ਼ੀ ਅਤੇ ਨੀਂਦ ਨਾ ਆਉਣ ਦੇਣ ਵਾਲ਼ੀ ਦੁਸ਼ਟ ਆਤਮਾ, ਮੈਂ ਤੈਨੂੰ ਅੰਨਾ ਕਰਦਾ ਹਾਂ ਅਤੇ ਇਸ ਵਿੱਚੋਂ ਹੁਣੇ ਕੱਢਦਾ ਹਾਂ! ਬਾਹਰ ਨਿਕਲ਼ ਆ"। ਜਿਸ ਛਣ ਮੈਂ ਬੋਲਿਆ, ਉਸ ਦੀਆਂ ਅੱਖਾਂ ਚਮਕੀਆਂ, ਉਸ ਦਾ ਸਰੀਰ ਕਠੋਰ ਹੋ ਗਿਆ, ਅਤੇ ਉਹ ਸਾਹਮਣੇ ਡਿੱਗ ਪਈ। ਮੈਂ ਨਿਰੰਤਰ ਉਸ ਲਈ ਛੁਟਕਾਰੇ ਅਤੇ ਚੰਗਾਈ ਵਾਸਤੇ ਹੁਕਮ ਦਿੰਦਾ ਰਿਹਾ। ਤਦ ਇੱਕ ਆਦਮੀ ਜੋ ਪਰਮੇਸ਼ਵਰ ਵਿੱਚ ਨਵਾਂ ਵਿਸ਼ਵਾਸ਼ੀ ਸੀ, ਆਪਣੇ ਕਈ ਵਿਸ਼ਵਾਸ਼ੀ ਮਿੱਤਰਾਂ ਨਾਲ਼ ਸਾਹਮਣੇ ਆਇਆ। ਉਸ ਨੇ ਦੱਸਿਆ ਕਿ ਕਿਵੇਂ ਜਦੋਂ ਦਾ ਉਹ ਮਸੀਹ ਯਿਸੂ ਉੱਪਰ ਵਿਸ਼ਵਾਸ਼ ਕਰਕੇ ਆਇਆ ਹੈ, ਦੁਸ਼ਟ ਆਤਮਿਆਂ ਨੇ ਉਸ ਨੂੰ ਸਤਾਇਆ ਅਤੇ ਰੋਕਿਆ ਹੈ। ਕਿਉਂਕਿ ਬਚਪਨ ਤੋਂ ਹੀ ਉਹ ਮੂਰਤੀਆਂ ਪ੍ਰਤੀ ਵਫਾਦਾਰ ਸੀ, ਦੁਸ਼ਟ ਆਤਮੇ ਰਹਿੰਦੇ ਅਧਿਕਾਰ ਲਈ ਲੜ ਰਹੇ ਸਨ। ਨਿਡਰਤਾਂ ਨਾਲ਼ ਉਸ ਦੀਆਂ ਅੱਖਾਂ ਵਿੱਚ ਦੇਖਦੇ ਹੋਏ, ਮੈਂ ਦੁਸ਼ਟ ਆਤਮਿਆ ਨੂੰ ਝਿੜਕਿਆ। ਉਸਦੇ ਸਰੀਰ ਵਿੱਚ ਥੋੜ੍ਹੀ ਜਿਹੀ ਹੱਲ-ਚੱਲ ਹੋਈ, ਅਤੇ ਉਸਨੇ ਉਲਟੀ ਕਰ ਦਿੱਤੀ। ਉਸਨੂੰ ਅਜ਼ਾਦੀ ਅਤੇ ਹਲਕੇਪਨ ਦਾ ਅਹਿਸਾਸ ਹੋਇਆ, ਅਤੇ ਉਹ ਸ਼ਾਤ ਸੀ।

ਅੱਗੇ, ਇੱਕ ਹੋਰ ਅੱਧਖੜ ਉਮਰ ਦਾ ਵਿਅਕਤੀ ਮੇਰੇ ਸਾਹਮਣੇ ਖੜ੍ਹਾ ਹੋਇਆ। ਉਸ ਦੀਆਂ ਅੱਖਾਂ ਦੇ ਹੰਝੂ ਵਰਿਆਂ ਤੋਂ ਉਸ ਦੇ ਕਸ਼ਟ ਨੂੰ ਚੁਪ-ਚਾਪ ਬਿਆਨ ਕਰ ਰਹੇ ਸਨ। ਤੁਰੰਤ ਮੈਂ ਜਾਣ ਗਿਆ ਕਿ ਬਚਪਨ ਤੋਂ ਹੀ ਉਸ ਨੂੰ ਭਾਵਨਾਤਮਕ ਅਤੇ ਸਰੀਰਕ ਕਸ਼ਟ ਮਿਲਿਆ ਹੈ; ਜਿਵੇਂ ਹੀ ਮੈਂ ਪਿਤਾ ਦੇ ਹਿਰਦੇ ਦੀ ਭਵਿੱਖਵਾਣੀ ਕੀਤੀ; ਪਰਮੇਸ਼ਵਰ ਦੀ ਨਮਰ ਹਜ਼ੂਰੀ ਨੇ ਉਸ ਨੂੰ ਢੱਕ ਲਿਆ। ਆਦਮੀ ਬਹੁਤ ਜ਼ੋਰ-ਜ਼ੋਰ ਨਾਲ਼ ਰੋਣ ਲੱਗਿਆ। ਮੈਂ ਉਸ ਨੂੰ ਸਤਾਉਣ ਵਾਲੀਆਂ ਦੁਸ਼ਟ ਆਤਮਿਆਂ ਨੂੰ ਬੰਨਿਆ, ਅਤੇ ਤੁਰੰਤ ਉਸ ਦੀ ਜਾਨ ਅਰਾਮ ਨਾਲ਼ ਭਰ ਗਈ!

ਅੰਧਕਾਰ ਦਾ ਰਾਜ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਉਹ ਸਭ ਕਰਦਾ ਹੈ ਜੋ ਮਾਨਵਤਾ ਨੂੰ ਕਸ਼ਟ ਪਹੁੰਚਾਵੇ। ਰਾਜ ਦੀ ਖੁਸ਼ ਖਬਰੀ ਸੁਣਨ ਵਾਲ਼ੇ ਨੂੰ ਛੁਟਕਾਰੇ ਲਈ ਤਿਆਰ ਕਰਦੀ ਹੈ, ਵਾਤਾਵਰਨ ਨੂੰ ਸਵਰਗੀ ਸਰਗਰਮੀ

ਨਾਲ਼ ਭਰਦੀ ਹੈ, ਅਤੇ ਵਿਸ਼ਵਾਸ਼ ਦੇ ਕੰਮਾਂ ਲਈ ਵਿਸ਼ਵਾਸ਼ੀ ਵਿੱਚ ਵਾਸ ਕਰਦੀ ਹੈ।

## ਧਰਮ-ਨਿਰਪੱਖ ਮਸੀਹੀਅਤ

ਪੂਰਬੀ ਸਭਿੱਆਚਾਰ ਦੇ ਉੱਲਟ, ਪੱਛਮੀ ਮਸੀਹੀਅਤ ਵਿੱਚ ਵਿਸ਼ਵ ਪੱਧਰੀ ਆਤਮਿਕਤਾ ਦੀ ਘਾਟ ਹੈ ਅਤੇ ਉਹ ਦੁਸ਼ਟ ਆਤਮਿਆ ਦੇ ਸ਼ਾਸ਼ਨ ਉੱਪਰ ਬਹੁਤ ਘੱਟ ਧਿਆਨ ਦਿੰਦੇ ਹਨ। ਸਾਡੀਆਂ ਮੁਸੀਬਤਾਂ ਦਾ ਕਾਰਨ ਸ਼ੈਤਾਨੀ ਗਤੀਵਿੱਧੀ ਹੈ, ਦੇ ਵਿਚਾਰ ਸਿਧਾਂਤਕ ਹਨ, ਅਤੇ ਇਸ ਤਰ੍ਹਾਂ ਦੇ ਸੁਝਾਵ "ਆਧੁਨਿਕ" ਬੁੱਧੀਮਤਾ ਦੀ ਬੇਇਜ਼ਤੀ ਮੰਨੇ ਜਾਂਦੇ ਹਨ। ਬਹੁਤ ਸਾਰੇ ਪੱਛਮੀ ਚਰਚ ਪਰਮੇਸ਼ਵਰ ਦੇ ਵਚਨ ਨਾਲੋਂ ਆਧੁਨਿਕ ਮੈਡੀਕਲ ਸਾਇੰਸ ਨੂੰ ਉੱਪਰ ਮੰਨਦੇ ਹਨ, ਅਤੇ ਵਿਗਿਆਨ ਨੂੰ ਜਿਹੜਾ ਦੁਸ਼ਟ ਆਤਮਿਆਂ ਦੇ ਪ੍ਰਭਾਂਵ ਦੀ ਧਾਰਨਾ ਨੂੰ ਖਾਰਜ ਕਰਦਾ ਹੈ।

ਅਗਰ ਕੋਈ ਸ਼ੈਤਾਨੀ ਗਤੀਵਿਧੀ ਜਾਂ ਆਤਮਿਕ ਸ਼ਰਾਪ ਨੂੰ ਇੱਕ ਸ਼ਰੀਰਕ ਜਾਂ ਭਾਵਨਾਤਮਕ ਸਮੱਸਿਆ ਦਾ ਸਰੋਤ ਮੰਨਦਾ ਹੈ, ਤਾਂ ਉਹ ਤੁਰੰਤ ਵਿਰੋਧ ਅਤੇ ਉਪੇਖਿਆ ਕਰਦਾ ਹੈ। ਚਰਚ ਵਿੱਚ ਕੁਝ ਧਰਮ ਸੰਬੰਧੀ ਸਮਝੌਤੇ ਸਾਹਮਣੇ ਆਪਣਾ ਸਿਰ ਨਿਵਾਉਦੇਂ ਹਨ, ਪਰ ਅਮਲੀ ਤੌਰ ਉੱਤੇ ਇਸ ਦਾ ਸਾਹਮਣਾ ਕਰਨ ਲਈ ਉਨ੍ਹਾਂ ਕੋਲ਼ ਸਮਝ, ਪ੍ਰਕਾਸ਼ਨ, ਅਤੇ ਸਮੱਰਥਾ ਨਹੀਂ ਹੁੰਦੀ।

ਜਿਵੇਂ ਸਾਡੀ ਸਭਿੱਅਤਾ ਨੇ ਤਰੱਕੀ ਕੀਤੀ,ਖੁਸ਼ ਖਬਰੀ ਨੇ ਦੁਸ਼ਟ ਆਤਮਾ ਨਾਸ਼ ਕਰਨ, ਚਮਤਕਾਰੀ ਕੰਮਾਂ ਦੀ ਸਮੱਰਥਾ, ਅਤੇ ਅਨੰਤਕਾਲ਼ੀਨ ਜੀਵਨ ਜੋ ਸਭਨਾਂ ਵਿਚੋਂ ਮੁੱਖ ਹੈ ਨੂੰ ਉਘਾੜਿਆ। ਮਿੱਤਰ, ਕਿਰਪਾ ਕਰਕੇ ਮੈਨੂੰ ਗਲਤ ਨਾ ਸਮਝੋ;ਅਨੰਤਕਾਲ ਦਾ ਜੀਵਨ ਸਭ ਤੋਂ ਮਹੱਤਵਪੂਰਨ ਅਤੇ ਮਹਾਨਤਮ ਆਸ਼ੀਸ਼ ਹੈ। ਪਰ ਛੁਟਕਾਰੇ ਅਤੇ ਚੰਗਾਈ ਦੇ ਸਦਾਚਾਰਾਂ ਨੂੰ ਖੁਸ਼ ਖਬਰੀ ਵਿੱਚੋਂ ਹਟਾਉਣਾ, ਗੁਆਚਿਆਂ ਲਈ ਅਨੰਤਕਾਲ਼ ਦੀ ਮੁਕਤੀ ਨੂੰ ਅਸਲ ਵਿੱਚ ਸੀਮਿਤ ਕਰਨਾ ਹੈ। ਇਤਿਹਾਸਿਕ ਤੌਰ ਉੱਤੇ ਅਤੇ ਪਵਿੱਤਰ ਸ਼ਾਸ਼ਤਰ ਤੌਰ ਉੱਤੇ ਬੋਲੀਏ, ਤਾਂ ਜਦੋਂ ਵੀ ਬਹੁਤਾਇਤ ਵਿੱਚ ਚੰਗਾਈ, ਕਰਾਮਾਤਾਂ, ਅਤੇ ਦੁਸ਼ਟ ਆਤਮਿਆਂ ਤੋਂ ਛੁਟਕਾਰਾ ਮਿਲਦਾ ਸੀ, ਮੁਕਤੀ ਦਾ ਕੰਮ ਹਮੇਸ਼ਾ ਵੱਡੀ

ਗਿਣਤੀ ਵਿੱਚ ਹੁੰਦਾ ਸੀ-ਚਿੰਨ੍ਹਾਂ, ਕਰਾਮਾਤਾਂ, ਅਤੇ ਅਦਭੁਤ ਕੰਮਾਂ ਤੋਂ ਬਿਨ੍ਹਾਂ ਕਿਸੇ ਵੀ ਕਲੀਸਿਯਾ ਦੀ ਸਥਾਪਨਾ ਨਹੀਂ ਹੋਈ ਅਤੇ ਨਾ ਹੀ ਅੱਗੇ ਵਧੀ। ਥੋੜ੍ਹੀ ਦੇਰ ਇਨ੍ਹਾਂ ਵਚਨਾਂ ਉਪਰ ਧਿਆਨ ਦਿਉ: ਯੂੰਹਨਾ 6:2, ਲੂਕਾ 6:17-19, 8:2, ਰਸੂਲਾਂ ਦੇ ਕਰਤੱਵ 5:12-16, 9:32-42, 28:8-9

ਬਹੁਤ ਸਾਰੇ ਪੱਛਮੀ ਚਰਚ ਮੁਕਤੀ ਦਾ ਪ੍ਰਚਾਰ ਕਰਦੇ ਹਨ ਨਾ ਕਿ ਰਾਜ ਦੀ ਖੁਸ਼ ਖਬਰੀ ਦਾ। ਮੈਂ ਹਰੇਕ ਦੀ ਵਿਆਖਿਆ ਕਰਦਾ ਹਾਂ:

ਮੁਕਤੀ ਦਾ ਪ੍ਰਚਾਰ:ਕੇਵਲ ਮਨੁੱਖ ਦੀ ਮਾਫੀ ਅਤੇ ਅਨੰਤਕਾਲ ਜੀਵਨ ਦਾ ਸੁਨੇਹਾ ਦਿੰਦਾ ਹੈ। ਅਤੇ ਕੇਵਲ ਦੋ ਮੰਡਲੀਆਂ ਨੂੰ ਹੀ ਦਰਸਾਇਆ ਜਾਂਦਾ ਹੈ:ਪਰਮੇਸ਼ਵਰ ਅਤੇ ਪਾਪੀ ਮਨੁੱਖ। ਇਹ ਸ਼ੰਦੇਸ਼ ਸਾਡੀਆਂ ਖਰਾਬ ਪ੍ਰਸਥਿਤੀਆਂ ਉੱਪਰ ਪਰਮੇਸ਼ਵਰ ਦੇ ਅਧਿਕਾਰ ਨੂੰ ਨਿਰਅਰਥਕ ਕਰਦਾ ਹੈ। ਸ਼ੈਤਾਨ ਨੂੰ ਹੁਕਮ ਨਹੀਂ ਦਿੱਤਾ ਜਾਂਦਾ ਅਤੇ ਨਾ ਹੀ ਝਿੜਕਿਆ ਜਾਂਦਾ ਹੈ, ਚੰਗਾਈ, ਛੁਟਕਾਰਾ, ਜਾਂ ਅਲੌਕਿਕ ਕੰਮ ਦੀ ਸੰਭਾਵਨਾ ਅਤੇ ਜਿਕਰ ਨਹੀਂ ਹੁੰਦਾ।

ਰਾਜ ਦਾ ਪ੍ਰਚਾਰ:ਮਨੁੱਖ ਦੀ ਆਤਮਿਕ, ਸਰੀਰਕ ਅਤੇ ਪ੍ਰਾਣਿਕ ਸਾਰੀਆਂ ਜਰੂਰਤਾਂ ਦਾ ਵਰਣਨ ਕਰਦਾ ਹੈ- ਜੋ ਪ੍ਰਤੱਖ ਜਾਂ ਅਪ੍ਰਤੱਖ ਤੌਰ ਉੱਤੇ ਅੰਧਕਾਰ ਦੇ ਰਾਜ ਤੋਂ ਪ੍ਰਭਾਵਿਤ ਹੁੰਦੀਆਂ ਹਨ (ਮੱਤੀ 13:19, 13:24-25, 37-39, ਅਫਸੀਆਂ 6:12)। ਮਨੁੱਖ ਕੇਵਲ ਪਾਪੀ ਹੀ ਨਹੀਂ ਜਿਸ ਨੂੰ ਮਾਫੀ ਦੀ ਲੋੜ ਹੈ ਪਰ ਉਹ ਸ਼ੈਤਾਨੀ ਸਮੱਰਥਾ ਦਾ ਗੁਲਾਮ ਵੀ ਹੈ( ਰਸੂਲਾਂ ਦੇ ਕਰੱਤਵ 26:18 )। ਅੰਧਕਾਰ ਦੇ ਸ਼ਾਸ਼ਨ ਅਤੇ ਪਾਪ ਦੇ ਪ੍ਰਭਾਵਾਂ ਤੋਂ ਮਨੁੱਖਤਾ ਦੀ ਆਤਮਿਕ, ਸਰੀਰਕ ਅਤੇ ਪ੍ਰਾਣਿਕ ਮੁਕਤੀ ਲਈ ਇਹ ਸ਼ੰਦੇਸ਼ ਪਰਮੇਸ਼ਵਰ ਦੀ ਹਜ਼ੂਰੀ,ਹਿਰਦੇ ਅਤੇ ਸਮੱਰਥਾ ਦਾ ਐਲਾਨ ਕਰਦਾ ਹੈ (ਗਲਾਤੀਆਂ 1:4, ਕੁੱਲਸੀਆਂ 1:13 )।

ਚੰਗਾਈ ਅਤੇ ਮੁਕਤੀ ਸਵਰਗੀ ਪ੍ਰਦਰਸ਼ਨ ਹਨ,ਜਿਹੜੇ ਪਰਮੇਸ਼ਵਰ ਦੇ ਹਿਰਦੇ, ਮਸੀਹ ਦੀ ਸੱਚਾਈ ਦੀ ਸਥਾਪਨਾ,ਅਤੇ ਪ੍ਰਚਾਰ ਦੀ ਪ੍ਰਮਾਣਿਕਤਾ ਨੂੰ ਪ੍ਰਗਟ ਕਰਦੇ ਹਨ (ਮਰਕੁਸ 16:20)।

ਮਸੀਹ ਯਿਸੂ ਨੇ ਸਾਨੂੰ ਰਾਜ ਦਾ ਪ੍ਰਚਾਰ ਕਰਨ ਲਈ ਹੁਕਮ ਦਿੱਤਾ (ਲੂਕਾਂ 9:2, 10:9), ਅਤੇ ਇਸ ਦਾ ਵਾਇਦਾ ਕੀਤਾ ਕਿ ਰਾਜ ਦਾ ਪ੍ਰਚਾਰ ਸਾਰੇ ਰਾਸ਼ਟਰਾਂ ਉੱਪਰ ਗਵਾਹੀ ਹੋਵੇਗਾ।

"ਅਤੇ ਰਾਜ ਦੀ ਇਸ ਖੁਸ਼ ਖਬਰੀ ਦਾ ਪਰਚਾਰ ਸਾਰੀ ਦੁਨੀਆਂ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ"॥ ਮੱਤੀ 24:14 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਮਸੀਹ ਯਿਸੂ ਕਿਸ ਗਵਾਹੀ ਦਾ ਜ਼ਿਕਰ ਕਰ ਰਹੇ ਹਨ?ਇਹ ਅਲੌਕਿਕ ਚਿੰਨ, ਕਰਾਮਾਤ, ਚੰਗਾਈ ਅਤੇ ਅਦਭੁਤ ਕੰਮ ਹਨ ਜਿਹੜੇ ਰਾਜ ਦੀ ਮਾਨਸਿਕਤਾ ਅਤੇ ਰਾਜ ਦੇ ਸ਼ੰਦੇਸ਼ ਦੁਆਰਾ ਉਤਪੰਨ ਹੁੰਦੇ ਹਨ। ਬਿਮਾਰੀ ਨਿਯੰਤਰਣ ਕੇਂਦਰਾਂ ਦੇ ਅੰਕੜਿਆਂ ਅਨੁਸਾਰ- 10 ਵਿਚੋਂ 6 ਬਾਲਗਾਂ ਨੂੰ ਪੁਰਾਣੀ, 10 ਵਿਚੋਂ 4 ਨੂੰ ਦੋ ਤੋਂ ਵੱਧ, ਅਤੇ 4 ਵਿੱਚੋਂ 1 ਨੂੰ ਮਾਨਸਿਕ ਬਿਮਾਰੀ ਹੈ (ਉਤੇਜਨਾ ਦੀ ਗੜਬੜ, ਦਬਾਵ ਆਦਿ)। ਬਹੁਤੇਰੇ ਅਵਿਸ਼ਵਾਸ਼ੀ ਆਪਣੀ ਮਾਫੀ ਅਤੇ ਪਰਮੇਸ਼ਵਰ ਨਾਲ਼ ਮੇਲ-ਮਿਲਾਪ ਲਈ ਆਤਮਿਕ ਤੌਰ ਉੱਤੇ ਜਾਗਰੂਕ ਨਹੀਂ ਹੁੰਦੇ;ਬਹਿਰੇ ਕੰਨਾਂ ਲਈ ਮੁਕਤੀ ਦਾ ਸ਼ੰਦੇਸ਼ ਇੱਕ ਹਮਲੇ ਦੀ ਤਰ੍ਹਾਂ ਹੁੰਦਾ ਹੈ। ਪਰ ਹਰ ਕੋਈ ਆਪਣੀਆਂ ਸਰੀਰਕ, ਮਾਨਸਿਕ, ਅਤੇ ਭਾਵਨਾਤਮਕ ਜਰੂਰਤਾਂ ਪ੍ਰਤੀ ਸੁਚੇਤ ਹੁੰਦਾ ਹੈ। ਉਨ੍ਹਾਂ ਦੀਆਂ ਜਰੂਰਤਾਂ ਦੇ ਅਨੁਸਾਰ, ਜਦੋਂ ਰਾਜ ਦੇ ਸੁਨੇਹੇ ਦਾ ਸ਼ੰਦੇਸ਼ ਆਤਮਿਕ ਸਮੱਰਥਾ ਨਾਲ਼ ਦਿੱਤਾ ਜਾਂਦਾ ਹੈ,ਤਾਂ ਬਹੁਤੇ ਰੁਚੀ ਦਿਖਾਉਦੇ ਹਨ ਅਤੇ ਮਸੀਹ ਵਿੱਚ ਵਿਸ਼ਵਾਸ਼ ਕਰਦੇ ਹਨ। ਗੁਆਚਿਆਂ ਦੀ ਖਾਤਰ, ਸਾਨੂੰ ਰਾਜ ਦੇ ਸੁਨੇਹੇ ਨੂੰ ਅਪਣਾਉਣ ਦੀ ਜਰੂਰਤ ਹੈ!

## ਰਾਜ ਦੇ ਸ਼ੰਦੇਸ਼ ਦੇ ਪੱਖ

1. **ਅਲੌਕਿਕ-**ਪਰਮੇਸ਼ਵਰ ਅਤੇ ਉਸ ਦਾ ਰਾਜ ਅਲੌਕਿਕ ਹਨ;ਇਸ ਕਾਰਨ ਰਾਜ ਦੇ ਸ਼ੰਦੇਸ਼ ਤੋਂ ਅਲੌਕਿਕ ਕਿਰਿਆ ਦੀ ਆਸ ਕੀਤੀ ਜਾਣੀ ਚਾਹੀਦੀ ਹੈ। ਜਿਸ ਕੁਦਰਤੀ ਖੇਤਰ ਵਿੱਚ ਅਸੀਂ ਰਹਿੰਦੇ ਹਾਂ ਉਸ ਦੁਆਰਾ ਰਾਜ ਸੀਮਿਤ ਨਹੀਂ ਹੁੰਦਾ, ਅਤੇ ਮਸੀਹ ਯਿਸੂ ਅਕਸਰ ਰਾਜ ਦੇ ਸ਼ੰਦੇਸ਼ ਤੋਂ ਪਹਿਲਾਂ, ਦੌਰਾਨ, ਅਤੇ ਬਾਅਦ

ਅਲੌਕਿਕ ਕੰਮਾਂ ਦਾ ਪ੍ਰਦਰਸ਼ਨ ਕਰਦਾ ਸੀ।ਲੂਕਾਂ ਦੇ 5 ਅਧਿਆਇ ਵਿੱਚ, ਮਸੀਹ ਯਿਸੂ ਨੇ ਰਾਜ ਦਾ ਸ਼ੰਦੇਸ਼ ਦੇਣ ਤੋਂ ਬਾਅਦ ਪਤਰਸ ਨੂੰ ਆਪਣਾ ਜਾ਼ਲ ਸਮੁੰਦਰ ਵਿੱਚ ਸੁੱਟਣ ਦੀ ਹਦਾਇਤ ਦਿੱਤੀ।ਜਾ਼ਲ ਵਿੱਚ ਏਨੀਆਂ ਮੱਛੀਆਂ ਆ ਗਈਆਂ ਕਿ ਜਾ਼ਲ ਪਾਟਣ ਲੱਗਾ ਅਤੇ ਕਿਸ਼ਤੀ ਡੁੱਬਣ ਲੱਗੀ-ਇਹ ਅਲੌਕਿਕ ਕੰਮ ਸੀ !ਰਾਜ ਦੀ ਸਿੱਖਿਆ ਦੇਣ ਤੋਂ ਬਾਅਦ, ਮਸੀਹ ਯਿਸੂ ਨੇ ਪੰਜ ਹਜ਼ਾਰ ਲੋਕਾਂ ਨੂੰ

ਰੋਟੀ ਖੁਆਈ (ਮਰਕੁਸ 6:34-44) ਆਤਮਾ ਦਾ ਪ੍ਰਗਟੀਕਰਨ-ਸੁਪਨੇ ਦੇਖਣਾ, ਪਰਮੇਸ਼ਵਰ ਦੀ ਹਜ਼ੂਰੀ ਦੁਆਰਾ ਜਿੱਤਣਾ, ਅਤੇ ਅਲੌਕਿਕ ਸ਼ਕਤੀ ਦਾ ਤਜ਼ਰਬਾ-ਰਾਜ ਦੀ ਸੱਚਾਈ ਦੇ ਤੱਥ ਹਨ।

"ਅਤੇ ਮੇਰਾ ਬਚਨ ਅਤੇ ਮੇਰਾ ਪਰਚਾਰ ਗਿਆਨ ਦੀਆਂ ਮਨਾਉਣ ਵਾ਼ਲੀਆਂ ਗੱਲਾਂ ਦੇ ਨਾ਼ਲ ਨਹੀਂ ਸਗੋਂ ਆਤਮਾ ਅਤੇ ਸਮੱਰਥਾ ਦੇ ਪਰਮਾਣ ਨਾ਼ਲ ਸੀ 0 ਤਾਂ ਜੋ ਤੁਹਾਡੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ਵਰ ਦੀ ਸਮੱਰਥਾ ਉੱਤੇ ਠਹਿਰੇ"॥ 1ਕੁਰਿੰਥੀਆਂ 2:4-5 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

2. **ਕਿਰਪਾ ਅਧਾਰਿਤ ਖੁਸ਼ਖਬਰੀ**-ਇਹ ਪਰਮੇਸ਼ਵਰ ਦਾ ਰਹਿਮ ਅਤੇ ਕਿਰਪਾ ਨਾ਼ਲ ਭਰਿਆ ਹੋਇਆ ਇੱਕ ਚੰਗਾ ਸ਼ੰਦੇਸ਼ ਹੈ।ਜਦੋਂ ਸਾਰੀ ਮਾਨਵਤਾ ਆਪਣੇ ਸੁਆਰਥੀ ਮਾਰਗਾਂ ਅਤੇ ਅੰਧਕਾਰ ਵਿੱਚ ਗੁਆਚ ਗਈ ਸੀ ਅਤੇ ਭਟਕੀ ਹੋਈ ਸੀ, ਮਸੀਹ ਯਿਸੂ ਆਪਣੀਆਂ ਅੱਖਾਂ ਵਿੱਚ ਦਯਾ ਭਰੇ ਹੋਏ, ਸਾਨੂੰ ਲੱਭਦੇ ਹੋਏ, ਸਾਡੇ ਵਲ ਦੌੜੇ ਆਏ।ਅਸੀਂ ਉਸ ਕੋ਼ਲ ਨਹੀਂ ਆਏ;ਉਹ ਆਪਣੇ ਰਾਜ ਨਾ਼ਲ ਸਾਡੇ ਕੋ਼ਲ ਆਇਆ।ਸਾਨੂੰ ਤੌਬਾ ਕਰਨ ਦੀ ਜਰੂਰਤ ਹੈ-ਆਪਣੇ ਸੋਚਣ ਦੇ ਢੰਗ ਨੂੰ ਬਦਲਣ ਦੀ ਜਰੂਰਤ ਹੈ-ਕਿਉਂਕਿ ਉਸ ਦੀ ਭਲਾਈ ਸਾਡੀ ਕਲਪਨਾ ਦੇ ਸੀਮਿਤ ਖੇਤਰ ਤੋਂ ਬਹੁਤ ਜਿਆਦਾ ਅੱਗੇ ਹੈ !

"ਉਪਰੰਤ ਯੂੰਹਨਾ ਦੇ ਫੜਵਾਏ ਜਾਣ ਦੇ ਪਿੱਛੋਂ ਯਿਸੂ ਗਲੀਲ ਵਿੱਚ ਆਇਆ ਅਰ ਉਸ ਨੇ ਪਰਮੇਸ਼ੁਰ ਦੀ ਖੁਸ਼ ਖਬਰੀ ਦਾ ਪਰਚਾਰ ਕਰ ਕੇ ਆਖਿਆ 0 ਸਮਾ ਪੂਰਾ ਹੋਇਆ ਅਤੇ ਪਰਮੇਸ਼ੁਰ ਦਾ ਰਾਜ ਨੇੜੇ ਆ ਗਿਆ ਹੈ।ਤੋਬਾ ਕਰੋ ਅਤੇ ਖੁਸ਼ ਖਬਰੀ ਉੱਤੇ ਪਰਤੀਤ ਕਰੋ"॥ ਮਰਕੁਸ 1: 14-15

"ਹੇ ਛੋਟੇ ਝੁੰਡ, ਨਾ ਡਰ ਕਿਉਂਕਿ ਤੁਹਾਡੇ ਪਿਤਾ ਨੂੰ ਪਸੰਦ ਆਇਆ ਹੈ ਜੋ ਰਾਜ ਤੁਹਾਨੂੰ ਦੇਵੇ" ਲੂਕਾ 12:32 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

3. **ਦੁਸ਼ਟ ਆਤਮਿਆਂ, ਬਿਮਾਰੀ ਅਤੇ ਮੌਤ ਉੱਪਰ ਅਧਿਕਾਰ**- ਦੁਰਬਲਤਾ, ਮੌਤ, ਅਤੇ ਹਰ ਅੰਧਕਾਰ ਦੀ ਹੋਂਦ ਦਾ ਰਾਜ ਨਾਲ਼ ਵਿਰੋਧ ਹੈ।

   ਇਹ ਹਮੇਸ਼ਾ ਉੱਥੇ ਪਾਇਆ ਜਾਂਦਾ ਹੈ ਜਿਥੇ ਪਵਿੱਤਰ ਆਤਮਾ ਵਿੱਚ ਵਿਸ਼ਵਾਸ਼ ਅਤੇ ਅਧੀਨਗੀ ਹੋਵੇ। ਸਰੀਰਕ ਚੰਗਾਈ ਅਤੇ ਦੁਸ਼ਟ ਆਤਮਿਆਂ ਨੂੰ ਕੱਢਣਾ ਮਸੀਹ ਯਿਸੂ ਅਤੇ ਉਸ ਦੇ ਚੇਲਿਆਂ ਦਾ ਪਹਿਲੇ ਸਥਾਨ ਦਾ ਕੰਮ ਸੀ।

4. **ਸਵਰਗੀ ਸੱਦਾ ਦਿੱਤਾ ਗਿਆ ਹੈ**–ਪਰਮੇਸ਼ਵਰ ਕੇਵਲ ਸੱਦਾ ਦਿੰਦਾ ਹੈ;ਉਹ ਸਾਡੀ ਇੱਛਾ ਦੇ ਵਿਰੁੱਧ ਸਾਨੂੰ ਕਦੇ ਵੀ ਮਜ਼ਬੂਰ ਨਹੀਂ ਕਰਦਾ। ਰਾਜ ਦਾ ਸ਼ੰਦੇਸ਼ ਇੱਕ ਉੱਚ ਦਰਜੇ ਦੇ ਖੇਤਰ ਅਤੇ ਜੀਵਨ ਦੇ ਅਨੁਭਵ ਲਈ ਇੱਕ ਸੱਦਾ ਹੈ। ਸਾਡਾ ਜਵਾਬ ਕਿਰਿਆਤਮਕ ਵਿਸ਼ਵਾਸ਼ ਹੈ (ਮੱਤੀ 11:12, ਲੂਕਾ 10:10-11)।

## ਵਿਅਕਤੀਗਤ ਤੌਰ ਉੱਤੇ ਜਾਂ ਝੁੰਡ ਵਿੱਚ ਵਿਚਾਰੇ ਜਾਣ ਵਾਲ਼ੇ ਉਪਯੋਗੀ ਪ੍ਰਸ਼ਨ:

1. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, "ਰਾਜ ਦੀ ਖੁਸ਼ ਖਬਰੀ" ਸੰਬੰਧੀ ਤੁਹਾਡੇ ਵਿਚਾਰ ਕੀ ਸਨ?

2. ਕਿਵੇਂ ਅਤੇ ਕਿਉਂ ਰਾਜ ਦੀ ਖੁਸ਼ ਖਬਰੀ ਸਰੀਰਕ ਖੇਤਰ ਨੂੰ ਪ੍ਰਭਾਵਿਤ ਕਰਦੀ ਹੈ? ਕਈ ਉਦਾਹਰਨਾਂ ਲਿਖੋ।

3. ਰਾਜ ਦੇ ਮੁੱਖ ਪ੍ਰਤੱਖ ਚਿੰਨ ਕਿਹੜੇ ਹਨ?

4. ਮਸੀਹ ਯਿਸੂ ਅਤੇ ਉਸ ਦੇ ਚੇਲਿਆਂ ਨੇ ਜਦੋਂ ਵੀ ਰਾਜ ਦਾ ਸ਼ਪੱਸ਼ਟੀਕਰਨ ਦਿੱਤਾ, ਕਿਹੜੇ ਵਿਹਾਰੀ ਕੰਮ ਉਸ ਵਿੱਚ ਸ਼ਾਮਲ ਕੀਤੇ ਗਏ?

5. ਪਰਮੇਸ਼ਵਰ ਦੇ ਰਾਜ ਨੂੰ ਕਿਵੇਂ ਪ੍ਰਤੱਖ ਕੀਤਾ ਜਾ ਸਕਦਾ ਹੈ? (ਸੰਕੇਤ: ਮੱਤੀ 12:22-28)

6. ਆਤਮਿਕ ਉਥਾਨ ਵੇਲ਼ੇ ਤੁਸੀਂ ਕਿਹੜਾ ਸ਼ੰਦੇਸ਼ ਜਿਆਦਾ ਸੁਣਿਆ ਹੈ, ਮੁਕਤੀ ਦਾ ਸ਼ੰਦੇਸ਼ ਜਾਂ ਰਾਜ ਦਾ ਸ਼ੰਦੇਸ਼? ਤੁਸੀਂ ਦੂਸਰਿਆਂ ਨਾਲ਼ ਕਿਹੜਾ ਸ਼ੰਦੇਸ਼ ਸਾਂਝਾਂ ਕੀਤਾ ਹੈ?

7. ਕਿਉਂ ਰਾਜ ਦਾ ਸ਼ੰਦੇਸ਼ ਮੁਕਤੀ ਦੇ ਸ਼ੰਦੇਸ਼ ਨਾਲੋਂ ਜਿਆਦਾ ਅਨੰਤਕਾਲੀਨ ਮੁਕਤੀ ਦਿੰਦਾ ਹੈ?

8. ਕੀ ਰਾਜ ਦਾ ਸ਼ੰਦੇਸ਼ ਤੁਹਾਡੇ ਸੱਭਿਆਚਾਰ ਵਿੱਚ ਅਸਾਨੀ ਨਾਲ਼ ਸਮਝਿਆ ਜਾਂਦਾ ਹੈ?ਅਗਰ ਨਹੀਂ, ਤਾਂ ਕੀ ਤੁਸੀਂ ਸੱਭਿਆਚਾਰ ਤੌਰ-ਤਰੀਕੇ ਨਾਲ਼ ਰਾਜ ਦਾ ਸ਼ੰਦੇਸ਼ ਵੰਡ ਸਕਦੇ ਹੋ? ਵਿਆਖਿਆ ਕਰੋ, ਸਾਨੂੰ ਰਾਜ ਦਾ ਸ਼ੰਦੇਸ਼ ਵੰਡਣ ਵੇਲ਼ੇ ਸੱਭਿਆਚਾਰ ਨੂੰ ਰੋਕਣਾ ਚਾਹੀਦਾ ਹੈ ਜਾਂ ਨਹੀਂ ਰੋਕਣਾ ਚਾਹੀਦਾ?

9. ਕੀ ਤੁਸੀਂ ਆਪਣੇ ਕੰਮ ਅਤੇ ਵਚਨ ਦੁਆਰਾ ਨਿਰੰਤਰ, ਆਪਣੇ ਪ੍ਰਭਾਵ ਖੇਤਰ ਵਿੱਚ ਅੰਧਕਾਰ ਦੇ ਰਾਜ ਨੂੰ ਝਿੜਕਦੇ ਹੋ? ਕੀ ਇਸ ਅਧਿਆਇ ਨੇ ਬੰਦੀਆਂ ਨੂੰ ਅਜ਼ਾਦ ਕਰਨ ਲਈ ਤੁਹਾਨੂੰ ਜ਼ਿਆਦਾ ਪ੍ਰਭਾਵਿਤ ਕੀਤਾ ਹੈ? ਕਿਵੇਂ?

10. ਕੀ ਤੁਹਾਡੇ ਪ੍ਰਭਾਵ ਖੇਤਰ ਵਿੱਚ ਅਜਿਹੇ ਲੋਕ ਹਨ ਜਿਹੜੇ ਮੁਕਤੀ ਦੇ ਸ਼ੰਦੇਸ਼ ਨਾਲੋਂ ਰਾਜ ਦੇ ਸ਼ੰਦੇਸ਼ ਦੁਆਰਾ ਲਾਭ ਲੈ ਸਕਦੇ ਹਨ? ਤੁਸੀਂ ਰਾਜ ਦੀ ਖੁਸ਼ ਖਬਰੀ ਕਿਵੇਂ ਦੇ ਸਕਦੇ ਹੋਂ?

# ਖੁਸ਼ ਖਬਰੀ ਦੀ ਦਯਾ/ਕਿਰਪਾ

“ਮੈਂ ਇਸ ਨੂੰ ਜਿਆਦਾ ਨਹੀਂ ਸਹਿ ਸਕਦੀ, ਸਾਨੂੰ ਰਾਜਧਾਨੀ ਜਾਣ ਦੀ ਜਰੂਰਤ ਹੈ” ਜੈ ਪ੍ਰੀਤ ਨੇ ਦਰਦ ਨਾ਼ਲ ਨਾ ਚਿਲਾਉਣ ਦਾ ਯਤਨ ਕਰਦੇ ਹੋਏ, ਆਪਣੇ ਪਤੀ ਨੂੰ ਕਿਹਾ। ਸਰਜਰੀ ਦਾ ਖਰਚਾ ਜਾਣਦੇ ਹੋਏ, ਜੋ ਉਸ ਦੇ ਪਰਿਵਾਰ ਉੱਪਰ ਭਿਆਨਕ ਬੋਝ ਬਣਨਾ ਸੀ, ਉਹ ਰੋਜਾਨਾ ਦੇ ਦਰਦ ਨਾ਼ਲ ਲੜਦੀ ਰਹੀ ਅਤੇ ਪੰਜ ਵਰਿਆਂ ਤੋਂ ਉਸ ਦਾ ਚੱਲਣਾ ਫਿਰਨਾ ਸੀਮਿਤ ਕਰ ਦਿੱਤਾ ਸੀ। ਆਪਣੀ ਸਿਹਤ ਦੀ ਹਲਾਤ ਨੂੰ ਖਰਾਬ ਪੱਧਰ ਉੱਤੇ ਦੇਖਦੇ ਹੋਏ, ਉਹ ਆਪਣੇ ਪਰਿਵਾਰ ਦਾ ਧਿਆਨ ਠੀਕ ਢੰਗ ਨਾ਼ਲ ਨਹੀ ਰੱਖ ਸਕਦੀ ਸੀ, ਉਸ ਦਾ ਪਤੀ ਜਾਣਦਾ ਸੀ ਕਿ ਉਨ੍ਹਾਂ ਨੂੰ ਸਰਜਰੀ ਦਾ ਖਤਰਾ ਲੈਣ ਦੀ ਜਰੂਰਤ ਪਵੇਗੀ ਜਾਂ ਇੱਕ ਚਮਤਕਾਰ ਹੋਵੇ।

ਜੈ ਪ੍ਰੀਤ ਤੀਹ ਵਰਿਆਂ ਦੇ ਨੇੜੇ ਸੀ, ਪਰ ਉਹ ਨੱਬੇ ਵਰਿਆਂ ਦੀ ਬੁੱਢੀ ਵਾਂਗ ਜੋੜਾਂ ਦੇ ਦਰਦ ਨਾ਼ਲ ਜਕੜੀ ਹੋਈ ਸੀ। ਜੈ ਪ੍ਰੀਤ ਪੇਚੀਦਗੀ ਵਿੱਚ ਕਸ਼ਟ ਝੱ਼ਲ ਰਹੀ ਸੀ, ਕਿਉਕਿ ਉਸ ਦੀ ਰੀੜ੍ਹ ਦੀ ਹੱਡੀ ਦੇ ਮਣਕੇ ਉਸ ਦੀ ਸੁਖਮਨਾ ਨਾੜ੍ਹੀ ਨੂੰ ਦਬਾ ਰਹੇ ਸਨ। ਉਹ ਬਹੁਤ ਜਿਆਦਾ ਦਰਦ ਵਿੱਚ ਸੀ, ਮੁਸ਼ਕਿਲ ਨਾ਼ਲ ਚੱਲ ਫਿਰ ਸਕਦੀ ਸੀ, ਅਤੇ ਉਸ ਦੀ ਸਰੀਰਕ ਪ੍ਰਣਾ਼ਲੀ ਵਿੱਚ ਬਹੁਤ ਜਿਆਦਾ ਰੁਕਾਵਟ ਸੀ। ਗਰੀਬ ਪੇਂਡੂ ਹੋਣ ਕਾਰਨ, ਸਥਾਨਕ ਹਸਪਤਾਲਾਂ ਵਿੱਚ ਉਹ ਬਹੁਤ ਵਾਰ ਗਏ, ਪਰ

ਵਾਪਸ ਆਉਣਾ ਪਿਆ, ਕਿਉਂਕਿ ਸਰਜਰੀ ਵਿੱਚ ਖਤਰਾ ਬਹੁਤ ਸੀ, ਅਤੇ ਰਾਜਧਾਨੀ ਤੋਂ ਬਾਹਰ ਇਸ ਦਾ ਕੋਈ ਸਰਜਨ ਨਹੀਂ ਸੀ। ਅੰਤ ਵਿੱਚ ਉਹ ਚੰਡੀਗੜ੍ਹ ਦੇ ਸਭ ਤੋਂ ਅੱਛੇ ਹਸਪਤਾਲ ਵਿੱਚ ਗਏ। "ਸਰਜਰੀ ਵਿੱਚ ਬਹੁਤ ਜਿਆਦਾ ਖਤਰਾ ਹੈ" ਸਰਜਨ ਨੇ ਸਮਝਾਇਆ, "ਕਿਉਂਕਿ ਰੀੜ੍ਹ ਦੀ ਹੱਡੀ ਸੁਖਮਨਾ ਨਾੜ੍ਹੀ ਵੱਲ ਦੱਬੀ ਹੋਈ ਹੈ"। ਸਰਜਰੀ ਦਾ ਖਰਚਾ ਉਨ੍ਹਾਂ ਦੀ ਕਲਪਨਾ ਤੋਂ ਵੀ ਵਧੇਰੇ ਸੀ। ਕੀ ਇੰਨ੍ਹੇ ਵੱਡੇ ਖਤਰੇ ਨਾਲ਼ ਇੰਨ੍ਹਾਂ ਵੱਡਾ ਖਰਚਾ ਕਰਨਾ ਠੀਕ ਹੋਵੇਗਾ ਦੀ ਉਲਝਣ ਵਿੱਚ ਫਸੇ, ਕਰਾਮਾਤ ਦੀ ਆਸ ਨਾਲ਼ ਉਹ ਵਾਪਸ ਪਿੰਡ ਆ ਗਏ। ਆਪਣੇ ਸਿੱਖ ਧਰਮ ਤੋਂ ਬਾਹਰ ਕਰਾਮਾਤੀ-ਚੰਗਾਈ ਨੂੰ ਲੱਭਦੇ ਹੋਏ, ਮੈਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮਿਲਿਆ।

ਮੇਰੇ ਮਿੱਤਰ ਹਰਪਾਲ ਨਾਲ਼ ਗੱਲਾਂ ਕਰਨ ਦੌਰਾਨ, ਜੋ ਨੇੜੇ ਦੇ ਪਿੰਡ ਵਿੱਚ ਪਾਸਬਾਨ ਸੀ, ਅਸੀਂ ਘਰ ਤੋਂ ਬਾਹਰ ਚਾਹ ਪੀ ਰਹੇ ਸੀ, ਤਦੋਂ ਜੈ ਪ੍ਰੀਤ, ਉਸ ਦਾ ਪਤੀ ਅਤੇ ਉਸ ਦਾ ਲੜਕਾ ਸਾਡੇ ਕੋਲ਼ ਪਹੁੰਚੇ। ਪੰਜਾਬੀ ਵਿੱਚ ਬੋਲਦੇ ਹੋਏ, ਉਸ ਨੇ ਹਰਪਾਲ ਨੂੰ ਕਿਹਾ ਕਿ ਉਹ ਪ੍ਰਾਥਨਾ ਕਰਾਉਣਾ ਚਾਹੁੰਦੀ ਹੈ, ਕਿਉਂਕਿ ਉਸ ਨੇ ਸੁਣਿਆ ਸੀ ਕਿ ਮਸੀਹੀ ਲੋਕ ਅਕਸਰ ਲੋਕਾਂ ਲਈ ਪ੍ਰਾਥਨਾ ਕਰਦੇ ਹਨ। ਮੈਂ ਤੁਰੰਤ ਜਾਣ ਗਿਆ ਕਿ ਕਿੰਨੀ ਹੌਲ਼ੀ ਉਹ ਸਾਡੇ ਵੱਲ ਆ ਰਹੀ ਹੈ-ਮੈਂ ਦੌੜ ਕੇ ਗਿਆ! ਹਰਪਾਲ ਨੇ ਮੈਨੂੰ ਉਸ ਉੱਪਰ ਪ੍ਰਾਥਨਾ ਕਰਨ ਲਈ ਕਿਹਾ।

"ਮਸੀਹ ਯਿਸੂ ਤੁਹਾਨੂੰ ਤੁਰੰਤ ਠੀਕ ਕਰਨ ਜਾ ਰਿਹਾ ਹੈ"! ਮੈਂ ਮੁਸਕਰਾਉਦੇ ਹੋਏ ਪੂਰੇ ਆਤਮ ਵਿਸ਼ਵਾਸ਼ ਨਾਲ਼ ਕਿਹਾ। ਫਿਰ ਵੀ, ਪੰਜ ਵਰਿਆਂ ਤੋਂ ਉਸ ਦੇ ਸਹੇ ਹੋਏ ਸਰੀਰਕ ਕਸ਼ਟ ਉੱਪਰ ਮੇਰੇ ਆਤਮ-ਵਿਸ਼ਵਾਸ਼ ਦਾ ਕੋਈ ਅਸਰ ਨਹੀਂ ਹੋਇਆ। ਮੈਂ ਆਪਣੇ ਹੱਥ ਉਸ ਦੀ ਕਮਰ ਉੱਪਰ ਰੱਖੇ, ਅਤੇ ਪਵਿੱਤਰ ਆਤਮਾ ਦੀ ਹਜ਼ੂਰੀ ਅਤੇ ਸਮੱਰਥਾ ਨੂੰ ਸੱਦਾ ਦਿੱਤਾ। ਮੈਂ ਉਸ ਦੀ ਰੀੜ੍ਹ ਦੀ ਹੱਡੀ ਵਿੱਚ ਜੀਵਨ, ਚੰਗਾਈ ਅਤੇ ਪੁਨਰ ਸਥਾਪਨਾ ਦਾ ਹੁਕਮ ਦਿੱਤਾ ਅਤੇ ਕਿਹਾ "ਇਸ ਨੂੰ ਜਾਂਚੋ, ਤੁਰ ਕੇ ਉਧਰ ਜਾਉ, ਅਤੇ ਵਾਪਸ ਆਉ"। ਉਸ ਲਈ ਹੈਰਾਨ ਕਰਨ ਵਾਲ਼ੀ ਗੱਲ਼ ਸੀ, ਉਹ ਅਜ਼ਾਦ ਹੋ ਕੇ ਤੁਰਨ ਲੱਗੀ! ਹੈਰਾਨ ਹੁੰਦੇ ਹੋਏ, ਉਸ ਨੇ ਦੱਸਿਆ ਕਿ ਉਸ ਦੀ ਰੀੜ੍ਹ ਦੀ ਹੱਡੀ ਵਿੱਚ ਵੱਜਣ ਵਾਲ਼ੀਆਂ ਛੁਰੀਆਂ ਦੀ

ਪੀੜ੍ਹ ਜਾਂਦੀ ਰਹੀ ਹੈ। ਉਸ ਦੇ ਪੱਠਿਆਂ, ਹਿੱਪ ਅਤੇ ਲੱਤਾਂ ਦਾ ਦਰਦ ਵੀ ਖਤਮ ਹੋ ਗਿਆ! ਉਸ ਦੀ ਰੀੜ੍ਹ ਦੀ ਹੱਡੀ ਦੇ ਆਸ-ਪਾਸ ਦੀਆਂ ਮਾਸ਼ਪੇਸ਼ੀਆਂ ਹਾਲੇ ਵੀ ਦਰਦ ਕਰ ਰਹੇ ਸਨ ਅਤੇ ਜਕੜੇ ਹੋਏ ਸਨ। ਅਸੀਂ ਦੋਬਾਰਾ ਪ੍ਰਾਥਨਾ ਕੀਤੀ, ਅਤੇ ਉਸ ਦੀਆਂ ਮਾਸਪੇਸ਼ੀਆਂ ਵਿੱਚ ਤੁਰੰਤ ਅਰਾਮ ਆ ਗਿਆ। ਮੈਂ ਉਸ ਨੂੰ ਦੋਬਾਰਾ ਤੁਰਨ ਲਈ ਕਿਹਾ, ਜਿਹੜਾ ਕਿ ਉਸ ਨੇ ਬਿਨ੍ਹਾਂ ਕਿਸੀ ਮੁਸ਼ਕਿਲ ਤੋਂ ਪੂਰਾ ਕਰ ਲਿਆ। ਉਹ ਝੁਕ ਸਕਦੀ ਸੀ, ਅਤੇ ਪੂਰੀ ਅਜ਼ਾਦੀ ਤੁਰ ਅਤੇ ਹਿੱਲ-ਜੁਲ ਸਕਦੀ ਸੀ-ਅਤੇ ਦਰਦ ਦਾ ਨਿੱਕਾ ਜਿਹਾ ਅੰਸ਼ ਵੀ ਬਾਕੀ ਨਹੀਂ ਸੀ। ਹਰਪਾਲ ਨੇ ਉਨ੍ਹਾ ਨਾਲ਼ ਖੁਸ਼ ਖਬਰੀ ਸਾਂਝੀ ਕੀਤੀ ਅਤੇ ਉਨ੍ਹਾਂ ਨੇ ਧਿਆਨ ਅਤੇ ਖੁਸ਼ੀ ਨਾਲ਼ ਸੁਣਿਆ। ਤਦ ਉਨ੍ਹਾਂ ਨੇ ਵਿਸ਼ਵਾਸ਼ ਨਾਲ਼ ਮਸੀਹ ਯਿਸੂ ਸਾਹਮਣੇ ਸਮਰਪਣ ਕਰਦੇ ਹੋਏ, ਅਤੇ ਜੈ ਪ੍ਰੀਤ ਦੇ ਪੁਰਾਣੇ ਦਰਦ ਨੂੰ ਛਣ ਵਿੱਚ ਉਡਾ ਦੇਣ ਵਾਲੇ, ਚੰਗਾ ਕਰਨ ਵਾਲ਼ੇ ਪਰਮੇਸ਼ਵਰ ਦੇ ਸਾਹਮਣੇ ਆਪਣੇ ਸਿਰ ਝੁਕਾ ਦਿੱਤੇ। ਤਦ ਤੋਂ, ਜੈ ਪ੍ਰੀਤ ਆਪਣੇ ਬਹੁਤ ਸਾਰੇ ਰਿਸ਼ਤੇਦਾਰਾਂ ਨੂੰ ਮਸੀਹ ਯਿਸੂ ਦੇ ਵਿਸ਼ਵਾਸ਼ ਵਿੱਚ ਲਿਆਈ, ਅਤੇ ਉਹ ਨਿਰੰਤਰ ਚਰਚ ਵਿੱਚ ਜਾਂਦੇ ਹਨ।

## ਕਿਰਪਾ ਦੀ ਪਰਿਭਾਸ਼ਾ

"ਪਰੰਤੂ ਮੈਂ ਆਪਣੇ ਲਈ ਆਪਣੀ ਜਾਨ ਨੂੰ ਕਿਸੇ ਤਰ੍ਹਾਂ ਪਿਆਰੀ ਨਹੀਂ ਸਮਝਦਾ ਹਾਂ ਤਾਂ ਜੋ ਮੈਂ ਆਪਣੀ ਦੌੜ ਨੂੰ ਅਤੇ ਉਸ ਟਹਿਲ ਨੂੰ ਪੂਰੀ ਕਰਾਂ ਜਿਹੜੀ ਮੈਂ ਪਰਮੇਸ਼ੁਰ ਦੀ ਕਿਰਪਾ ਦੀ ਖੁਸ਼ ਖਬਰੀ ਉੱਤੇ ਸਾਖੀ ਹੋਣ ਲਈ ਪ੍ਰਭੂ ਯਿਸੂ ਤੋਂ ਪਾਈ ਸੀ" ਰਸੂਲਾਂ ਦੇ ਕਰਤੱਬ 20:24 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਮਿੱਤਰ ਸ਼ੁਸਮਾਚਾਰ ਪਰਮੇਸ਼ਵਰ ਦੀ ਕਿਰਪਾ ਦੀ ਖੁਸ਼ ਖਬਰੀ ਹੈ!ਹੋਰ ਅੱਗੇ ਵੱਧਣ ਤੋਂ ਪਹਿਲਾਂ, ਸਾਨੂੰ ਕਿਰਪਾ ਨੂੰ ਪਰਿਭਾਸ਼ਿਤ ਕਰਨ ਦੀ ਜਰੂਰਤ ਹੈ। ਥੋੜ੍ਹਾ ਸਮਾਂ ਰੁਕੋ ਅਤੇ ਆਪਣੀ ਕਿਰਪਾ ਦੀ ਪਰਿਭਾਸ਼ਾ ਨੂੰ ਵਿਚਾਰੋ।

ਕਿਰਪਾ ਕੀ ਹੈ? ਅਗਰ ਤੁਸੀਂ ਜਿਆਦਾ ਧਰਮ ਸ਼ਾਸ਼ਤਰੀਆਂ ਨੂੰ ਪੁੱਛੋਂਗੇ;ਅਤੇ ਉਹ ਸਧਾਰਨ ਉੱਤਰ ਦੇਣਗੇ 'ਅਯੋਗ ਦਾ

ਸਮਰਥਨ'।ਭਾਵੇਂ ਇਹ ਇੱਕ ਵਧੀਆ ਉੱਤਰ ਹੈ, ਮੈਂ ਇਸ ਨੂੰ ਆਪਣੇ ਸ਼ਬਦਾਂ ਵਿੱਚ ਪਰਿਭਾਸ਼ਿਤ ਕਰਾਂਗਾ, 'ਜੋ ਦੂਸਰੇ ਲੋਕਾਂ ਦੀ ਅਤੇ ਮੇਰੀ ਸਹਾਇਤਾ ਕਰਦਾ ਹੈ', ਇਹ ਕਿਰਪਾ ਦੇ ਪੂਰੇ ਅਰਥ ਨੂੰ ਸਮੇਟਦਾ ਹੈ।ਕਿਰਪਾ ਪਰਮੇਸ਼ਵਰ ਦਾ ਪਿਆਰ ਅਤੇ ਭਲਾਈ ਹੈ ਜਿਹੜੀ ਬੁਰੇ, ਅਯੋਗ ਅਤੇ ਨਾ-ਚਾਹੁਣਯੋਗ ਲੋਕਾਂ ਨੂੰ ਮੁਫ਼ਤ ਵਿੱਚ ਦਿੱਤੀ ਜਾਂਦੀ ਹੈ।ਕਿਰਪਾ ਬਿਨ੍ਹਾਂ ਕਿਸੀ ਸ਼ਰਤ ਤੋਂ ਮੁਫ਼ਤ ਦਿੱਤੀ ਜਾਂਦੀ ਹੈ।ਅਗਰ ਉਸ ਵਿੱਚ ਜ਼ਰਾ ਜਿੰਨੀ ਵੀ ਸ਼ਰਤ ਹੈ, ਤਾਂ ਇਹ ਮੁਫ਼ਤ ਨਹੀਂ ਹੈ ਅਤੇ ਇਸ ਨੂੰ ਕਿਰਪਾ ਨਹੀਂ ਕਿਹਾ ਜਾ ਸਕਦਾ।ਅਗਰ ਤੁਸੀਂ ਯੋਗ ਅਤੇ ਚਾਹੁਣਯੋਗ ਹੋਂ ਤਾਂ ਤੁਸੀਂ ਕਿਰਪਾ ਪ੍ਰਾਪਤ ਨਹੀਂ ਕਰ ਸਕਦੇ, ਪਰ ਇੱਕ ਪੁਰਸ਼ਕਾਰ ਜਰੂਰ ਪ੍ਰਾਪਤ ਕਰ ਸਕਦੇ ਹੋਂ।

ਮਸੀਹ ਯਿਸੂ ਅਦ੍ਰਿਸ਼ ਪਰਮੇਸ਼ਵਰ ਦਾ ਸਹੀ ਪ੍ਰਤੀਰੂਪ ਹੈ (ਇਬਰਾਨੀਆਂ 1:3, ਕੁੱਲਸੀਆਂ 1:15 );ਉਸ ਦੇ ਹਰੇਕ ਸ਼ਬਦ, ਵਤੀਰੇ, ਅਤੇ ਕੰਮ ਨੇ ਸੰਪੂਰਨ ਤਰੀਕੇ ਨਾਲ਼ ਪਿਤਾ ਨੂੰ ਪ੍ਰਗਟ ਕੀਤਾ (ਯੂੰਹਨਾ 5:19-20, 14:9-10)।ਪਵਿੱਤਰ ਸ਼ਾਸ਼ਤਰ ਇਸ 'ਮਨੁੱਖ-ਪਰਮੇਸ਼ਵਰ' ਨੂੰ ਕਿਵੇਂ ਵਰਣਨ ਕਰਦਾ ਹੈ?

"ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸੱਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ" ਯੂੰਹਨਾ 1:14 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਸ਼ੁਸਮਾਚਾਰ ਸਾਡੀ ਸਮਝ ਤੋਂ ਬਹੁਤ ਪਰੇ ਹੈ;ਸਾਨੂੰ, ਪਰਮੇਸ਼ਵਰ ਕਿੰਨ੍ਹਾਂ ਚੰਗਾ ਹੈ, ਵਿਸ਼ਵਾਸ਼ ਕਰਨ ਲਈ ਪਵਿੱਤਰ ਆਤਮਾ ਦੀ ਸਹਾਇਤਾ ਦੀ ਜ਼ਰੂਰਤ ਹੈ !ਮਸੀਹ ਯਿਸੂ ਕਿਰਪਾ ਨਾਲ਼ ਭਰਿਆ ਹੋਇਆ ਹੈ !

"ਉਸ ਦੀ ਭਰਪੂਰੀ ਵਿੱਚੋਂ ਅਸਾਂ ਸਭਨਾਂ ਨੇ ਪਾਇਆ, ਕਿਰਪਾ ਉੱਤੇ ਕਿਰਪਾ" ਯੂੰਹਨਾ 1:16 (ਮੇਰੇ ਦੁਆਰਾ,ਖਾਸ ਧਿਆਨ ਦੇਣ ਯੋਗ)

ਮਸੀਹ ਯਿਸੂ ਪਿਆਰ, ਦਿਆਲੂਤਾ, ਅਤੇ ਦਯਾ ਨਾਲ਼ ਉੱਮੜ ਰਿਹਾ ਹੈ।ਉਸ ਦੇ ਉਭਾਰ ਅਤੇ ਉਮੜਨ ਕਾਰਨ, ਅਸੀਂ ਇੱਕ ਚੀਜ਼ ਪ੍ਰਾਪਤ

ਕਰਦੇ ਹਾਂ-ਕਿਰਪਾ ਉੱਪਰ ਕਿਰਪਾ!ਪਰਮੇਸ਼ਵਰ ਦਾ ਵਚਨ ਨਾਸ਼, ਨਿਆਂ, ਦੁੱਖ, ਜਾਂ ਸਜ਼ਾ ਬਾਰੇ ਨਹੀਂ ਕਹਿੰਦਾ।

ਸ਼ੁਸਮਾਚਾਰ ਪਾਪ ਨਾ.ਲ ਭਰੀ, ਬੁਰੀ ਮਨੁੱਖਤਾ ਉੱਪਰ ਪਰਮੇਸ਼ਵਰ ਦਾ ਸ਼ਰਤ ਤੋਂ ਬਿਨ੍ਹਾਂ ਬਹੁਤਾਇਤ ਪਿਆਰ ਅਤੇ ਭਲਾਈ ਹੈ!

## ਨੇਮਾਂ ਵਿੱਚ ਅੰਤਰ

ਮਿੱਤਰ, ਬਹੁਤੇ ਵਿਸ਼ਵਾਸ਼ੀਆਂ ਨੂੰ ਆਤਮਿਕ ਚਾਲ ਵਿੱਚ ਚੱਲਣ ਲਈ ਸਭ ਤੋਂ ਵੱਡੀ ਮੁਸ਼ਕਿਲ ਹੈ, ਪਰਮੇਸ਼ਵਰ, ਖੁਸ਼ ਖਬਰੀ ਅਤੇ ਬਾਈਬਲ ਨੂੰ ਨਾ ਸਮਝ ਪਾਉਣਾ। ਇਹ ਨਾਸਮਝੀ ਮੁੱਖ ਤੌਰ ਉੱਤੇ ਸਿੱਖਿਆ ਦੀ ਘਾਟ ਹੈ ਜੋ ਨਵੇਂ ਨੇਮ ਅਤੇ ਪੁਰਾਣੇ ਨੇਮ ਵਿੱਚਕਾਰ ਭਿੰਨਤਾ ਨੂੰ ਸ਼ਪੱਸ਼ਟ ਕਰਦੀ ਹੈ। ਇਸ ਭਿੰਨਤਾ ਨੂੰ ਦੱਸਣ ਦੀ ਅਸਫਲਤਾ ਕਿਰਪਾ ਦੀ ਖੁਸ਼ ਖਬਰੀ ਨੂੰ ਦੂਸ਼ਿਤ ਕਰੇਗੀ, ਜਿਸ ਬਾਰੇ ਪੌਲੂਸ ਨੇ ਚੇਤਾਵਨੀ ਦਿੱਤੀ ਸੀ।

"ਮੈਂ ਅਚਰਜ ਹੁੰਦਾ ਹਾਂ ਜੋ ਤੁਸੀਂ ਉਸ ਤੋਂ ਜਿਹ ਨੇ ਮਸੀਹ ਦੀ ਕਿਰਪਾ ਵਿੱਚ ਤੁਹਾਨੂੰ ਸੱਦਿਆ ਐਨੀ ਛੇਤੀ ਹੋਰ ਖੁਸ਼ ਖਬਰੀ ਦੀ ਵੱਲ ਝੁੱਕਦੇ ਜਾਂਦੇ ਹੋ 0 ਪਰ ਉਹ ਤਾਂ ਦੂਜੀ ਖੁਸ਼ ਖਬਰੀ ਨਹੀਂ ਪਰੰਤੂ ਕਈਕੁ ਹਨ ਜਿਹੜੇ ਤੁਹਾਨੂੰ ਘਬਰਾਉਂਦੇਂ ਅਤੇ ਮਸੀਹ ਦੀ ਖੁਸ਼ ਖਬਰੀ ਨੂੰ ਵਿਗਾੜਨਾ ਚਾਹੁੰਦੇ ਹਨ" ਗਲਾਤੀਆਂ 1:6-7

"ਹੇ ਮੂਰਖ ਗਲਾਤਿਓ, ਕਿਹ ਨੇ ਤੁਹਾਡੇ ਉੱਤੇ ਜਾਦੂ ਪਾ ਲਏ ਜਿਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਯਿਸੂ ਮਸੀਹ ਸਲੀਬ ਉਤੇ ਚਾੜ੍ਹਿਆ ਹੋਇਆ ਸਰੀਹਣ ਪਰਸਿੱਧ ਕੀਤਾ ਗਿਆ? 0 ਮੈਂ ਤੁਹਾਥੋਂ ਨਿਰਾ ਇੰਨਾ ਮਲੂਮ ਕਰਨਾ ਚਾਹੁੰਦਾ ਹਾਂ ਭਈ ਤੁਹਾਨੂੰ ਸ਼ਰਾ ਦੇ ਕੰਮਾਂ ਤੋਂ ਆਤਮਾ ਪਰਾਪਤ ਹੋਇਆ ਅਥਵਾ ਨਿਹਚਾ ਦੇ ਸੁਨੇਹੇ ਤੋਂ? 0 ਕੀ ਤੁਸੀਂ ਇਹੋ ਜਿਹੇ ਮੂਰਖ ਹੋਂ? ਭਲਾ, ਆਤਮਾ ਦੁਆਰਾ ਅਰੰਭ ਕਰ ਕੇ ਤੁਸੀਂ ਹੁਣ ਸਰੀਰ ਦੁਆਰਾ ਸਮਾਪਤ ਕਰਦੇ ਹੋ? ਗਲਾਤੀਆਂ 3:1-3

ਖੁਸ਼ ਖਬਰੀ ਵਿੱਚ ਬਿਵਸਥਾ ਨੂੰ ਮਿਲਾਉਣਾ, ਪਵਿੱਤਰ ਆਤਮਾ ਦੇ ਕੰਮ ਅਤੇ ਪਰਮੇਸ਼ਵਰ ਦੀ ਸਮੱਰਥਾ ਨੂੰ ਰੋਕਦਾ ਹੈ ਅਤੇ ਕਾਨੂੰਨੀ, ਅਤੇ ਧਾਰਮਿਕ ਮਸੀਹੀ ਬਣਾਉਦਾ ਹੈ। ਉੱਪਰ ਦਿੱਤੇ ਪਵਿੱਤਰ ਵਚਨ ਵਿੱਚ,

ਪੌਲੁਸ ਨੇ ਗਲਾਤੀਆਂ ਦੀ ਕਲੀਸਿਯਾ ਨੂੰ ਕਾਨੂੰਨੀ ਯਹੂਦੀਆਂ ਤੋਂ ਬਚਣ ਦੀ ਚੇਤਾਵਨੀ ਦਿੱਤੀ ਸੀ ਜੋ ਮਸੀਹ ਯਿਸੂ ਦਾ ਪ੍ਰਚਾਰ ਬਿਵਸਥਾ ਦੀਆਂ ਸ਼ਰਤਾਂ ਦੇ ਅਨੁਸਾਰ ਕਰਦੇ ਸਨ। ਮਿੱਤਰ, ਕਿਰਪਾ ਕਰਕੇ ਧਿਆਨ ਦਿਓ ਅਤੇ ਸੋਚੋ ਤੁਸੀਂ ਕੀ ਵਿਸ਼ਵਾਸ਼ ਕਰਦੇ ਹੋਂ!

| ਬਿਵਸਥਾ | ਕਿਰਪਾ |
|---|---|
| ਪੁਰਾਣਾ ਨੇਮ | ਨਵਾਂ ਨੇਮ |
| ਮੂਸਾ ਦੁਆਰਾ ਸਥਾਪਿਤ ਕੀਤੀ ਗਈ | ਮਸੀਹ ਯਿਸੂ ਦੁਆਰਾ ਸਥਾਪਿਤ ਕੀਤੀ ਗਈ |
| ਅਸਥਾਈ, ਪੁਰਾਣੀ | ਅਨੰਤ ਕਾਲੀਨ |
| ਮਨੁੱਖ ਦੇ ਕੰਮ ਅਧਾਰਿਤ, ਪਰਮੇਸ਼ਵਰ ਨਾਲ਼ ਰਿਸ਼ਤਾ | ਪਰਮੇਸ਼ਵਰ ਦੀ ਕਿਰਪਾ ਅਤੇ ਮਨੁੱਖ ਦੇ ਵਿਸ਼ਵਾਸ਼ ਅਧਾਰਿਤ ਰਿਸ਼ਤਾ |
| ਮਨੁੱਖਾਂ ਦੇ ਕੰਮਾਂ ਉੱਪਰ ਅਧਾਰਿਤ, ਬਰਕਤਾਂ ਅਤੇ ਸ਼ਰਾਪ ਸ਼ਰਤਬੰਦ ਹਨ, | ਬਰਕਤਾਂ, ਮਸੀਹ ਯਿਸੂ ਦੇ ਜੀਵਨ, ਮੌਤ ਅਤੇ ਜੀ ਉੱਠਣ ਦੁਆਰਾ ਪਹਿਲਾਂ ਤੋਂ ਹੀ ਰਾਖਵੀਆਂ ਹਨ ਅਤੇ ਵਿਸ਼ਵਾਸ਼ ਨਾਲ਼ ਪ੍ਰਾਪਤ ਹੁੰਦੀਆਂ ਹਨ। |
| ਮਨੁੱਖ ਨੂੰ ਧਾਰਮਿਕ ਬਣਾਉਣ ਵਿੱਚ ਅਯੋਗ | ਮਸੀਹ ਯਿਸੂ ਨੇ ਮਨੁੱਖ ਦੀ ਧਾਰਮਿਕਤਾ ਨੂੰ ਪੂਰਾ ਕੀਤਾ ਹੈ |
| ਮਨੁੱਖ ਕੋਲ਼ ਸ਼ੈਤਾਨ ਜਾਂ ਦੁਸਟ ਆਤਮਿਆਂ ਨੂੰ ਝਿੜਕਣ ਦੀ, ਯੋਗਤਾ ਨਹੀਂ ਸੀ।<br><br>ਨਿਆਂ ਦੇ ਡਰ ਕਾਰਨ ਤੌਬਾ ਕਰਾਈ ਜਾਂਦੀ ਸੀ | ਮੌਤ ਅਤੇ ਜੀ ਉੱਠਣ ਦੇ ਦੁਆਰਾ, ਮਸੀਹ ਯਿਸੂ ਨੇ ਅੰਧਕਾਰ ਨੂੰ ਹਰਾਇਆ ਅਤੇ ਸਾਨੂੰ ਉਨ੍ਹਾਂ ਦੇ ਉੱਪਰ ਅਧਿਕਾਰ ਦਿੱਤਾ।<br><br>ਪਰਮੇਸ਼ਵਰ ਦੇ ਪਿਆਰ ਅਤੇ ਭਲਾਈ ਦੁਆਰਾ ਤੌਬਾ ਕਰਾਈ ਜਾਂਦੀ ਹੈ। (ਰੋਮੀਆਂ 2:4) |

ਆਉ ਅਸੀਂ ਹੁਣ ਇੰਨ੍ਹਾ ਨੇਮਾਂ ਦੀ ਭਿੰਨਤਾ ਉੱਪਰ ਧਿਆਨ ਕਰੀਏ ਅਤੇ ਕਿਵੇਂ ਪਰਮੇਸ਼ਵਰ ਦੀ ਭਲਾਈ ਨੂੰ ਪ੍ਰਾਪਤ ਕਰਨ ਲਈ ਵਚਨ ਸਾਨੂੰ ਹਦਾਇਤ ਦਿੰਦਾ ਹੈ।ਸਾਡੀ ਪਹਿਲੀ ਉਦਾਹਰਣ ਸਵਰਗੀ ਚੰਗਾਈ ਹੈ;ਦੂਸਰੀ ਮਾਫ਼ੀ ਅਤੇ ਮੇਲ-ਮਿਲਾਪ ਹੈ।

"ਅਰ ਉਸ ਨੇ ਆਖਿਆ, ਜੇ ਤੁਸੀਂ ਰੀਝ ਨਾਲ਼ ਯਹੋਵਾਹ ਆਪਣੇ ਪਰਮੇਸ਼ੁਰ ਦੀ ਅਵਾਜ਼ ਸੁਣੋਗੇ ਅਰ ਜਿਹੜਾ ਉਸ ਦੀਆਂ ਅੱਖਾਂ ਵਿੱਚ ਭਲ਼ਾ ਹੈ ਤੁਸੀਂ ਉਹ ਕਰੋਂਗੇ ਅਰ ਉਸ ਦੇ ਹੁਕਮਾਂ ਉੱਤੇ ਕੰਨ ਲਾਓਗੇ ਅਰ ਉਸ ਦੀਆਂ ਸਾਰੀਆਂ ਬਿਧੀਆਂ ਨੂੰ ਮੰਨੋਗੇ ਤਾਂ ਜਿਹੜੀਆਂ ਬਿਮਾਰੀਆਂ ਮੈਂ ਮਿਸਰੀਆਂ ਉੱਤੇ ਪਾਈਆਂ ਹਨ ਤੁਹਾਡੇ ਉੱਤੇ ਨਹੀਂ ਪਾਵਾਂਗਾ ਕਿਉਂ ਜੋ ਮੈਂ ਯਹੋਵਾਹ ਤੁਹਾਨੂੰ ਨਿਰੋਇਆ ਕਰਨ ਵਾਲ਼ਾ ਹਾਂ" ਕੂਚ 15:26

"ਅਤੇ ਉਹ ਉਨ੍ਹਾਂ ਨਾਲ ਉੱਤਰ ਕੇ ਪੱਧਰੇ ਖੜੇ ਹੋਇਆ, ਨਾਲੇ ਉਹ ਦੇ ਚੇਲਿਆਂ ਦੀ ਵੱਡੀ ਮੰਡਲੀ ਅਰ ਲੋਕਾਂ ਦੀ ਵੱਡੀ ਭੀੜ ਜਿਹੜੇ ਸਾਰੇ ਯਹੂਦਿਯਾ ਅਤੇ ਯਰੂਸ਼ਲਮ ਅਤੇ ਸੂਰ ਅਰ ਸੈਦਾ ਦੇ ਸਮੁੰਦਰ ਦੇ ਕੰਢਿਓਂ ਉਹ ਦੀ ਸੁਣਨ ਲਈ ਅਰ ਆਪਣਿਆਂ ਰੋਗਾਂ ਤੋਂ ਚੰਗੇ ਹੋਣ ਲਈ ਆਏ ਸਨ 0 ਅਤੇ ਜਿਹੜੇ ਭ੍ਰਿਸ਼ਟ ਆਤਮਿਆਂ ਤੋਂ ਦੁੱਖੀ ਸਨ ਓਹ ਚੰਗੇ ਕੀਤੇ ਗਏ 0 ਅਰ ਸਾਰੇ ਲੋਕ ਉਹ ਨੂੰ ਛੋਹਣਾ ਚਾਹੁੰਦੇ ਸਨ, ਇਸ ਲਈ ਜੋ ਸ਼ਕਤੀ ਉਸ ਤੋਂ ਨਿਕਲ ਕੇ ਸਭਨਾਂ ਨੂੰ ਚੰਗਾ ਕਰਦੀ ਸੀ" ਲੂਕਾ 6:17-19

ਪੁਰਾਣੇ ਨੇਮ ਵਿੱਚੋਂ, ਤੁਸੀਂ ਇੱਕ ਵਾਇਦਾ ਲੈ ਸਕਦੇ ਹੋਂ, ਇਸ ਨੂੰ ਲਾਗੂ ਕਰਨ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋਂ, ਪਰ ਇਹ ਕੰਮ ਪੂਰੀ ਤਰ੍ਹਾਂ ਅਸਫ਼ਲ ਹੋ ਜਾਵੇਗਾ ਅਤੇ ਤੁਸੀਂ ਬਿਮਾਰੀ ਨਾਲ਼ ਮਰੋਂਗੇ।ਮਿੱਤਰ, ਮੇਰਾ ਇਹ ਤਜਰਬਾ ਮੇਰੇ ਜੀਵਨ ਦੇ ਸਭ ਤੋਂ ਪਿਆਰੇ ਮਨੁੱਖ ਨਾਲ਼ ਸੰਬੰਧਿਤ ਹੈ;ਮੇਰੀ ਮਾਂ, ਜਿਸ ਨੂੰ ਬੱਚੇਦਾਨੀ ਵਿੱਚ ਸਟੇਜ-3 ਦਾ ਕੈਂਸਰ ਸੀ।ਉਸ ਸਮੇਂ, ਮੈਂ ਨਿਰੰਤਰ ਚੰਗਾਈ ਅਤੇ ਕਰਾਮਾਤਾਂ ਅਨੁਭਵ ਕਰ ਰਿਹਾ ਸਾਂ, ਪਰ ਉਸ ਸਮੇਂ ਵੀ ਮੈਂ ਕਿਰਪਾ ਦੀ ਬੁਨਿਆਦੀ ਧਾਰਨਾ ਤੋਂ ਵਾਂਝਾ ਸੀ।

ਇੱਕ ਸ਼ਾਮ, ਮੈਂ ਆਪਣੀ ਮਾਂ ਕੋਲ਼ ਬੈਠਾ ਹੋਇਆ ਸੀ ਅਤੇ ਮੈਂ ਕਿਹਾ, "ਅੱਛਾ ਮਾਂ। ਅਸੀਂ ਬਾਈਬਲ ਦੇ ਸਾਰੇ, ਚੰਗਾਈ ਵਚਨਾਂ ਨੂੰ

ਪੜ੍ਹਾਂਗੇ।ਅਸੀਂ ਕੂਚ ਤੋਂ ਸ਼ੁਰੂਆਤ ਕਰਾਂਗੇ, ਜਿਥੇ ਪਰਮੇਸ਼ਵਰ ਨੇ ਪਹਿਲੀ ਵਾਰ ਆਪਣੇ ਆਪ ਨੂੰ 'ਚੰਗਾ ਕਰਨ ਵਾਲ਼ਾ ਪ੍ਰਗਟ ਕੀਤਾ"।ਜਿਵੇਂ ਹੀ ਅਸੀਂ ਵਚਨ ਨੂੰ ਕੂਚ 15:26 ਉੱਪਰ ਖੋਲਿਆ, ਮੈਂ ਮਾਂ ਨੂੰ ਹੌਲ਼ੀ-ਹੌਲ਼ੀ ਪੜ੍ਹਨ ਲਈ ਆਖਿਆ।

ਇਸ ਆਇਤ ਨੂੰ ਸੋਚਣ ਅਤੇ ਮਨਨ ਕਰਨ ਤੋਂ ਬਾਦ, ਮੈਂ ਉਸ ਨੂੰ ਪੁੱਛਿਆ, "ਮਾਂ ਇਹ ਵਚਨ ਤੁਹਾਨੂੰ ਕੀ ਕਹਿ ਰਿਹਾ ਹੈ"?ਉਹ ਸ਼ਾਂਤ ਰਹੀ ਪਰ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਆਉਣੇ ਸ਼ੁਰੂ ਹੋ ਗਏ।ਹੰਝੂ ਨਦੀ ਦੀ ਤਰ੍ਹਾਂ ਵੱਗਣ ਲੱਗੇ, ਅਤੇ ਉਸ ਨੇ ਅਫਸੋਸ ਅਤੇ ਹਿਰਦੇ ਦੇ ਦੁੱਖ ਨਾਲ਼, ਧੀਮੇ ਜਿਹੇ ਕਿਹਾ, "ਮੈਂ ਇਸ ਆਇਤ ਦਾ ਪਾਲਣ ਕਦੇ ਨਹੀਂ ਕੀਤਾ, ਅਤੇ ਨਾ ਹੀ ਕਰ ਸਕਦੀ ਸੀ"।ਪਰਮੇਸ਼ਵਰ ਦੇ ਵਚਨ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਹੋਣ ਕਾਰਨ ਅਤੇ ਆਪਣੀ ਬਿਮਾਰੀ ਦੇ ਆਖਰੀ ਪੜਾਅ ਵਿੱਚ ਹੋਣ ਕਾਰਨ, ਉਹ ਫੁੱਟ-ਫੁੱਟ ਕੇ ਰੋਈ।

ਮਿੱਤਰ,ਮਸੀਹ ਯਿਸੂ ਦਾ ਜੀਵਨ, ਮੌਤ ਅਤੇ ਮੁਰਦਿਆਂ ਵਿੱਚੋਂ ਜੀ ਉੱਠਣਾ ਕੂਚ 15:26 ਵਿੱਚ ਨਹੀਂ ਲਿੱਖੇ ਗਏ, ਅਤੇ ਨਾ ਹੀ ਉਸ ਦੀ ਕਿਰਪਾ ਦਾ ਵਰਣਨ ਹੈ।ਚੰਗਾਈ ਦਾ ਪਹਿਲਾਂ ਵਾਇਦਾ ਸ਼ਰਤਾਂ, ਮੰਗਾਂ, ਅਤੇ ਜ਼ਰੂਰਤਾਂ ਨਾਲ਼ ਢੱਕਿਆ ਹੋਇਆ ਹੈ।ਚੰਗਾਈ ਬਾਰੇ ਤੁਸੀਂ ਸਭ ਕੁਝ ਜਾਣ ਸਕਦੇ ਹੋਂ, ਪਰ ਇੱਕਲੀ ਕਿਰਪਾ ਹੀ ਚਾਬੀ ਹੈ ਜੋ ਚੰਗਾਈ ਦੀ ਸਮੱਰਥਾ ਨੂੰ ਖੋਲਦੀ ਹੈ!ਪੁਰਾਣੀਆਂ ਗੱਲਾਂ ਉੱਪਰ ਧਿਆਨ ਕਰਦੇ ਹੋਏ, ਹੁਣ ਮੈਂ ਸਮਝਦਾ ਹਾਂ ਕਿ ਤੁਸੀਂ ਪੁਰਾਣੇ ਨੇਮ ਨੂੰ ਮਸੀਹ ਯਿਸੂ ਦੀ ਨਜ਼ਰ ਨਾਲ਼ ਪਰਿਭਾਸ਼ਿਤ ਕਰੋਂਗੇ, ਨਹੀਂ ਤਾਂ ਤੁਸੀਂ ਅਸਫ਼ਲ ਹੋ ਜਾਉਂਗੇ।ਹੁਣ ਮੈਂ ਕੂਚ 15:26 ਨੂੰ ਇਹ ਜਾਣਦੇ ਹੋਏ ਵਿਆਖਿਆ ਕਰ ਸਕਦਾ ਹਾਂ ਕਿ ਮਸੀਹ ਯਿਸੂ ਮੇਰੇ ਸਥਾਨ ਉੱਤੇ ਆਇਆ ਅਤੇ ਸਾਵਧਾਨੀ ਨਾਲ਼ ਪਰਮੇਸ਼ਵਰ ਦੀ ਅਵਾਜ ਨੂੰ ਸੁਣਿਆ,ਉਸ ਦੀ ਨਜ਼ਰ ਵਿੱਚ ਜੋ ਸਭ ਮੇਰੇ ਲਈ ਚੰਗਾ ਸੀ ਕੀਤਾ, ਮੇਰੇ ਸਥਾਨ ਉਤੇ ਪਰਮੇਸ਼ਵਰ ਦੇ ਸਾਰੇ ਹੁਕਮਾਂ ਨੂੰ ਪੂਰਾ ਕੀਤਾ, ਅਤੇ ਉਸ ਦੀ ਕਿਰਪਾ ਦੁਆਰਾ, ਪਰਮੇਸ਼ਵਰ ਮੇਰਾ ਚੰਗਾ ਕਰਨ ਵਾਲ਼ਾ ਹੈ।

ਮਿੱਤਰ, ਮਸੀਹ ਯਿਸੂ ਨੇ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ। ਇਸ ਕਾਰਨ ਪਰਮੇਸ਼ਵਰ ਦੇ ਸਾਰੇ ਵਾਇਦੇ ਉਸ ਵਿੱਚ "ਹਾਂ" ਹਨ (2 ਕੁਰਿੰਥੀਆਂ 1:20)!

ਪਰ ਜਿਵੇਂ ਮੈਂ ਸ਼ੁਰੂਆਤੀ ਵਰ੍ਹਿਆਂ ਵਿੱਚ ਆਪਣੀ ਮਾਂ ਲਈ ਸੇਵਕਾਈ ਕੀਤੀ, ਮੈਂ ਮਸੀਹ ਯਿਸੂ ਨੂੰ ਉਸ ਦੇ ਸਾਹਮਣੇ ਚੰਗੀ ਤਰ੍ਹਾਂ ਪ੍ਰਗਟ ਕਰਨ ਵਿੱਚ ਅਸਫ਼ਲ ਰਿਹਾ;ਮੈਂ ਬਿਵਸਥਾ ਨੂੰ ਖੁਸ਼ ਖਬਰੀ ਵਿੱਚ ਮਿਲਾ ਦਿੱਤਾ, ਅਤੇ ਉਸ ਦਾ ਪਰਮੇਸ਼ਵਰ ਪ੍ਰਤੀ ਨਜ਼ਰੀਆਂ ਤਿਰਛਾ ਹੋ ਗਿਆ। ਮੈਂ ਉਸ ਨੂੰ ਕੈਂਸਰ ਨਾਲ਼ ਮਰਦੇ ਹੋਏ ਦੇਖਿਆ-ਉਹ ਆਪਣੇ ਆਖਰੀ ਹਰੇਕ ਸਾਹ ਤੱਕ ਜੂਝਦੀ ਰਹੀ। ਮੈਂ ਆਪਣੀ ਗਲਤੀ ਤੋਂ ਸਬਕ ਲਿਆ, ਅਤੇ ਅਸਫ਼ਲਤਾ ਨੂੰ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੱਤਾ। ਤਦ ਤੋਂ ਹੀ, ਮੈਂ ਬਹੁਤ ਸਾਰੇ ਕੈਂਸਰਾ ਨੂੰ ਤੁਰੰਤ ਖਤਮ ਹੋਣ ਦਾ ਗਵਾਹ ਹਾਂ! ਮੇਰੀ ਮਾਂ ਸਵਰਗ ਵਿੱਚ ਪ੍ਰਭੂ ਯਿਸੂ ਮਸੀਹ ਦੇ ਕੋਲ਼ ਆਨੰਦਿਤ ਹੈ,ਪਰ ਮੈਂ ਉਸ ਨੂੰ ਯਾਦ ਕਰਦਾ ਹਾਂ ਅਤੇ ਚਾਹੁੰਦਾ ਹਾਂ ਕਿ ਉਹ ਮੇਰੇ ਨਾਲ਼ ਇੱਥੇ ਹੁੰਦੀ!ਮਿੱਤਰ, ਤੁਸੀਂ ਇਤਿਹਾਸ ਨੂੰ ਨਹੀਂ ਬਦਲ ਸਕਦੇ, ਪਰੰਤੂ ਤੁਸੀਂ ਮਸੀਹ ਯਿਸੂ ਨੂੰ ਆਪਣੇ ਭਵਿੱਖ ਨੂੰ ਆਸ ਨਾਲ਼ ਭਰਨ ਦੀ ਪ੍ਰਵਾਨਗੀ ਤਾਂ ਦੇ ਸਕਦੇ ਹੋਂ!

ਜਿਵੇਂ ਕਿ ਤੁਸੀਂ ਲੂਕਾ 6:17-19 ਦੇਖਦੇ ਹੋਂ, ਭੀੜਾਂ ਦੀਆਂ ਭੀੜਾਂ ਮਸੀਹ ਯਿਸੂ ਕੋਲ਼ ਆਈਆਂ। ਭੀੜ ਵਿੱਚ ਪਾਪੀ ਅਤੇ ਧਰਮੀ ਦੋਵੇਂ ਹੁੰਦੇ ਸਨ-ਝੂਠੇ, ਗਾਲ਼ਾ ਕੱਢਣ ਵਾਲ਼ੇ, ਗੁਪਤ ਸਮਲਿੰਗੀ, ਅਤੇ ਲਾਲਚੀ ਉਸ ਭੀੜ ਵਿੱਚ ਫ਼ੈਲੇ ਹੁੰਦੇ ਸਨ, ਜਿਹੜੀ ਉਸ ਕੋਲ਼ ਆਉਦੀ ਸੀ। ਮਸੀਹ ਯਿਸੂ ਉਨ੍ਹਾਂ ਸਭਨਾਂ ਨੂੰ ਚੰਗਾ ਕਰਦਾ ਸੀ। ਇਸ ਚੰਗਾਈ ਲਈ ਸ਼ਰਤਾਂ, ਜਰੂਰਤਾਂ ਅਤੇ ਕੋਈ ਵੀ ਮੰਗਾਂ ਨਹੀਂ ਸਨ;ਮਸੀਹ ਯਿਸੂ ਨੇ ਸੁਨਾਮੀ ਦੀ ਤਰ੍ਹਾਂ ਪਰਮੇਸ਼ਵਰ ਦੀ ਭਲਿਆਈ ਨੂੰ ਉਸ ਹਰ ਵਿਅਕਤੀ ਲਈ ਕੀਤਾ ਜੋ ਉਸ ਕੋਲ਼ ਆਇਆ! ਮਸੀਹ ਯਿਸੂ ਨੇ ਸਾਨੂੰ ਪ੍ਰਗਟ ਕੀਤਾ ਕਿ ਕਿਵੇਂ ਪਰਮੇਸ਼ਵਰ ਆਪਣੀ ਕਿਰਪਾ ਅਨੁਸਾਰ ਸਾਡੇ ਕੋਲੋਂ ਸੇਵਕਾਈ ਕਰਾਉਣ ਦੀ ਇੱਛਾ ਰੱਖਦਾ ਹੈ!

ਫਿਰ ਵੀ, ਕੀ ਤੁਹਾਨੂੰ ਹੈਰਾਨੀ ਹੁੰਦੀ ਹੈ ਕਿ ਬਹੁਤ ਸਾਰੇ ਮਸੀਹੀ ਇੱਕ ਦਿਨ ਵਿੱਚ ਹੀ ਚੰਗੇ ਕਿਉਂ ਨਹੀਂ ਹੁੰਦੇ? ਮੇਰੇ ਤਜਰਬੇ ਅਨੁਸਾਰ

ਬਿਵਸਥਾ ਵਿੱਚ ਵਿਸ਼ਵਾਸ਼ ਹੋਣਾ ਮੁੱਖ ਕਾਰਨ ਹੈ, ਜਿਹੜਾ ਪਰਮੇਸ਼ਵਰ ਦੀ ਕਿਰਪਾ ਨੂੰ ਪ੍ਰਾਪਤ ਕਰਨ ਤੋਂ ਰੋਕਦਾ ਹੈ। ਇਹ ਮੇਰੀ ਮੁੱਢਲੀ ਸਜ਼ਾ ਸੀ, ਜਿਸ ਕਾਰਨ ਮੇਰੀ ਮਾਂ ਨੇ ਕਰਾਮਾਤ ਪ੍ਰਾਪਤ ਨਹੀਂ ਕੀਤੀ। ਇਹ ਬਿਵਸਥਾ ਸਾਡੇ ਅਸਲੀ ਵਿਸ਼ਵਾਸ਼ ਨੂੰ ਲੁੱਟਦੀ ਹੈ। ਪਰ ਇੱਕ ਵਾਰ ਜਦੋਂ ਕਿਰਪਾ ਦਾ ਅਹਿਸਾਸ ਹੁੰਦਾ ਹੈ, ਤਦ ਚੰਗਾਈ ਸੁਖਾਲ਼ੀ ਹੋ ਹੁੰਦੀ ਹੈ ਅਤੇ ਸਾਡੀ ਪਹੁੰਚ ਵਿੱਚ ਹੁੰਦੀ ਹੈ! ਆਉ ਅਸੀਂ ਹੁਣ ਚੰਗਾਈ ਤੋਂ ਅੱਗੇ ਵੱਧ ਕੇ ਮਾਫ਼ੀ ਅਤੇ ਮੇਲ-ਮਿਲਾਪ ਵੱਲ ਚੱਲੀਏ।

"ਕਿਉਂਕਿ ਜੇ ਮੈਂ ਉਹ ਦੇ ਅੱਗੇ ਤੁਹਾਡੇ ਲਈ ਕਿਸੇ ਗੱਲੇ ਅਭਮਾਨ ਕੀਤਾ ਹੋਵੇ ਤਾਂ ਲੱਜਿਆਵਾਨ ਨਹੀਂ ਹੋਣਾ ਪਿਆ ਪਰ ਜਿਵੇਂ ਅਸਾਂ ਤੁਹਾਡੇ ਨਾਲ਼ ਸਾਰੀਆਂ ਗੱਲਾਂ ਸੱਚ ਆਖੀਆਂ ਤਿਵੇਂ ਸਾਡਾ ਅਭਮਾਨ ਵੀ ਜਿਹੜਾ ਮੈਂ ਤੀਤੁਸ ਦੇ ਅੱਗੇ ਕੀਤਾ ਸੱਚਾ ਨਿਕਲਿਆ" 2 ਕੁਰਿੰਥੀਆਂ 7:14

"ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ 0 ਅਰਥਾਤ ਪਰਮੇਸ਼ੁਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ"॥ 2 ਕੁਰਿੰਥੀਆਂ 5:18-19

2 ਇਤਿਹਾਸ 7:14 ਚੇਤਨਾ ਲਈ ਸਭ ਤੋਂ ਵੱਧ ਤਰਕ ਯੋਗ ਆਇਤ ਹੈ। ਪੂਰੀ ਦੁਨੀਆ ਵਿੱਚ, ਪਾਸਬਾਨ ਅਤੇ ਆਗੂ ਪ੍ਰਾਥਨਾ ਵਿੱਚ, ਪਾਪਾਂ ਦੇ ਅੰਗੀਕਾਰ ਵਿੱਚ, ਪਰਮੇਸ਼ਵਰ ਨੂੰ ਜਾਣਨ ਅਤੇ ਬਦਲਾਵ ਲਈ ਦਲੀਲ ਦੇਣ ਵਿੱਚ ਆਪਣੀ ਸੰਸਥਾ ਦੀ ਅਗਵਾਈ ਕਰਦੇ ਹਨ। ਉਨ੍ਹਾਂ ਦੇ ਮਨੋਰਥ ਤਾਂ ਚੰਗੇ ਹਨ, ਪਰੰਤੂ ਚੇਤਨਾ ਨੂੰ ਪ੍ਰਾਪਤ ਕਰਨ ਦਾ ਤਰੀਕਾ ਪੂਰੀ ਤਰ੍ਹਾਂ ਗਲਤ ਹੈ। ਮਿੱਤਰ, ਇਸ ਸੱਚਾਈ ਨੂੰ ਯਾਦ ਰੱਖੋ: ਬਿਵਸਥਾ ਹਮੇਸ਼ਾ "ਜੇਕਰ" ਕਹਿੰਦੀ ਹੈ ਅਤੇ ਸ਼ਰਤਾਂ ਰੱਖਦੀ ਹੈ। ਬਹੁਤੇ ਚੇਤਨਾ ਦੀ ਦਲੀਲ ਦਿੰਦੇ ਹਨ, ਪਰ ਉਹ ਇਸ ਤੱਥ ਨੂੰ ਭੁੱਲ ਜਾਂਦੇ ਹਨ ਕਿ ਮਸੀਹ ਯਿਸੂ ਦੁਆਰਾ ਪਹਿਲਾਂ ਤੋਂ ਹੀ ਚੇਤਨਾ ਉਨ੍ਹਾਂ ਵਿੱਚ ਆ ਚੁੱਕੀ ਹੈ!

ਜਿਹੜੇ ਵਿਸ਼ਵਾਸ਼ੀ ਇਸ ਆਇਤ ਦੀ ਵਰਤੋਂ ਚੇਤਨਾ ਲਈ ਕਰਦੇ ਹਨ, ਇੱਕ ਹੀ ਵਾਰ ਵਿੱਚ ਪਾਪ ਨੂੰ ਦੂਰ ਕਰਨ ਦਾ ਅੰਗੀਕਾਰ, ਉਸ ਦੇ ਚਿਹਰੇ ਨੂੰ ਦੇਖਣ ਲਈ ਇੱਕ ਲੰਬਾ ਦਿਨ ਅਤੇ ਚੇਤਨਾ ਪ੍ਰਾਪਤੀ ਲਈ ਇੱਕੋ ਪ੍ਰਾਥਨਾ ਮੰਨਦੇ ਹਨ। ਹਮੇਸ਼ਾ ਮਹਿਸੂਸ ਕਰਦੇ ਹਨ ਕਿ ਇਸ ਤੋਂ ਬਿਨ੍ਹਾਂ ਉਹ ਚੇਤਨਾ ਦੇ ਸਿਖਰ ਉੱਤੇ ਹਨ। ਕਿਉਂ? ਕਿਉਂਕਿ ਬਿਵਸਥਾ ਦੀ ਸੰਰਚਨਾ ਹੀ ਚੇਤਨਾ ਨੂੰ ਖੰਡਨ ਕਰਨ ਵਾਲ਼ੀ ਕੀਤੀ ਗਈ ਸੀ। ਪਰ ਜਦ ਅਸੀਂ ਮਸੀਹ ਯਿਸੂ ਨੂੰ ਦੇਖਦੇ ਹਾਂ, ਤਾਂ ਅਸੀਂ ਉਸ ਦੀ ਮਨੋਹਰਤਾ ਨੂੰ ਦੇਖਦੇ ਹਾਂ, ਜਿਸ ਨੂੰ ਉਹ ਪਹਿਲਾਂ ਹੀ ਪੂਰਾ ਕਰ ਚੁੱਕਾ ਹੈ।

ਉਸ ਦੇ ਨਾਮ ਵਿੱਚ ਬੁਲਾਏ ਜਾਣ ਤੋਂ ਪਹਿਲਾਂ, ਅਸੀਂ ਆਪਣੇ ਆਪ ਨੂੰ ਹਲੀਮ ਕੀਤਾ, ਪ੍ਰਾਥਨਾ ਕੀਤੀ ਅਤੇ ਉਸ ਦੇ ਚਿਹਰੇ ਨੂੰ ਲੱਭਿਆ, ਅਤੇ ਆਪਣੇ ਪਾਪਾਂ ਨੂੰ ਤੌਬਾ ਕਰਨ ਤੋਂ ਪਹਿਲਾਂ, ਸਾਡੇ ਸਾਰੇ ਅਪਰਾਧਾਂ ਦਾ ਹਰਜਾਨਾ ਭਰਿਆ ਗਿਆ, ਮਸੀਹ ਯਿਸੂ ਦੀ ਮੌਤ ਦੁਆਰਾ, ਸਾਡਾ ਮੇਲ-ਮਿਲਾਪ ਪਹਿਲਾਂ ਹੀ ਪਰਮੇਸ਼ਵਰ ਨਾ਼ਲ ਹੋ ਗਿਆ ਸੀ। ਇਸ ਮੇਲ-ਮਿਲਾਪ ਦੁਆਰਾ, ਸਾਨੂੰ ਉਸ ਦੀ ਹਜ਼ੂਰੀ ਦੀ ਗਹਿਰਾਈ ਅਤੇ ਹਰੇਕ ਚੰਗੀ ਵਸਤੂ ਤੱਕ ਅਜ਼ਾਦ ਪਹੁੰਚ ਹੁੰਦੀ ਹੈ;ਪੱਕੇ ਤੌਰ ਉੱਤੇ ਸਵਰਗ ਤੁਹਾਡੇ ਲਈ ਖੋਲ੍ਹੇ ਗਏ ਹਨ!

ਮਿੱਤਰ ਹਰੇਕ ਪ੍ਰਪੱਕ ਵਿਸ਼ਵਾਸ਼ੀ ਨੂੰ ਹਲੀਮ, ਪਛਤਾਉਣ ਵਾ਼ਲਾ, ਅਤੇ ਪਰਮੇਸ਼ਵਰ ਦੇ ਚਿਹਰੇ ਦੀ ਭਾ਼ਲ ਕਰਨ ਵਾ਼ਲਾ ਹੋਣਾ ਚਾਹੀਦਾ ਹੈ, ਕੇਵ਼ਲ ਆਪਣੀਆਂ ਬਰਕਤਾਂ ਅਤੇ ਪੱਖ ਲਈ ਨਹੀਂ, ਪਰੰਤੂ ਉਸ ਦੀ ਭਲਾਈ ਕਾਰਨ (ਰੋਮੀਆਂ 2:4)! ਉਸ ਦੀ ਦਿਆਲੂਤਾ ਦਾ ਗਿਆਨ ਧਾਰਮਿਕ ਮਰਮ/ਦੁੱਖ ਪੈਦਾ ਕਰਦਾ ਹੈ, ਅਤੇ ਸਾਨੂੰ ਉਸ ਦੇ ਜੀਵਨ ਵੱਲ ਚੱਲਣ ਲਈ ਨਿਰਦੇਸ਼ ਦਿੰਦਾ ਹੈ।

ਮਸੀਹ ਯਿਸੂ ਦੁਆਰਾ, ਪਰਮੇਸ਼ਵਰ ਨੇ ਸੰਸਾਰ ਨਾ਼ਲ ਖੁਦ ਦਾ ਮੇਲ-ਮਿਲਾਪ ਕਰਾਇਆ। ਸਾਡੇ ਆਤਮਿਕ ਕੰਮ ਕੇਵਲ ਉਸ ਦੀ ਭਲਾਈ ਦਾ ਨਤੀਜਾ ਹਨ!

ਅਗਰ ਤੁਸੀਂ ਉਤੇਜਿਤ, ਦੱਬੇ ਹੋਏ, ਅਤੇ ਆਸ਼ਾਹੀਨ ਹੋਂ, ਵਿਸ਼ਵਾਸ਼ ਕਰੋ ਤੁਸੀਂ ਸ਼ਾਤੀ ਦੇ ਰਾਜ ਕੁਮਾਰ ਨਾ਼ਲ ਮੇਲ-ਮਿਲਾਪ ਕਰ ਚੁੱਕੇ ਹੋਂ, ਅਤੇ

ਉਸ ਦੀ ਸ਼ਾਤੀ ਅਜ਼ਾਦੀ ਪੂਰਵਕ ਤੁਹਾਡੇ ਵਿੱਚ ਵਹਿੰਦੀ ਹੈ! ਅਗਰ ਤੁਸੀਂ ਦੁਸ਼ਟ ਆਤਮਾ ਤੋਂ ਸਤਾਏ ਹੋਏ ਹੋਂ ਅਤੇ ਬਿਮਾਰੀ ਤੋਂ ਪੀੜਿਤ ਹੋਂ, ਵਿਸ਼ਵਾਸ਼ ਕਰੋ ਤੁਸੀਂ ਪਹਿਲਾਂ ਹੀ ਛੁਟਕਾਰਾ ਦੇਣ ਵਾਲ਼ੇ ਅਤੇ ਚੰਗਾ ਕਰਨ ਵਾਲ਼ੇ ਨਾਲ਼ ਮੇਲ਼-ਮਿਲਾਪ ਕਰ ਚੁੱਕੇ ਹੋਂ! ਮਸੀਹ ਯਿਸੂ ਦੁਆਰਾ ਤੁਸੀਂ ਪਰਮੇਸ਼ਵਰ ਵਿੱਚ ਇੱਕ ਹੋਂ ਅਤੇ ਏਕਤਾ ਦੁਆਰਾ ਉਸਦੀ ਭਲਾਈ ਤੁਹਾਡੀ ਹੈ। ਮਸੀਹ ਯਿਸੂ ਦੁਆਰਾ ਪਰਮੇਸ਼ਵਰ ਨਾਲ਼ ਤੁਹਾਡੀ ਨਾ ਟੁੱਟਣ ਵਾਲੀ ਏਕਤਾ ਦੇ ਅਹਿਸਾਸ ਅਤੇ ਤਜਰਬੇ ਤੋਂ ਵੱਡੀ ਕੋਈ ਆਤਮਿਕ ਆਸ਼ੀਸ਼ ਨਹੀਂ ਹੈ-ਇੱਕ ਏਕਤਾ ਜਿਹੜੀ ਤੁਹਾਡੀ ਆਗਿਆਕਾਰੀ, ਯਤਨ ਅਰ ਭਗਤੀ ਤੋਂ ਬਿਨ੍ਹਾਂ ਪੂਰੀ ਹੋਈ ਸੀ!

ਮੈਂ ਤੈਨਾਨ, ਤਾਈਵਾਨ ਦੇ ਸਮੁੰਦਰ ਕੰਡੇ ਪਿੰਡ ਵਿੱਚ ਸਾਂ। ਮੈਂ ਇੱਕ ਅਗਾਂਹਵਧੂ ਟੀਮ ਨਾਲ਼ ਕੰਮ ਕਰ ਰਿਹਾ ਸੀ, ਬਿਮਾਰਾਂ ਉੱਪਰ ਪ੍ਰਾਥਨਾ ਕਰਨ ਦੇ ਤਰੀਕੇ ਦੁਆਰਾ ਖੁਸ਼ ਖਬਰੀ ਨੂੰ ਵੰਡਣ ਦਾ ਅਭਿਆਸ ਦੇ ਰਿਹਾ ਸੀ। ਮੈਂ ਇੱਕ ਔਰਤ ਨੂੰ ਮਿਲਿਆ ਜਿਸਨੇ ਆਪਣੇ ਮੋਢੇ ਦੇ ਦਰਦ ਲਈ ਪ੍ਰਾਥਨਾ ਵਾਸਤੇ ਬੇਨਤੀ ਕੀਤੀ। ਜਿਵੇਂ ਮੈਂ ਚੰਗਾਈ ਦਾ ਕੰਮ ਕਰ ਰਿਹਾ ਸੀ ਟੀਮ ਮੈਨੂੰ ਦੇਖ ਰਹੀ ਸੀ। ਮੈਂ ਉਸ ਦੇ ਮੋਢੇ ਉੱਪਰ ਹੌਲ਼ੇ ਜਿਹੇ ਹੱਥ ਰੱਖੇ ਅਤੇ ਕਿਹਾ "ਪਵਿੱਤਰ ਆਤਮਾ, ਆਪਣੀ ਚੰਗਾਈ ਦੀ ਹਜ਼ੂਰੀ ਨਾਲ਼ ਇਸ ਮੋਢੇ ਵਿੱਚ ਆਉ। ਮੈਂ ਤੁਹਾਡੀ ਸਮੱਰਥਾ ਦਾ ਬਹਾਅ ਇਸ ਸਰੀਰ ਵਿੱਚ ਮੰਗਦਾ ਹਾਂ। ਹੇ ਦਰਦ ਇਸ ਨੂੰ ਹੁਣੇ ਛੱਡ! ਚੰਗਾਈ, ਇਸ ਦੇ ਮੋਢੇ ਵਿੱਚ ਜ਼ਾਹਿਰ ਹੋਵੇ"। ਉਸ ਦੀ ਭਲਾਈ ਦੇ ਬਹਾਅ ਨਾਲ਼ ਉਸ ਔਰਤ ਦਾ ਸਾਰਾ ਸਰੀਰ ਕੰਬਣ ਲੱਗਾ। ਉਹ ਆਪਣੇ ਸਰੀਰ ਦੇ ਕੰਬਣ ਕਾਰਨ ਦੁਵਿਧਾ ਵਿੱਚ ਸੀ ਪਰ ਉਹ ਆਪਣੇ ਦਰਦ ਦੇ ਤੁਰੰਤ ਖਤਮ ਹੋਣ ਕਾਰਨ ਖੁਸ਼ ਸੀ। ਅਚਾਨਕ ਪਵਿੱਤਰ ਆਤਮਾ ਨੇ ਮੈਨੂੰ ਇੱਕ ਦਰਸ਼ਨ ਦਿਖਾਉਣਾ ਸ਼ੁਰੂ ਕੀਤਾ। ਮੈਂ ਉਸ ਨੂੰ ਇੱਕ ਕਿਸ਼ਤੀ ਵਿੱਚ ਖੜੇ ਹੋਏ ਦੇਖ ਰਿਹਾ ਸੀ, ਜਿਸ ਕਿਸ਼ਤੀ ਵਿੱਚ ਦੋ ਜਨਾਂ ਦੇ ਬੈਠਣ ਦੀ ਥਾਂ ਸੀ। ਖੜ੍ਹੇ ਰਹਿੰਦੇ ਹੋਏ, ਤੂਫਾਨੀ ਪਾਣੀਆਂ ਵਿੱਚ ਉਹ ਆਪਣੇ ਸਰੀਰ ਦੇ ਭਾਰ ਦਾ ਸ਼ੰਤੁਲਨ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਦੇ ਹੱਥਾਂ ਵਿੱਚ ਇੱਕ ਗੋਲ਼ ਕਟੋਰਾ ਸੀ ਜੋ ਪਾਣੀ ਨਾਲ਼ ਅੱਧਾ ਭਰਿਆ ਹੋਇਆ ਸੀ, ਇਹ ਗੋਲਡ ਫਿਸ਼ ਦੇ ਕਟੋਰੇ ਵਰਗਾ ਸੀ। ਪਿਆਲ਼ੇ ਵਿੱਚ ਮੱਛੀ ਦੀ ਥਾਂ ਤੇ' ਮੈਂ

ਉਸ ਦੇ ਦਿਲ ਨੂੰ ਤੈਰਦੇ ਹੋਏ ਦੇਖਿਆ। ਉਹ ਆਪਣੇ ਦਿਲ ਨੂੰ ਵੀ ਸੰਭਾਲਣ ਦੀ ਕੋਸ਼ਿਸ਼ ਕਰ ਰਹੀ ਸੀ, ਜਿਹੜਾ ਪਿਆਲੇ ਦੇ ਪਾਣੀ ਦੇ ਗੋਲ਼-ਗੋਲ਼ ਘੁੰਮਣ ਕਾਰਨ ਬਹੁਤ ਅਸ਼ਾਂਤ ਸੀ। ਜਿਵੇਂ ਹੀ ਮੈਂ ਉਸ ਦੇ ਸੰਬੰਧ ਅਤੇ ਖਿਆਲ਼ ਦਾ ਵਰਣਨ ਕੀਤਾ, ਤਦ ਪਿਤਾ ਪਰਮੇਸ਼ਵਰ ਦੀ ਅਵਾਜ਼ ਮੇਰੇ ਦੁਆਰਾ ਬੋਲ਼ੀ। ਉਸ ਤੋਂ, ਪਰਮੇਸ਼ਵਰ ਕਿਵੇਂ ਉਸ ਦੀ ਸ਼ਾਂਤੀ ਅਤੇ ਕੀਮਤੀ ਦਿਲ ਦਾ ਧਿਆਨ ਰੱਖਣਾ ਆਪਣੇ ਖੁਦ ਦੇ ਪਿਆਰੇ, ਸ਼ਕਤੀਸ਼ਾਲ਼ੀ ਹੱਥਾਂ ਵਿੱਚ ਲੈਣਾਂ ਚਾਹੁੰਦਾ ਸੀ ! ਜਿਵੇਂ ਹੀ ਉਹ ਬੋਲੀ ; ਉਸ ਦੀਆਂ ਅੱਖਾਂ ਵਿੱਚੋਂ ਹੰਝੂ ਡਿੱਗ ਰਹੇ ਸਨ, "ਮੈਂ ਮਸੀਹ ਯਿਸੂ ਦੇ ਪਿੱਛੇ ਚੱਲਣਾ ਚਾਹੁੰਦੀ ਹਾਂ ! ਮੈਨੂੰ ਕੀ ਕਰਨਾ ਪਵੇਗਾ"? ਪਰਮੇਸ਼ਵਰ ਦੀ ਧਿਆਨ ਰੱਖਣ ਵਾਲ਼ੀ ਅਵਾਜ਼ ਦਾ ਭਾਰ, ਚੰਗਾਈ ਦੀ ਹਜ਼ੂਰੀ, ਅਤੇ ਸਮੱਰਥਾ ਉਸ ਲਈ ਕਾਫੀ ਸਨ; ਉਸ ਦੇ ਪਿਆਰ ਦੇ ਅਨੁਭਵ ਵਿੱਚ ਉਸ ਔਰਤ ਨੇ ਅਨੰਦ ਪੂਰਵਕ ਆਪਣੇ ਆਪ ਨੂੰ ਮਸੀਹ ਯਿਸੂ ਅੱਗੇ ਸਮਰਪਣ ਕਰ ਦਿੱਤਾ।

ਕੁਝ ਲੋਕ ਇੱਕ ਤਸਵੀਰ ਨੂੰ ਇੱਕ ਹਜ਼ਾਰ ਸ਼ਬਦਾਂ ਤੋਂ ਵੱਧ ਕੀਮਤੀ ਕਹਿੰਦੇ ਹਨ। ਮੈਂ ਚੰਗਾਈ, ਕਰਾਮਾਤ, ਛੁਟਕਾਰੇ, ਅਤੇ ਨਬੀ ਦੇ ਕਥਨ ਨੂੰ ਸਾਡੇ ਹਿਰਦੇ ਵਿੱਚ ਪਿਆਰੇ ਪਰਮੇਸ਼ਵਰ ਦੇ ਕਹੇ ਇੱਕ ਹਜ਼ਾਰ ਸਵਰਗੀ ਵਚਨਾਂ ਨਾਲੋਂ ਵੱਧ ਕੀਮਤੀ ਕਹਿੰਦਾ ਹਾਂ !

ਮਿੱਤਰ, ਕਿਰਪਾ ਨੇ ਮੇਰੇ ਵਿਸ਼ਵਾਸ਼ ਨੂੰ ਅਜ਼ਾਦ ਕੀਤਾ ਹੈ। ਉਸਦੀ ਭਲਾਈ, ਪਿਆਰ, ਸਮੱਰਥਾ, ਅਤੇ ਜੀਵਨ ਨੂੰ ਬਦਲਣ ਅਤੇ ਛੂਹਣ ਲਈ ਅਤੇ ਉਸ ਦੀ ਹਜ਼ੂਰੀ ਲਈ ਕਿਸੀ ਸ਼ਰਤ ਦੀ ਜਰੂਰਤ ਨਹੀਂ ਹੁੰਦੀ। ਉਸ ਔਰਤ ਨੂੰ, ਮਸੀਹ ਯਿਸੂ ਦੁਆਰਾ ਚੰਗਾਈ ਅਤੇ ਛੂਹੇ ਜਾਣ ਤੋਂ ਪਹਿਲਾਂ, ਮੈਨੂੰ ਉਸ ਦੇ ਪਾਪਾਂ, ਸੰਭਾਵਨਾਤਮਕ ਮਾਫ਼ੀ, ਪੈਤ੍ਰਿਕ ਅਧਰਮ, ਅਤੇ ਨਾ ਹੀ ਕਿਸੇ ਬਿਵਸਥਾ ਨੂੰ ਮੰਨਣ ਲਈ ਕਹਿਣਾ ਪਿਆ। ਮਸੀਹ ਯਿਸੂ ਦੀ ਪਿਤਾ ਵੱਲ ਸੰਪੂਰਨ ਆਗਿਆਕਾਰੀ ਨੇ ਬਿਵਸਥਾ ਦੀ ਹਰੇਕ ਮੰਗ ਨੂੰ ਪੂਰਾ ਕੀਤਾ ਜੋ ਸਾਡੇ ਕੋਲੋਂ ਚਾਹੀਦੀ ਸੀ। ਪਰਮੇਸ਼ਵਰ ਦੀ ਭਲ਼ਾਈ ਦੇ ਕਿਰਪਾ ਸੇਵਕ ਉਹੋ ਜਿਹੇ ਹੁੰਦੇ ਹਨ ਜਿਵੇਂ ਤੁਸੀਂ ਖੁਦ ਹੋਂ।

## ਅਨੰਤਕਾਲ ਦਾ ਬਲੀਦਾਨ/ਸੰਦੀਪਕ ਬਲੀਦਾਨ

ਕਿਰਪਾ ਦੀ ਖੁਸ਼ ਖਬਰੀ ਨਿਆਂ ਦੁਆਰਾ ਦਯਾ ਦੀ ਜਿੱਤ ਹੈ।ਅਗਰ ਪਰਮੇਸ਼ਵਰ ਨੇ ਪਾਪ ਨੂੰ ਜਾਂਚਣ ਵਿੱਚ ਗਲਤੀ ਕੀਤੀ ਹੁੰਦੀ ਤਾਂ ਉਸਨੂੰ ਆਪਣੇ ਅਨੰਤਕਾਲੀਨ ਨਿਆਂ ਦੇ ਗੁਣ ਵਿੱਚ ਸਮਝੌਤਾ ਕਰਨਾ ਪੈਣਾ ਸੀ।ਅਗਰ ਉਸਨੂੰ ਸਾਡੇ ਪਾਪਾਂ ਦੇ ਖਿਲਾਫ਼ ਨਿਆਂ ਕਰਨ ਵਿੱਚ ਸ਼ੰਤੁਸ਼ਟੀ ਹੈ ਤਾਂ ਉਸਨੂੰ ਸਾਡੇ ਪ੍ਰਤੀ ਆਪਣੇ ਮਹਾਨ ਪਿਆਰ ਅਤੇ ਦਯਾ ਦਾ ਇਨਕਾਰ ਕਰਨਾ ਪਵੇਗਾ।ਪਰਮੇਸ਼ਵਰ ਆਪਣੇ ਇੱਕ ਗੁਣ ਨੂੰ ਦੂਸਰੇ ਗੁਣ ਕਾਰਨ ਤਿਆਗਦਾ ਨਹੀਂ, ਪਰ ਕੁਝ ਗੁਣ ਦੂਸਰੇ ਗੁਣਾਂ ਨਾਲੋਂ ਵੱਧ ਮਹੱਤਵ ਦੇ ਹੁੰਦੇ ਹਨ, ਜਿਵੇਂ ਕਿ ਉਸ ਦਾ ਪਿਆਰ, ਦਯਾ, ਅਤੇ ਕਿਰਪਾ।ਪਰਮੇਸ਼ਵਰ ਨੇ, ਸ਼ੰਤੋਖਜਨਕ ਪੂਰੇ ਨਿਆਂ ਨੂੰ ਅਤੇ ਸਾਡੇ ਪਾਪਾਂ ਨੂੰ ਮਸੀਹ ਯਿਸੂ ਦੀ ਦੇਹੀ ਵਿੱਚ ਰੱਖ ਕੇ ਸਜ਼ਾ ਦਿੰਦੇ ਹੋਏ ਦਯਾ ਅਤੇ ਕਿਰਪਾ ਨਾਲ਼ ਪੂਰਾ ਕੀਤਾ, ਖੁਸ਼ ਖਬਰੀ ਦੀ ਮਹਾਨਤਾ ਦਾ ਸਭ ਤੋਂ ਡੂੰਘਾ ਅਰਥ ਇਹ ਹੈ (ਯਸਾਯਾਹ 53:4-10)।

"ਜੋ ਸ਼ਰਾ ਤੋਂ ਨਾ ਹੋ ਸਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ,ਪਰਮੇਸ਼ੁਰ ਨੇ ਆਪਣਾ ਪੁੱਤ੍ਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿੱਚ ਘੱਲ ਕੇ ਸਰੀਰ ਵਿੱਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ" ਰੋਮੀਆਂ 8:3

ਪਰਮੇਸ਼ਵਰ ਦਾ ਪਿਆਰ, ਦਯਾ ਅਤੇ ਕਿਰਪਾ ਪ੍ਰਦਾਨ ਕਰਨਾ ਬਹੁਤ ਗਹਿਰਾ ਹੈ, ਉਸ ਨੇ ਖੁਦ ਦੀ ਇੱਛਾ ਨਾਲ਼ ਸਾਰੀ ਸਜ਼ਾ ਨੂੰ , ਨਿਆਂ ਨੂੰ ਪੂਰਾ ਕਰਨ ਲਈ, ਆਪਣੀ ਕੀਮਤ ਦੇ ਕੇ ਪੂਰਾ ਕੀਤਾ, ਇਸ ਤਰ੍ਹਾਂ ਉਸ ਨੇ ਆਪਣੇ ਮਹਾਨਤਮ ਗੁਣ ਪ੍ਰਗਟ ਕੀਤੇ।ਮਨੁੱਖਾਂ ਨੂੰ ਉਤਪੰਨ ਕਰਨ ਲਈ, ਪਰਮੇਸ਼ਵਰ ਨੇ ਮਿੱਟੀ ਵਿੱਚ ਸਧਾਰਨ ਸਾਹ ਫੂਕਿਆ ਸੀ (ਉਤਪਤ 2:7)

ਫਿਰ ਵੀ, ਮਨੁੱਖਤਾ ਨੂੰ ਛੁਟਕਾਰਾ ਦੇਣ ਲਈ-ਡਿੱਗੇ ਹੋਏ ਮਨੁੱਖ ਨੂੰ ਵਾਪਸ ਆਪਣੀ ਪਹੁੰਚ ਵਿੱਚ ਲੈਣ ਅਤੇ ਮੇਲ-ਮਿਲਾਪ ਲਈ-ਮਸੀਹ ਨੂੰ ਨਿੰਦਿਆ, ਸਰਾਪ, ਮਾਰ-ਕੁੱਟ, ਕੋੜਿਆ ਦੀ ਸਜ਼ਾ ਸਹਿਣੀ ਪਈ ਅਤੇ ਉਸ ਨੇ ਮੌਤ ਤੱਕ ਆਪਣੇ ਪਵਿੱਤਰ ਲਹੂ ਦੀ ਹਰ ਬੂੰਦ ਵਹਾ ਦਿੱਤੀ

(ਇਬਰਾਨੀਆਂ 9:22)। ਪਰਮੇਸ਼ਵਰ ਧਰਤੀ ਨੂੰ ਤਬਾਹ ਕਰ ਸਕਦਾ ਸੀ ਅਤੇ ਨਵੀਂ ਸ਼ੁਰੂਆਤ ਕਰ ਸਕਦਾ ਸੀ। ਫਿਰ ਵੀ, ਤੁਹਾਡੇ ਲਈ ਉਸ ਦਾ ਪਿਆਰ, ਆਪਣੀ ਇੱਛਾ ਨਾਲ਼ ਤੁਹਾਡੀ ਸਜ਼ਾ ਅਤੇ ਮੌਤ ਦੀ ਸਜ਼ਾ ਨੂੰ ਆਪਣੇ ਉੱਪਰ ਲੈਣ ਦੇ ਦੁਆਰਾ ਪ੍ਰਗਟ ਹੁੰਦਾ ਹੈ।

ਕਿਰਪਾ ਦੀ ਖੁਸ਼ ਖਬਰੀ ਐਲਾਨ ਕਰਦੀ ਹੈ ਕਿ ਸਾਡੇ ਪਾਪ ਦਰਜ ਕੀਤੇ ਗਏ, ਪਰਖੇ ਗਏ ਅਤੇ ਨਿਆਂ ਕੀਤੇ ਗਏ, ਪਰ ਹੋਰ ਕਿਸੇ ਦੇ ਸਰੀਰ ਵਿੱਚ, ਇਸ ਕਾਰਨ ਅਸੀਂ ਅਜ਼ਾਦ ਰਹਿ ਸਕਦੇ ਹਾਂ! ਸੱਚਾਈ ਹੈ ਕਿ ਤੁਹਾਡੇ ਭੂਤਕਾਲ਼, ਵਰਤਮਾਨ ਕਾਲ਼ ਅਤੇ ਭਵਿੱਖ ਕਾਲ਼ ਦੇ ਸਾਰੇ ਪਾਪ ਪਹਿਲਾਂ ਹੀ ਨਿਆਂ ਕੀਤੇ ਗਏ ਸਨ ਜਿਸ ਕਾਰਨ ਤੁਹਾਨੂੰ ਨਿੰਦਿਆ, ਸ਼ਰਮ, ਅਤੇ ਅਸਥਿਰਤਾ ਤੋਂ ਮੁਕਤੀ ਮਿਲਦੀ ਹੈ–ਤੁਹਾਨੂੰ ਆਪਣੇ ਪਾਪਾਂ ਤੋਂ ਦੁਬਾਰਾ ਕਦੀ ਵੀ ਡਰਨ ਦੀ ਜਰੂਰਤ ਨਹੀਂ ਹੈ!ਬਿਵਸਥਾਧਾਰੀ ਮਸੀਹੀ ਇਸ ਤਰਕ ਨੂੰ ਖਤਰਨਾਕ ਮੰਨਦੇ ਹਨ ਕਿਉਂਕਿ ਉਹ ਵਿਸ਼ਵਾਸ਼ ਕਰਦੇ ਹਨ ਕਿ ਡਰ, ਪਿਆਰ ਨਾਲ਼ੋ ਵੱਡਾ ਸੰਚਾਲਕ ਹੈ। ਪਰ ਪਰਮੇਸ਼ਵਰ ਇਸ ਦੇ ਉੱਲਟ ਸਮਝਦਾ ਹੈ। ਰਾਸ਼ਟਰਾਂ ਨੂੰ ਤੌਬਾ ਵਿੱਚ ਲਿਆਉਣ ਲਈ ਉਹ ਨਿਰੰਤਰ ਪਿਆਰ ਅਤੇ ਭਲਾਈ ਨੂੰ ਸਭ ਤੋਂ ਵੱਡੇ ਸਫ਼ਲ ਹਥਿਆਰ ਮੰਨਦਾ ਹੈ। (ਰੋਮੀਆਂ 2:4)

"ਪ੍ਰੇਮ ਸਾਡੇ ਵਿੱਚ ਇਸ ਤੋਂ ਸੰਪੂਰਨ ਹੋਇਆ ਹੈ ਭਈ ਨਿਆਉਂ ਦੇ ਦਿਨ ਸਾਨੂੰ ਦਿਲੇਰੀ ਹੋਵੇ ਕਿਉਂਕਿ ਜਿਵੇਂ ਉਹ ਹੈ ਤਿਵੇਂ ਅਸੀਂ ਵੀ ਇਸ ਸੰਸਾਰ ਵਿੱਚ ਹਾਂ 0 ਪ੍ਰੇਮ ਵਿੱਚ ਧੜਕਾ ਨਹੀਂ ਸਗੋਂ ਪੂਰਾ ਪ੍ਰੇਮ ਧੜਕੇ ਨੂੰ ਹਟਾ ਦਿੰਦਾ ਹੈ ਕਿਉਂ ਜੋ ਧੜਕੇ ਵਿੱਚ ਸਜ਼ਾ ਹੈ ਅਤੇ ਉਹ ਜੋ ਧੜਕਦਾ ਹੈ ਸੋ ਪ੍ਰੇਮ ਵਿੱਚ ਸੰਪੂਰਨ ਨਹੀਂ ਹੋਇਆ ਹੈ" 1ਯੂਹੰਨਾ 4:17-18

ਪਿਤਾ ਚਾਹੁੰਦਾ ਹੈ ਕਿ, ਭਰੋਸੇ ਅਤੇ ਆਗਿਆਕਾਰੀ ਲਈ ਤੁਹਾਡਾ ਹਰੇਕ ਮਨੋਰਥ ਓਸ ਦੇ ਪਿਆਰ ਉੱਪਰ ਅਧਾਰਿਤ ਹੋਣਾ ਚਾਹੀਦਾ ਹੈ। ਉਸ ਨੇ ਆਪਣੇ ਪੁੱਤਰ ਨੂੰ ਖੁੱਲੇ ਤੌਰ ਉੱਤੇ ਸਜ਼ਾ ਦਿੱਤੀ ਕਿ ਤੁਸੀਂ ਆਪਣੇ ਹਿਰਦੇ ਨੂੰ ਯਕੀਨ ਦਿਵਾਓ ਕਿ ਡਰ ਕਾਰਨ ਤੁਸੀਂ ਉਸ ਦੀ ਕਦੇ ਵੀ ਨਹੀਂ ਸੁਣਨੀ। ਉਹ ਤੁਹਾਡੇ ਪਾਪਾਂ ਲਈ ਤੁਹਾਨੂੰ ਕਦੇ ਵੀ ਸਜ਼ਾ ਨਹੀਂ ਦੇਵੇਗਾ, ਅਗਰ ਉਸ ਨੇ ਅਜਿਹਾ ਕੀਤਾ, ਤਾਂ ਉਹ ਮਸੀਹ ਯਿਸੂ ਆਪਣੇ ਪੁੱਤਰ ਦੇ

ਕੀਮਤੀ ਬਲੀਦਾਨ ਤੋਂ ਇਨਕਾਰ ਕਰੇਗਾ! ਕੇਵਲ ਇੱਕ ਪਾਪ ਉਸ ਦੇ ਬਲੀਦਾਨ ਹੇਠ ਨਹੀਂ ਆਉਦਾ, ਉਹ ਹੈ ਅਵਿਸ਼ਵਾਸ਼ ਅਤੇ ਮਸੀਹ ਯਿਸੂ ਨੂੰ ਇਨਕਾਰ ਕਰਨ ਦਾ ਪਾਪ।

ਪ੍ਰਸਿੱਧ ਵਿਸ਼ਵਾਸ਼ ਅਤੇ ਆਧੁਨਿਕ-ਸਮੇਂ ਦੇ "ਨਬੀਆਂ" ਦੀਆਂ ਝੂਠੀਆਂ ਭਵਿੱਖਵਾਣੀਆਂ ਦੇ ਵਿਰੁੱਧ, ਪਰਮੇਸ਼ਵਰ ਇਸ ਸੰਸਾਰ ਦੇ ਪਾਪਾਂ ਦਾ ਨਿਆਂ ਨਹੀਂ ਕਰੇਗਾ (2 ਕੁੰਰਿਥੀਆਂ 5:18-19)।ਜਦੋਂ ਸਾਮਰੀਆਂ ਦੇ ਇੱਕ ਪਿੰਡ ਨੇ ਮਸੀਹ ਯਿਸੂ ਦਾ ਇਨਕਾਰ ਕੀਤਾ, ਉਸ ਦੇ ਚੇਲਿਆਂ ਨੇ ਢੁੱਕਵੀਂ ਸਜ਼ਾ ਦੇਣ ਦਾ ਫ਼ੈਸਲਾਂ ਕੀਤਾ ਅਤੇ ਉਨ੍ਹਾਂ ਦੇ ਪਾਪ ਲਈ ਸਵਰਗ ਤੋਂ ਅੱਗ ਵਰਾਉਣ ਦਾ ਨਿਰਣਾ ਕੀਤਾ।

"ਅਤੇ ਉਹ ਦੇ ਚੇਲੇ ਯਾਕੂਬ ਅਰ ਯੂੰਹਨਾ ਨੇ ਇਹ ਵੇਖ ਕੇ ਕਿਹਾ, ਪ੍ਰਭੁ ਜੀ ਕੀ ਤੇਰੀ ਮਰਜ਼ੀ ਹੈ ਜੋ ਅਸੀਂ ਹੁਕਮ ਕਰੀਏ ਭਈ ਅਕਾਸ਼ੋਂ ਅੱਗ ਵਰਸੇ ਅਤੇ ਇਨ੍ਹਾਂ ਦਾ ਨਾਸ ਕਰੇ? 0 ਪਰ ਉਹ ਨੇ ਮੁੜ ਕੇ ਉਨ੍ਹਾਂ ਨੂੰ ਝਿੜਕਿਆ 0 ਅਤੇ ਓਹ ਕਿਸੇ ਹੋਰ ਪਿੰਡ ਨੂੰ ਚੱਲੇ ਗਏ"॥ ਲੂਕਾ 9:54-56

ਮਸੀਹ ਯਿਸੂ ਨੇ ਉਨ੍ਹਾਂ ਨੂੰ ਝਿੜਕਿਆ ਅਤੇ ਉਨ੍ਹਾਂ ਦੇ ਮਨੋਰਥ ਨੂੰ ਸ਼ੈਤਾਨੀ ਆਖਿਆ।ਮਸੀਹ ਯਿਸੂ ਮਨੁੱਖਤਾ ਨੂੰ ਬਚਾਉਣ ਲਈ ਆਇਆ, ਨਾ ਕਿ ਉਨ੍ਹਾਂ ਦਾ ਨਿਆਂ ਕਰਨ, ਅਤੇ ਉਸ ਗੱਲ ਵਿੱਚ ਉਹ ਬਦਲਿਆ ਨਹੀਂ (ਇਬਰਾਨੀ 13:8)। ਨਿਆਂ ਲਈ ਇੱਕ ਦਿਨ ਹੋਵੇਗਾ ਜਦੋਂ ਸਾਰੀ ਮਨੁੱਖਤਾ ਮਸੀਹ ਯਿਸੂ ਦੇ ਸਾਹਮਣੇ ਖੜ੍ਹੀ ਹੋਵੇਗੀ।ਪਰੰਤੂ ਉਸ ਦਿਨ ਤੱਕ, ਪਰਮੇਸ਼ਵਰ ਇਸ ਸੰਸਾਰ ਦੇ ਪਾਪਾਂ ਦਾ ਨਿਆਂ ਨਹੀ ਕਰੇਗਾ।ਕੇਵਲ ਇੱਕੋ-ਇੱਕ ਬੁਰਾਈ ਦਾ ਨਿਆਂ ਉਸ ਦਿਨ ਹੋਵੇਗਾ, ਉਹ ਹੈ ਮਸੀਹ ਯਿਸੂ ਅਤੇ ਉਸ ਦੇ ਅਭਿਸ਼ੇਕ ਕੰਮਾਂ ਦਾ ਇਨਕਾਰ ਕਰਨਾ ਅਤੇ ਅਵਿਸ਼ਵਾਸ਼ (ਮਰਕੁਸ 16:16)।ਇੱਕ ਵਿਸ਼ਵਾਸ਼ੀ ਦੇ ਤੌਰ ਉੱਤੇ ਜਿਹੜਾ ਪਹਿਲਾਂ ਤੋਂ ਹੀ ਮਸੀਹ ਯਿਸੂ ਵਿੱਚ ਵਿਸ਼ਵਾਸ਼ ਕਰਦਾ ਹੈ, ਤੁਸੀਂ ਹੁਣ ਅਤੇ ਅਨੰਤਕਾਲ ਤੱਕ, ਨਿਆਂ/ਸਜ਼ਾ ਤੋਂ ਪੂਰੀ ਤਰ੍ਹਾਂ ਅਜ਼ਾਦ ਹੋਂ!

# ਸੰਪੂਰਨ ਕੰਮ

ਸੱਚਾਈ ਹੈ ਕਿ ਖੁਸ਼ ਖਬਰੀ ਪਰਮੇਸ਼ਵਰ ਦਾ ਸੁਨੇਹਾ ਹੈ, ਜੋ ਸਾਰੀ ਮਾਨਵਤਾ ਲਈ ਉਸ ਦੀ ਬਿਨ੍ਹਾਂ ਸ਼ਰਤ ਦੀ ਭਲਾਈ ਨੂੰ ਤਕੜਾਈ ਦਿੰਦੇ ਹੋਏ ਪੂਰਾ ਕਰਦੀ ਹੈ। ਖੁਸ਼ ਖਬਰੀ ਅਜਿਹਾ ਸ਼ੰਦੇਸ਼ ਨਹੀਂ ਕਿ ਪਰਮੇਸ਼ਵਰ ਮਾਫ਼ ਕਰੇਗਾ, ਚੰਗਾਈ ਦੇਵੇਗਾ, ਜਾਂ ਛੁਟਕਾਰਾ ਦੇਵੇਗਾ! ਬਲਕਿ ਉਹ ਤੁਹਾਨੂੰ ਪਹਿਲਾਂ ਹੀ ਮਾਫ਼ ਕਰ ਚੁੱਕਾ ਹੈ, ਚੰਗਾ ਕਰ ਚੁੱਕਾ ਹੈ, ਅਤੇ ਤੁਹਾਨੂੰ ਮੁਕਤ ਕਰ ਚੁੱਕਿਆ ਹੈ! ਪਿਤਾ ਨੇ ਪਹਿਲਾਂ ਹੀ ਤੁਹਾਡੇ ਨਾਲ਼ ਅਤੇ ਦੁਨੀਆਂ ਨਾਲ਼, ਖੁਦ ਦਾ ਮੇਲ-ਮਿਲਾਪ ਕਰ ਲਿਆ ਹੈ( 2 ਕੁਰਿੰਥੀਆ 5:18-19)

"ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ 0 ਸੋ ਜਦੋਂ ਅਸੀਂ ਹੁਣ ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ 0 ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤ੍ਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵੱਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ" ਰੋਮੀਆਂ 5:8-10

ਮਿੱਤਰ, ਜਦ ਅਸੀਂ ਵੈਰੀ ਹੀ ਸਾਂ, ਪਰਮੇਸ਼ਵਰ ਨੇ ਸਾਡੇ ਨਾਲ ਖੁਦ ਦਾ ਮੇਲ-ਮਿਲਾਪ ਕਰਾਇਆ। ਇੱਕ ਵੈਰੀ ਤੌਬਾ, ਪ੍ਰਾਥਨਾ, ਵਰਤ ਨਹੀਂ ਕਰਦਾ ਅਤੇ ਬੁਰਾਈ ਤੋਂ ਨਹੀ ਮੁੜਦਾ ਅਤੇ ਨਾ ਹੀ ਬਿਵਸਥਾ ਦਾ ਆਗਿਆਕਾਰੀ ਹੁੰਦਾ ਹੈ। ਜਦ ਅਸੀਂ ਵੈਰੀ ਹੀ ਸਾਂ, ਹਰੇਕ ਚੰਗੀ ਵਸਤੂ ਦੀ ਬਾਰਿਸ਼ ਕਰਕੇ, ਪਿਤਾ ਨੇ ਸਾਨੂੰ ਆਪਣਾ ਮਹਾਨ ਪਿਆਰ ਦਿਖਾਇਆ। ਇਹ ਸੱਚਾਈ ਬਿਵਸਥਾ, ਕੰਮਾਂ ਅਤੇ ਪ੍ਰਾਪਤੀ ਨੂੰ ਵੱਡਾ ਝਟਕਾ ਦਿੰਦੀ ਹੈ। ਕੋਈ ਵੀ ਕੰਮ ਅਜਿਹਾ ਨਹੀਂ ਹੈ ਜਿਸ ਨੂੰ ਕਰ ਕੇ ਤੁਸੀਂ ਪਰਮੇਸ਼ਵਰ ਨੂੰ ਮਾਫ਼ੀ, ਚੰਗਾਈ, ਆਸ਼ੀਸ਼ ਅਤੇ ਛੁਟਕਾਰਾ ਦੇਣ ਲਈ ਪ੍ਰੇਰਿਤ ਕਰ ਸਕੋਂ ਕਿਉਂਕਿ ਉਹ ਪਹਿਲਾਂ ਹੀ ਸਭ ਕੁਝ ਦੇ ਚੁੱਕਾ ਹੈ !ਆਗਿਆਕਾਰੀ ਦਾ ਕੋਈ ਮਾਪ ਤੁਸੀਂ ਨਹੀਂ ਬਣਾ ਸਕਦੇ। ਚੰਗਾਈ ਅਤੇ ਛੁਟਕਾਰੇ ਲਈ ਹੇਠਾਂ ਦਿੱਤੇ ਵਚਨਾਂ ਉੱਪਰ ਧਿਆਨ ਦਿਉ।

“ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ” ਕੁਲੁੱਸੀਆਂ 1:13

“ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ” 1 ਪਤਰਸ 2:24

## ਵਿਸ਼ਵਾਸ਼ ਦੁਆਰਾ ਪ੍ਰਾਪਤ ਹੋਇਆ

ਤੁਹਾਡੀ ਅਜ਼ਾਦ ਮਰਜ਼ੀ ਵਿੱਚ ਦਖਲ ਅੰਦਾਜ਼ੀ ਤੋਂ ਸਿਵਾਏ-ਅੱਛਾ ਪਿਤਾ ਤੁਹਾਡੀ ਆਤਮਾ, ਸਰੀਰ, ਅਤੇ ਜਾਨ ਲਈ ਮੁਕਤੀ ਦੀ ਹਰੇਕ ਜਰੂਰਤ ਨੂੰ ਪੂਰਾ ਕਰਦਾ ਹੈ। ਖੁਸ਼ ਖਬਰੀ ਦੀ ਕਿਰਪਾ ਦਾ ਜਵਾਬ ਕੇਵਲ ਵਿਸ਼ਵਾਸ਼ ਜਾਂ ਅਵਿਸ਼ਵਾਸ਼ ਹੈ। ਵਿਸ਼ਵਾਸ਼ ਸਧਾਰਨ ਭਰੋਸਾ ਕਰਨਾ ਹੈ, ਜਿਸ ਨੂੰ ਪਰਮੇਸ਼ਵਰ ਪਹਿਲਾਂ ਹੀ ਪੂਰਾ ਕਰ ਚੁੱਕਿਆ ਹੈ

ਵਿਸ਼ਵਾਸ਼ ਪ੍ਰਾਪਤੀ ਕਰਨਾ ਸਾਡਾ ਆਤਮਿਕ ਜਵਾਬ ਹੈ ਜਿਹੜਾ ਪਰਮੇਸ਼ਵਰ ਨੇ ਆਪਣੀ ਕਿਰਪਾ ਦੁਆਰਾ ਸਾਡੇ ਲਈ ਪੂਰਾ ਕੀਤਾ ਹੈ (ਅਫ਼ਸੀਆਂ 2:8)। ਵਿਸ਼ਵਾਸ਼ ਮਾਫ਼ੀ ਪ੍ਰਾਪਤ ਕਰਦਾ ਹੈ,ਜਿਹੜੀ ਪਰਮੇਸ਼ਵਰ ਸਾਡੇ ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖ ਕਾਲ ਦੇ ਸਾਰੇ ਪਾਪਾਂ ਲਈ ਪਹਿਲਾਂ ਹੀ ਦੇ ਚੁੱਕਾ ਹੈ। ਵਿਸ਼ਵਾਸ਼ ਚੰਗਾਈ ਪ੍ਰਾਪਤ ਕਰਦਾ ਹੈ ਜੋ ਮਸੀਹ ਯਿਸੂ ਦੇ ਜਖਮਾਂ ਦੁਆਰਾ ਪੂਰੀ ਹੁੰਦੀ ਹੈ। ਵਿਸ਼ਵਾਸ਼ ਅੰਧਕਾਰ ਦੇ ਅਧਿਕਾਰ ਤੋਂ ਮੁਕਤੀ ਅਤੇ ਅਜ਼ਾਦੀ ਪ੍ਰਾਪਤ ਕਰਦਾ ਹੈ। ਸਾਡੇ ਵਲੋਂ ਪ੍ਰਾਪਤ ਕੀਤੀਆਂ ਅਸ਼ੀਸ਼ਾਂ ਦਾ, ਵਿਸ਼ਵਾਸ਼ ਅਨੰਦ ਲੈਂਦਾ ਹੈ, ਜਿਹੜੀਆਂ ਪਰਮੇਸ਼ਵਰ ਨੇ ਪਹਿਲਾਂ ਹੀ ਦੇ ਦਿਤੀਆਂ ਹਨ।

ਵਿਸ਼ਵਾਸ਼ ਮਨੁੱਖਤਾ ਅਤੇ ਪਰਮੇਸ਼ਵਰ ਦੇ ਵਿਚਕਾਰ ਏਕਤਾ ਦਾ ਅਨੰਦ ਮਾਣਦਾ ਹੈ ਜਿਹੜੀ ਮਸੀਹ ਯਿਸੂ ਵਿੱਚ ਸੁਰੱਖਿਅਤ ਸੀ। ਯੂੰਹਨਾ 1:12 ਦੇਖੋ ਅਤੇ ਨੋਟ ਕਰੋ ਕਿ ਕਿਵੇਂ ਵਿਸ਼ਵਾਸ਼ ‘ਪ੍ਰਾਪਤ ਕਰਨ ਲਈ’ ਸਿੱਧੇ ਤੌਰ ਉੱਤੇ ਜੁੜਿਆ ਹੋਇਆ ਹੈ।

“ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਓਨ੍ਹਾਂ ਨੂੰ ਪਰਮੇਸ਼ਵਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ” ਯੂੰਹਨਾ 1:12

ਮਿੱਤਰ, ਪਰਮੇਸ਼ਵਰ ਦੀ ਕਿਰਪਾ ਦੀ ਭਲਾਈ ਬਹੁਤ ਜ਼ਿਆਦਾ ਗਹਿਰੀ ਅਤੇ ਅਜੀਬ ਹੈ।ਭਾਵੇਂ ਤੁਸੀਂ ਕਿਰਪਾ ਲਈ ਹੋਰ ਸੱਚਾਈ ਜਾਣਨ ਦੇ ਭੁੱਖੇ-ਪਿਆਸੇ ਹੋਵੋਂ ਜਾਂ ਤੁਹਾਨੂੰ ਕਿਰਪਾ ਨੂੰ ਸਮਝਣਾ ਔਖਾ ਹੋਵੇ, ਮੈਂ ਤੁਹਾਨੂੰ ਆਪਣੀ ਲਿਖੀ ਹੋਈ ਕਿਰਪਾ ਦੀ ਪੁਸਤਕ ਲੈਣ ਲਈ ਉਤਸ਼ਾਹਿਤ ਕਰਦਾ ਹਾਂ:ਪਰਮੇਸ਼ਵਰ ਦੇ ਹਿਰਦੇ ਨੇ ਉਜ਼ਾਗਰ ਕੀਤਾ ਹੈ ਕਿ ਕਿਰਪਾ ਦਾ ਪੂਰਾ ਅਧਿਅਨ, ਤੁਹਾਡੇ ਆਤਮਿਕ ਜੀਵਨ ਨੂੰ ਅਜੀਬ ਤੌਰ ਉਤੇ ਬਦਲ ਸਕਦਾ ਹੈ।

**ਝੁੰਡ ਵਿੱਚ ਜਾਂ ਵਿਅਕਤੀਗਤ ਤੌਰ ਉੱਤੇ ਵਿਚਾਰੇ ਜਾਣ ਵਾਲੇ ਉਪਯੋਗੀ ਪ੍ਰਸ਼ਨ:**

1. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਕਿਰਪਾ ਸੰਬੰਧੀ ਤੁਹਾਡੀ ਪਰਿਭਾਸ਼ਾ ਕੀ ਸੀ? ਪਰਮੇਸ਼ਵਰ ਦੀ ਕਿਰਪਾ ਨੂੰ ਸਮਝਣ ਅਤੇ ਜਾਣਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?

2. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਤੁਹਾਡੀਆਂ 'ਜੇਕਰ ਇਹ ਕਰੋਂਗੇ, ਤਦ ਹੀ ਇਹ ਹੋਵੇਗਾ'ਵਾਲੀਆਂ ਕਿਹੜੀਆਂ ਗੱਲਾਂ ਸਨ, ਜਿਹੜੀਆਂ ਤੁਹਾਡੀ ਕਿਰਪਾ ਸੰਬੰਧੀ ਉਲਝਣਾਂ ਨੂੰ ਪ੍ਰਗਟ ਕਰਦੀਆਂ ਸਨ?

3. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਕੀ ਤੁਹਾਡੀ ਸੋਚ ਵਿੱਚ ਸ਼ਰਤਾਂ ਸਨ ਜੋ ਪਰਮੇਸ਼ਵਰ ਦੁਆਰਾ ਤੁਹਾਨੂੰ ਆਸ਼ੀਸ਼ ਦੇਣ, ਮਾਫ਼ ਕਰਨ, ਜਾਂ ਤੁਹਾਨੂੰ ਚੰਗਾ ਕਰਨ ਤੋਂ ਪਹਿਲਾਂ ਪੂਰੀਆਂ ਕਰਨੀਆਂ ਜ਼ਰੂਰੀ ਸਨ?

4. ਕੀ ਤੁਹਾਡੀ ਖੁਸ਼ ਖਬਰੀ ਸੰਬੰਧੀ ਸੂਝ ਬਿਵਸਥਾ ਅਧਾਰਿਤ, ਰਲ਼ੀ-ਮਿਲ਼ੀ, ਜਾਂ ਕਿਰਪਾ ਅਧਾਰਿਤ ਸੀ? ਕੀ ਇਸ ਅਧਿਆਇ ਨੇ ਤੁਹਾਡੀ ਖੁਸ਼ ਖਬਰੀ ਸੰਬੰਧੀ ਸੂਝ ਨੂੰ ਬਦਲ ਦਿੱਤਾ ਹੈ? ਜੇਕਰ ਇਸ ਤਰ੍ਹਾਂ ਹੋਇਆ ਹੈ, ਤਾਂ ਕਿਵੇਂ?

5. ਦੋਨਾਂ ਨੇਮਾਂ ਵਿੱਚ ਅੰਤਰ ਨੂੰ ਸਮਝਣ ਦੀ ਘਾਟ ਕਾਰਨ, ਕਿਵੇਂ ਲੋਕ ਪਰਮੇਸ਼ਵਰ ਦੀ ਭਲਾਈ ਨੂੰ ਪ੍ਰਾਪਤ ਕਰਨ ਵਿੱਚ ਅਸਫ਼ਲ ਹੋ ਜਾਂਦੇ

ਹਨ? ਪਰਮੇਸ਼ਵਰ ਨਾਲ਼ ਆਪਣੀ ਆਤਮਿਕ ਚਾਲ਼ ਅਤੇ ਉੱਤਰ ਨਾ ਦਿੱਤੀ ਗਈ ਪ੍ਰਾਥਨਾ ਦੇ ਖੇਤਰਾਂ ਦੀ ਪੜਤਾਲ਼ ਕਰੋ। ਕੀ ਉੱਤਰ ਨਾ ਦਿੱਤੀਆਂ ਗਈਆਂ ਪ੍ਰਾਥਨਾਵਾਂ ਦਾ ਕਾਰਨ, ਕਿਰਪਾ ਨੂੰ ਸਮਝਣ ਦੀ ਘਾਟ ਕਾਰਨ ਹੈ? ਕੀ ਤੁਸੀਂ ਉੱਤਰ ਨਾ ਦਿੱਤੀਆਂ ਗਈਆਂ ਪ੍ਰਾਥਨਾਵਾਂ ਨੂੰ ਬਿਵਸਥਾ ਦੇ ਅਨੁਸਾਰ 'ਪ੍ਰਾਪਤ ਕਰਨ ਲਈ ਸਖਤ ਮਿਹਨਤ ਕਰ ਰਹੇ ਹੋਂ?

6. ਕੀ ਤੁਸੀਂ ਪਾਪਾਂ ਦੀ ਸਜ਼ਾ ਮਿਲਣ ਦੇ ਡਰ ਕਾਰਨ ਸੰਘਰਸ਼ ਕਰ ਰਹੇ ਹੋਂ? ਕੀ ਸ਼ਰਮ ਅਤੇ ਨਿਖੇਧੀ ਤੁਹਾਡੀ ਆਤਮਿਕ ਚਾਲ਼ ਵਿੱਚ ਵਰਤਮਾਨ ਵੈਰੀ ਹੈ? ਕਿਵੇਂ ਮਸੀਹ ਯਿਸੂ ਦੀ ਪਹਿਚਾਣ ਨੇ ਤੁਹਾਡੇ ਸਾਰੇ ਪਾਪਾਂ ਅਤੇ ਸਜ਼ਾ ਨੂੰ ਝੱਲਿਆ ਤਾਂ ਕਿ ਇਸ ਤਰ੍ਹਾਂ ਦੇ ਭਾਵਨਾਤਮਕ ਟਕਰਾਵ ਤੋਂ ਤੁਹਾਨੂੰ ਅਜ਼ਾਦ ਕਰਾਵੇ।

7. ਕਿਵੇਂ ਪਰਮੇਸ਼ਵਰ ਦੇ ਕੰਮ ਪੂਰੇ ਅਤੇ ਸੰਪੂਰਨ ਹੋਏ ਦੀ ਜਾਣਕਾਰੀ ਨੇ ਤੁਹਾਡੇ ਹਿਰਦੇ ਵਿੱਚ ਸ਼ਾਂਤੀ ਅਤੇ ਅਰਾਮ ਦਿੱਤਾ ?

8. ਤੁਹਾਡੇ ਵਿਸ਼ਵਾਸ਼ ਦੀ ਪਰਿਭਾਸ਼ਾ ਕੀ ਹੈ? ਕੀ ਤੁਸੀਂ ਵਿਸ਼ਵਾਸ਼ ਨੂੰ ਆਤਮਿਕ ਗੁਣ ਸਮਝਦੇ ਹੋਂ ਜਿਸ ਕਾਰਨ ਪਰਮੇਸ਼ਵਰ ਤੁਹਾਨੂੰ ਆਸ਼ੀਸ਼ ਦੇਣ ਲਈ ਪ੍ਰੇਰਿਤ ਹੁੰਦਾ ਹੈ? ਅਤੇ ਕੀ ਵਿਸ਼ਵਾਸ਼ ਉਸ ਦੀ ਭਲਾਈ ਦਾ ਜਵਾਬ ਹੈ?

9. ਕੀ ਕਿਰਪਾ ਦੀ ਖੁਸ਼ ਖਬਰੀ ਗੁਆਚਿਆਂ ਹੋਇਆਂ ਨੂੰ ਬਦਲਣ ਅਤੇ ਜਿੱਤਣ ਲਈ, ਬਿਵਸਥਾ-ਅਧਾਰਿਤ ਖੁਸ਼ ਖਬਰੀ ਦੇ ਮੁਕਾਬਲੇ ਜਿਆਦਾ ਅਸਰਦਾਰ ਹੈ? ਇਸ ਤਰ੍ਹਾਂ ਕਿਵੇਂ?

# ਛੁਟਕਾਰਾ

"ਸੋ ਜਿਹੜੇ ਖਿੰਡ ਗਏ ਸਨ ਬਚਨ ਦੀ ਖੁਸ਼ ਖਬਰੀ ਸੁਣਾਉਂਦੇ ਫਿਰੇ 0 ਅਤੇ ਫਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪਰਚਾਰ ਕੀਤਾ 0 ਅਤੇ ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ 0 ਕਿਉਂਕਿ ਭਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਨ੍ਹਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ 0 ਅਰ ਉਸ ਨਗਰ ਵਿੱਚ ਵੱਡੀ ਧੰਨ ਧੰਨ ਹੋਈ"॥

ਮਸੀਹ ਯਿਸੂ ਦਾ ਸ਼ੰਦੇਸ਼ ਹੀ, ਕੇਵਲ ਉਹ ਸ਼ੰਦੇਸ਼ ਹੈ, ਜਿਸ ਵਿੱਚ ਮਾਨਵਤਾ ਨੂੰ ਛੁਟਕਾਰਾ ਦੇਣ ਦੀ ਸਮੱਰਥਾ ਹੈ। ਪਵਿੱਤਰ ਸ਼ਾਸ਼ਤਰ ਵਿੱਚ ਬਹੁਤ ਸਾਰੇ ਹੋਰ ਸਿਧਾਂਤ ਅਤੇ ਸਿੱਖਿਆਵਾਂ ਹਨ;ਫਿਰ ਵੀ, ਉਨ੍ਹਾਂ ਵਿਚੋਂ ਕਿਸੇ ਵਿੱਚ ਵੀ ਤੁਹਾਨੂੰ ਅਤੇ ਇਸ ਗੁਆਚੇ ਹੋਏ ਸੰਸਾਰ ਨੂੰ ਛੁਟਕਾਰਾ ਦੇਣ ਲਈ ਸਮੱਰਥਾ ਨਹੀਂ ਹੈ। ਪਵਿੱਤਰ ਆਤਮਾ ਨੂੰ, ਪਵਿੱਤਰ ਸ਼ਾਸ਼ਤਰ ਦੇ ਕਿਸੇ ਹਿੱਸੇ ਨੂੰ, ਜਿਸ ਨੂੰ ਤੁਸੀਂ ਸਿਖਾਉਣ ਲਈ ਫ਼ੈਸਲਾ ਕਰਦੇ ਹੋਂ, ਵਾਸਤੇ ਨਹੀਂ ਸਗੋਂ ਮਸੀਹ ਯਿਸੂ ਨੂੰ ਮਹਿਮਾ ਦੇਣ ਲਈ ਭੇਜਿਆ ਸੀ। ਅਗਰ ਅਸੀਂ ਮਨੁੱਖਤਾ ਨੂੰ ਛੁਟਕਾਰਾ ਦੇਣਾ ਚਾਹੁੰਦੇ ਹਾਂ, ਤਾਂ ਸਾਨੂੰ ਵਿਸ਼ਵਾਸ਼ ਅਤੇ ਪ੍ਰਚਾਰ ਕਰਨ ਵਿੱਚ ਜ਼ਰੂਰ ਹੀ ਮਸੀਹ ਕੇਂਦਰਿਤ ਹੋਣਾ

ਪਵੇਗਾ। ਮਸੀਹ ਯਿਸੂ ਦਾ ਸ਼ੰਦੇਸ਼ ਗੁਆਚਿਆਂ ਹੋਇਆਂ ਲਈ ਹੀ ਨਹੀਂ ਸਗੋਂ ਬਚਾਇਆਂ ਹੋਇਆਂ ਲਈ ਵੀ ਹੈ। ਅਸੀਂ ਦੇਖਾਂਗੇ, ਛੁਟਕਾਰੇ ਵਿੱਚ ਪਾਪ ਦੀ ਮਾਫ਼ੀ ਤੋਂ ਵੱਧ ਬਹੁਤ ਕੁਝ ਹੈ, ਅਤੇ ਇੱਕਲਾ ਮਸੀਹ ਯਿਸੂ ਹੀ ਹਰੇਕ ਜ਼ਰੂਰਤ ਦਾ ਉੱਤਰ ਹੈ।

ਅਫਸੋਸ ਪੂਰਵਕ, ਬਹੁਤ ਸਾਰੇ ਪ੍ਰਾਥਨਾ ਭਵਨਾਂ ਵਿੱਚ ਤਿੰਨ, ਪੰਜ, ਜਾਂ ਦੱਸ ਇਕਾਈ ਬਾਈਬਲ ਦੇ ਨਿਯਮਾਂ ਨਾ਼ਲ ਪ੍ਰਚਾਰ ਕੀਤਾ ਜਾਂਦਾ ਹੈ, ਜਿਹੜੇ ਆਮ ਤੌਰ ਉੱਤੇ ਪੁਰਾਣੇ ਨਿਯਮ ਨਾ਼ਲ ਬੁਨਿਆਦੀ ਤੌਰ ਉੱਤੇ ਜੁੜੇ ਹੋਏ ਹਨ।

ਮਿੱਤਰ ਤੁਸੀਂ ਦਸਵੰਧ ਦੇ ਸਕਦੇ ਹੋਂ ਅਤੇ ਆਪਣੇ ਦਿੱਤੇ ਹੋਏ ਦਸਵੰਧ ਉਪਰ, ਬਿਨ੍ਹਾਂ ਕਿਸੇ ਹਵਾਲੇ, ਵਿਸ਼ਵਾਸ਼ ਜਾਂ ਮਸੀਹ ਵਿੱਚ ਭਰੋਸੇ ਦੇ, ਵਿਸ਼ਵਾਸ਼ ਕਰ ਸਕਦੇ ਹੋਂ ਕਿ ਦਸਵੰਧ ਤੁਹਾਨੂੰ ਤੁਹਾਡੀ ਜ਼ਰੂਰਤ ਦੇ ਸਮੇਂ ਆਰਥਿਕ ਪੱਖ ਤੋਂ ਬਚਾਏਗਾ। ਇਹ ਵਿਸ਼ਵਾਸ਼ ਖਤਰਨਾਕ ਹੈ। ਮਿੱਤਰ ਤੁਸੀਂ ਪੱਛਿਆਤਾਪ ਕਰ ਅਤੇ ਵਰਤ ਰੱਖ ਸਕਦੇ ਹੋਂ, ਅਤੇ ਆਪਣੇ ਹਿਰਦੇ ਵਿੱਚ ਪ੍ਰਾਥਨਾ ਕਰ ਸਕਦੇ ਹੋਂ, ਜਿਵੇਂ ਕਿ 2 ਇਤਿਹਾਸ 7:14 ਵਿੱਚ ਦੱਸਿਆ ਗਿਆ ਹੈ, ਮਸੀਹ ਯਿਸੂ ਨੂੰ ਦੇਖੇ ਬਿਨ੍ਹਾਂ ਪਰਮੇਸ਼ਵਰ ਦੀ ਨਿਹਚਾ ਵਿੱਚ ਤੁਹਾਡੇ ਹਲਾਤਾਂ ਦਾ ਬਦਲਣਾ ਅਤੇ ਉਸ ਦੇ ਮੁਕੰਮਲ ਕੀਤੇ ਕੰਮਾਂ ਉਤੇ ਤੁਹਾਡਾ ਭਰੋਸਾ ਨਾ ਰੱਖਣਾ, ਖਤਰਨਾਕ ਹੈ। ਮਸੀਹ ਯਿਸੂ ਵਿੱਚ ਪੱਕੀ ਜੜ੍ਹ ਫੜੇ ਬਿਨ੍ਹਾਂ, ਵਿਸ਼ਵਾਸ਼ੀ ਆਤਮਿਕ ਕਸਰਤ ਕਰ ਰਹੇ ਹਨ ਅਤੇ ਬਾਈਬਲ ਦੇ ਇੱਕ ਹੁਕਮ ਤੋਂ ਦੂਸਰੇ ਹੁਕਮ ਵ਼ਲ ਰੁੜ੍ਹ ਰਹੇ ਹਨ। ਆਉ ਅਸੀਂ ਉਹ ਗਲਤੀ ਨਾ ਕਰੀਏ !ਅਗਰ ਅਸੀਂ ਨਵੇਂ ਨੇਮ ਦੇ ਨਤੀਜੇ ਚਾਹੁੰਦੇ ਹਾਂ-ਜਿਹੋ ਜਿਹੇ ਨਤੀਜੇ ਅਸੀਂ ਮਸੀਹ ਯਿਸੂ ਅਤੇ ਰਸੂਲਾਂ ਵਿੱਚ ਦੇਖਦੇ ਹਾਂ-ਤਦ ਸਾਨੂੰ ਮਸੀਹ ਵ਼ਲ ਮਜ਼ਬੂਤੀ ਨਾ਼ਲ ਦੇਖਣ ਦੀ ਜਰੂਰਤ ਹੈ (ਇਬਰਾਨੀਆਂ 12:2)। ਉਹ ਇੱਕਲਾ ਹੀ ਅਲਫ਼ਾ ਅਤੇ ਓਮੇਗਾ ਹੈ !ਕੀ ਮੈਂ ਤੁਹਾਨੂੰ ਪੁਰਾਣਾ ਨੇਮ ਪੜ੍ਹਨ ਤੋਂ ਨਿਰਉਤਸ਼ਾਹਿਤ ਕਰ ਰਿਹਾ ਹਾਂ? ਨਹੀਂ, ਬਿਲਕੁਲ ਵੀ ਨਹੀਂ। ਪੁਰਾਣਾ ਨੇਮ ਬਹੁਤ ਜ਼ਿਆਦਾ ਲਾਭਦਾਇਕ ਹੈ, ਵਿਸ਼ੇਸ਼ ਕਰਕੇ ਤਦ ਜੇਕਰ ਤੁਹਾਨੂੰ ਪੁਰਾਣੇ ਨੇਮ ਦੀ ਹਰੇਕ ਪਰਛਾਈ ਅਤੇ ਪ੍ਰਤੀਰੂਪ ਨੂੰ ਆਉਣ ਵਾ਼ਲੇ ਮਸੀਹ ਵੱਲ ਇਸ਼ਾਰਾ ਕਰਦੇ ਹੋਏ ਸਿੱਖਿਆ ਦਿੱਤੀ ਗਈ ਹੋਵੇ। ਫਿਰ ਵੀ, ਜਦ ਸੱਚਾਈ ਆ

ਚੁੱਕੀ ਹੈ, ਤਾਂ ਸਾਨੂੰ ਪਰਛਾਈ ਵੱਲ ਹੋਰ ਦੇਖਣ ਦੀ ਜਰੂਰਤ ਨਹੀਂ ਹੈ! ਕੀ ਮੈਂ ਤੁਹਾਨੂੰ ਦਸਵੰਧ ਕੱਢਣ ਤੋਂ ਨਿਰਉਤਸਾਹਿਤ ਕਰ ਰਿਹਾ ਹਾਂ? ਨਹੀਂ, ਮੈਂ ਖੁਦ ਦਸਵੰਧ ਕੱਢਦਾ ਹਾਂ। ਫਿਰ ਵੀ, ਮੇਰਾ ਦਸਵੰਧ ਕੱਢਣਾ ਅਤੇ ਦੇਣਾ, ਮਸੀਹ ਯਿਸੂ ਵਿੱਚ ਮੇਰੇ ਵਿਸ਼ਵਾਸ਼ ਦੀ ਬਹੁਤਾਇਤ ਹੈ, ਜੋ ਵਿਸ਼ਵਾਸ਼ ਦਾ ਮੂਲ ਨਹੀਂ ਹੈ!

ਮਸੀਹ ਦਾ ਸ਼ੰਦੇਸ਼- ਜਦੋਂ ਸਹੀ ਤਰੀਕੇ ਨਾਲ਼ ਵਿਸ਼ਵਾਸ਼ ਕੀਤਾ ਜਾਂਦਾ ਹੈ ਅਤੇ ਵਿਸ਼ਵਾਸ਼ ਵਿੱਚ ਐਲਾਨ ਕੀਤਾ ਜਾਂਦਾ ਹੈ-ਹਮੇਸ਼ਾ ਅਲੌਕਿਕ ਨਤੀਜ਼ੇ ਪ੍ਰਗਟ ਕਰਦਾ ਹੈ। ਜਦ ਫਿਲਿੱਪੁਸ ਨੇ ਨਿਡਰਤਾ ਨਾਲ਼ ਮਸੀਹ ਦਾ ਐਲਾਨ ਕੀਤਾ, ਦੁਸ਼ਟ ਆਤਮਾ ਨਿਕਲ ਗਏ, ਅਤੇ ਲੰਙੇ ਚੱਲਣ ਲੱਗੇ! ਪੂਰੇ ਨਗਰ ਵਿੱਚ ਇਸ ਗੱਲ ਦੀ ਵੱਡੀ ਖੁਸ਼ੀ ਸੀ !ਉਹ ਨਤੀਜ਼ੇ ਹਨ-ਜਿਸ ਸਥਾਨ ਉਤੇ ਮੈਂ ਹਾਂ-ਪਰ ਤੁਸੀਂ ਕਿਥੇ ਹੋਂ?

## ਮਸੀਹ ਯਿਸੂ ਦਾ ਜੀਵਨ,ਮੌਤ ਅਤੇ ਮੁਰਦਿਆਂ ਵਿੱਚੋਂ ਜੀ ਉੱਠਣਾ

ਮਸੀਹ ਯਿਸੂ ਦੇ ਸ਼ੰਦੇਸ਼ ਦੇ ਤਿੰਨ ਪੱਖ ਹਨ, ਜਿਨ੍ਹਾਂ ਦਾ ਐਲਾਨ ਕਰਨਾ ਸਾਡੇ ਲਈ ਜ਼ਰੂਰੀ ਹੈ। ਇਤਿਹਾਸਿਕ ਪੱਖ ਤੋਂ ਗੱਲ ਕਰੀਏ ਤਾਂ ਮਸੀਹ ਯਿਸੂ ਦੀ ਮੌਤ ਨੇ ਸਭ ਤੋਂ ਵੱਧ ਧਿਆਨ ਖਿਚਿਆ ਹੈ, ਅਤੇ ਫਿਰ ਉਸ ਦੇ ਜੀ ਉੱਠਣ ਨੇ। ਫਿਰ ਵੀ, ਮਸੀਹ ਯਿਸੂ ਦੀ ਜਿੰਦਗੀ ਵੀ ਓਨ੍ਹੀ ਹੀ ਮਹੱਤਵਪੂਰਨ ਹੈ। ਸਾਡੀ ਮੁਕਤੀ ਉਸ ਦੀ ਮੌਤ ਵਿੱਚ ਹੀ ਨਹੀਂ ਸਗੋਂ ਉਸ ਦੇ ਜੀਵਨ ਅਤੇ ਜੀ ਉਠਣ ਵਿੱਚ ਵੀ ਹੈ;ਇਨ੍ਹਾਂ ਤਿੰਨਾਂ ਦਾ ਐਲਾਨ ਅਸੀਂ ਜ਼ਰੂਰ ਕਰਨਾ ਹੈ। ਜਿਵੇਂ ਅਸੀਂ ਦੇਖਦੇ ਹਾਂ ਕਿ ਛੁਟਕਾਰੇ ਦਾ ਕੰਮ ਮਸੀਹ ਦੇ ਇਸ ਧਰਤੀ ਉੱਤੇ ਜਨਮ ਨਾਲ਼ ਸ਼ੁਰੂ ਹੋਇਆ ਅਤੇ ਉਸ ਦੇ ਮੁਰਦਿਆਂ ਵਿਚੋਂ ਜੀ ਉੱਠਣ ਨਾਲ਼ ਪੂਰਾ ਹੋਇਆ ਸੀ। ਉਸ ਦੀ ਛੁਟਕਾਰਾ ਦੇਣ ਵਾਲ਼ੀ ਜ਼ਿੰਦਗੀ, ਮੌਤ, ਅਤੇ ਜੀ ਉੱਠਣ ਦਾ ਇਹ ਸ਼ੰਦੇਸ਼, ਸਾਡੀਆਂ ਸਾਰੀਆਂ ਔਕੜਾਂ ਅਤੇ ਜ਼ਰੂਰਤਾਂ ਲਈ ਪਰਮੇਸ਼ਵਰ ਦਾ ਠਹਿਰਾਇਆ ਹੋਇਆ ਹੱਲ ਹੈ।

ਅਸੀਂ ਮਸੀਹ ਯਿਸੂ ਦੇ ਛੁਟਕਾਰਾ ਦੇਣ ਵਾਲ਼ੇ ਕੇਵਲ ਪੰਜ ਕੰਮਾਂ ਦਾ ਪ੍ਰੀਖਣ ਕਰਾਂਗੇ, ਭਾਵੇਂ ਪਵਿੱਤਰ ਸ਼ਾਸ਼ਤਰ ਵਿੱਚ ਬਹੁਤ ਸਾਰੇ ਕੰਮ ਹਨ। ਇਹ ਪੰਜ ਮਾਨਵਤਾ ਦੀਆਂ ਮਹਾਨ ਜ਼ਰੂਰਤਾਂ ਬਾਰੇ ਸੰਬੋਧਨ ਕਰਦੇ

ਹਨ, ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਪਵਿੱਤਰ ਆਤਮਾ ਤੁਹਾਨੂੰ ਹੋਰ ਵੀ ਵਿਖਾਏਗਾ।

## ਅਗਿਆਨਤਾ ਅਤੇ ਧੋਖੇ ਤੋਂ ਛੁਟਕਾਰਾ

ਪਰਮੇਸ਼ਵਰ ਤੋਂ ਅਲੱਗ ਹੋਈ ਮਾਨਵਤਾ-ਉਸ ਦੀ ਮਹਿਮਾ ਵਿੱਚ ਰਹਿਣ ਦੇ ਅਯੋਗ ਸੀ। ਸਾਡੀ ਪਰਮੇਸ਼ਵਰ ਸੰਬੰਧੀ ਸੂਝ, ਪਾਪ ਦੁਆਰਾ ਦੂਸ਼ਿਤ, ਗੰਦੀ ਅਤੇ ਭ੍ਰਿਸ਼ਟ ਹੋ ਗਈ ਸੀ। ਕੋਈ ਵੀ ਢੁੱਕਵੇਂ ਢੰਗ ਨਾਲ਼ ਪਰਮੇਸ਼ਵਰ ਨੂੰ ਨਹੀਂ ਜਾਣ ਸਕਦਾ ਸੀ ਕਿਉਂਕਿ ਮਨੁੱਖਤਾ ਨੂੰ ਆਪਣੇ ਡਿੱਗੇ ਹੋਣ ਦੀ ਅਯੋਗਤਾ ਕਾਰਨ ਪਰਮੇਸ਼ਵਰ ਨੂੰ ਆਤਮਿਕ ਤੌਰ ਉੱਤੇ ਸਮਝਣ ਲਈ, ਛੁਟਕਾਰਾ ਪਾਉਣ ਦੀ ਜਰੂਰਤ ਸੀ।

ਪੁਰਾਣੇ ਨੇਮ ਵਿੱਚ ਪਰਮੇਸ਼ਵਰ ਬਹੁਤ ਸਾਰੇ ਨਬੀਆਂ ਦੁਆਰਾ ਬੋਲਿਆ-ਕੁਝ ਨਾਲ਼ ਸੁਪਨਿਆਂ ਵਿੱਚ, ਦੂਸਰਿਆਂ ਨਾਲ਼ ਦਰਸ਼ਨਾਂ ਵਿੱਚ, ਇੱਕ ਵਾਰੀ ਬਲਦੀ ਝਾੜੀ ਵਿੱਚ-ਪਰ ਉਸ ਨੂੰ ਪੂਰੀ ਤਰ੍ਹਾਂ ਪ੍ਰਦਰਸ਼ਿਤ ਕਰਨ ਵਿੱਚ, ਇਹ ਸਭ ਅਸਫ਼ਲ ਰਹੇ। ਇਸ ਕਰਕੇ, ਪਿਤਾ ਪਰਮੇਸ਼ਵਰ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਨ ਲਈ ਮਸੀਹ ਯਿਸੂ ਨੂੰ ਭੇਜਿਆ ਗਿਆ।

"ਪਰਮੇਸ਼ੁਰ ਨੇ ਜਿਨ ਪਿੱਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰ੍ਹਾਂ ਨਾਲ ਗੱਲ ਕੀਤੀ ਸੀ 0 ਇੰਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ ਜਿਹ ਨੂੰ ਉਹ ਨੇ ਸਭਨਾਂ ਵਸਤਾਂ ਦਾ ਵਾਰਸ ਬਣਾਇਆ ਅਤੇ ਓਸੇ ਦੇ ਵਸੀਲੇ ਉਹ ਨੇ ਜਹਾਨ* ਵੀ ਰਚੇ 0 ਉਹ ਉਸ ਦੇ ਤੇਜ ਦਾ ਪਿਰਤ ਬਿੰਬ ਅਤੇ ਉਸ ਦੀ ਜ਼ਾਤ ਦਾ ਨਕਸ਼ ਹੋ ਕੇ ਆਪਣੇ ਸਮੱਰਥਾ ਦੇ ਬਚਨ ਨਾਲ ਸਭਨਾਂ ਵਸਤਾਂ ਨੂੰ ਸਮ੍ਹਾਲ ਕੇ ਅਰ ਪਾਪਾਂ ਨੂੰ ਸਾਫ਼ ਕਰ ਕੇ ਪਰਮ ਧਾਮ ਵਿੱਚ ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ" ਇਬਰਾਨੀਆਂ ਨੂੰ 1: 1-3 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਪਰਮੇਸ਼ਵਰ ਦੀ ਮਾਤਰ-ਬੋਲੀ ਮਸੀਹ ਯਿਸੂ ਹੈ, ਆਪਣੇ ਹਿਰਦੇ ਨਾਲ਼ ਸਹੀ ਅਤੇ ਉਪਯੁਕਤ ਗੱਲ ਕਰਨ ਲਈ ਉਹ ਇਸ ਬੋਲ਼ੀ ਨੂੰ ਪਹਿਲ ਦਿੰਦਾ ਹੈ ਅਤੇ ਸਾਡੇ ਲਈ ਕੁਦਰਤ ਹੈ। ਮਸੀਹ ਯਿਸੂ, ਪਰਮੇਸ਼ਵਰ ਦਾ

ਢੁੱਕਵਾਂ ਰੂਪ ਹੈ, ਇੱਕ ਅਜਿਹਾ ਕੰਮ ਜਿਸ ਨੂੰ ਕੋਈ ਵੀ ਨਬੀ ਨਹੀਂ ਕਰ ਸਕਦਾ ਸੀ ! ਸੱਚਾਈ ਲਈ ਅਸੀਂ

ਮਸੀਹ ਯਿਸੂ ਉੱਪਰ ਨਿਰਭਰ ਹਾਂ, ਅਤੇ ਉਸ ਤੋਂ ਬਾਹਰ, ਪਰਮੇਸ਼ਵਰ ਨੂੰ ਜਾਣਨ ਵਿੱਚ ਅਸੀਂ ਅਸਮਰਥ ਹਾਂ। ਇਨ੍ਹਾਂ ਆਇਤਾਂ ਉੱਪਰ ਧਿਆਨ ਦਿਉ।

"ਤੁਰੇਤ ਤਾਂ ਮੂਸਾ ਦੇ ਰਾਹੀਂ ਦਿੱਤੀ ਗਈ ਸੀ,ਕਿਰਪਾ ਅਤੇ ਸਚਿਆਈ ਯਿਸੂ ਮਸੀਹ ਤੋਂ ਪਹੁੰਚੀ 0 ਕਿਸੇ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ,ਇਕਲੌਤਾ ਪੁੱਤ੍ਰ ਜਿਹੜਾ ਪਿਤਾ ਦੀ ਗੋਦ ਵਿੱਚ ਹੈ ਉਸੇ ਨੇ ਉਹ ਨੂੰ ਪਰਗਟ ਕੀਤਾ"॥ ਯੂੰਹਨਾ 1:17-18 ( ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਫ਼ਿਲਿੱਪੁਸ ਨੇ ਉਹ ਨੂੰ ਆਖਿਆ, ਪ੍ਰਭੁ ਜੀ ਪਿਤਾ ਦਾ ਸਾਨੂੰ ਦਰਸ਼ਨ ਕਰਾ ਤਾਂ ਸਾਨੂੰ ਤ੍ਰਿਪਤ ਆਊ 0 ਯਿਸੂ ਨੇ ਉਹ ਨੂੰ ਆਖਿਆ, ਫ਼ਿਲਿੱਪੁਸ ਐਨੇ ਚਿਰ ਤੋਂ ਮੈਂ ਤੁਹਾਡੇ ਨਾਲ ਹਾਂ ਅਰ ਕੀ ਤੈਂ ਮੈਨੂੰ ਨਹੀਂ ਜਾਣਿਆ? ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ। ਤੂੰ ਕਿੱਕੂੰ ਆਖਦਾ ਹੈਂ ਭਈ ਸਾਨੂੰ ਪਿਤਾ ਦਾ ਦਰਸ਼ਣ ਕਰਾ? 0 ਕੀ ਤੂੰ ਸਤ ਨਹੀਂ ਮੰਨਦਾ ਜੋ ਮੈਂ ਪਿਤਾ ਵਿੱਚ ਅਰ ਪਿਤਾ ਮੇਰੇ ਵਿੱਚ ਹੈ? ਏਹ ਗੱਲਾਂ ਜਿਹੜੀਆਂ ਮੈਂ ਤੁਹਾਨੂੰ ਆਖਦਾ ਹਾਂ ਆਪ ਤੋਂ ਨਹੀਂ ਆਖਦਾ ਪਰ ਪਿਤਾ ਮੇਰੇ ਵਿੱਚ ਰਹਿੰਦਿਆਂ ਆਪਣੇ ਕੰਮ ਕਰਦਾ ਹੈ" ਯੂੰਹਨਾ 14:8-10 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ ਹੈ" ਕੁਲੁੱਸੀਆਂ 1: 15

ਪਵਿੱਤਰ ਸ਼ਾਸ਼ਤਰ ਦਾ ਹਰੇਕ ਭਾਗ ਪਰਮੇਸ਼ਵਰ ਦਾ ਇੱਕ ਅੰਸ਼ਕ ਪ੍ਰਕਾਸ਼ ਹੈ ਅਤੇ ਇਹ ਡਿੱਗੇ ਹੋਏ ਆਦਮੀ ਦੁਆਰਾ ਅਸਫ਼ਲ ਅਨੁਵਾਦ ਹੈ। ਫਿਰ ਵੀ, ਜਦ ਅਸੀਂ ਮਸੀਹ ਯਿਸੂ ਦੇ ਜੀਵਨ ਨੂੰ ਦੇਖਦੇ ਹਾਂ-ਉਸ ਨੇ ਕੀ ਕੀਤਾ ਅਤੇ ਕੀ ਨਹੀਂ ਕੀਤਾ-ਅਸੀਂ ਸੰਪੂਰਨ ਤੌਰ ਉੱਤੇ ਪਿਤਾ ਨੂੰ ਦੇਖਦੇ ਹਾਂ। ਮਸੀਹ ਯਿਸੂ ਨੇ ਆਪਣੇ ਕੋਲ਼ ਆਏ ਹਰੇਕ ਨੂੰ ਚੰਗਾ ਕੀਤਾ ਅਤੇ ਛੁਟਕਾਰਾ ਦਿੱਤਾ (ਲੂਕਾ 23:24)। ਮਸੀਹ ਯਿਸੂ ਨੇ ਕਦੇ ਵੀ ਕਿਸੇ

ਉੱਪਰ ਵੀ ਬਿਮਾਰੀ ਨਹੀਂ ਭੇਜੀ, ਅਤੇ ਨਾ ਹੀ ਸਵਰਗੀ ਉਦੇਸ਼ਾ ਲਈ ਕਸ਼ਟ ਅਤੇ ਸ਼ੈਤਾਨੀ ਸੰਕਟ ਦੀ ਵਰਤੋਂ ਕੀਤੀ। ਮਸੀਹ ਯਿਸੂ ਪਰਮੇਸ਼ਵਰ ਦੇ ਹਿਰਦੇ ਅਤੇ ਸੁਭਾਅ ਦਾ ਤੁਰਦਾ-ਫਿਰਦਾ ਪ੍ਰਕਾਸ਼ ਸੀ। ਕੇਵਲ ਉਸ ਦੀ ਜਿੰਦਗੀ ਨੇ ਹੀ ਨਹੀਂ, ਪਰੰਤੂ ਉਸ ਦੀ ਮੌਤ ਨੇ ਵੀ ਪਰਮੇਸ਼ਵਰ ਦੀ ਭਲਾਈ ਨੂੰ ਪ੍ਰਗਟ ਕੀਤਾ।

"ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ" ਰੋਮੀਆਂ 5:8

"ਤਾਰੀਫ਼" ਸ਼ਬਦ, ਯੂਨਾਨੀ ਭਾਸ਼ਾ ਦਾ "ਸੁਨਿਸਟਾਓ" ਸ਼ਬਦ ਹੈ, ਜਿਸ ਦਾ ਅਨੁਵਾਦ ਪ੍ਰਦਰਸ਼ਨ ਕਰਨਾ ਜਾਂ ਮਨਜੂਰ ਕਰਨਾ ਕੀਤਾ ਜਾ ਸਕਦਾ ਹੈ। ਪਰਮੇਸ਼ਵਰ ਨੇ ਹਮੇਸ਼ਾ ਹੀ ਆਪਣੇ ਪਿਆਰ ਦੀ ਮਹਾਨਤਾਈ ਨੂੰ ਆਪਣੇ ਪੁੱਤਰ ਦੀ ਮੌਤ ਦੁਆਰਾ ਸਾਡੇ ਉੱਪਰ ਪ੍ਰਦਰਸ਼ਿਤ ਕੀਤਾ ਅਤੇ ਸਿੱਧ ਕੀਤਾ। ਤੁਹਾਡੀਆਂ ਪ੍ਰਸਥਿਤੀਆਂ ਉਸ ਦੇ ਪਿਆਰ ਨੂੰ ਹਰਾ ਨਹੀਂ ਸਕਦੀਆਂ, ਆਪਣੀਆਂ ਵਰਤਮਾਨ ਪ੍ਰਸਥਿਤੀਆਂ ਤੋਂ ਧਿਆਨ ਹਟਾ ਕੇ ਸ਼ੂਲੀ ਉੱਪਰ ਧਿਆਨ ਲਗਾਓ! ਤਦ ਤੁਸੀਂ ਖੁਸ਼ੀ ਨਾਲ਼ ਭਰ ਜਾਉਂਗੇ, ਅਤੇ ਤੁਹਾਡੇ ਹਲਾਤ ਬਦਲ ਜਾਣਗੇ!

ਸ਼ੂਲ਼ੀ ਪਰਮੇਸ਼ਵਰ ਦੇ ਪਿਆਰ ਦਾ ਸਭ ਤੋਂ ਅਦਭੁਤ ਪ੍ਰਦਰਸ਼ਨ ਸੀ, ਪਰ ਮੁਰਦਿਆਂ ਵਿੱਚੋਂ ਜੀ ਉੱਠਣਾ ਪਰਮੇਸ਼ਵਰ ਦੀ ਸਮੱਰਥਾ ਦਾ ਮਹਾਨਤਮ ਪ੍ਰਦਰਸ਼ਨ ਸੀ।

ਤੁਹਾਨੂੰ ਤੁਹਾਡੀ ਅਨੰਤਕਾਲਤਾ ਬਾਰੇ ਸ਼ੱਕ ਨਹੀਂ ਕਰਨਾ ਪਵੇਗਾ, ਕਿਉਂਕਿ ਮੌਤ ਨੂੰ ਪਹਿਲਾਂ ਹੀ ਹਰਾ ਦਿੱਤਾ ਗਿਆ ਹੈ, ਅਤੇ ਸਾਡਾ ਰਾਜਾ ਜਿਉਂਦਾ ਹੈ!

"ਅਤੇ ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮੱਰਥਾ ਦਾ ਅਤਯੰਤ ਵੱਡਾਪਣ ਉਹ ਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ 0 ਜਿਹੜਾ ਉਹ ਨੇ ਮਸੀਹ ਵਿੱਚ ਕੀਤਾ ਜਦ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਵਾਂ ਵਿੱਚ ਆਪਣੇ ਸੱਜੇ ਹੱਥ ਬਹਾਲਿਆ" ਅਫ਼ਸੀਆਂ 1:19-20 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਮਿੱਤਰ ਮਸੀਹ ਯਿਸੂ ਦਾ ਜੀਵਨ, ਮੌਤ ਅਤੇ ਜੀ ਉੱਠਣਾ-ਸਾਨੂੰ ਸਾਰੇ ਧੋਖੇ ਅਤੇ ਵਿਕਾਰ ਤੋਂ ਛੁਟਕਾਰਾ ਦਿੰਦਾ ਹੈ, ਇਸ ਤਰ੍ਹਾਂ ਅਸੀਂ ਸੰਪੂਰਨ ਤੌਰ ਉੱਤੇ ਪਰਮੇਸ਼ਵਰ ਉੱਪਰ ਵਿਸ਼ਵਾਸ਼ ਕਰ ਸਕਦੇ ਹਾਂ ਅਤੇ ਉਸਨੂੰ ਢੁੱਕਵੇਂ ਰੂਪ ਨਾਲ਼ ਜਾਣ ਸਕਦੇ ਹਾਂ!

## ਬਿਵਸਥਾ ਦੁਆਰਾ ਛੁਟਕਾਰਾ

ਪਰਮੇਸ਼ਵਰ ਨੇ ਮੂਸਾ ਦੁਆਰਾ ਬਿਵਸਥਾ ਦਿੱਤੀ, ਜਿਸ ਵਿੱਚ ਦੱਸ ਹੁਕਮ ਅਤੇ ਵੱਖ-ਵੱਖ ਰਸਮੀਂ, ਨੈਤਿਕ ਅਤੇ ਨਿਆਂਇਕ ਹੁਕਮ ਸ਼ਾਮਲ ਸਨ। ਬਿਵਸਥਾ ਪਵਿੱਤਰ, ਭਲੀ ਅਤੇ ਅੱਛੀ ਹੈ (ਰੋਮੀਆਂ 7:12);ਫਿਰ ਵੀ, ਬਿਵਸਥਾ ਅੰਦਰ ਮਾਨਵਤਾ ਨੂੰ ਧਰਮੀ ਬਣਾਉਣ ਦੀ ਯੋਗਤਾ ਨਹੀਂ ਹੈ (ਗਲਾਤੀਆਂ 3:21-22)।ਪਰਮੇਸ਼ਵਰ ਦੀ ਆਸ਼ੀਸ਼, ਭਲ਼ਾਈ, ਅਤੇ ਤਰਫ਼ਦਾਰੀ ਦੇ ਬਦਲੇ, ਬਿਵਸਥਾ ਸਾਡੇ ਕੋਲੋਂ ਆਗਿਆਕਾਰੀ, ਪ੍ਰਦਰਸ਼ਨ ਅਤੇ ਸਵੈ ਧਾਰਮਿਕਤਾ ਦੀ ਮੰਗ ਕਰਦੀ ਸੀ। ਬਿਵਸਥਾ ਅਧੀਨ ਧਾਰਮਿਕਤਾ ਕਮਾਈ ਜਾਂਦੀ ਸੀ। ਪਰਮੇਸ਼ਵਰ ਨੇ ਕਦੇ ਵੀ ਨਹੀਂ ਚਾਹਿਆ ਕਿ ਮਾਨਵਤਾ ਬਿਵਸਥਾ ਰਾਹੀਂ ਧਾਰਮਿਕਤਾ ਪ੍ਰਾਪਤ ਕਰੇ।ਉਸ ਦੁਆਰਾ ਬਿਵਸਥਾ ਦੇਣ ਦਾ ਕਾਰਨ ਮਨੁੱਖਤਾ ਦੀ ਸਵੈ ਧਾਰਮਿਕਤਾ ਨੂੰ ਕੁਚਲਣਾ ਸੀ (ਰੋਮੀਆਂ 3:19-20), ਤਾਂ ਕਿ ਉਹ ਆਪਣੇ ਭਰੋਸੇ ਨੂੰ ਮਸੀਹ ਯਿਸੂ ਉੱਪਰ ਰੱਖ ਸਕਣ, ਕਿਉਂਕਿ ਕੇਵਲ਼ ਇੱਕਲਾ ਮਸੀਹ ਯਿਸੂ ਹੀ ਸੀ ਜੋ ਬਿਵਸਥਾ ਦੀਆਂ ਮੰਗਾਂ ਨੂੰ ਪੂਰਾ ਕਰ ਸਕਦਾ ਸੀ।

ਮਸੀਹ ਯਿਸੂ ਦੇ ਆਉਣ ਤੋਂ ਪਹਿਲਾਂ, ਪੁਰਾਣੇ ਨੇਮ ਦੇ ਵਾਇਦੇ ਅਟੁੱਟ ਰੂਪ ਵਿੱਚ ਬਿਵਸਥਾ ਨਾਲ਼ ਜੁੜੇ ਹੋਏ ਸਨ। ਵਾਇਦਿਆਂ ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਬਿਵਸਥਾ ਦੀਆਂ ਮੰਗਾਂ ਨੂੰ ਪੂਰਾ ਕਰਨਾ ਪੈਂਦਾ ਸੀ। ਇਨ੍ਹਾਂ ਆਇਤਾਂ ਉੱਪਰ ਧਿਆਨ ਦਿਉ:ਕੂਚ 15:26, 2 ਇਤਿਹਾਸ 7:14, ਮਲਾਕੀ 3:10-12, ਅਤੇ ਬਿਵਸਥਾ ਵਰਣਨ 7:11-16, 28:1-68, ਪਰੰਤੂ ਜਦ ਮਸੀਹ ਇਸ ਧਰਤੀ ਉੱਪਰ ਜਨਮਿਆ, ਉਹ ਬਿਵਸਥਾ ਅਧੀਨ ਇਸ ਉਦੇਸ਼ ਨਾਲ਼ ਪੈਦਾ ਹੋਇਆ ਕਿ ਸਾਨੂੰ ਬਿਵਸਥਾ ਤੋਂ ਛੁਟਕਾਰਾ ਦੇਵੇ।

"ਪਰ ਜਾਂ ਸਮਾਂ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰਾ ਦੇ ਮਤਹਿਤ ਜੰਮਿਆ 0 ਇਸ ਲਈ ਜੋ ਮੁੱਲ ਦੇ ਕੇ ਓਹਨਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ਛੁਡਾਵੇ ਭਈ ਲੇਪਾਲਕ ਪੁੱਤ੍ਰ ਹੋਣ ਦੀ ਪਦਵੀ ਸਾਨੂੰ ਪਰਾਪਤ ਹੋਵੇ" ਗਲਾਤੀਆਂ 4:4-5

ਬਿਵਸਥਾ ਨੇ ਅਦਭੁੱਤ ਉਦੇਸ਼ ਪੂਰਾ ਕੀਤਾ, ਪਰੰਤੂ ਮਸੀਹ ਯਿਸੂ ਦੇ ਆਉਣ ਬਾਅਦ, ਸਾਨੂੰ ਬਿਵਸਥਾ ਦੀ ਹੋਰ ਜਰੂਰਤ ਨਹੀਂ ਹੈ (ਗਲਾਤੀਆਂ 3:19-25)। ਪਰਮੇਸ਼ਵਰ ਨੇ ਆਪਣੇ ਦਿਆਲੂ ਅਤੇ ਕਿਰਪਾਲੂ ਹਿਰਦੇ ਨੂੰ ਪ੍ਰਗਟ ਕਰਨ ਲਈ ਬਿਵਸਥਾ ਨੂੰ ਕਦੇ ਵੀ ਠੋਸਿਆ ਨਹੀਂ, ਅਤੇ ਨਾ ਹੀ ਆਪਣੀ ਭਲਾਈ ਅਤੇ ਹਜ਼ੂਰੀ ਦਾ ਅਨੰਦ ਮਾਣਨ ਅਤੇ ਲਾਭ ਉਠਾਓਣ ਲਈ ਤੁਹਾਡੇ ਸਾਹਮਣੇ ਰੁਕਾਵਟਾਂ ਖੜੀਆਂ ਕੀਤੀਆਂ। ਬੁਨਿਆਦੀ ਤੌਰ ਉੱਤੇ, ਬਿਵਸਥਾ ਨੂੰ ਪੂਰਾ ਕਰਨ ਲਈ ਮਸੀਹ ਯਿਸੂ ਨੂੰ ਹੀ ਦਿੱਤਾ!

"ਇਹ ਨਾ ਸਮਝੋ ਭਈ ਮੈਂ ਤੁਰੇਤ ਯਾ ਨਬੀਆਂ ਨੂੰ ਖੰਡਣ ਆਇਆ ਹਾਂ। ਮੈਂ ਖੰਡਣ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਇਆ ਹਾਂ" ਮੱਤੀ 5:17

ਜਿਸ ਪਲ਼ ਤੋਂ ਉਹ ਖੁਰਲੀ ਦੀ ਧੂੜ ਵਿੱਚ ਰੋਇਆ, ਆਪਣੀ ਜਵਾਨੀ ਦੇ ਸਮੇਂ, ਅਤੇ ਆਪਣੀ ਮੌਤ ਤੱਕ, ਮਸੀਹ ਯਿਸੂ ਨੇ ਬਿਵਸਥਾ ਦੇ ਹਰੇਕ ਹੁਕਮ ਅਤੇ ਸ਼ਰਤ ਦੀ ਪੂਰੀ ਰੀਤੀ ਨਾਲ਼ ਆਗਿਆਕਾਰੀ ਕੀਤੀ। ਮਸੀਹ ਯਿਸੂ ਨੇ ਆਪਣੇ ਸਾਰੇ ਮਨ, ਜਾਨ, ਅਤੇ ਆਤਮਾ ਨਾਲ਼ ਪਰਮੇਸ਼ਵਰ ਨੂੰ ਪੂਰੀ ਰੀਤੀ ਨਾਲ਼ ਪਿਆਰ ਕੀਤਾ, ਆਪਣੇ ਪੜੋਸੀ ਨਾਲ਼ ਪਿਆਰ ਕੀਤਾ, ਅਤੇ ਕਦੇ ਵੀ ਝੂਠ ਨਹੀਂ ਬੋਲਿਆ, ਨਾ ਹੀ ਲਾਲਸਾ ਦੀ ਸੋਚ ਰੱਖੀ। ਮਸੀਹ ਯਿਸੂ ਨੇ ਹਰੇਕ ਸ਼ਰਤ ਨੂੰ ਪੂਰੀ ਰੀਤੀ ਨਾਲ਼ ਪੂਰਾ ਕੀਤਾ। ਉਹ ਤੁਹਾਡੀ ਜਗ੍ਹਾਂ ਉਤੇ ਪੂਰਾ ਕਰਨ ਆਇਆ, ਜਿਹੜਾ ਤੁਸੀਂ ਪੂਰਾ ਨਹੀਂ ਕਰ ਸਕਦੇ ਸੀ, ਉਸ ਸਭ ਨੂੰ ਮਸੀਹ ਯਿਸੂ ਨੇ ਆਪਣੇ ਜੀਵਨ ਵਿੱਚ ਪੂਰਾ ਕੀਤਾ। ਮਸੀਹ ਯਿਸੂ ਦੁਆਰਾ ਆਖਰੀ ਸਾਹ ਲਏ ਜਾਣ ਤੋਂ ਪਹਿਲਾਂ, ਉਸ ਨੇ ਕਿਹਾ "ਸਭ ਕੁਝ ਪੂਰਾ ਹੋਇਆ", ਕੀ

ਸਮਾਪਤ ਅਤੇ ਪੂਰਾ ਹੋਇਆ ਸੀ? ਕੀ ਇਹ ਉਸ ਦੀ ਸੇਵਕਾਈ ਸੀ? ਕੀ ਇਹ ਪ੍ਰਾਸ਼ਚਿਤ ਦਾ ਕੰਮ ਸੀ? ਨਹੀਂ। ਮਸੀਹ ਯਿਸੂ ਨੇ ਬਿਵਸਥਾ ਨੂੰ ਪੂਰਾ ਕੀਤਾ!ਤੁਹਾਡੀ ਜਗ੍ਹਾਂ ਉਤੇ ਬਿਵਸਥਾ ਦਾ ਹਰੇਕ ਹੁਕਮ ਪੂਰਾ ਕੀਤਾ, ਇਸ ਲਈ ਤੁਸੀਂ ਅਜ਼ਾਦੀ ਨਾ.ਲ ਪਰਮੇਸ਼ਵਰ ਦੀ ਹਜ਼ੂਰੀ ਅਤੇ ਭਲਾਈ ਦਾ ਅਨੰਦ ਮਾਣ ਸਕਦੇ ਹੋਂ!ਇਸ ਕਾਰਨ ਕਰਕੇ ਸਾਰੇ ਵਾਇਦੇ ਤੁਹਾਡੇ ਲਈ "ਹਾਂ" ਹੀ ਹਨ!

"ਕਿਉਂ ਜੋ ਪਰਮੇਸ਼ੁਰ ਦੀਆਂ ਪਰਤੱਗਿਆਂ ਭਾਵੇਂ ਕਿੰਨੀਆਂ ਹੀ ਹੋਣ ਉਸ ਵਿੱਚ ਹਾਂ ਹੀ ਹਾਂ ਹੈ। ਇਸ ਲਈ ਉਹ ਦੇ ਰਾਹੀਂ ਆਮੀਨ ਵੀ ਹੈ ਭਈ ਸਾਡੇ ਦੁਆਰਾ ਪਰਮੇਸ਼ੁਰ ਦੀ ਉਪਮਾ ਹੋਵੇ" 2 ਕੁਰਿੰਥੀਆਂ 1:20

ਮਸੀਹ ਯਿਸੂ ਦੀ ਆਗਿਆਕਾਰੀ ਜਿੰਦਗੀ ਨੇ ਤੁਹਾਡੇ ਲਈ ਹਰੇਕ ਆਸ਼ੀਸ਼ ਦੀ ਸ਼ਰਤ ਨੂੰ ਪੂਰਾ ਕੀਤਾ (ਕੁਲੁੱਸੀਆਂ 1:12-14)। ਮਸੀਹ ਯਿਸੂ ਦੀ ਆਗਿਆਕਾਰੀ ਕਾਰਨ, ਪਰਮੇਸ਼ਵਰ ਦੀ ਭਲਾਈ ਤੋਂ ਬਿਨ੍ਹਾਂ, ਤੁਸੀਂ ਆਪਣੇ ਹਲਾਤਾਂ ਉੱਪਰ ਚੜ੍ਹਾਈ ਕਰ ਸਕਦੇ ਹੋਂ!ਕੇਵਲ ਇਹ ਹੀ ਨਹੀਂ, ਪਰ ਤੁਹਾਨੂੰ ਤੁਹਾਡੀ ਅਣਆਗਿਆਕਾਰੀ ਕਾਰਨ ਕਦੇ ਵੀ ਨਿਆਂ ਨਹੀਂ ਝੱਲਣਾ ਪਵੇਗਾ, ਕਿਉਂਕਿ ਤੁਹਾਡੀ ਅਣਆਗਿਆਕਾਰੀ ਦਾ ਸ਼ਰਾਪ ਮਸੀਹ ਯਿਸੂ ਨੇ ਆਪਣੇ ਉੱਪਰ ਲੈ ਲਿਆ!

"ਮਸੀਹ ਨੇ ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ ਛੁਡਾਇਆ ਇਸ ਕਰਕੇ ਜੋ ਉਹ ਸਾਡੇ ਲਈ ਸਰਾਪ ਬਣਿਆ ਕਿਉਂ ਜੋ ਲਿਖਿਆ ਹੋਇਆ ਹੈ + ਭਈ ਸਰਾਪੀ ਹੈ ਹਰੇਕ ਜਿਹੜਾ ਰੁੱਖ ਉੱਤੇ ਟੰਗਿਆ ਹੋਇਆ ਹੈ 0 ਭਈ ਅਬਰਾਹਾਮ ਦੀ ਬਰਕਤ ਮਸੀਹ ਯਿਸੂ ਵਿੱਚ ਪਰਾਈਆਂ ਕੌਮਾਂ ਉੱਤੇ ਹੋਵੇ ਤਾਂ ਜੋ ਅਸੀਂ ਉਸ ਆਤਮਾ ਦੇ ਬਚਨ ਨੂੰ ਨਿਹਚਾ ਦੇ ਰਾਹੀਂ ਪਰਾਪਤ ਕਰੀਏ"॥ ਗਲਾਤੀਆਂ 3:13-14

ਮਿੱਤਰ, ਸੁਸਮਾਚਾਰ, ਬਿਵਸਥਾ ਤੋਂ ਤੁਹਾਡੀ ਅਜ਼ਾਦੀ ਅਤੇ ਛੁਟਕਾਰੇ ਦੀ ਖੁਸ਼ ਖਬਰੀ ਹੈ। ਬਿਵਸਥਾ ਮਨੁੱਖਤਾ ਨੂੰ ਪਵਿੱਤਰ ਅਤੇ ਧਰਮੀ ਬਣਾਉਣ ਵਿੱਚ ਅਸਫ਼ਲ ਰਹੀ-ਖੁਦ ਪਰਮੇਸ਼ਵਰ ਨੂੰ ਬਿਵਸਥਾ ਵਿੱਚ ਗਲਤੀ ਮਿਲੀ ਪਰਮੇਸ਼ਵਰ ਨੇ ਬਿਵਸਥਾ ਨੂੰ ਲੁਪਤ ਕਰ ਦਿੱਤਾ (ਇਬਰਾਨੀਆਂ 8:7-8, 13 )! ਇਹ ਪਰਮੇਸ਼ਵਰ ਦੀ ਭਲਾਈ ਅਤੇ ਸ਼ੂ.ਲੀ ਦਾ ਕੰਮ ਹੈ

ਜਿਹੜਾ ਸਾਨੂੰ ਬਦਲਦਾ ਹੈ ਅਤੇ ਪੱਛਿਆਤਾਪ ਵਿੱਚ ਸਾਡੀ ਅਗਵਾਈ ਕਰਦਾ ਹੈ (ਰੋਮੀਆਂ 2:4, 2 ਕੁਰਿੰਥੀਆਂ 5:17 )

"ਕਿਉਂ ਜੋ ਧਰਮ ਲਈ ਮਸੀਹ ਹਰੇਕ ਨਿਹਚਾ ਕਰਨ ਵਾਲੇ ਦੇ ਲਈ ਸ਼ਰਾ ਦਾ ਅੰਤ ਹੈ" ਰੋਮੀਆਂ 10:4 (ਸ਼ਪੱਸ਼ਟਤਾ ਲਈ ਜੋੜਿਆ ਗਿਆ ਯੂਨਾਨੀ ਅਨੁਵਾਦ)

ਜ਼ਿਆਦਾਤਰ ਵਿਸ਼ਵਾਸ਼ੀ ਖੁਸ਼ ਖਬਰੀ ਦੇ ਇਸ ਹਿੱਸੇ ਨੂੰ ਕਦੇ ਵੀ ਸ਼ਪੱਸ਼ਟਤਾ ਨਾਲ਼ ਨਹੀਂ ਸੁਣਦੇ, ਅਤੇ ਫ਼ਲਸਰੂਪ ਉਹ ਗੁਲਾਮੀ ਵਿੱਚ ਰਹਿ ਰਹੇ ਹਨ। ਉਹ ਕਿਰਪਾ ਦੇ ਰਸਤੇ ਪਰਮੇਸ਼ਵਰ ਕੋਲ਼ ਆਉਦੇ ਹਨ, ਪਰ ਫਿਰ ਉਹ ਬਿਵਸਥਾ ਦੀਆਂ ਸ਼ਰਤਾਂ ਵਿੱਚ ਫ਼ਸ ਜਾਂਦੇ ਹਨ। ਇਸ ਕਾਰਨ, ਉਹ ਚੰਗਾਈ, ਸ਼ਾਤੀ ਅਤੇ ਛੁਟਕਾਰਾ ਪਾਉਣ ਲਈ ਜ਼ਿਆਦਾ ਆਗਿਆਕਾਰ ਅਤੇ ਪਵਿੱਤਰ ਹੋਣਾ ਚਾਹੁੰਦੇ ਹਨ-ਨਿਰੰਤਰ ਸਖਤ ਮਿਹਨਤ ਕਰਦੇ ਹਨ ਪਰ ਕਦੇ ਵੀ ਪ੍ਰਾਪਤ ਨਹੀਂ ਕਰਦੇ। ਮਿੱਤਰ, ਆਪਣੀ ਅਜ਼ਾਦੀ ਵਿੱਚ ਸਥਿਰਤਾ ਨਾਲ਼ ਖੜੇ ਰਹੋ, ਜਿਵੇਂ ਕਿ ਰਸੂਲ ਪੌਲੁਸ ਨੇ ਸਿੱਖਿਆ ਦਿੱਤੀ ਸੀ!

"ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ, ਇਸ ਲਈ ਦ੍ਰਿੜ੍ਹ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁੱਪੋ"॥ ਗਲਾਤੀਆਂ 5:1

## ਪਾਪ, ਮੌਤ, ਅਤੇ ਵਿਛੋੜੇ ਤੋਂ ਛੁਟਕਾਰਾ

ਇਹ ਪਾਪ ਭਰੀ ਮਨੁੱਖਤਾ ਨੂੰ ਪ੍ਰਵਾਨ ਕਰਨ ਅਤੇ ਉਨ੍ਹਾਂ ਨਾਲ਼ ਮੇਲ-ਮਿਲਾਪ ਲਈ ਆਪਣੇ ਪੁੱਤਰ ਮਸੀਹ ਯਿਸੂ ਦੇ ਲਹੂ ਦੀ ਕੁਰਬਾਨੀ ਮੰਗਣ ਵਾਲੇ, ਗੁੱਸੇ ਅਤੇ ਧਰਮੀ ਪਰਮੇਸ਼ਵਰ ਦੀ ਖੁਸ਼ ਖਬਰੀ ਨਹੀਂ ਹੈ। ਮਿੱਤਰ, ਵਿਛੋੜੇ ਦੀ ਘਟਨਾ ਪਰਮੇਸ਼ਵਰ ਵਲੋਂ ਕਦੇ ਵੀ ਨਹੀਂ ਸੀ;ਵਿਛੋੜਾ ਮਨੁੱਖ ਵਲੋਂ ਸੀ,

ਅਤੇ ਪਾਪ ਨੇ ਮਨੁੱਖ ਨੂੰ ਪਰਮੇਸ਼ਵਰ ਤੋਂ ਵੱਖਰਾ ਕਰ ਦਿੱਤਾ, ਨਾ ਕਿ ਪਰਮੇਸ਼ਵਰ ਨੂੰ ਮਨੁੱਖ ਤੋਂ। ਜਿਸ ਘੜੀ ਆਦਮ ਅਤੇ ਹਵਾ ਨੇ ਪਾਪ ਕੀਤਾ, ਪਰਮੇਸ਼ਵਰ ਉਨ੍ਹਾਂ ਨੂੰ ਲੱਭਦੇ ਹੋਏ ਬਾਗ ਵਿੱਚ ਆਇਆ। ਆਦਮ ਅਤੇ ਹਵਾ ਪਰਮੇਸ਼ਵਰ ਤੋਂ ਲੁਕੇ ਸਨ ਨਾ ਕਿ ਪਰਮੇਸ਼ਵਰ ਉਨ੍ਹਾਂ ਤੋਂ। ਜਦੋਂ

ਕਇਨ ਨੇ ਆਪਣੇ ਭਰਾ ਹਾਬਲ ਦੀ ਹੱਤਿਆ ਕੀਤੀ, ਪਰਮੇਸ਼ਵਰ, ਕਇਨ ਨਾ.ਲ ਗੱਲਾਂ ਕਰਨ ਲਈ ਉੱਤਰ ਆਇਆ ਸੀ। ਜਦੋਂ ਕਇਨ ਨੇ ਪਰਮੇਸ਼ਵਰ ਦੀ ਅਵਾਜ਼ ਸੁਣੀ, ਉਹ ਤ੍ਰਿਭਕਿਆ ਨਹੀਂ, ਕਿਉਂਕਿ ਉਸਨੇ ਪਹਿਲਾਂ ਕਦੇ ਵੀ ਸਵਰਗੀ ਅਵਾਜ਼ ਨੂੰ ਨਹੀਂ ਸੁਣਿਆ ਸੀ। ਇੱਕ ਅਧਰਮੀ ਮਨੁੱਖ ਕਇਨ ਪਰਮੇਸ਼ਵਰ ਦੀ ਅਵਾਜ਼ ਨੂੰ ਸੁਣਨ ਵਿੱਚ ਯੋਗ ਹੋ ਗਿਆ ਸੀ ਕਿਉਂਕਿ ਪਰਮੇਸ਼ਵਰ ਨੇ ਮਨੁੱਖਤਾ ਨੂੰ ਕਦੇ ਵੀ ਤਿਆਗਿਆ ਨਹੀਂ ਸੀ। ਜਦੋਂ ਮਸੀਹ ਯਿਸੂ-ਸਰੀਰ ਵਿੱਚ ਪੂਰਾ ਪਰਮੇਸ਼ਵਰ-ਇਸ ਧਰਤੀ ਉੱਪਰ ਆਇਆ-ਉਸ ਨੇ ਬਿਨ੍ਹਾਂ ਕਿਸੇ ਰੁਕਾਵਟ ਤੋਂ ਮਨੁੱਖਤਾ ਨਾ.ਲ ਗੱ.ਲਾ ਕੀਤੀਆਂ। ਉਸ ਉੱਪਰ “ਪਾਪੀਆਂ ਦਾ ਮਿੱਤਰ” ਹੋਣ ਦਾ ਦੋਸ਼ ਵੀ ਲਾਇਆ ਗਿਆ। ਤੁਹਾਨੂੰ ਜ਼ਰੂਰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਮਸੀਹ ਯਿਸੂ ਦਾ ਪ੍ਰਾਸ਼ਚਿਤ ਦਾ ਕੰਮ, ਪਰਮੇਸ਼ਵਰ ਨੂੰ ਮਨੁੱਖਤਾ ਨਾ.ਲ ਮੇਲ-ਮਿਲਾਪ ਕਰਾਉਣਾ ਨਹੀਂ, ਸਗੋਂ ਮਨੁੱਖਤਾ ਨੂੰ ਪਰਮੇਸ਼ਵਰ ਨਾ.ਲ ਮੇਲ-ਮਿਲਾਪ ਕਰਾਉਣਾ ਹੈ !

“ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ 0 ਅਰਥਾਤ ਪਰਮੇਸ਼ੁਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ”॥ 2 ਕੁਰਿੰਥੀਆਂ 5:18-19 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਪਾਪ ਨੇ ਪਰਮੇਸ਼ਵਰ ਨਾ.ਲ ਸਾਡੇ ਰਿਸ਼ਤੇ ਨੂੰ ਨਸ਼ਟ ਕਰ ਦਿੱਤਾ, ਉਸ ਨਾ.ਲ ਸਾਡਾ ਵਿਛੋੜਾ ਪਾ ਦਿੱਤਾ, ਉਸ ਦੇ ਹਿਰਦੇ ਅਤੇ ਸੁਭਾਅ, ਪ੍ਰਤੀ ਸਾਡੀ ਆਤਮਿਕ ਸਮਝ ਨੂੰ ਭ੍ਰਿਸ਼ਟ ਕਰ ਦਿੱਤਾ, ਅਤੇ ਸਾਡੇ ਜੀਵਨਾਂ ਵਿੱਚ ਆਤਮਿਕ, ਪ੍ਰਾਣਿਕ ਅਤੇ ਸਰੀਰਕ ਮੌਤ ਲੈ ਆਇਆ। ਸਾਰੀ ਜਿੰਦਗੀ ਨੂੰ ਸੰਭਾਲਣ ਵਾ.ਲੇ ਸਰੋਤ ਤੋਂ ਵਾਂਝਾ ਹੋ ਕੇ, ਮਨੁੱਖਤਾ ਨੇ ਮੌਤ ਨੂੰ ਝੱਲਣਾ ਸ਼ੁਰੂ ਕਰ ਕੀਤਾ।

ਮਸੀਹ ਯਿਸੂ ਦੀ ਜਿੰਦਗੀ ਪਿਆਰੇ ਅਤੇ ਕਿਰਪਾਲੂ ਪਿਤਾ ਦਾ ਪ੍ਰਤੱਖ ਪ੍ਰਗਟਾਓ ਹੈ, ਪ੍ਰਾਸ਼ਚਿਤ ਦੇਣ ਤੋਂ ਪਹਿਲਾਂ ਹੀ ਮਨੁੱਖਤਾ ਨੂੰ ਉਨ੍ਹਾਂ ਦੀ

ਵਿਗੜੀ ਹੋਈ ਦੁਸ਼ਟਤਾ ਵਿੱਚ ਹੀ ਪਰਮੇਸ਼ਵਰ ਨੇ ਗਲ਼ੇ ਲਾਇਆ। ਧਰਮ ਪਰਮੇਸ਼ਵਰ ਦੇ ਪਿਆਰ ਨਾਲ਼ੋ ਪਾਪ ਦੀ ਮਹਿਮਾ ਕਰਦਾ ਹੈ ਅਤੇ ਸਾਡੇ ਵਿਚੋਂ ਬਹੁਤਿਆਂ ਨੂੰ ਕਾਇਲ ਕਰਦਾ ਹੈ ਕਿ ਮਸੀਹ ਯਿਸੂ ਦੇ ਲਹੂ ਵਹਾਏ ਜਾਣ ਤੋਂ ਪਹਿਲਾਂ, ਪਰਮੇਸ਼ਵਰ ਮਨੁੱਖਤਾ ਦੁਆਰਾ ਅਸਵੀਕਾਰ ਕੀਤਾ ਗਿਆ ਸੀ। ਮਿੱਤਰ, ਇਸ ਤਰ੍ਹਾਂ ਬਿਲਕੁਲ ਨਹੀ ਹੈ! ਮਸੀਹ ਯਿਸੂ ਦਾ ਜੀਵਨ ਸਾਰੇ ਲੋਕਾਂ ਲਈ ਪਿਤਾ ਦੇ ਕੋਮਲ ਪਿਆਰ ਨੂੰ ਪ੍ਰਗਟ ਕਰਦਾ ਹੈ, ਅਤੇ ਇਹ ਸਭ ਉਸ ਨੇ ਤਦ ਕੀਤਾ ਜਦੋਂ ਅਸੀਂ ਉਸ ਦੇ ਵੈਰੀ ਸਾਂ।

"ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤ੍ਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵੱਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ" ਰੋਮੀਆਂ 5:10 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਜਦੋਂ ਅਸੀਂ ਪਾਪੀ ਹੀ ਸਾਂ, ਪਰਮੇਸ਼ਵਰ ਨੇ ਆਪਣੇ ਆਪ ਦਾ ਮਿਲਾਪ ਸਾਡੇ ਨਾਲ ਕਰਾਇਆ। ਮਸੀਹ ਯਿਸੂ ਦੀ ਮੌਤ ਨੇ ਪਾਪ ਦੁਆਰਾ ਬਣਾਏ ਪਾੜੇ ਅਤੇ ਰੁਕਾਵਟ ਨੂੰ ਜੜ੍ਹੋਂ ਪੁੱਟ ਦਿੱਤਾ। ਹੁਣ ਜਦ ਕਿ ਅਸੀਂ ਮੇਲ-ਮਿਲਾਪ ਕਰ ਲਿਆ ਹੈ, ਸਾਨੂੰ ਉਸ ਦੇ ਜੀਵਨ ਵਿੱਚ ਵਿਸ਼ਵਾਸ਼ ਦੁਆਰਾ ਮੁਫ਼ਤ ਪਹੁੰਚ ਹੈ, ਅਤੇ ਅਸੀਂ ਉਸ ਦੀ ਜਿੰਦਗੀ ਦੁਆਰਾ ਬਚਾਏ ਗਏ ਹਾਂ। "ਬਚਾਏ ਹੋਏ" ਲਈ ਯੂਨਾਨੀ ਸ਼ਬਦ "ਸ਼ੋਜੋ" ਹੈ, ਜਿਹੜਾ ਕੇਵਲ ਆਤਮਾ ਦੀ ਬਹਾਲੀ ਤੱਕ ਹੀ ਸੀਮਿਤ ਨਹੀਂ ਪਰ ਸਰੀਰਕ ਬਿਮਾਰੀ ਤੋਂ ਚੰਗਾਈ, ਦੁਸ਼ਟ ਆਤਮਾ ਦੇ ਕਸ਼ਟ ਤੋਂ ਛੁਟਕਾਰਾ, ਅਤੇ ਸੰਪੂਰਨ ਬਣਾਏ ਜਾਣ ਤੋਂ ਹੈ। ਹੁਣ ਅਸੀਂ ਪਾਪ ਦੁਆਰਾ ਪੈਦਾ ਕੀਤੇ ਵਿਛੋੜੇ ਤੋਂ ਛੁਟਕਾਰਾ ਪਾ ਚੁੱਕੇ ਹਾਂ, ਜਿਹੜਾ ਮੌਤ ਲਿਆਇਆ (ਰੋਮੀਆਂ 5:12), ਅਤੇ ਹੁਣ ਅਸੀਂ ਜਿੰਦਗੀ ਦਾ ਅਨੰਦ ਮਾਣਦੇ ਹਾਂ-ਮੇਲ-ਮਿਲਾਪ ਦੁਆਰਾ ਅਨੰਤ ਕਾਲ ਦੀ ਜਿੰਦਗੀ ਦਾ!

ਪਾਪ ਕੇਵਲ ਇੱਕ ਕੰਮ ਨਹੀਂ ਹੈ, ਪਰੰਤੂ ਇੱਕ ਭ੍ਰਿਸ਼ਟ ਸੁਭਾਅ ਅਤੇ ਇੱਕ ਸ਼ਕਤੀ ਹੈ। ਮਸੀਹ ਯਿਸੂ ਨੇ ਕੇਵਲ ਸਾਡੇ ਪਾਪ ਅਤੇ ਉਸ ਦੇ ਸਿੱਟੇ ਹੀ ਨਹੀਂ ਝੱਲੇ ਸਗੋਂ ਸਾਡੇ ਪਾਪਮਈ ਸੁਭਾਅ ਨਾਲ ਪਾਪ ਬਣ ਗਿਆ ਅਤੇ ਸਾਡੇ ਜੀਵਨਾਂ ਉੱਪਰੋਂ ਪਾਪ ਦੀ ਸਮੱਰਥਾ ਨੂੰ ਤੋੜ ਦਿੱਤਾ। ਪਰ ਉਸ ਦੇ ਛੁਟਕਾਰਾ ਦੇਣ ਦਾ ਕੰਮ ਸੰਪੂਰਨ ਅਤੇ ਸਿੱਧ ਸੀ!

"ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ"॥ 2 ਕੁਰਿੰਥੀਆਂ 5:21 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਪਰਮੇਸ਼ਵਰ, ਆਪਣੇ ਪੁੱਤਰ ਦੇ ਲਹੂ ਦੁਆਰਾ, ਸਾਨੂੰ ਮੁਫ਼ਤ ਧਾਰਮਿਕਤਾ ਦਿੰਦਾ ਹੈ-ਪਾਪਰਹਿਤ ਮਨੁੱਖ ਦੀ ਧਾਰਮਿਕਤਾ ਨਹੀਂ-ਸਗੋਂ ਸਰਵਸ਼੍ਰੇਸ਼ਟ ਪਰਮੇਸ਼ਵਰ ਦੀ ਧਾਰਮਿਕਤਾ! ਮਸੀਹ ਯਿਸੂ ਦੇ ਲਹੂ ਦੁਆਰਾ ਧਰਮੀ ਬਣਾਏ ਜਾਣ ਕਾਰਨ, ਅਸੀਂ ਆਪਣੇ ਪਾਪਾਂ ਕਾਰਨ ਕਦੇ ਵੀ ਨਿਆਂ ਦਾ ਸਾਹਮਣਾ ਨਹੀਂ ਕਰਾਂਗੇ (ਰੋਮੀਆਂ 5:9)

## ਬਿਮਾਰੀ ਅਤੇ ਕਮਜ਼ੋਰੀ ਤੋਂ ਛੁਟਕਾਰਾ

ਜਦੋਂ ਪਰਮੇਸ਼ਵਰ ਨੇ ਸੰਸਾਰ ਅਤੇ ਮਾਨਵਤਾ ਨੂੰ ਉਤਪਤ ਕੀਤਾ, ਉਸ ਨੇ ਸਭ ਕੁਝ ਅੱਛਾ ਉਤਪਨ ਕੀਤਾ (ਉਤਪਤ 1:31); ਉਦੋਂ ਕਿਸੇ ਪ੍ਰਕਾਰ ਦੀ ਬਿਮਾਰੀ, ਦਰਦ ਜਾਂ ਝਗੜਾ ਨਹੀਂ ਸੀ। ਪਰ ਜਦ ਮਾਨਵਤਾ ਨੇ ਪਾਪ ਕਰ ਦਿੱਤਾ, ਮੌਤ ਸੰਸਾਰ ਵਿੱਚ ਦਾਖਲ ਹੋ ਗਈ (ਰੋਮੀਆਂ 5:12)। ਬਿਮਾਰੀ ਮੌਤ ਦੀ ਸ਼ੁਰੂਆਤ ਹੈ। ਜਦ ਇੱਕ ਅੰਗ ਬਹੁਤ ਜ਼ਿਆਦਾ ਬਿਮਾਰ ਹੁੰਦਾ ਹੈ, ਆਮ ਤੌਰ ਉੱਤੇ ਉਹ ਮਰ ਜਾਵੇਗਾ, ਅਤੇ ਅੰਗ ਦਾ ਕੰਮ ਨਾ ਕਰਨਾ ਸਾਰੇ ਸਰੀਰ ਵਿੱਚ ਮੌਤ ਲਿਆਵੇਗਾ। ਸ਼ੈਤਾਨ ਬਿਮਾਰੀ ਅਤੇ ਕਮਜ਼ੋਰੀ ਨੂੰ ਮਾਰਨ, ਨਾਸ਼ ਕਰਨ, ਅਤੇ ਚੋਰੀ ਕਰਨ ਲਈ ਵਰਤਦਾ ਹੈ (ਅਯੂਬ 2:7, ਲੂਕਾ 13:10-16, ਰਸੂਲਾਂ ਦੇ ਕਰਤੱਬ 10:38)। ਬਿਮਾਰੀ ਸਾਡੇ ਕੋਲੋਂ ਸਿਹਤ, ਤਾਕਤ, ਪੈਸਾ, ਅਨੰਦ ਅਤੇ ਲੰਬਾ ਜੀਵਨ ਲੁੱਟ ਲੈਂਦੀ ਹੈ;ਬਿਮਾਰੀ ਸਾਡੇ ਪਿਆਰਿਆਂ ਨੂੰ ਸਾਡੇ ਕੋਲੋਂ ਖੋਹ ਲੈਂਦੀ ਹੈ।

ਮਸੀਹ ਯਿਸੂ ਦੇ ਜੀਵਨ ਦਰਮਿਆਨ, ਪਰਮੇਸ਼ਵਰ ਨੇ ਹਰ ਪ੍ਰਕਾਰ ਦੀ ਬਿਮਾਰੀ ਅਤੇ ਕਮਜ਼ੋਰੀ ਦਾ ਨਾਸ਼ ਕੀਤਾ (ਮੱਤੀ 4:23-24, 12:15, 14:14, 15:30-31) ਮਸੀਹ ਯਿਸੂ ਨੇ ਲੋਕਾਂ ਉੱਪਰ ਬਿਮਾਰੀ ਨੂੰ ਕਦੇ ਵੀ ਸਹਿਣ ਨਹੀਂ ਕੀਤਾ, ਅਤੇ ਨਾ ਹੀ ਉਸ ਨੇ ਚੰਗਾਈ ਨਾ ਦੇਣ ਦਾ ਕੋਈ ਕਾਰਨ ਪ੍ਰਗਟ ਕੀਤਾ। ਪਰਮੇਸ਼ਵਰ ਨੇ ਸਾਰੀ ਮਨੁੱਖਤਾ ਨੂੰ ਚੰਗਾ ਕਰਨ ਦੀ ਆਪਣੀ ਇੱਛਾ ਅਤੇ ਮਰਜ਼ੀ ਨੂੰ ਮਸੀਹ ਯਿਸੂ ਦੁਆਰਾ ਪ੍ਰਗਟ

ਕੀਤਾ,ਉਸ ਹਰੇਕ ਲਈ ਚੰਗਾਈ ਜੋ ਵਿਸ਼ਵਾਸ਼ ਨਾ.ਲ ਉਸ ਕੋ.ਲ ਆਇਆ (ਮਰਕੁਸ 1:40-42, ਲੂਕਾ 6:17-19)।

ਜਦੋਂ ਤੋਂ ਮੌਤ, ਪਾਪ ਰਾਹੀਂ ਆਈ, ਅਤੇ ਮਸੀਹ ਯਿਸੂ ਪਾਪ ਅਤੇ ਮੌਤ ਕਾਰਨ ਬਲੀਦਾਨ ਕੀਤਾ ਗਿਆ। ਸਾਡੇ ਲਈ ਇਸ ਨੂੰ ਜਾਣਨਾ ਅਤੇ ਸਮਝਣਾ ਸੁਭਾਵਕ ਹੈ ਕਿ ਪਰਮੇਸ਼ਵਰ ਸਾਨੂੰ ਬਿਮਾਰੀ ਤੋਂ ਅਜ਼ਾਦ ਕਰਨਾ ਚਾਹੁੰਦਾ ਹੈ। ਪਰਮੇਸ਼ਵਰ ਇੱਕ ਅੱਛਾ ਪਿਤਾ ਹੈ ਜੋ ਆਪਣੇ ਬੱਚਿਆਂ ਦੀ ਬਹੁਤ ਚਿੰਤਾ ਕਰਦਾ ਹੈ, ਅਤੇ ਹਰੇਕ ਅੱਛੇ ਮਾਤਾ-ਪਿਤਾ ਆਪਣੇ ਬੱਚਿਆਂ ਲਈ ਪੂਰਾ ਯਤਨ ਕਰਦੇ ਹਨ ,ਜਦ ਬੱਚੇ ਬਿਮਾਰ ਹੁੰਦੇ ਹਨ। ਸੁਸਮਾਚਾਰ ਇੱਕ ਖੁਸ਼ ਖਬਰੀ ਹੈ ਕਿ ਪਰਮੇਸ਼ਵਰ ਸਾਡਾ ਚੰਗਾ ਕਰਨ ਵਾ.ਲਾ ਹੈ, ਜਿਸ ਕੋ.ਲ ਸਾਨੂੰ ਚੰਗਾਂ ਕਰਨ ਦੀ ਇੱਛਾ ਅਤੇ ਸਮੱਰਥਾ ਦੋਵੇਂ ਹਨ। ਮਸੀਹ ਯਿਸੂ ਨੇ ਆਪਣੇ ਪ੍ਰਾਸ਼ਚਿਤ ਦੇ ਦੁਆਰਾ ਸਾਰੀ ਮਨੁੱਖਤਾ ਦੀ ਹਰੇਕ ਬਿਮਾਰੀ ਅਤੇ ਦੁਰਬਲਤਾ ਨੂੰ ਚੰਗਾ ਕੀਤਾ, ਅਤੇ ਆਪਣੇ ਮੁਰਦਿਆਂ ਵਿੱਚੋਂ ਜੀ ਉੱਠਣ ਦੁਆਰਾ ਮੌਤ ਦੇ ਸ਼ਾਸ਼ਨ ਨੂੰ ਖਤਮ ਕਰ ਦਿੱਤਾ!

## ਸ਼ੈਤਾਨੀ ਗੁਲਾਮੀ ਅਤੇ ਵੇਦਨਾ ਤੋਂ ਛੁਟਕਾਰਾ

ਸ਼ੈਤਾਨੀ ਧੋਖੇ ਦੁਆਰਾ ਅਤੇ ਪਰਮੇਸ਼ਵਰ ਦੇ ਹੁਕਮ ਵਿਰੁੱਧ ਬਗਾਵਤ ਕਾਰਨ, ਮਾਨਵਤਾ ਨੇ ਆਪਣਾ ਅਧਿਕਾਰ ਸ਼ੈਤਾਨ ਨੂੰ ਦੇ ਦਿੱਤਾ (ਰੋਮੀਆਂ 6:16, ਲੂਕਾ 4:5-6) ਅਤੇ ਸ਼ੈਤਾਨ ਦੇ ਗੁਲਾਮ ਹੋ ਗਈ। ਉਨ੍ਹਾਂ ਦੁਆਰਾ ਪਰਮੇਸ਼ਵਰ ਦੇ ਰਾਜ ਨੂੰ ਰੱਦਣ ਕਾਰਨ ਵਿਹਲਾਪਨ, ਸ਼ੈਤਾਨ ਨਾ.ਲ ਭਰ ਗਿਆ। ਧਰਤੀ ਨੂੰ ਅਸਲ ਵਿੱਚ ਮਨੁੱਖਤਾ ਦੇ ਅਧਿਕਾਰ ਵਿੱਚ ਸੌਂਪਿਆ ਗਿਆ ਸੀ (ਜ਼ਬੂਰ 115:16), ਜਿਸ ਉੱਪਰ ਅੰਧਕਾਰ ਨੇ ਰਾਜ ਕਰ ਲਿਆ ਸੀ।

ਸ਼ੈਤਾਨ ਦੀ ਸ਼ਕਤੀ ਅਤੇ ਪ੍ਰਭਾਵ, ਮਨੁੱਖ ਦੇ ਸਰੀਰ, ਜਾਨ, ਅਤੇ ਆਤਮਾ ਵਿੱਚ ਗੁਲਾਮੀ ਅਤੇ ਸੰਤਾਪ ਲੈ ਆਈ। ਅੰਧਕਾਰ ਦਾ ਵਿਰੋਧ ਕਰਨ ਵਿੱਚ ਕਮਜ਼ੋਰ ਮਾਨਵਤਾ ਨੂੰ ਛੁਟਕਾਰੇ ਲਈ ਸਵਰਗੀ ਦਯਾ ਵਲ ਮੁੜਨਾ ਪਿਆ ਸੀ। ਮਸੀਹ ਯਿਸੂ ਦਾ ਜੀਵਨ ਅੰਧਕਾਰ ਦੇ ਰਾਜ ਉੱਪਰ ਇੱਕ ਵੱਡਾ ਹਮਲਾ ਸੀ; ਮਸੀਹ ਯਿਸੂ ਜਿਥੇ ਵੀ ਗਿਆ, ਉਸ ਨੇ ਦੁਸ਼ਟ ਆਤਮਿਆਂ ਨੂੰ ਝਿੜਕਿਆ ਅਤੇ ਬਾਹਰ ਕੱਢਿਆ (ਮਰਕੁਸ 1:39, ਲੂਕਾ 4:41, 6:18)

“ਜਿਹੜਾ ਪਾਪ ਕਰਦਾ ਹੈ ਉਹ ਸ਼ਤਾਨ ਤੋਂ ਹੈ ਕਿਉਂ ਜੋ ਸ਼ਤਾਨ ਮੁੱਢੋਂ ਹੀ ਪਾਪ ਕਰਦਾ ਆਇਆ ਹੈ। ਪਰਮੇਸ਼ੁਰ ਦਾ ਪੁੱਤ੍ਰ ਇਸੇ ਲਈ ਪਰਗਟ ਹੋਇਆ ਭਈ ਸ਼ਾਤਨ ਦੇ ਕੰਮਾਂ ਨੂੰ ਨਸ਼ਟ ਕਰੇ” 1 ਯੂੰਹਨਾ 3:8 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਮਸੀਹ ਯਿਸੂ ਦੀ ਮੌਤ ਦੁਆਰਾ, ਪਰਮੇਸ਼ਵਰ ਨੇ ਦੁਸ਼ਟ ਆਤਿਮਆਂ ਅਤੇ ਭੂਤਾਂ ਤੋਂ ਉਨ੍ਹਾਂ ਦਾ ਅਧਿਕਾਰ ਖੋਹ ਲਿਆ (ਕੁਲਸੀਆਂ 2:15) ਅਤੇ ਉਨ੍ਹਾਂ ਨੂੰ ਸ਼ਕਤੀਹੀਨ ਬਣਾ ਦਿੱਤਾ।

“ਸੋ ਜਦ ਬਾਲਕ ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ ਕਰੇ” ਇਬਰਾਨੀਆਂ 2:14 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਮਸੀਹ ਯਿਸੂ ਦੇ ਜੀ ਉਠਣ ਨੇ ਸ਼ੈਤਾਨ ਦੀ ਹਾਰ ਉੱਪਰ ਮੋਹਰ ਲਗਾ ਦਿੱਤੀ। ਮਸੀਹ ਯਿਸੂ ਨੇ ਸ਼ੈਤਾਨ ਦੇ ਕੰਮਾਂ ਨੂੰ ਹੀ ਨਸ਼ਟ ਨਹੀਂ ਕੀਤਾ ਸਗੋਂ ਉਸ ਨੂੰ ਸ਼ਕਤੀਹੀਣ ਬਣਾ ਦਿੱਤਾ, ਅਤੇ ਉਸ ਦੀ ਸਭ ਤੋਂ ਵੱਡੀ ਸ਼ਕਤੀ-ਮੌਤ ਉੱਪਰ ਵੀ ਜਿੱਤ ਪ੍ਰਾਪਤ ਕੀਤੀ। ਮੁਰਦਿਆਂ ਵਿੱਚੋਂ ਜੀ ਉੱਠਣ ਦੁਆਰਾ, ਮਸੀਹ ਯਿਸੂ ਨੇ ਮਾਨਵਤਾ ਦੁਆਰਾ ਗੁਆਏ ਹੋਏ ਅਧਿਕਾਰ ਨੂੰ ਵਾਪਸ ਪ੍ਰਾਪਤ ਕੀਤਾ, ਅਤੇ ਉਸ ਅਧਿਕਾਰ ਦਾ ਸ਼ਾਸ਼ਨ ਆਪਣੀ ਕਲੀਸਿਯਾ ਨੂੰ ਦੇ ਦਿੱਤਾ (ਪ੍ਰਕਾਸ਼ ਦੀ ਪੋਥੀ 1:17-18, ਮੱਤੀ 16:19)ਛੁਟਕਾਰਾ ਪਾਪ ਦੀ ਮਾਫ਼ੀ ਤੱਕ ਹੀ ਸੀਮਿਤ ਨਹੀਂ, ਪਰ ਜਿਸ ਅੰਧਕਾਰ ਦੇ ਅਸੀਂ ਗੁਲਾਮ ਸਾਂ, ਦੇ ਰਾਜ ਤੋਂ ਛੁਟਕਾਰਾ ਵੀ ਸ਼ਾਮਿਲ ਹੈ (ਇਬਰਾਨੀਆਂ 2:15)। ਛੁਟਕਾਰਾ, ਦੁਸ਼ਟ ਸ਼ਕਤੀਆਂ ਤੋਂ ਸਾਡੀ ਆਤਮਿਕ ਮੁਕਤੀ ਹੈ (ਰਸੂਲਾਂ ਦੇ ਕਰਤੱਬ 26:18)!

“ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤ੍ਰ ਦੇ ਰਾਜ ਵਿੱਚ ਪੁਚਾ ਦਿੱਤਾ” ਕੁਲੁੱਸੀਆਂ 1:13

## ਝੁੰਡ ਵਿੱਚ ਜਾਂ ਵਿਅਕਤੀਗਤ ਰੂਪ ਵਿੱਚ ਵਿਚਾਰੇ ਜਾਣ ਵਾਲ਼ੇ ਉਪਯੋਗੀ ਪ੍ਰਸ਼ਨ:

1. ਕਿਵੇਂ ਖੁਸ਼ ਖਬਰੀ ਬਾਈਬਲ ਦੇ ਦੂਸਰੇ ਸਿਧਾਂਤਾ ਅਤੇ ਸਿਖਿਆਵਾਂ ਤੋਂ ਅਲੱਗ ਅਤੇ ਅਦਭੁਤ ਹੈ?

2. ਖੁਸ਼ ਖਬਰੀ ਸਾਡੇ ਜੀਵਨਾਂ ਵਿੱਚ, ਕਿਹੜੇ ਭਿੰਨ-ਭਿੰਨ ਪ੍ਰਭਾਵ ਪੈਦਾ ਕਰ ਸਕਦੀ ਹੈ?

3. ਕੀ ਖੁਸ਼ ਖਬਰੀ ਦਾ ਕੋਈ ਅਜਿਹਾ ਭਾਗ ਹੈ ਜਿਸ ਨੂੰ ਤੁਸੀਂ ਅਨੁਭਵ ਨਹੀਂ ਕੀਤਾ, ਜਾਂ ਤੁਹਾਡੀ ਕੋਈ ਕਮਜ਼ੋਰੀ ਹੈ ਜਿਸਨੂੰ ਹੁਣ ਤੱਕ ਖੁਸ਼ ਖਬਰੀ ਦੀ ਸਮੱਰਥਾ ਅਨੁਭਵ ਨਹੀਂ ਹੋਈ? ਅਗਰ ਹਾਂ, ਤਾਂ ਤੁਸੀਂ ਕਿਵੇਂ, ਖੁਸ਼ ਖਬਰੀ ਦੇ ਅਨੁਭਵ ਲਈ ਉਪਯੋਗੀ ਕਦਮ ਉਠਾ ਸਕਦੇ ਹੋਂ? ਇਸ ਨੂੰ ਪ੍ਰਾਪਤ ਕਰਨ ਲਈ, ਵਿਚਾਰ ਕਰਦੇ ਹੋਏ, ਹੁਣੇ ਪ੍ਰਾਥਨਾ ਕਰੋ।

4. ਕਿਵੇਂ ਮਸੀਹ ਯਿਸੂ ਦੇ ਜੀਵਨ ਅਤੇ ਪਰਮੇਸ਼ਵਰ ਦੀ ਸਿੱਧ ਇੱਛਾ ਨੇ, ਤੁਹਾਡਾ ਪ੍ਰਸਥਿਤੀਆਂ ਨੂੰ ਦੇਖਣ ਦਾ ਨਜ਼ਰੀਆਂ ਹਮੇਸ਼ਾ ਲਈ ਬਦਲ ਦਿੱਤਾ? ਜਿਵੇਂ ਕਿ ਮਸੀਹ ਯਿਸੂ ਦਾ ਜੀਵਨ ਵੇਖਿਆ ਗਿਆ ਸੀ।

5. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਕੀ ਤੁਸੀਂ ਬਿਵਸਥਾ ਰਾਹੀਂ ਪਰਮੇਸ਼ਵਰ ਨਾਲ਼ ਜੁੜੇ ਹੋਣ ਵਿੱਚ ਵਿਸ਼ਵਾਸ਼ ਕਰਦੇ ਸੀ? ਮਸੀਹ ਯਿਸੂ ਨੇ ਕਿਵੇਂ ਸਾਨੂੰ ਬਿਵਸਥਾ ਤੋਂ ਛੁਟਕਾਰਾ ਦਿੱਤਾ? ਸਾਨੂੰ ਬਿਵਸਥਾ ਤੋਂ ਛੁਡਾਉਣ ਲਈ ਮਸੀਹ ਦੀ ਜਗ੍ਹਾਂ ਕਿਸ ਦੀ ਜ਼ਰੂਰਤ ਸੀ?

6. ਪਰਮੇਸ਼ਵਰ ਦੇ ਹਿਰਦੇ ਅਤੇ ਸੁਭਾਅ ਦੀ ਵਿਆਖਿਆ ਕਰੋ ਜਿਵੇਂ ਕਿ ਉਹ ਮਨੁੱਖ ਯਿਸੂ ਬਣ ਕੇ ਮਾਨਵਤਾ ਨੂੰ ਛੁਟਕਾਰਾ ਦੇਣ ਲਈ ਆਇਆ। ਕਿਵੇਂ ਧਾਰਮਿਕ ਮਸੀਹੀਅਤ ਨੇ ਖੁਸ਼ ਖਬਰੀ ਸੰਬੰਧੀ ਸਾਡੇ ਵਿਚਾਰ ਨੂੰ ਗਲਤ ਰੰਗਤ ਦੇ ਦਿਤੀ ਹੈ।

7. ਮੂਲ ਰੂਪ ਵਿੱਚ ਬਿਮਾਰੀ, ਪਾਪ, ਅਤੇ ਮੌਤ ਆਪਸ ਵਿੱਚ ਕਿਵੇਂ ਜੁੜੇ ਹੋਏ ਹਨ?

8. ਕਿਸ ਤਰੀਕੇ ਨਾਲ਼ ਮਸੀਹ ਦੀ ਜਿੰਦਗੀ, ਮੌਤ ਅਤੇ ਜੀ ਉੱਠਣ ਨੇ ਸ਼ੈਤਾਨ ਅਤੇ ਉਸ ਦੇ ਰਾਜ ਨੂੰ ਹਰਾਇਆ?

# ਮਸੀਹ ਯਿਸੂ ਦਾ ਨਮੂਨਾ ਅਤੇ ਰਸੂਲਾਂ ਦੀ ਪ੍ਰੇਰਣਾ

## ਕੇਵਲ ਮਸੀਹ ਯਿਸੂ ਹੀ ਸਾਡਾ ਪੈਮਾਨਾ

ਪਿੱਛਲੇ ਅਧਿਆਇ ਵਿੱਚ, ਅਸੀਂ ਇੱਕ ਅਦਭੁੱਤ ਸੱਚਾਈ ਸਿੱਖੀ, ਕਿ ਮਸੀਹ ਯਿਸੂ ਦਾ ਜੀਵਨ, ਪਰਮੇਸ਼ਵਰ ਦੀ ਸਿੱਧ, ਨਾ ਬਦਲਣ ਵਾਲ਼ੀ ਇੱਛਾ ਦਾ ਪ੍ਰਕਾਸ਼ਨ ਸੀ। ਮਸੀਹ ਯਿਸੂ ਦੇ ਜੀਵਨ ਵਿੱਚੋਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਦਾ ਖੋਜਣਾ ਬਾਕੀ ਹੈ, ਮੁੱਖ ਤੌਰ ਉੱਤੇ ਗਿਣਦੇ ਹੋਏ, ਉਹ ਸਾਡੇ ਲਈ ਨਮੂਨਾ ਹੈ ਅਤੇ ਸੇਵਕਾਈ, ਵਿਸ਼ਵਾਸ਼, ਅਤੇ ਪਿਆਰ ਦਾ ਪੈਮਾਨਾ ਹੈ। ਪਿਤਾ ਨੇ ਮਸੀਹ ਯਿਸੂ ਨੂੰ ਸਾਡੀਆਂ ਕੁਦਰਤੀ ਸੀਮਾਵਾਂ ਦੇ ਅੰਦਰ ਇੱਕ ਆਦਮੀ ਦੇ ਰੂਪ ਵਿੱਚ ਪੈਦਾ ਕਰਕੇ ਭੇਜਿਆ, ਤਾਂ ਕਿ ਸਾਰੇ ਰਾਸ਼ਟਰਾਂ ਤੱਕ ਉਸ ਦੇ ਸ਼ੰਦੇਸ਼ ਅਤੇ ਕੰਮਾਂ ਨੂੰ ਲੈ ਜਾਣ ਲਈ ਸਾਨੂੰ ਜਥਾਰਥ ਨਮੂਨਾ ਦੇਵੇ।

ਇਹ ਉੱਲਟ ਗੱਲ ਹੈ ਕਿ ਬਹੁਤੇ ਵਿਸ਼ਵਾਸ਼ੀ ਮਸੀਹ ਯਿਸੂ ਦੇ ਜੀਵਨ ਨੂੰ ਕਿਵੇਂ ਦੇਖਦੇ ਅਤੇ ਸਮਝਦੇ ਹਨ। ਮੈਂ ਵੀ, ਮਸੀਹ ਦੇ ਜੀਵਨ ਨੂੰ ਮਾਨਵਤਾ ਤੋਂ ਭਿੰਨ ਅਤੇ ਨਾ-ਪਹੁੰਚ ਯੋਗ ਸਮਝਦਾ ਸੀ। ਜਿਸ ਤਰੀਕੇ ਨਾਲ਼ ਅਸੀਂ ਮਸੀਹ ਨੂੰ ਵੇਖਦੇ ਹਾਂ, ਉਸ ਦੇ ਬਹੁਤ ਗਹਿਰੇ ਪ੍ਰਭਾਵ ਹਨ ਅਤੇ ਸਾਡੇ ਵਿਸ਼ਵਾਸ਼ ਕਰਨ ਦੇ ਤਰੀਕੇ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਵਿਭਿੰਨਤਾਵਾਂ ਬਾਰੇ ਸੋਚੋ, ਅਸੀਂ ਕਿਵੇਂ ਮਸੀਹ ਯਿਸੂ ਦੇ ਜੀਵਨ ਨੂੰ ਸੋਚ ਅਤੇ ਸਮਝ ਸਕਦੇ ਹਾਂ।

ਪਰੰਪਰਾਗਤ ਵਿਸ਼ਵਾਸ਼:ਖੁਸ਼ ਖਬਰੀ ਵਿੱਚ ਦਿੱਤੇ ਹੋਏ ਸਾਰੇ ਅਚਰਜ਼ ਕੰਮ ਮਸੀਹ ਯਿਸੂ ਕਰ ਸਕਦਾ ਸੀ, ਕਿਉਂਕਿ ਉਹ ਪਰਮੇਸ਼ਵਰ ਦਾ ਪੁੱਤਰ ਸੀ।

ਸ਼ੱਚਾਈ:ਮਸੀਹ ਯਿਸੂ ਨੇ ਕਰਾਮਾਤੀ ਕੰਮ ਪਰਮੇਸ਼ਵਰ ਦਾ ਪੁੱਤਰ ਹੋਣ ਦੇ ਹੱਕ ਵਿੱਚ ਪੂਰੇ ਨਹੀਂ ਕੀਤੇ, ਸਗੋਂ ਇੱਕ ਮਨੁੱਖ ਦੇ ਰੂਪ ਵਿੱਚ ਪਵਿੱਤਰ ਆਤਮਾ ਦੁਆਰਾ ਸਮੱਰਥੀ ਹੋ ਕੇ ਪਿਤਾ ਪ੍ਰਤੀ ਸੰਪੂਰਨ ਸਮਰਪਿਤ ਹੋ ਕੇ ਕੀਤੇ, ਅਗਰ ਤੁਸੀਂ ਪਰੰਪਰਾਗਤ ਤਰਕ ਵਿੱਚ ਵਿਸ਼ਵਾਸ਼ ਕਰਦੇ ਹੋਂ ਤਾਂ ਤੁਸੀਂ ਮਸੀਹ ਵਰਗੇ ਕੰਮਾਂ ਨੂੰ ਕਰਨ ਲਈ ਕਦੇ ਵੀ ਪ੍ਰੇਰਿਤ ਨਹੀਂ ਹੋਵੋਂਗੇ, ਕਿਉਂਕਿ ਤੁਸੀਂ ਉਨ੍ਹਾਂ ਕਾਰਨਾ ਨੂੰ ਕਦੇ ਵੀ ਮਾਪ ਨਹੀਂ ਸਕਦੇ, ਜਿਨ੍ਹਾਂ ਕਾਰਨਾ ਕਰਕੇ ਉਹ ਉਨ੍ਹਾਂ ਸਭ ਕੰਮਾਂ ਨੂੰ ਕਰ ਸਕਦਾ ਸੀ। ਫਿਰ ਵੀ, ਅਗਰ ਤੁਸੀਂ ਸੱਚਾਈ ਵਿੱਚ ਵਿਸ਼ਵਾਸ਼ ਕਰਦੇ ਹੋਂ, ਕਿ ਉਸ ਦਾ ਜੀਵਨ ਸਾਡੇ ਲਈ ਨਮੂਨਾ ਸੀ ਅਤੇ ਪਵਿੱਤਰ ਆਤਮਾ ਦੇ ਸ਼ਸ਼ਕਤੀਕਰਨ ਦੁਆਰਾ ਗ੍ਰਹਿਣ ਯੋਗ ਹੈ, ਤਦ ਤੁਸੀਂ ਵਿਸ਼ਵਾਸ਼ ਵਿੱਚ ਉਸ ਦੇ ਵਰਗਾ ਬਣਨ ਲਈ ਯਤਨਸ਼ੀਲ ਰਹਿ ਸਕਦੇ ਹੋਂ। ਰਸੂਲ ਪੌਲੂਸ ਸਾਫ਼-ਸਾਫ਼ ਇਹੋ ਕਹਿੰਦਾ ਹੈ:

"ਉਹ ਜਿਹੜਾ ਆਖਦਾ ਹੈ ਭਈ ਮੈਂ ਓਸ ਵਿੱਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਆਪ ਵੀ ਚੱਲੇ"॥ 1 ਯੂੰਹਨਾ 2:6

ਮਿੱਤਰ, ਮਸੀਹ ਯਿਸੂ ਤੋਂ ਵੱਧ ਪ੍ਰੇਰਣਾਦਾਇਕ ਕੋਈ ਵੀ ਨਹੀਂ ਹੈ। ਜਦੋਂ ਤੁਸੀਂ ਖੁਸ਼ ਖਬਰੀ ਪੜ੍ਹਦੇ ਹੋਂ, ਪਵਿੱਤਰ ਆਤਮਾ ਤੁਹਾਨੂੰ ਮਸੀਹ ਯਿਸੂ ਵਰਗਾ ਬਣਨ ਲਈ ਸੱਦਾ ਦੇ ਰਿਹਾ ਹੈ-ਪਿਤਾ ਦੇ ਹਿਰਦੇ ਦੀ ਗੱਲ ਨੂੰ ਪ੍ਰਗਟ ਕਰਨ ਲਈ, ਜੋ ਕੰਮ ਮਸੀਹ ਯਿਸੂ ਨੇ ਕੀਤੇ ਉਹ ਕੰਮ ਸਾਨੂੰ ਕਰਨ ਲਈ ਆਖਦਾ ਹੈ ਅਤੇ ਸ਼ੈਤਾਨ ਦੇ ਕੰਮਾਂ ਨੂੰ ਨਾਸ਼ ਕਰਨ ਦੀ ਆਗਿਆ ਦਿੰਦਾ ਹੈ।

ਕੀ ਤੁਸੀਂ ਕਦੇ ਸੋਚਿਆ ਹੈ ਕਿ ਮਸੀਹ ਯਿਸੂ ਉੱਪਰ ਪਵਿੱਤਰ ਆਤਮਾ ਆਉਣ ਤੋਂ ਪਹਿਲਾਂ, ਮਸੀਹ ਨੇ ਕਰਾਮਾਤਾਂ, ਚੰਗਾਈ, ਅਤੇ ਨਾ ਹੀ ਦੁਸ਼ਟ ਆਤਮਾ ਨੂੰ ਕੱਢਣ ਦਾ ਕੰਮ, ਕਦੇ ਵੀ ਕਿਉਂ ਨਹੀਂ

ਕੀਤਾ। ਸੱਚਾਈ ਹੈ, ਉਹ ਨਹੀਂ ਕਰ ਸਕਦਾ ਸੀ। ਉਸ ਉੱਪਰ ਪਵਿੱਤਰ ਆਤਮਾ ਆਉਣ ਤੋਂ ਬਾਦ ਹੀ ਉਸ ਨੇ ਪਾਣੀ ਨੂੰ ਦਾਖਰਸ ਵਿੱਚ ਬਦਲਿਆ (ਯੂੰਹਨਾ 2:11) ਅਤੇ ਆਪਣੀ ਸੇਵਕਾਈ ਸ਼ੁਰੂ ਕੀਤੀ। ਪਿਤਾ ਨੇ ਇਹ ਯੋਜਨਾ ਪਹਿਲਾਂ ਹੀ ਤਿਆਰ ਕਰ ਰੱਖੀ ਸੀ- ਮਸੀਹ ਯਿਸੂ ਦਾ ਜੀਵਨ, ਮੌਤ ਅਤੇ ਜੀ ਉੱਠਣਾ ਬਹੁ-ਅਰਥ ਅਤੇ ਬਹੁ-ਤੱਥਾਂ ਨਾਲ਼ ਭਰਿਆ ਹੋਇਆ ਸੀ। ਆਉ ਅਸੀਂ ਥੱਲੇ ਦਿੱਤੇ ਵਚਨ ਦੁਆਰਾ ਮੇਰੀ ਆਖੀ ਹੋਈ ਗੱਲ ਨੂੰ ਪ੍ਰਮਾਣਿਤ ਕਰੀਏ।

"ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ 0 ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ 0 ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ 0 ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ" ਫਿਲਿੱਪੀਆਂ ਨੂੰ 2:5-8 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਮਸੀਹ ਯਿਸੂ ਨੇ ਸਵੈ-ਮਰਜ਼ੀ ਨਾਲ਼ ਆਪਣੀ ਸਾਰੀ ਸਵਰਗੀ ਸਮੱਰਥਾ, ਬੁੱਧੀ ਅਤੇ ਅਧਿਕਾਰਾਂ ਨੂੰ ਖਾਲੀ ਕਰ ਦਿੱਤਾ ਕਿ ਉਹ ਸਾਡੇ ਲਈ ਇੱਕ ਨਮੂਨਾ ਪੇਸ਼ ਕਰ ਸਕੇ। ਉਸ ਦੁਆਰਾ ਕੀਤਾ ਹੋਇਆ ਹਰੇਕ ਚਮਤਕਾਰ ਪਵਿੱਤਰ ਆਤਮਾ ਉੱਪਰ ਨਿਰਭਰ ਹੁੰਦਾ ਸੀ। ਹਰੇਕ ਭੇਦ, ਬੁੱਧੀ ਦਾ ਵਚਨ, ਅਤੇ ਨਬੂਵਤ ਜੋ ਉਹ ਜਾਣਦਾ ਸੀ, ਪਿਤਾ ਦੇ ਬੋਲਣ ਤੋਂ ਪਵਿੱਤਰ ਆਤਮਾ ਦੁਆਰਾ ਸੁਣ ਕੇ ਪ੍ਰਾਪਤ ਕਰਦਾ ਸੀ। ਕੀ ਉਸ ਦੀ ਇਹ ਚੋਣ ਪਵਿੱਤਰ ਆਤਮਾ ਤੋਂ ਬਿਨ੍ਹਾਂ, ਉਸ ਨੇ ਖੁਦ ਦੀ ਸਵਰਗੀ ਸਮੱਰਥਾ ਨਾਲ਼ ਕੀਤੀ ਸੀ? ਅਗਰ ਉਸ ਨੇ ਅਜਿਹਾ ਕੀਤਾ ਹੁੰਦਾ ਤਾਂ ਉਹ ਮੇਰੇ ਅਤੇ ਤੁਹਾਡੇ ਲਈ ਕਦੇ ਵੀ ਨਮੂਨਾ ਨਹੀਂ ਹੋਣਾ ਸੀ।

ਮਸੀਹ ਯਿਸੂ ਨੇ ਕੇਵਲ ਤਿੰਨ ਵਰਿਆਂ ਲਈ ਸਮੱਰਥਾਸ਼ਾਲ਼ੀ ਸੇਵਕਾਈ ਕੀਤੀ। ਤਿੰਨ ਵਰ੍ਹੇ ਹੀ ਕਿਉਂ? ਆਪਣੇ ਜੀ ਉੱਠਣ ਤੋਂ ਬਾਦ ਵੀ ਉਹ ਧਰਤੀ ਉੱਪਰ ਰਹਿ ਸਕਦਾ ਸੀ ਅਤੇ ਹਰੇਕ ਰਾਸ਼ਟਰ ਵਿੱਚ ਆਪਣੀ

ਸੇਵਕਾਈ ਜ਼ਾਰੀ ਰੱਖ ਸਕਦਾ ਸੀ। ਉਹ ਇਨ੍ਹਾਂ ਛੇਤੀ ਕਿਉਂ ਚਲਾ ਗਿਆ? ਮਿੱਤਰ, ਤੁਹਾਨੂੰ ਇਹ ਜ਼ਰੂਰ ਸਮਝ ਲੈਣਾ ਚਾਹੀਦਾ ਹੈ ਕਿ ਪਿਤਾ ਨੇ ਮਾਨਵਤਾ ਲਈ ਚੁਣੀ ਹੋਈ ਯੋਜ਼ਨਾ ਨੂੰ ਕਦੇ ਵੀ ਸਮਾਪਤ ਨਹੀਂ ਕੀਤਾ। ਇਹ, ਪਿਤਾ ਦੀ ਇੱਛਾ ਸੀ ਅਤੇ ਹੈ ਕਿ ਮਨੁੱਖ ਜਾਤੀ ਇਸ ਧਰਤੀ ਉੱਪਰ ਅਧਿਕਾਰ ਰੱਖੇ ਅਤੇ ਰਾਜ ਕਰੇ (ਉੱਤਪਤ 1:28, ਜ਼ਬੂਰ 115:16 ), ਅਤੇ ਮਸੀਹ ਯਿਸੂ ਉਸ ਅਧਿਕਾਰ ਨੂੰ ਵਾਪਸ ਲੈਣ ਲਈ ਆਇਆ ਅਤੇ ਸਾਨੂੰ ਵਾਪਸ ਦਿੰਦਾ ਹੈ। ਪਰਮੇਸ਼ਵਰ ਚਾਹੁੰਦਾ ਹੈ ਕਿ ਅਸੀਂ ਅੱਗੇ ਤੋਂ, ਇਸ ਧਰਤੀ ਉੱਪਰ ਉਸ ਦੇ ਰਾਜ ਅਤੇ ਉਸ ਦੀ ਭਲਾਈ ਨੂੰ ਪ੍ਰਗਟ ਕਰੀਏ। ਫਿਰ ਵੀ, ਸਾਡੀ ਸਫ਼ਲਤਾ ਮਸੀਹ ਯਿਸੂ ਦੇ ਨਮੂਨੇ ਨੂੰ ਲਾਗੂ ਕਰਨ ਉੱਪਰ ਨਿਰਭਰ ਹੈ।

ਪਰ ਤੁਸੀਂ ਇਹ ਕਹਿੰਦੇ ਹੋਏ ਵਿਰੋਧ ਕਰ ਸਕਦੇ ਹੋ, "ਪਰ ਮਸੀਹ ਯਿਸੂ ਤਾਂ ਪਾਪ-ਰਹਿਤ ਸੀ! ਅਸੀਂ ਸਿੱਧ ਨਹੀਂ ਅਤੇ ਪਾਪ ਨਾ.ਲ ਸੰਘਰਸ਼ ਕਰਦੇ ਹਾਂ"! ਮਿੱਤਰ, ਪਰਮੇਸ਼ਵਰ ਅਤੇ ਸਾਡੇ ਦਰਮਿਆਨ ਪਾਪ ਕੋਈ ਵੱਡੀ ਗੱਲ ਨਹੀਂ ਹੈ, ਕਿਉਂਕਿ ਮਸੀਹ ਯਿਸੂ ਦੁਆਰਾ ਪ੍ਰਾਸ਼ਚਿਤ ਹੋ ਚੁੱਕਿਆ ਹੈ। ਜਿੱਥੇ ਪਾਪ ਬਾਹ.ਲਾ ਹੁੰਦਾ ਹੈ ਉਥੇ ਉਸ ਦੀ ਕਿਰਪਾ ਅੱਤ ਵਧੀਕ ਹੁੰਦੀ ਹੈ (ਰੋਮੀਆਂ 5:20)। ਸਫ਼ਲਤਾ ਦੀ ਕਮੀਂ ਅਤੇ ਜੈ ਵਿੱਚ ਨਾ ਚੱਲਣ ਦੀ ਅਸਫ਼ਲਤਾ ਪਾਪ ਕਾਰਨ ਨਹੀਂ ਸਗੋਂ ਅਵਿਸ਼ਵਾਸ਼ ਕਾਰਨ ਹੈ। ਕੇਵਲ ਮਸੀਹ ਯਿਸੂ ਦਾ ਲਹੂ ਹੀ ਸਾਨੂੰ ਧਰਮੀ-ਅਤੇ ਪਰਮੇਸ਼ਵਰ ਦੇ ਸਾਹਮਣੇ ਗ੍ਰਹਿਣ ਯੋਗ ਬਣਾਉਂਦਾ ਹੈ-ਅਸੀਂ ਇਸ ਗੱਲ ਦਾ ਵਿਸ਼ਵਾਸ਼ ਨਹੀਂ ਕਰਦੇ ਹਾਂ-ਅਸੀਂ ਸ਼ੱਕ ਕਰਦੇ ਹਾਂ ਅਤੇ ਆਪਣੇ ਪਾਪਾਂ, ਸੰਘਰਸ਼ਾਂ ਅਤੇ ਅਸਫ਼ਲਤਾਵਾਂ ਉੱਪਰ ਧਿਆਨ ਕਰਦੇ ਹਾਂ, ਇਹ ਕਰਕੇ ਅਸੀਂ ਉਸ ਦੇ ਲਹੂ ਦੀ ਅਲੌਕਿਕ ਸਮੱਰਥਾ ਨੂੰ ਘਟਾ ਦਿੰਦੇ ਹਾਂ। ਧਾਰਮਿਕਤਾ ਦਾ ਇਨਾਮ ਤੁਹਾਨੂੰ ਪਰਮੇਸ਼ਵਰ ਦੀ ਧਾਰਮਿਕਤਾ ਬਣਾਉਂਦਾ ਹੈ, ਨਾ ਕਿ ਪਾਪ-ਰਹਿਤ ਧਾਰਮਿਕਤਾ ਦੀ (2 ਕੁਰਿੰਥੀਆਂ 5:21 )! ਮਿੱਤਰ, ਮਸੀਹ ਯਿਸੂ ਦੀ ਜਿਹੜੀ ਮਾਨਤਾ, ਰਿਸ਼ਤਾ, ਅਤੇ ਪਹੁੰਚ ਪਿਤਾ ਨਾ.ਲ ਸੀ, ਉਸੇ ਲਈ ਮਸੀਹ ਯਿਸੂ ਦਾ ਲਹੂ ਸਾਨੂੰ ਵੀ ਯੋਗ ਬਣਾਉਂਦਾ ਹੈ!

ਰਸੂਲਾਂ ਦੇ ਕਰੱਤਬ ਦੀ ਪੁਸਤਕ, ਮਸੀਹ ਦੀ ਗੈਰ-ਹਾਜ਼ਰੀ ਵਿੱਚ ਚੇਲਿਆਂ ਦਾ ਉਸ ਦੇ ਕਦਮਾਂ ਉਪਰ ਚੱਲਣ ਦੀ ਕੋਸ਼ਿਸ਼ ਸੀ। ਸਾਨੂੰ ਜ਼ਰੂਰ

ਸਮਝ ਲੈਣਾ ਚਾਹੀਦਾ ਹੈ ਕਿ ਉਹ ਸਾਡੇ ਵਰਗੇ ਮਨੁੱਖ ਸਨ ਅਤੇ ਗਲਤੀਆਂ ਕਰਦੇ ਸਨ। ਇਸ ਦੇ ਉੱਲਟ, ਮਸੀਹ ਯਿਸੂ ਨੇ ਕਦੇ ਵੀ ਗਲਤੀਆਂ ਨਹੀਂ ਕੀਤੀਆਂ, ਅਤੇ ਜੋ ਕੁਝ ਉਹ ਨੇ ਕੀਤਾ, ਪਿਤਾ ਦੀ ਮਰਜ਼ੀ ਦਾ ਸੰਪੂਰਨ ਪ੍ਰਤੀਬਿੰਬ ਸੀ। ਚੇਲਿਆਂ ਅਤੇ ਰਸੂਲਾਂ ਦੇ ਸੰਘਰਸ਼ ਸਾਨੂੰ ਉਨ੍ਹਾਂ ਨੂੰ ਜਾਣਨ ਵਿੱਚ ਸਹਾਇਤਾ ਕਰਦੇ ਹਨ, ਅਤੇ ਅਸੀਂ ਉਨ੍ਹਾਂ ਦੀਆਂ ਜਿੱਤਾਂ ਅਤੇ ਹਾਰਾਂ ਤੋਂ ਸਿੱਖ ਸਕਦੇ ਹਾਂ। ਜਿਵੇਂ ਤੁਸੀਂ ਉਨ੍ਹਾ ਬਾਰੇ ਪੜ੍ਹਦੇ ਹੋਂ, ਯਾਦ ਰੱਖੋ ਕਿ ਉਹ ਸਾਡੇ ਲਈ ਨਮੂਨਾ ਨਹੀਂ ਹਨ, ਜੋ ਕੁਝ ਮਸੀਹ ਯਿਸੂ ਨੇ ਕਿਹਾ ਕਿ ਸੰਭਵ ਹੈ , ਉਨ੍ਹਾਂ ਨੇ ਉਹ ਸਭ ਕਰਨਾ ਸ਼ੁਰੂ ਕੀਤਾ।

ਉਨ੍ਹਾਂ ਦੀਆਂ ਇਨ੍ਹਾਂ ਗਲਤੀਆਂ ਉੱਪਰ ਧਿਆਨ ਦਿਉ:ਉਹ ਪਖੰਡੀ ਅਤੇ ਫੁੱਟ ਪਾਉਣ ਵਾਲੇ ਸਨ (ਗਲਾਤੀਆਂ 2:11-14, ਰਸੂਲਾਂ ਦੇ ਕਰਤੱਬ 15:38-40), ਦਯਾ ਅਤੇ ਕਿਰਪਾ ਦੇ ਸਥਾਨ ਉਤੇ ਉਨ੍ਹਾ ਨੇ ਸ਼ਰਾਪ ਦਿੱਤਾ ਅਤੇ ਨਿਆਂ ਕੀਤਾ (ਰਸੂਲਾਂ ਦੇ ਕਰਤੱਬ 5:1-10, 8:20-23 ), ਅਤੇ ਉਹ ਆਪਣੀ ਸਮਝ ਵਿੱਚ ਬਿਵਸਥਾਵਾਦੀ ਅਤੇ ਸੀਮਿਤ ਸਨ (ਰਸੂਲਾਂ ਦੇ ਕਰਤੱਬ 10, 11, 15 ਅਧਿਆਇ)। ਫਿਰ ਵੀ, ਉਨ੍ਹਾਂ ਨੇ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ, ਜਿਨ੍ਹਾਂ ਵਿੱਚ ਕਰਾਮਾਤਾਂ ਸ਼ਾਮਲ ਸਨ, ਭੀੜਾਂ ਨੂੰ ਛੁਟਕਾਰੇ ਤੱਕ ਲਿਆਏ, ਅਤੇ ਸੰਸਾਰ ਦੇ ਬਹੁਤ ਵੱਡੇ ਭਾਗ ਵਿੱਚ ਖੁਸ਼ ਖਬਰੀ ਨੂੰ ਪਹੁੰਚਾਇਆ। ਇੱਕ ਬਿੰਦੂ ਉਤੇ ਸਭ ਨੂੰ ਚੰਗਾ ਕੀਤਾ ਜਾ ਰਿਹਾ ਸੀ ਅਤੇ ਦੁਸ਼ਟ ਆਤਮਿਆਂ ਤੋਂ ਛੁਟਕਾਰਾ ਦਿੱਤਾ ਜਾ ਰਿਹਾ ਸੀ (ਰਸੂਲਾਂ ਦੇ ਕਰਤੱਬ 5:14-16);ਉਹ ਮਸੀਹ ਦੀ ਸਫ਼ਲਤਾ ਦੇ ਮਾਪ ਤੱਕ ਪਹੁੰਚ ਗਏ ਸਨ ! ਮਿੱਤਰ, ਪਤਰਸ, ਫਿਲਿਪੁਸ, ਅਤੇ ਪੌਲੁਸ ਸਾਡਾ ਨਮੂਨਾ ਅਤੇ ਮਾਪਦੰਡ ਨਹੀਂ ਹਨ-ਉਹ ਦਰਜ਼ਾ ਕੇਵਲ ਮਸੀਹ ਯਿਸੂ ਦਾ ਹੈ। ਪਰ ਉਨ੍ਹਾ ਬਾਰੇ ਲਿਖੀਆਂ ਕਹਾਣੀਆਂ ਸਾਬਤ ਕਰਦੀਆਂ ਹਨ ਕਿ ਮਸੀਹ ਯਿਸੂ ਦਾ ਨਮੂਨਾ ਸੰਭਵ ਅਤੇ ਦੁਹਰਾਉਣ ਯੋਗ ਹੈ, ਮੇਰੇ ਅਤੇ ਤੁਹਾਡੇ ਦੁਆਰਾ ਇਸ ਨੂੰ ਅੱਗੇ ਪਹੁੰਚਾਇਆ ਜਾ ਸਕਦਾ ਹੈ

## ਨਾ.ਲ-ਨਾ.ਲ ਹੋਣ ਵਾ.ਲੇ ਚਿੰਨ

ਮਸੀਹ ਯਿਸੂ ਦੀ ਸੇਵਕਾਈ ਤਰ੍ਹਾਂ ਹੀ, ਖੁਸ਼ ਖਬਰੀ ਨੂੰ ਅੱਗੇ ਵਧਾਉਣ

ਲਈ, ਨਵੇਂ ਨੇਮ ਦੇ ਵਿਸ਼ਵਾਸ਼ੀ ਆਪਣੇ ਯਤਨਾਂ ਵਿੱਚ ਚਿੰਨਾਂ ਅਤੇ ਅਦਭੁਤ ਕੰਮਾਂ ਨੂੰ ਸ਼ਾਮਲ ਕਰਨ ਦਾ ਤਜ਼ਰਬਾ ਅਤੇ ਇੱਛਾ ਰੱਖਦੇ ਹਨ (ਮਰਕੁਸ 16:15-20 )।ਆਉ ਅਸੀਂ ਇਨ੍ਹਾਂ ਚਿੰਨ੍ਹਾਂ ਦੇ ਖੇਤਰ ਸੰਬੰਧੀ ਬਹੁਤ ਸਾਰੀਆਂ ਆਇਤਾਂ ਨੂੰ ਪੜ੍ਹੀਏ ਅਤੇ ਧਿਆਨ ਦੇਈਏ।

"ਤਾਂ ਅਸੀਂ ਕਿੱਕੁਰ ਬਚ ਨਿਕਲਾਂਗੇ ਜੇ ਐਡੀ ਵੱਡੀ ਮੁਕਤੀ ਦੀ ਬੇ ਪਰਵਾਹੀ ਕਰੀਏ ਜੋ ਪਹਿਲਾਂ ਪ੍ਰਭੁ ਦੇ ਰਾਹੀਂ ਆਖੀ ਗਈ ਸੀ ਅਤੇ ਸੁਣਨ ਵਾਲਿਆਂ ਤੋਂ ਸਾਨੂੰ ਸਾਬਤ ਹੋਈ? 0 ਪਰਮੇਸ਼ੁਰ ਵੀ ਨਿਸ਼ਾਨੀਆਂ ਅਤੇ ਅਚੰਭਿਆਂ ਅਤੇ ਨਾਨਾ ਪਰਕਾਰ ਦੀਆਂ ਕਰਾਮਾਤਾਂ ਅਤੇ ਪਵਿੱਤਰ ਆਤਮਾ ਦੀਆਂ ਕਰਾਮਾਤਾਂ ਅਤੇ ਪਵਿੱਤਰ ਆਤਮਾ ਦੀਆਂ ਵੰਡਾਂ ਦੇ ਵਸੀਲੇ ਆਪਣੀ ਇੱਛਿਆ ਦੇ ਅਨੁਸਾਰ ਉਨ੍ਹਾਂ ਦੇ ਨਾਲ ਸਾਖੀ ਦਿੰਦਾ ਰਿਹਾ"॥ ਇਬਰਾਨੀਆਂ ਨੂੰ 2:3-4 ( ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ ਅਤੇ ਵਿਆਖਿਆ)

ਇਹ ਚਿੰਨ, ਅਦਭੁਤ ਸਮੱਰਥਾ ਦੇ ਕੰਮ, ਅਤੇ ਆਤਮਾ ਦੇ ਇਨਾਮ, ਬਹੁਤ ਸਾਰੇ ਉਦੇਸ਼ਾ ਨੂੰ ਸ਼ਪੱਸਟ ਕਰਦੇ ਹਨ:ਖੁਸ਼ ਖਬਰੀ ਦੇ ਸ਼ੰਦੇਸ਼ ਨੂੰ ਪ੍ਰਮਾਣਿਤ ਕਰਨਾ ਮਸੀਹ ਯਿਸੂ ਦੀ ਸੱਚਾਈ ਨੂੰ ਸਥਾਪਿਤ ਕਰਨਾ, ਅਤੇ ਪਰਮੇਸ਼ਵਰ ਦੇ ਹਿਰਦੇ ਦੇ ਸੁਭਾਅ ਅਤੇ ਪਿਆਰ ਨੂੰ ਪ੍ਰਗਟ ਕਰਨਾ।ਇਸ ਤਰ੍ਹਾਂ ਦੇ ਅਸਧਾਰਨ ਪ੍ਰਭਾਵ ਚਾਹੇ ਅਤੇ ਪ੍ਰਵਾਨੇ ਜਾਂਦੇ ਹਨ।ਰਸੂਲਾਂ ਦੇ ਕਰਤੱਬ 3 ਅਧਿਆਇ ਦੇ ਕਾਰਾਮਾਤੀ ਕੰਮ ਨੂੰ ਦੇਖੋ, ਜਿਸਨੇ ਖੁਸ਼ ਖਬਰੀ ਦੇ ਐਲਾਨ ਲਈ ਮੰਚ ਤਿਆਰ ਕੀਤਾ।

"ਜਿਸ ਵੇਲੇ ਉਹ ਪਤਰਸ ਅਤੇ ਯੂਹੰਨਾ ਨੂੰ ਚਿੰਬੜਦਾ ਜਾਂਦਾ ਸੀ ਸਾਰੇ ਲੋਕ ਬਹੁਤ ਦੰਗ ਹੋਏ ਉਸ ਦਲਾਨ ਵਿੱਚ ਜਿਹੜਾ ਸੁਲੇਮਾਨ ਦਾ ਸੱਦੀਦਾ ਹੈ ਉਨ੍ਹਾਂ ਕੋਲ ਦੌੜੇ ਆਏ 0 ਇਹ ਵੇਖ ਕੇ ਪਤਰਸ ਨੇ ਲੋਕਾਂ ਨੂੰ ਅੱਗੋਂ ਆਖਿਆ ਕਿ ਹੇ ਇਸਰਾਏਲੀਓ, ਐਸ ਮਨੁੱਖ ਉੱਤੇ ਤੁਸੀਂ ਕਿਉਂ ਅਚਰਜ ਮੰਨਦੇ ਹੋ ਅਤੇ ਸਾਡੀ ਵੱਲ ਇਉਂ ਕਾਹਨੂੰ ਤੱਕ ਰਹੇ ਹੋ ਭਈ ਜਾਣੀਦਾ ਅਸਾਂ ਆਪਣੀ ਸਮੱਰਥਾ ਯਾ ਭਗਤੀ ਨਾਲ ਇਹ ਨੂੰ ਤੁਰਨ ਦੀ ਸ਼ਕਤੀ ਦਿੱਤੀ"? ਰਸੂਲਾਂ ਦੇ ਕਰਤੱਬ 3:11-12

“ਪਰ ਉਨ੍ਹਾਂ ਵਿੱਚੋਂ ਜਿਨ੍ਹਾਂ ਨੇ ਬਚਨ ਸੁਣਿਆ ਸੀ ਬਹੁਤਿਆਂ ਨੇ ਨਿਹਚਾ ਕੀਤੀ ਅਤੇ ਉਨ੍ਹਾਂ ਮਨੁੱਖਾਂ ਦੀ ਗਿਣਤੀ ਪੰਜਕੁ ਹਜ਼ਾਰ ਹੋ ਗਈ”॥ ਰਸੂਲਾਂ ਦੇ ਕਰਤੱਬ 4:4

ਇਸ ਕਰਾਮਾਤ ਦੇ ਕਾਰਨ, ਜੋ ਕੁਝ ਪਤਰਸ ਨੇ ਬੋਲਿਆ ਸੀ, ਹਜ਼ਾਰਾ ਲੋਕ ਖੁੱਲੇ ਤੌਰ ਉੱਤੇ ਉਸ ਵਿੱਚ ਰੁਚੀ ਲੈ ਰਹੇ ਸਨ ਅਤੇ ਵਿਸ਼ਵਾਸ਼ ਕਰਨ ਲਈ ਬਹੁਤ ਜ਼ਿਆਦਾ ਝੁੱਕ ਗਏ ਸਨ। ਇਸ ਕਰਾਮਾਤ ਨਾਲ਼ ਖੁਸ਼ ਖਬਰੀ ਲਈ ਮੰਚ ਤਿਆਰ ਹੋ ਗਿਆ ਸੀ ਅਤੇ ਖੁਸ਼ ਖਬਰੀ ਦੀ ਸੱਚਾਈ ਨੂੰ ਪ੍ਰਮਾਣਿਤ ਕਰ ਦਿੱਤਾ ਸੀ, ਪੰਜ ਹਜ਼ਾਰ ਲੋਕਾਂ ਨੇ ਮਸੀਹ ਯਿਸੂ ਵਿੱਚ ਵਿਸ਼ਵਾਸ਼ ਕੀਤਾ। ਮਿੱਤਰ, ਖੁਸ਼ ਖਬਰੀ ਨਾਲ਼ ਇੱਕ ਕਰਾਮਾਤ, ਹਜ਼ਾਰਾ ਮੁਕਤੀਆਂ ਪੈਦਾ ਕਰ ਸਕਦੀ ਹੈ!

“ਤਾਂ ਐਉਂ ਹੋਇਆ ਕਿ ਪਤਰਸ ਸਭਨੀਂ ਪਾਸੀਂ ਫਿਰਦਾ ਫਿਰਦਾ ਉਨ੍ਹਾਂ ਸੰਤਾਂ ਕੋਲ ਵੀ ਆਇਆ ਜਿਹੜੇ ਲੁੱਦਾ ਵਿੱਚ ਰਹਿੰਦੇ ਸਨ 0 ਅਰ ਉੱਥੇ ਐਨੀਯਾਸ ਨਾਮੇ ਇੱਕ ਮਨੁੱਖ ਉਹ ਨੂੰ ਮਿਲਿਆ ਜਿਹੜਾ ਅੱਠਾਂ ਵਰਿਹਾਂ ਤੋਂ ਅਧਰੰਗ ਦੇ ਮਾਰੇ ਮੰਜੇ ਉੱਤੇ ਪਿਆ ਹੋਇਆ ਸੀ 0 ਪਤਰਸ ਨੇ ਉਸ ਨੂੰ ਆਖਿਆ, ਐਨਿਯਾਸ, ਮਸੀਹ ਯਿਸੂ ਤੈਨੂੰ ਚੰਗਾ ਕਰਦਾ ਹੈ, ਉੱਠ ਅਤੇ ਆਪਣਾ ਵਿਛਾਉਣਾ ਸੁਧਾਰ,ਅਤੇ ਉਹ ਝੱਟ ਉਠਿਆ! 0 ਤਾਂ ਲੁੱਦਾ ਅਤੇ ਸ਼ਰੇਨ ਦੇ ਸਾਰੇ ਵਾਸੀਆਂ ਨੇ ਵੇਖਿਆ ਅਤੇ ਪ੍ਰਭੁ ਦੀ ਵੱਲ ਫਿਰੇ”॥ ਰਸੂਲਾਂ ਦੇ ਕਰਤੱਬ 9:32-35 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਜਿਸ ਕਿਸੇ ਨੇ ਇਹ ਕਰਾਮਾਤ ਦੇਖੀ, ਉਸਨੇ ਮਸੀਹ ਯਿਸੂ ਵਿੱਚ ਵਿਸ਼ਵਾਸ਼ ਕੀਤਾ ਅਤੇ ਬਚਾਇਆ ਗਿਆ! ਇਨ੍ਹਾ ਦੋ ਹਲਾਤਾਂ ਵਿੱਚ, ਖੁਸ਼ ਖਬਰੀ ਦੇ ਸ਼ੰਦੇਸ਼ ਦਾ ਐਲਾਨ ਕਰਦੇ ਹੋਏ ਕਰਾਮਾਤਾਂ ਅੱਗੇ ਵੱਧੀਆਂ ਅਤੇ ਹੇਠਾਂ ਲਿਖੇ ਪ੍ਰਭਾਵ ਪਾਏ:ਸਵੈ-ਇੱਛਾ ਵਾਲੇ ਸਰੋਤਿਆਂ ਦੀ ਗਿਣਤੀ ਵਧਾਈ, ਉਨ੍ਹਾਂ ਦੇ ਧਿਆਨ ਨੂੰ ਆਪਣੇ ਵੱਲ ਖਿੱਚਿਆ,

ਹਰ ਪ੍ਰਕਾਰ ਦੇ ਸ਼ੱਕ ਨੂੰ ਦੂਰ ਕੀਤਾ, ਅਤੇ ਵਿਸ਼ਵਾਸ਼ ਕਰਨ ਲਈ ਉਨ੍ਹਾਂ ਦੇ ਸੰਕਲਪ ਨੂੰ ਦ੍ਰਿੜ ਕੀਤਾ।

ਉਲਟੇ ਕ੍ਰਮ ਵਿੱਚ, ਖੁਸ਼ ਖਬਰੀ ਕਰਾਮਾਤ ਹੋਣ ਲਈ ਮੰਚ ਤਿਆਰ ਕਰਦੀ ਹੈ, ਲੋਕ ਬਚਾਓ ਦੇ ਸੰਦੇਸ਼ ਵੱਲ ਧਿਆਨ ਕਰਦੇ ਹਨ, ਅਤੇ ਪਵਿੱਤਰ ਆਤਮਾ ਹਿਰਦੇ ਵਿੱਚ ਵਿਸ਼ਵਾਸ਼ ਦੀ ਪ੍ਰੇਰਣਾ ਦਿੰਦੀ ਹੈ। ਹੇਠਾਂ ਲਿਖੇ ਉਲਟ ਕ੍ਰਮ ਨੂੰ ਨੋਟ ਕਰੋ ਅਤੇ ਵੇਖੋ ਕਿ ਕਿਵੇਂ ਇਸ ਸੰਦੇਸ਼ ਨੇ ਵਿਸ਼ਵਾਸ਼ ਨੂੰ ਪ੍ਰੇਰਣਾ ਦਿੱਤੀ।

"ਅਰ ਉੱਥੇ ਖੁਸ਼ ਖਬਰੀ ਸੁਣਾਉਦੇ ਰਹੇ॥ ਲੁਸਤ੍ਰਾ ਵਿੱਚ ਇੱਕ ਮਨੁੱਖ ਪੈਰਾਂ ਤੋਂ ਨਿਰਬਲ ਬੈਠਾ ਸੀ ਜਿਹੜਾ ਜਮਾਂਦਰੂ ਲੰਙਾ ਸੀ ਅਰ ਕਦੇ ਨਹੀਂ ਸੀ ਤੁਰਿਆ 0 ਉਸ ਨੇ ਪੌਲੁਸ ਨੂੰ ਗੱਲਾਂ ਕਰਦੇ ਸੁਣਿਆ ਅਤੇ ਇਸ ਨੇ ਉਹ ਦੀ ਵੱਲ ਧਿਆਨ ਕਰ ਕੇ ਜਾਂ ਵੇਖਿਆ ਭਈ ਇਹ ਦੇ ਵਿੱਚ ਚੰਗਾ ਹੋਣ ਦੀ ਨਿਹਚਾ ਹੈ 0 ਤਾਂ ਉੱਚੀ ਦੇ ਕੇ ਬੋਲਿਆ ਕਿ ਆਪਣੇ ਪੈਰਾਂ ਉੱਤੇ ਸਿੱਧਾ ਖੜਾ ਹੋ! ਤਾਂ ਉਹ ਉਛਲ ਕੇ ਤੁਰਨ ਲੱਗ ਪਿਆ 0 ਜਦ ਓਹਨਾਂ ਲੋਕਾਂ ਨੇ ਜੋ ਕੁਝ ਪੌਲੁਸ ਨੇ ਕੀਤਾ ਸੀ ਵੇਖਿਆ ਤਦ ਓਹ ਲੁਕਾਉਨਿਯਾ ਦੀ ਬੋਲੀ ਵਿੱਚ ਉੱਚੀ ਅਵਾਜ਼ ਨਾਲ ਆਖਣ ਲੱਗੇ ਭਈ ਦਿਉਤੇ ਮਾਨਸ ਰੂਪ ਧਾਰ ਕੇ ਸਾਡੇ ਕੋਲ ਉਤਰੇ ਹਨ"! ਰਸੂਲਾਂ ਦੇ ਕੰਮ 14:7-11 (ਮੇਰੇ ਦੁਆਰਾ ਖਾਸ ਧਿਆਨ ਦੇਯ ਯੋਗ)

ਜਿਵੇਂ ਸਾਨੂੰ ਪਵਿੱਤਰ ਆਤਮਾ ਅਗਵਾਈ ਕਰਦਾ ਹੈ, ਅਸੀਂ ਖੁਸ਼ ਖਬਰੀ ਦੀ ਸਫ਼ਲਤਾ ਲਈ ਚੰਗਾਈ, ਕਰਾਮਾਤਾਂ ਅਤੇ ਛੁਟਕਾਰੇ ਕਰਨੇ ਸ਼ੁਰੂ ਕਰਾਂਗੇ, ਅਤੇ ਸਮੱਰਥਾ ਦੇ ਕੰਮਾਂ ਅਤੇ ਉਮੀਦਾਂ ਨਾਲ ਚਿੰਨਾਂ ਦੁਆਰਾ ਖੁਸ਼ ਖਬਰੀ ਦਾ ਐਲਾਨ ਕਰਾਂਗੇ। ਇਹ ਦੋਵੇਂ ਗਹਿਰਾਈ ਨਾਲ ਜੁੜੇ ਹੋਏ ਹਨ ਅਤੇ ਇੱਕ ਦੂਸਰੇ ਦੀ ਸਫ਼ਲਤਾ ਲਈ ਸਮੱਰਥਨ ਕਰਦੇ ਹਨ, ਧਰਤੀ ਉੱਪਰ ਸਵਰਗ ਨੂੰ ਸਥਾਪਿਤ ਕਰਨ ਲਈ, ਇਹ ਦੋਵੇਂ ਬਹੁਤ ਵੱਡਾ ਪ੍ਰਭਾਵ ਅਤੇ ਹਮੇਸ਼ਾ ਵੱਧਣ ਵਾਲੇ ਆਵੇਗ ਨੂੰ ਲਿਆ ਰਹੇ ਹਨ। ਜਦੋਂ ਵੀ ਖੁਸ਼ ਖਬਰੀ ਵੰਡੀ ਜਾਂਦੀ ਹੈ, ਪਰਮੇਸ਼ਵਰ ਚਿੰਨ ਕਰਨਾ ਚਾਹੁੰਦਾ ਹੈ ਅਤੇ ਸਮੱਰਥਾ ਦੁਆਰਾ ਆਪਣੇ ਪਿਆਰ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ। ਚਿੰਨ ਖੁਸ਼ ਖਬਰੀ ਦੇ ਠੋਸ ਤਜ਼ਰਬੇ ਹੁੰਦੇ ਹਨ! ਜਦੋਂ ਹਰ ਸਮੇਂ ਇੱਕ ਕਰਾਮਾਤ ਕੀਤੀ ਜਾਂਦੀ ਹੈ ਤਾਂ ਪਰਮੇਸ਼ਵਰ ਚਾਹੁੰਦਾ ਹੈ ਕਿ ਉਸ ਦਾ ਬਚਾਓ ਵਾਲ਼ਾ ਸੰਦੇਸ਼ ਗੁਆਚੇ ਹੋਏ ਦੇ ਹਿਰਦੇ ਵਿੱਚ ਪਹੁੰਚੇ!

## ਵਿਸ਼ਵਾਸ਼ ਵਧਾਉਣ ਵਾਲੀਆਂ ਗਵਾਹੀਆਂ

ਜਦੋਂ ਮੈਂ ਅਤੇ ਮੇਰੀ ਟੀਮ ਮਹਾਰਾਸ਼ਟਰ, ਭਾਰਤ ਵਿੱਚ ਸਾਂ, ਮੈਂ, ਦੁਸ਼ਟ ਆਤਮਿਆਂ ਤੋਂ ਸਤਾਏ ਅਤੇ ਬਿਮਾਰਾਂ ਲਈ ਮਸੀਹ ਯਿਸੂ ਦੀ ਪ੍ਰਭਾਵਸ਼ਾਲੀ ਤਿੰਨ-ਰੋਜ਼ਾ ਸੰਗਤ ਚਲਾਈ। ਜਿਵੇਂ ਲੋਕਾਂ ਨੇ ਕਰਾਮਾਤਾਂ ਉੱਪਰ ਕਰਾਮਾਤਾਂ ਅਤੇ ਚੰਗਾਈ ਉੱਪਰ ਚੰਗਾਈਆਂ ਦੇਖੀਆਂ ਤਾਂ ਹਰੇਕ ਰਾਤ ਭੀੜ ਵੱਧਦੀ ਗਈ।

ਇੱਕ ਸ਼ਾਮ ਖੁਸ਼ ਖਬਰੀ ਦਾ ਪ੍ਰਚਾਰ ਕਰਨ ਤੋਂ ਬਾਅਦ, ਅਸੀਂ ਬਿਮਾਰਾਂ ਨੂੰ ਅੱਗੇ ਬੁਲਾਇਆ। ਜਿਥੇ ਮਸੀਹ ਯਿਸੂ ਦਾ ਐਲਾਨ ਕੀਤਾ ਜਾਂਦਾ ਹੈ ਅਤੇ ਵਿਸ਼ਵਾਸ਼ ਪ੍ਰਗਟ ਹੁੰਦਾ ਹੈ, ਉੱਥੇ ਪਵਿੱਤਰ ਆਤਮਾ ਹਮੇਸ਼ਾ ਇੱਕ ਵਾਤਾਵਰਣ ਬਣਾ ਦਿੰਦਾ ਹੈ। ਪ੍ਰਾਥਨਾ ਕਰਨ ਤੋਂ ਬਾਅਦ, ਅਸੀਂ ਉਨ੍ਹਾਂ ਨੂੰ ਜੋ ਚੰਗੇ ਹੋ ਗਏ ਸਨ ਸਾਹਮਣੇ ਬੁਲਾਇਆ ਤਾਂ ਕਿ ਗਵਾਹੀ ਦੇਣ। ਇੱਕ 9 ਵਰੇ ਦੀ ਲੜਕੀ ਆਪਣੀ ਮਾਂ ਨਾਲ਼ ਮੰਚ ਉੱਪਰ ਆਈ। ਭੀੜ ਦੇ ਸਾਹਮਣੇ ਉਹ ਲੜਕੀ ਅੱਗੇ ਅਤੇ ਪਿੱਛੇ ਝੁਕ ਰਹੀ ਸੀ। ਉਸ ਦੀ ਮਾਤਾ ਨੇ ਗਵਾਹੀ ਦਿੱਤੀ ਕਿ ਉਸ ਦੀ ਬੇਟੀ ਬਿਮਾਰ ਅਤੇ ਵਿਕਰਿਤ ਰੀੜ੍ਹ ਦੀ ਹੱਡੀ ਨਾਲ਼ ਪੈਦਾ ਹੋਈ ਸੀ, ਅਤੇ ਜਨਮ ਤੋਂ ਹੀ, ਉਹ ਦੋਵੇਂ ਪਾਸੇ ਝੁਕ ਨਹੀਂ ਸਕਦੀ ਸੀ! ਵਿਸ਼ਵਾਸ਼ ਕਰਨ ਅਤੇ ਖੁਸ਼ ਖਬਰੀ ਸੁਣਨ ਬਾਅਦ, ਪਵਿੱਤਰ ਆਤਮਾ ਨੇ ਇਹ ਕਰਾਮਾਤ ਕੀਤੀ!

ਅਗਲੀ ਸ਼ਾਮ ਖੁਸ਼ ਖਬਰੀ ਦਾ ਪ੍ਰਚਾਰ ਕਰਦੇ ਹੋਏ, ਮੈਂ ਇੱਕ ਬਜ਼ੁਰਗ ਆਦਮੀ ਨੂੰ ਥੱਲੇ ਬੈਠੀ ਹੋਈ ਭੀੜ ਦੇ ਕੋਲ਼, ਕੁਰਸੀ ਉੱਤੇ ਬੈਠੇ ਦੇਖਿਆ। ਜ਼ਿਆਦਾਤਰ ਭੀੜ ਥੱਲੇ ਜ਼ਮੀਨ ਉੱਪਰ ਬੈਠੀ ਹੋਈ ਸੀ, ਕਿਉਂਕਿ ਅਸੀਂ ਕੁਝ ਹੀ ਕੁਰਸੀਆਂ ਦਾ ਇੰਤਜ਼ਾਮ ਕਰ ਸਕੇ ਸੀ। ਪ੍ਰਾਥਨਾ ਕਰਨ ਸਮੇਂ ਉਹ ਬਜ਼ੁਰਗ ਖੜ੍ਹਾ ਹੋ ਗਿਆ ਅਤੇ ਆਪਣੇ ਹੱਥ ਉਠਾਏ। ਇੱਕ ਛਣ ਬਾਦ, ਮੈਂ ਉਸ ਨੂੰ ਧਰਤੀ ਉੱਪਰ ਲੇਟਦੇ ਹੋਏ ਦੇਖਿਆ! ਜਦ ਬਹੁਤ ਸਾਰੇ ਲੋਕ ਗਵਾਹੀ ਦੇਣ ਲਈ ਮੰਚ ਉੱਪਰ ਆਏ ਤਾਂ ਉਹ ਬਜ਼ੁਰਗ ਆਦਮੀ ਵੀ ਮੰਚ ਉੱਪਰ ਆਪਣੀ ਗਵਾਹੀ ਦੇਣ ਲਈ ਆਇਆ, ਅਤੇ ਮੈਂ ਜਾਣਨ ਲਈ ਉਤਸੁਕ ਸਾਂ ਕਿ ਉਸ ਨਾਲ ਕੀ ਵਾਪਰਿਆ। ਉਹ ਬਹੁਤ ਸਾਰੀਆਂ ਪੁਰਾਣੀਆਂ ਬਿਮਾਰੀਆਂ ਅਤੇ ਦਰਦਾਂ

ਨੂੰ ਝੱਲ ਰਿਹਾ ਸੀ। ਜਿਵੇਂ ਹੀ ਉਸ ਨੇ ਪ੍ਰਾਥਨਾ ਵਿੱਚ ਹੱਥ ਉਠਾਏ, ਉਸ ਨੇ ਆਪਣੇ ਸਰੀਰ ਵਿੱਚ ਉਤੇਜ਼ਕ ਬਿਜ਼ਲੀ ਦਾ ਝਟਕਾ ਮਹਿਸੂਸ ਕੀਤਾ, ਜਿਸਨੇ ਉਸਨੂੰ ਹੇਠਾਂ ਡੇਗ ਦਿੱਤਾ। ਜਦ ਉਹ ਡਿੱਗਿਆ ਤਾਂ ਉਸ ਨੇ ਤੁਰੰਤ ਅਹਿਸਾਸ ਕਰ ਲਿਆ ਕਿ ਉਸ ਦੇ ਸਰੀਰ ਦੀ ਹਰੇਕ ਬਿਮਾਰੀ ਦਾ ਲੱਛਣ ਜਾਂਦਾ ਰਿਹਾ ਹੈ, ਅਤੇ ਉਹ ਦਰਦ-ਮੁਕਤ ਸੀ!

ਗਵਾਹੀਆਂ ਇੰਨੀਆਂ ਪ੍ਰਭਾਵਸ਼ਾਲੀ ਸਨ ਕਿ ਇੱਕ ਐਂਬੂਲੈਂਸ ਮੇਰੇ ਪ੍ਰਚਾਰ ਕਰਨ ਦੇ ਤੁਰੰਤ ਬਾਦ ਪਹੁੰਚੀ। ਇੱਕ ਨੌਜਵਾਨ ਜਿਸ ਦੀ ਮੋਟਰ ਸਾਈਕਲ ਨਾਲ਼ ਦੁਰਘਟਨਾ ਹੋਈ ਸੀ। ਉਸ ਦੀਆਂ ਕੁਝ ਪਸਲੀਆਂ ਟੁੱਟ ਗਈਆਂ ਸਨ ਅਤੇ ਮੋਢੇ ਉੱਪਰ ਸੱਟ ਵੱਜੀ ਸੀ। ਉਸ ਨੌਜਵਾਨ ਨੇ ਐਬੂਲੈਂਸ ਦੇ ਚਾਲਕ ਨੂੰ, ਖੁਦ ਨੂੰ ਹਸਪਤਾਲ ਲੈ ਜਾਣ ਦੀ ਜਗ੍ਹਾਂ ਉਤੇ ਚੰਗਾਈ ਸਭਾ ਵਿੱਚ ਲੈ ਆਉਣ ਲਈ ਬੇਨਤੀ ਕੀਤੀ। ਮੇਰੀ ਹੈਰਾਨੀ ਦਾ ਕੋਈ ਟਿਕਾਣਾ ਨਹੀਂ ਰਿਹਾ, ਉਹ ਚਾਲਕ ਮੰਨ ਗਿਆ ਅਤੇ ਉਹ ਸਭਾ ਵਿੱਚ ਪਹੁੰਚ ਗਏ! ਨੌਜਵਾਨ ਵਿਅਕਤੀ ਨੂੰ ਮੰਚ ਉੱਪਰ ਲਿਆਂਦਾ ਗਿਆ ਅਤੇ ਪਵਿੱਤਰ ਆਤਮਾ ਨੇ ਚੰਗਾਈ ਦਾ ਕੰਮ ਤੁਰੰਤ ਸ਼ੁਰੂ ਕਰ ਦਿੱਤਾ- ਉਸ ਦਾ ਸਾਰਾ ਦਰਦ ਗਾਇਬ ਹੋ ਗਿਆ, ਅਤੇ ਉਸ ਨੇ ਹੱਡੀਆਂ ਅਤੇ ਸਰੀਰ ਦੇ ਦਰਦ ਨੂੰ ਚੰਗਾ ਹੋਇਆ ਮਹਿਸੂਸ ਕੀਤਾ!

ਝੁੰਡ ਵਿੱਚ ਜਾਂ ਵਿਅਕਤੀਗਤ ਤੌਰ ਉੱਤੇ ਵਿਚਾਰੇ ਜਾਣ ਵਾਲੇ ਉਪਯੋਗੀ ਪ੍ਰਸ਼ਨ:

1. ਇਸ ਅਧਿਆਇ ਨੂੰ ਪੜ੍ਹਨ ਤੋਂ ਪਹਿਲਾਂ, ਕੀ ਤੁਸੀਂ ਵਿਸ਼ਵਾਸ਼ ਕਰਦੇ ਸੀ ਕਿ ਮਸੀਹ ਯਿਸੂ ਨੇ ਸਾਰੀਆਂ ਕਰਾਮਾਤਾਂ ਪਰਮੇਸ਼ਵਰ ਦਾ ਪੁੱਤਰ ਹੋਣ ਦੇ ਅਧਿਕਾਰ ਨਾਲ਼ ਕੀਤੀਆਂ? ਅਗਰ ਅਜਿਹਾ ਹੈ ਤਾਂ, ਕਿਵੇਂ ਪਰੰਪਰਾਗਤ ਵਿਸ਼ਵਾਸ਼ ਤੁਹਾਨੂੰ ਨਿਹਚਾ ਵਿੱਚ ਕਦਮ ਰੱਖਣ ਤੋਂ ਰੋਕਦਾ ਹੈ? ਕਿਵੇਂ ਸੱਚਾਈ ਨੂੰ ਜਾਣਨਾ ਤੁਹਾਨੂੰ ਕਰਾਮਾਤਾਂ ਵਿੱਚ ਵਿਸ਼ਵਾਸ਼ ਕਰਨ ਲਈ ਅਜ਼ਾਦ ਕਰਦਾ ਹੈ?

2. ਸੇਵਕਾਈ ਲਈ ਕੇਵਲ ਮਸੀਹ ਯਿਸੂ ਹੀ ਸਾਡਾ ਨਮੂਨਾ ਹੈ, ਕਿਉਂ?

3. ਮਸੀਹ ਯਿਸੂ ਕਿਸ ਅਧਾਰ ਉੱਪਰ ਅਲੌਕਿਕ ਕੰਮ ਕਰਦਾ ਸੀ?

4. ਕੀ ਤੁਹਾਡਾ ਵਿਸ਼ਵਾਸ਼ ਕਰਨਾ, ਮਸੀਹ ਯਿਸੂ ਵਰਗੇ ਕੰਮ ਕਰ ਸਕਦਾ ਹੈ? ਅਤੇ ਕੀ ਮਸੀਹ ਯਿਸੂ ਤੁਹਾਨੂੰ ਇਸ ਕੰਮ ਲਈ ਉਤੇਜਿਤ ਅਤੇ ਪ੍ਰੇਰਿਤ ਕਰਦਾ ਹੈ ਜਾਂ ਨਿਰਉਤਸਾਹਿਤ ਕਰਦਾ ਹੈ ? ਕਿਉਂ ?

5. ਰਸੂਲਾਂ ਦੇ ਕਰਤੱਬ ਵਿੱਚ ਕਿਹੜੇ ਵਿਅਕਤੀ ਤਹਾਨੂੰ ਸਭ ਤੋਂ ਵੱਧ ਪ੍ਰੇਰਣਾ ਦਿੰਦੇ ਹਨ? ਕਿਉਂ?

6. ਕੀ ਤੁਸੀਂ ਪਹਿਲਾਂ ਕਦੇ ਵਿਅਕਤੀਗਤ ਤੌਰ ਉੱਤੇ ਕਰਾਮਾਤ ਦੇਖੀ ਹੈ? ਜੇਕਰ ਹਾਂ, ਕੀ ਉਨ੍ਹਾਂ ਕਰਾਮਾਤਾਂ ਨੇ ਦੂਸਰਿਆਂ ਉੱਪਰ ਵਿਸ਼ਵਾਸ਼ ਵਧਾਉਣ ਵਾਲ਼ਾ ਅਸਰ ਪਾਇਆ? ਜੇਕਰ ਅਜਿਹਾ ਹੋਇਆ ਹੈ ਤਾਂ ਕਿਵੇਂ?

7. ਇਸ ਅਧਿਆਇ ਨੇ ਕਿਵੇਂ ਤੁਹਾਨੂੰ ਚਿੰਨ੍ਹਾਂ ਦੀ ਆਸ ਨਾਲ਼ ਸੁਸੱਜ਼ਿਤ ਕੀਤਾ ਹੈ? ਕੀ ਕੋਈ ਅਜਿਹੀਆਂ ਭਾਵਨਾਵਾਂ ਜਾਂ ਵਿਚਾਰ ਹਨ ਜੋ ਤੁਹਾਨੂੰ ਚਿੰਨ੍ਹਾਂ ਅਤੇ ਅਦਭੁੱਤ ਕੰਮਾਂ ਉੱਪਰ ਵਿਸ਼ਵਾਸ਼ ਕਰਨ ਤੋਂ ਰੋਕ ਰਹੀਆਂ ਹਨ? ਅਗਰ ਅਜਿਹਾ ਹੈ ਤਾਂ ਉਨ੍ਹਾਂ ਗੱਲਾਂ ਨੂੰ ਸਾਂਝਾ ਕਰੋ ਅਤੇ ਪ੍ਰਾਥਨਾ ਕਰੋ।

8. ਆਪਣੇ ਪ੍ਰਭਾਵ ਖੇਤਰ ਵਿੱਚ ਚਿੰਨ੍ਹਾਂ ਅਤੇ ਅਦੱਭੁਤ ਕੰਮਾਂ ਨਾਲ਼ ਖੁਸ਼ ਖਬਰੀ ਨੂੰ ਅੱਗੇ ਲੈ ਜਾਣ ਲਈ, ਤੁਸੀਂ ਕਿਹੜੇ ਉਪਯੋਗੀ ਕਦਮ ਚੁੱਕ ਸਕਦੇ ਹੋ?

9. ਚਿੰਨ ਅਤੇ ਅਦਭੁੱਤ ਕੰਮ, ਕਿਵੇਂ ਖੁਸ਼ ਖਬਰੀ ਦੀ ਪਹੁੰਚ ਨੂੰ ਵਧਾਉਂਦੇ ਹਨ? ਤੁਸੀਂ ਆਪਣੇ ਸਮਾਜਿਕ ਦਾਇਰੇ ਵਿੱਚ ਅਦਭੁੱਤ ਕਰਾਮਾਤਾਂ, ਚੰਗਾਈਆਂ, ਅਤੇ ਛੁਟਕਾਰੇ ਹੋਣ ਦੀ ਕਲਪਨਾ ਕਰੋ। ਜਿਸ ਕੰਮ ਦੀ ਤੁਸੀਂ ਕਲਪਨਾ ਕਰ ਰਹੇ ਹੋਂ, ਉਸ ਦੇ ਪ੍ਰਭਾਵ ਦੀ ਵਿਆਖਿਆ ਕਰੋ, ਅਤੇ ਪਵਿੱਤਰ ਆਤਮਾ ਨੂੰ ਇਹ ਕੰਮ ਸ਼ੁਰੂ ਕਰਨ ਲਈ ਪ੍ਰਾਥਨਾ ਕਰੋ!

# ਪਵਿੱਤਰ ਆਤਮਾ ਸਾਡਾ ਖ਼ੁਸ਼ ਖਬਰੀ ਸਹਾਇਕ

ਹਿਮਾਲਿਆ ਪਹਾੜਾਂ ਦੇ ਉੱਪਰ ਦੀ ਸ਼ਾਮ ਵੇਲ਼ੇ ਦੀਆਂ ਸੂਰਜ ਦੀਆਂ ਕਿਰਨਾਂ ਸਾਹ ਲੈ ਰਹੀਆਂ ਸਨ। ਇਸ ਨੇਪਾਲੀ ਘਾਟੀ ਵਿੱਚ ਕੁਦਰਤ ਦੀ ਸੁੰਦਰਤਾ, ਆਧੁਨਿਕਤਾ ਕਾਰਨ ਖਰਾਬ ਨਹੀਂ ਹੋਈ ਸੀ। ਕੱਚੀ ਸੜ੍ਹਕ ਉੱਪਰ ਅਣਗਿਣਤ ਮੋੜਾਂ ਵਿੱਚ, ਮੈਂ ਜਲਦ ਹੀ ਸਮਝ ਗਿਆ ਕਿ ਜੇਕਰ ਮੈਂ ਆਪਣੇ ਨੇਪਾਲੀ ਦੋਸਤ ਨਾਲੋਂ ਅਲੱਗ ਹੋ ਗਿਆ ਤਾਂ ਮੈਂ ਪੂਰੀ ਤਰ੍ਹਾਂ ਗੁਆਚ ਜਾਵਾਂਗਾ। ਛੋਟੀ ਮੋਟਰ ਸਾਈਕਲ ਉੱਪਰ ਸਾਡੀ ਯਾਤਰਾ ਲੰਬੀ ਅਤੇ ਥੱਕਾ ਦੇਣ ਵਾਲੀ ਜਾਪਦੀ ਸੀ, ਜਦੋਂ ਅਸੀਂ ਘਰੇਲੂ ਚਰਚ ਵਿੱਚ ਪਹੁੰਚੇ ਤਾਂ ਉਥੇ ਕੇਵਲ ਪੰਦਰਾਂ ਲੋਕ ਸਨ।

ਜਿਵੇਂ ਹੀ ਅਸੀਂ ਨੇਪਾਲੀ ਭਾਸ਼ਾ ਵਿੱਚ ਅਰਾਧਨਾ ਸ਼ੁਰੂ ਕੀਤੀ, ਮੈਂ ਆਤਮਾ ਵਿੱਚ ਪ੍ਰਾਥਨਾ ਕਰਨ ਲੱਗਾ। ਜਦੋਂ ਮੇਰੀ ਨਜ਼ਰ ਇੱਕ ਬਜ਼ੁਰਗ ਔਰਤ ਉੱਪਰ ਪਈ, ਅਚਾਨਕ ਮੈਂ ਆਤਮਾ ਵਿੱਚ ਦਰਸ਼ਨ ਦੇਖਣਾ ਸ਼ੁਰੂ ਕੀਤਾ। ਉਸ ਦੇ ਸਰੀਰ ਉੱਪਰ ਸਫ਼ੇਦ, ਭੂਤੀਆ ਅਤੇ ਪਾਰਦਰਸ਼ੀ ਚੀਜ਼ ਪ੍ਰਗਟ ਹੋਈ। ਥੋੜ੍ਹੀ ਦੇਰ ਇਸਨੂੰ ਦੇਖਣ ਉਪਰੰਤ, ਮੈਨੂੰ ਅਹਿਸਾਸ ਹੋਇਆ ਕਿ ਇਹ ਇੱਕ ਸਤਾਉਣ ਵਾਲੀ ਆਤਮਾ ਹੈ। ਜਿਵੇਂ ਹੀ ਉਨ੍ਹਾਂ ਨੇ ਚੱਲ ਰਹੇ ਅਰਾਧਨਾ ਭਜ਼ਨ ਨੂੰ ਸਮਾਪਤ ਕੀਤਾ, ਮੈਂ ਦਖ਼ਲ-ਅੰਦਾਜ਼ੀ ਕੀਤੀ ਅਤੇ ਪਾਸਬਾਨ ਨੂੰ ਮੇਰੇ ਨਾਲ ਮਿਲ ਕੇ ਉਸ ਔਰਤ ਲਈ ਪ੍ਰਾਥਨਾ ਕਰਨ ਲਈ ਕਿਹਾ। ਮੈਂ ਉਸ ਔਰਤ ਨੂੰ ਕੋਈ ਪ੍ਰਸ਼ਨ ਨਹੀਂ ਪੁੱਛਿਆ ਪਰ

ਜੋ ਕੁਝ ਮੈਂ ਆਤਮਾ ਵਿੱਚ ਦੇਖਿਆ ਸੀ ਉਸ ਅਨੁਸਾਰ ਪ੍ਰਾਥਨਾ ਕਰਦਾ ਰਿਹਾ।

“ਸਤਾਉਣ ਵਾਲੀ ਅਤੇ ਕਸ਼ਟ ਦੇਣ ਵਾਲੀ ਆਤਮਾ, ਮੈਂ ਤੈਨੂੰ ਬੰਨਦਾ ਹਾਂ ਅਤੇ ਇਸ ਔਰਤ ਵਿੱਚੋਂ ਬਾਹਰ ਜਾਣ ਦਾ ਹੁਕਮ ਦਿੰਦਾ ਹਾਂ”! ਵਿਸ਼ਵਾਸ਼ ਨਾਲ਼ ਹੱਥ ਰੱਖਦੇ ਹੋਏ, ਮੈਂ, ਚੰਗਾਈ ਦੀ ਹਜ਼ੂਰੀ ਅਤੇ ਸਮੱਰਥਾ ਨੂੰ ਉਸ ਦੇ ਸਰੀਰ ਵਿੱਚ ਭੇਜਿਆ।

ਤਦ ਮੈਂ ਪਾਸਬਾਨ ਨੂੰ ਆਖਿਆ ਕਿ ਉਹ ਉਸ ਔਰਤ ਤੋਂ ਪੁੱਛੇ ਕਿ ਉਸ ਦੇ ਸਰੀਰ ਵਿੱਚ ਕੀ ਰੋਗ ਸੀ। ਬਹੁਤ ਵਰ੍ਹਿਆਂ ਤੋਂ ਉਹ ਰੀੜ੍ਹ ਦੀ ਹੱਡੀ ਦੀ ਖਰਾਬੀ, ਦਿਲ ਅਤੇ ਛਾਤੀ ਦੇ ਦਰਦ, ਅਤੇ ਪੈਰਾਂ ਦੀ ਜ਼ਲਨ ਤੋਂ ਬਹੁਤ ਪਰੇਸ਼ਾਨ ਸੀ। ਸਾਡੀ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ, ਜਦ ਮੈਂ ਉਸ ਲਈ ਪ੍ਰਾਥਨਾ ਕੀਤੀ ਉਸ ਦੀ ਬਿਮਾਰੀ ਦਾ ਹਰੇਕ ਲੱਛਣ ਗਾਇਬ ਹੋ ਗਿਆ, ਅਤੇ ਉਹ ਪੂਰੀ ਤਰ੍ਹਾਂ ਅਜ਼ਾਦ ਹੋ ਗਈ।

ਉਸ ਦੀ ਕਹਾਣੀ ਨਾਲ਼ ਹੋਰ ਵੀ ਗੱਲਾਂ ਜੁੜੀਆਂ ਹੋਈਆਂ ਸਨ–ਉਹ ਹਾਲ ਵਿੱਚ ਹੀ ਮਸੀਹ ਯਿਸੂ ਦੇ ਪਿੱਛੇ ਚੱਲਣ ਵਾਲੀ ਬਣੀ ਸੀ, ਅਤੇ ਉਸਦੇ ਹਿੰਦੂ ਪਰਿਵਾਰ ਨੇ ਉਸ ਦਾ ਵਿਸ਼ਵਾਸ਼ ਵਿੱਚ ਆਉਣਾ ਸਹਿਣ ਨਹੀਂ ਕੀਤਾ, ਅਤੇ ਉਸ ਨੂੰ ਗਲੀਆਂ ਵਿੱਚ ਸੁੱਟ ਦਿੱਤਾ। ਕੁਝ ਦੇਰ ਉਸ ਨੇ ਭੀਖ ਮੰਗ ਕੇ ਗੁਜ਼ਾਰਾ ਕੀਤਾ, ਤਦ ਕੁਝ ਵਿਸ਼ਵਾਸ਼ੀ ਉਸ ਨੂੰ ਆਪਣੇ ਘਰ ਲੈ ਗਏ। ਇਹ ਚੰਗਾਈ ਕੇਵਲ ਸਰੀਰਕ ਰਾਹਤ ਤੱਕ ਸੀਮਿਤ ਨਹੀਂ ਸੀ। ਉਸ ਚੰਗਾਈ ਵਾਲੀ ਛੋਹ ਵਿੱਚ ਪਿਤਾ ਦਾ ਗਹਿਰਾ ਸੰਦੇਸ਼ ਵੀ ਸ਼ਾਮਿਲ ਸੀ, ਪਰਮੇਸ਼ਵਰ ਉਸ ਦੇ ਦੁਖੀ ਹਿਰਦੇ ਨਾਲ਼ ਗੱਲਾਂ ਕਰ ਰਿਹਾ ਸੀ ਕਿ ਉਹ ਦੇਖਦਾ ਹੈ, ਧਿਆਨ ਰੱਖਦਾ ਹੈ, ਅਤੇ ਉਸ ਦੀ ਹਰੇਕ ਜ਼ਰੂਰਤ ਨੂੰ ਪੂਰਾ ਕਰੇਗਾ।

ਇਹ ਚੰਗਾਈ ਵਾਲਾ ਛੁਟਕਾਰਾ ਪਵਿੱਤਰ ਆਤਮਾ ਦੁਆਰਾ ਕੀਤਾ ਗਿਆ ਸੀ, ਖਾਸ ਕਰਕੇ ਸਮਝ ਦੇ ਆਤਮਿਆਂ ਦੇ ਵਰਦਾਨ ਦੁਆਰਾ। ਉਸ ਦੀ ਹਜ਼ੂਰੀ ਅਤੇ ਉਸ ਦੇ ਵਿਅਕਤੀਤਵ ਦੀ ਚੇਤਨਾ ਨਾਲ਼ ਨੇੜ੍ਹਤਾ, ਖੁਸ਼ ਖਬਰੀ ਦੀ ਸਮੱਰਥਾ ਵਿੱਚ ਵਹਿਣ ਦੀਆਂ ਚਾਬੀਆਂ ਹਨ।

## ਸਾਡਾ ਨਮੂਨਾ ਮਸੀਹ ਯਿਸੂ

ਅਗਰ ਤੁਸੀਂ ਇਸ ਕਿਤਾਬ ਵਿਚੋਂ ਕੇਵਲ ਇੱਕ ਗੱਲ ਪ੍ਰਾਪਤ ਕਰਦੇ ਹੋਂ-ਸ਼ਾਇਦ ਇਹ ਤੁਹਾਡਾ ਮਸੀਹ ਯਿਸੂ ਵੱਲ ਦੇਖਣਾ ਹੋਵੇਗਾ-ਅਤੇ ਤੁਹਾਡੀ ਹਰ ਗੱਲ ਲਈ ਕੇਵਲ ਉਸ ਵੱਲ ਦੇਖਣਾ! ਪਵਿੱਤਰ ਆਤਮਾ ਉੱਪਰ ਨਿਰਭਰਤਾ, ਨੇੜਤਾ, ਅਤੇ ਵਿਸ਼ਵਾਸ਼ ਲਈ ਮਸੀਹ ਯਿਸੂ ਸਾਡਾ ਨਮੂਨਾ ਹੈ। ਮੈਂਨੂੰ ਪਹਿਲਾਂ ਆਖੀ ਹੋਈ ਸੱਚਾਈ ਨੂੰ ਦੁਹਰਾਉਣ ਦਿਉ:ਮਸੀਹ ਯਿਸੂ ਨੇ ਹਰੇਕ ਕਰਾਮਾਤ, ਚੰਗਾਈ ਅਤੇ ਛੁਟਕਾਰਾ ਇੱਕ ਮਨੁੱਖ ਹੁੰਦੇ ਹੋਏ, ਪਵਿੱਤਰ ਆਤਮਾ ਸ਼ਸ਼ਕਤੀਕਰਨ ਪਾਉਦੇਂ ਹੋਏ, ਪਿਤਾ ਸਾਹਮਣੇ ਸਮਰਪਣ ਨਾਲ ਕੀਤਾ। ਇਸ ਤਰ੍ਹਾਂ ਉਹ ਆਪਣੇ ਚੇਲਿਆਂ ਅਤੇ ਕਲੀਸਿਯਾ ਸਾਹਮਣੇ ਨਮੂਨਾ ਬਣਿਆ;ਕਿ ਕਿਵੇਂ ਜੀਵਨ ਅਤੇ ਸੇਵਕਾਈ ਲਈ ਪਵਿੱਤਰ ਆਤਮਾ ਉੱਪਰ ਨਿਰਭਰ ਰਹਿਣਾ ਹੈ।

ਆਪਣੇ ਪੈਦਾ ਹੋਣ ਤੋਂ ਲੈ ਕੇ ਸ਼ੂਲੀ ਉੱਪਰ ਆਖਰੀ ਸਾਹ ਤੱਕ ਉਸ ਨੇ ਆਪਣੀ ਸਵਰਗੀ ਸਮੱਰਥਾ, ਗਿਆਨ ਅਤੇ ਮਹਿਮਾ ਦਾ ਇਨਕਾਰ ਕੀਤਾ, ਉਹ ਆਮ ਆਦਮੀ ਦੀ ਤਰ੍ਹਾਂ ਆਪਣੀ ਹਰ ਜ਼ਰੂਰਤ ਲਈ ਪਵਿੱਤਰ ਆਤਮਾ ਉੱਪਰ ਨਿਰਭਰ ਰਿਹਾ। ਕਿਸੇ ਘੜੀ ਵੀ, ਆਪਣੀ ਹਰੇਕ ਬੇਨਤੀ ਨੂੰ ਪੂਰਾ ਕਰਾਉਣ ਲਈ ਉਹ ਸਵਰਗ ਦੂਤਾਂ ਦੇ ਦਲਾਂ ਨੂੰ ਬੁਲਾ ਸਕਦਾ ਸੀ (ਮੱਤੀ 26:53)

ਅਗਰ ਉਹ ਅਜਿਹਾ ਕਰਦਾ ਤਾਂ ਉਹ ਸਾਡੇ ਲਈ ਨਮੂਨਾ ਬਣਨ ਵਿੱਚ ਅਸਫ਼ਲ ਹੋ ਜਾਣਾ ਸੀ। ਮਾਸ ਦੇ ਸਰੀਰ ਵਿੱਚ ਪਰਮੇਸ਼ਵਰ ਦੇ ਪੁੱਤਰ ਨੇ ਪਵਿੱਤਰ ਆਤਮਾ ਪ੍ਰਾਪਤ ਕੀਤੇ ਬਿਨ੍ਹਾਂ ਕੋਈ ਕਰਾਮਾਤ ਨਹੀਂ ਕੀਤੀ (ਲੂਕਾ 3:22, 4:14, ਯੂਹਨਾ 2:11 )। ਉਸ ਦੇ ਉਠਾਏ ਜਾਣ ਤੋਂ ਪਹਿਲਾਂ ਅਤੇ ਜੀ ਉੱਠਣ ਤੋਂ ਬਾਦ, ਉਸ ਨੇ ਇਹ ਸਖਤ ਹੁਕਮ ਦਿੱਤਾ:

"ਅਤੇ ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕੁਰ ਤੁਸੀਂ ਉਪਰੋਂ ਸ਼ਕਤੀ ਨਾ ਪਾਓ ਸ਼ਹਿਰ ਵਿੱਚ ਰਹੋ"॥ ਲੂਕਾ 24:49

ਮਸੀਹ ਯਿਸੂ ਜਾਣਦਾ ਸੀ ਕਿ ਉਸ ਦੇ ਚੇਲੇ ਪਵਿੱਤਰ ਆਤਮਾ ਤੋਂ ਬਿਨ੍ਹਾਂ, ਇਸ ਧਰਤੀ ਉੱਤੇ ਉਸਦੇ ਰਾਜ ਨੂੰ ਫ਼ੈਲਾਉਣ ਵਿੱਚ ਕਦੇ ਵੀ ਕਾਮਯਾਬ

ਨਹੀਂ ਹੋਣਗੇ। ਮਨੁੱਖੀ ਗਿਆਨ, ਬੁੱਧੀ, ਅਤੇ ਸਮੱਰਥਾ ਪਾਪੀ ਹਿਰਦਿਆਂ ਨੂੰ ਨਹੀਂ ਜਿੱਤ ਸਕਦੀ ਅਤੇ ਨਾ ਹੀ ਦੁਸ਼ਟ ਸ਼ਕਤੀਆਂ ਉੱਪਰ ਜਿੱਤ ਪ੍ਰਾਪਤ ਕਰ ਸਕਦੀ ਹੈ। ਜਿਵੇਂ ਉਸ ਨੇ ਪਰਮੇਸ਼ਵਰ ਦੀ ਆਤਮਾ ਉੱਪਰ ਨਿਰਭਰ ਰਹਿੰਦੇ ਹੋਏ ਨਮੂਨਾ ਦਿੱਤਾ, ਉਸੇ ਪ੍ਰਕਾਰ ਉਸ ਨੇ ਸਾਨੂੰ ਵੀ ਨਮੂਨਾ ਦਿੱਤਾ ਹੈ ਕਿ ਅਸੀਂ ਵੀ ਪਵਿੱਤਰ ਆਤਮਾ ਦੀ ਹਜ਼ੂਰੀ ਦੀ ਪਾਲਣਾ ਕਰੀਏ ਅਤੇ ਉਸਦੀ ਸਮੱਰਥਾ ਵਿੱਚ ਅੱਗੇ ਵਧੀਏ।

## ਸਹਿਭਾਗੀ ਭਾਈਵਾਲ਼

ਕਲੀਸਿਯਾ ਅਤੇ ਪਵਿੱਤਰ ਆਤਮਾ ਦੋਵੇਂ ਇੱਕੋ ਸਮੇਂ ਰਾਸ਼ਟਰਾਂ ਤੱਕ ਪਹੁੰਚਣ ਲਈ ਸਹਿਭਾਗੀ ਹਨ। ਸਾਡਾ ਇੱਕੋ ਕੰਮ, ਇੱਕੋ ਉਦੇਸ਼ ਅਤੇ ਇੱਕੋ ਦਰਸ਼ਨ ਹੈ। ਇੱਕ ਚੌਂਕਣ ਵਾਲੀ ਸੱਚਾਈ ਹੈ ਕਿ ਬਹੁਤੇ ਵਿਸ਼ਵਾਸ਼ੀ ਨਹੀਂ ਸਮਝਦੇ ਕਿ ਪਰਮੇਸ਼ਵਰ ਨੇ ਸਵੈ-ਇੱਛਾ ਨਾਲ਼ ਆਪਣੀ ਮਰਜ਼ੀ ਨੂੰ, ਪਵਿੱਤਰ ਆਤਮਾ ਨਾਲ਼ ਸਾਡੀ ਸਾਂਝ ਦੇ, ਪੂਰਾ ਹੋਣ ਨੂੰ ਰੋਕਿਆ ਹੈ। ਪਵਿੱਤਰ ਆਤਮਾ ਸਾਨੂੰ ਸਵਰਗ ਦੇ ਹੁਕਮ ਮੰਨਣ ਲਈ ਮਜ਼ਬੂਰ ਨਹੀਂ ਕਰਦਾ, ਪਰੰਤੂ ਸਿਆਣਪ ਅਤੇ ਨਿਰੰਤਰਤਾ ਨਾਲ਼ ਸਾਨੂੰ ਸੱਦਾ ਦਿੰਦਾ ਹੈ। ਅਸੀਂ ਖੁਦ ਦੇ ਯਤਨਾਂ ਨਾਲ਼ ਅਨੰਤਕਾਲ ਦੇ ਫ਼ਲ ਨੂੰ ਪੈਦਾ ਨਹੀਂ ਸਕਦੇ; ਸਾਡੀ ਸਫ਼ਲਤਾ ਅਤੇ ਪ੍ਰਾਪਤੀਆਂ ਪਵਿੱਤਰ ਆਤਮਾ ਉੱਪਰ ਨਿਰਭਰ ਹਨ। ਇਨ੍ਹਾਂ ਆਇਤਾਂ ਉੱਪਰ ਧਿਆਨ ਦਿਉ ਜਿਹੜੀਆਂ ਤੁਹਾਡੇ ਮਿੱਥੇ ਹੋਏ ਨਿਸ਼ਾਨੇ ਬਾਰੇ ਬੋਲਦੀਆਂ ਹਨ।

"ਪਰ ਜਾਂ ਉਹ ਸਹਾਇਕ ਆਵੇ ਜਿਹ ਨੂੰ ਮੈਂ ਤੁਹਾਡੇ ਕੋਲ ਪਿਤਾ ਦੀ ਵੱਲੋਂ ਘੱਲਾਂਗਾ ਅਰਥਾਤ ਸਚਿਆਈ ਦਾ ਆਤਮਾ ਜਿਹੜਾ ਪਿਤਾ ਵੱਲੋਂ ਨਿੱਕਲਦਾ ਹੈ ਤਾਂ ਉਹ ਮੇਰੇ ਹੱਕ ਵਿੱਚ ਸਾਖੀ ਦੇਵੇਗਾ 0 ਅਤੇ ਤੁਸੀਂ ਵੀ ਗਵਾਹ ਹੋਂ ਕਿਉਂਕਿ ਤੁਸੀਂ ਮੁੱਢੋਂ ਮੇਰੇ ਨਾਲ਼ ਰਹੇ ਹੋਂ"॥ ਯੂੰਹਨਾ 15:26-27 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ" ਰਸੂਲਾਂ ਦੇ ਕਰਤੱਬ 1:8 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਅਸੀਂ ਏਹਨਾਂ ਗੱਲਾਂ ਦੇ ਗਵਾਹ ਹਾਂ ਅਤੇ ਪਵਿੱਤਰ ਆਤਮਾ ਵੀ ਜੋ ਪਰਮੇਸ਼ੁਰ ਨੇ ਆਪਣੇ ਮੰਨਣ ਵਾਲਿਆਂ ਨੂੰ ਬਖਸ਼ਿਆ" ਰਸੂਲਾਂ ਦੇ ਕਰਤੱਬ 5:32 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਜਿਵੇਂ ਕਿ ਮੈਂ ਸੰਸਾਰ ਭਰ ਵਿੱਚ ਯਾਤਰਾ ਕਰਦਾ ਹਾਂ, ਭਿੰਨ-ਭਿੰਨ ਸੇਵਕਾਈਆਂ ਅਤੇ ਪਰਮੇਸ਼ਵਰ ਦੇ ਕੰਮਾਂ ਨੂੰ ਦੇਖਦਾ ਹਾਂ, ਮੈਂ ਇੱਕ ਤੱਥ ਪੂਰੀ ਪੱਕਾਈ ਨਾਲ਼ ਕਹਿ ਸਕਦਾ ਹਾਂ ਕਿ ਹਰੇਕ ਸੇਵਕਾਈ ਪਵਿੱਤਰ ਆਤਮਾ ਨਾਲ਼ ਨੇੜਤਾ ਉੱਪਰ ਜ਼ੋਰ ਦੇ ਰਹੀ ਹੈ ਅਤੇ ਉਸ ਦੀ ਸਮੱਰਥਾ ਉੱਪਰ ਵਿਸ਼ਵਾਸ਼ ਨਾਲ਼ ਕਈ ਗੁਣਾ ਫ਼ਲਵੰਤ ਹੋ ਚੁੱਕੀ ਹੈ, ਉਨ੍ਹਾਂ ਨਾਲੋਂ ਵਧਿਕ ਜਿਨ੍ਹਾਂ ਕੋਲ ਪਵਿੱਤਰ ਆਤਮਾ ਨਹੀਂ ਹੈ।

## ਅਧਿਕਾਰ ਅਤੇ ਸਮੱਰਥਾ

ਮਸੀਹ ਯਿਸੂ ਨੇ ਆਪਣੇ ਚੇਲਿਆਂ ਨੂੰ ਕੇਵਲ ਅਧਿਕਾਰ ਹੀ ਨਹੀਂ ਦਿੱਤਾ ਪਰੰਤੂ ਬਿਮਾਰਾਂ ਨੂੰ ਚੰਗਾ ਕਰਨ ਅਤੇ ਦੁਸ਼ਟ ਆਤਮਿਆਂ ਨੂੰ ਕੱਢਣ ਲਈ ਸਮੱਰਥਾ ਵੀ ਦਿੱਤੀ (ਲੂਕਾ 9:1 )।"ਅਧਿਕਾਰ" ਸ਼ਬਦ ਯੂਨਾਨੀ ਭਾਸ਼ਾ ਵਿੱਚ "ਐਕਸੋਸ਼ੀਆ" ਸ਼ਬਦ ਹੈ, ਜਿਸ ਦਾ ਅਰਥ ਹੈ ਕਾਨੂੰਨੀ ਅਧਿਕਾਰ ਵਿੱਚ ਕੰਮ ਕਰਨ ਦੀ ਯੋਗਤਾ।ਮਸੀਹ ਯਿਸੂ ਨੇ ਆਪਣੀ ਕਲੀਸਿਯਾ ਨੂੰ ਧਰਤੀ ਉੱਪਰ ਖੋਲਣ ਅਤੇ ਬੰਨਣ ਦਾ ਅਧਿਕਾਰ ਦਿੱਤਾ, ਜਿਸ ਨੂੰ ਉਹ ਆਪਣੀ ਮੌਤ ਅਤੇ ਜੀ ਉੱਠਣ ਦੁਆਰਾ ਪਹਿਲਾਂ ਹੀ ਸਵਰਗ ਵਿੱਚ ਖੋਲ੍ਹ ਅਤੇ ਬੰਦ ਕਰ ਚੁੱਕਾ ਸੀ (ਮੱਤੀ 16:19)। "ਸਮੱਰਥਾ" ਦਾ ਯੂਨਾਨੀ ਸ਼ਬਦ "ਡਿਊਨਾਮਿਸ਼" ਹੈ, ਜਿਹੜਾ ਸ਼ਕਤੀ ਅਤੇ ਤਾਕਤ ਬਾਰੇ ਬੋਲਦਾ ਹੈ। ਤੁਹਾਨੂੰ ਪੁੱਤਰਤਵ ਦੁਆਰਾ ਅਧਿਕਾਰ ਹੈ; ਤੁਹਾਡਾ ਅਧਿਕਾਰ ਪਹਿਲਾਂ ਹੀ ਤੁਹਾਨੂੰ ਦਿੱਤਾ ਜਾ ਚੁੱਕਾ ਹੈ, ਅਤੇ ਵਿਸ਼ਵਾਸ਼ ਦੁਆਰਾ ਤੁਸੀਂ ਇਸ ਦੀ ਵਰਤੋਂ ਜ਼ਰੂਰ ਕਰਨੀ ਹੈ। ਫਿਰ ਵੀ, ਸਮੱਰਥਾ ਤੁਹਾਡੀ ਵਿਅਕਤੀਗਤ ਚੀਜ਼ ਨਹੀਂ ਹੈ, ਪਰੰਤੂ ਇਹ ਇੱਕ ਸਵਰਗੀ ਵਿਅਕਤੀ ਹੈ, ਜਿਸ ਦਾ ਰਿਸ਼ਤਾ ਤੁਹਾਡੇ ਨਾਲ਼ ਹੈ। ਸਮੱਰਥਾ ਪਵਿੱਤਰ ਆਤਮਾ ਦਾ ਗੁਣ ਹੈ ਅਤੇ ਸਹਿਭਾਗਤਾ ਵਿੱਚ ਕੰਮ ਅਤੇ ਉਸ ਨਾਲ਼ ਰਿਸ਼ਤਾ ਹੈ (ਲੂਕਾ 4:14, 5:17, 24:49, ਰਸੂਲਾਂ ਦੇ ਕਰਤੱਬ 1:8, 10:38 )।

ਆਉ ਅਸੀਂ ਇੱਕ ਪੁਲਿਸ ਅਧਿਕਾਰੀ ਬਾਰੇ ਸੋਚੀਏ:ਉਸ ਕੋਲ਼ ਜ਼ਮੀਨ ਦੇ ਕਾਨੂੰਨਾ ਨੂੰ ਲਾਗੂ ਕਰਾਉਣ ਦਾ, ਸਰਕਾਰ ਦੁਆਰਾ ਦਿੱਤਾ ਅਧਿਕਾਰ ਹੁੰਦਾ ਹੈ। ਕਲਪਨਾ ਕਰੋ, ਉਹ ਇੱਕ ਲੁਟੇਰੇ ਨੂੰ ਇੱਕ ਔਰਤ ਦਾ ਪਰਸ਼ ਚੋਰੀ ਕਰਦੇ ਹੋਏ ਦੇਖਦਾ ਹੈ। ਉਸ ਹਾਲਤ ਵਿੱਚ, ਉਸ ਅਧਿਕਾਰੀ ਕੋਲ਼, ਉਸ ਚੋਰ ਨੂੰ ਗਿਰਫ਼ਤਾਰ ਕਰਨ ਅਤੇ ਉਸ ਨੂੰ ਰੋਕਣ ਅਤੇ ਆਗਿਆਕਾਰੀ ਬਣਾਉਣ ਲਈ ਅਧਿਕਾਰ ਹੈ।

ਇਸ ਹੁਕਮ ਅਨੁਸਾਰ, ਕੁਝ ਉਸ ਦੀ ਆਗਿਆਕਾਰੀ ਕਰਨਗੇ ਅਤੇ ਉਸ ਦੇ ਅਧਿਕਾਰ ਸਾਹਮਣੇ ਸਮਰਪਣ ਕਰ ਦੇਣਗੇ। ਦੂਸਰੇ ਵਿਰੋਧ ਕਰ ਸਕਦੇ ਹਨ, ਭੱਜਣ ਦੀ ਕੋਸ਼ਿਸ ਕਰ ਸਕਦੇ ਹਨ, ਜਾਂ ਉਸ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰ ਸਕਦੇ ਹਨ। ਇਸ ਕਾਰਨ ਸਰਕਾਰ ਨੇ ਉਸ ਨੂੰ ਬੈਂਤ, ਟੇਜ਼ਰ, ਕਾਲੀ ਮਿਰਚ ਦੀ ਸਪਰੇ ਅਤੇ ਇੱਕ ਬੰਦੂਕ ਸੌਂਪੀ ਹੈ ਤਾਂ ਕਿ ਆਪਣੇ ਅਧਿਕਾਰ ਨੂੰ ਲਾਗੂ ਕਰੇ।

ਇਸ ਦਾ ਅਰਥ, ਸਾਡੇ ਕੋਲ਼ ਖੁਸ਼ ਖਬਰੀ ਨੂੰ ਐਲਾਨ ਕਰਨ ਦਾ, ਬਿਮਾਰਾਂ ਉੱਪਰ ਹੱਥ ਰੱਖਣ ਦਾ ਅਤੇ ਦੁਸ਼ਟ ਆਤਮਾ ਨੂੰ ਹੁਕਮ ਦੇ ਕੇ ਕੱਢਣ ਦਾ ਅਧਿਕਾਰ ਹੈ। ਪਵਿੱਤਰ ਆਤਮਾ ਇੱਕ ਜੀਵਤ ਸਮੱਰਥਾ ਹੈ ਜੋ ਸਾਡੇ ਹੁਕਮਾਂ ਨੂੰ ਲਾਗੂ ਕਰਦਾ ਹੈ ਅਤੇ ਸਾਡੀ ਮਿਹਨਤ ਦੇ ਫ਼ਲ ਨੂੰ ਪੈਦਾ ਕਰਦਾ ਹੈ।

## ਚਾਰ ਵਿਅਕਤੀਆਂ ਦਾ ਚਾਰਟ

ਕਰਾਮਾਤ, ਚੰਗਾਈ ਅਤੇ ਛੁਟਕਾਰੇ ਵਿੱਚ ਚਾਰ ਵਿਅਕਤੀ ਸ਼ਾਮਲ ਹੁੰਦੇ ਹਨ: ਪਿਤਾ, ਮਸੀਹ ਯਿਸੂ, ਪਵਿੱਤਰ ਆਤਮਾ ਅਤੇ ਇੱਕ ਵਿਸ਼ਵਾਸ਼ੀ। ਹਰੇਕ ਵਿਅਕਤੀ ਦੀ ਜ਼ਿੰਮੇਵਾਰੀ ਅਤੇ ਰੋਲ ਨੂੰ ਸਮਝਣਾ ਗੰਭੀਰ ਹੈ, ਕਿ ਕਿਵੇਂ ਸਾਨੂੰ ਪ੍ਰਾਥਨਾ, ਵਿਸ਼ਵਾਸ਼ ਅਤੇ ਕੰਮ ਕਰਨੇ ਚਾਹੀਦੇ ਹਨ।

| | ਪਾਪ | ਬਿਮਾਰੀ | ਸ਼ੈਤਾਨ |
|---|---|---|---|
| ਪਿਤਾ | ਮਸੀਹ ਯਿਸੂ ਨੂੰ ਪਹਿਲਾਂ ਹੀ ਸਾਡੀ ਪਾਪ ਬਲੀ ਕਰ ਦਿੱਤਾ ਹੈ, ਖੁਦ ਨਾਲ ਮਾਨਵਤਾ ਦਾ ਮੇਲ-ਮਿਲਾਪ ਕਰਾਇਆ, ਅਤੇ ਪਾਪ ਦਾ ਰਿਕਾਰਡ ਨਹੀਂ ਰੱਖਦਾ | ਮਾਨਵਤਾ ਦੀਆਂ ਸਾਰੀਆਂ ਬਿਮਾਰੀਆਂ ਨੂੰ ਮਸੀਹ ਯਿਸੂ ਉੱਪਰ ਪਾ ਦਿੱਤਾ। | ਪਹਿਲਾਂ ਹੀ ਸਾਰੀ ਮਾਨਵਤਾ ਨੂੰ ਸ਼ੈਤਾਨ ਦੇ ਰਾਜ ਵਿੱਚੋਂ ਛੁਟਕਾਰਾ ਦੇ ਦਿੱਤਾ। |
| ਯਿਸੂ | ਪਹਿਲਾਂ ਹੀ ਸਾਡੇ ਪਾਪਾਂ ਨੂੰ ਸਹਿ ਲਿਆ ਅਤੇ ਉਨ੍ਹਾਂ ਲਈ ਪ੍ਰਾਸ਼ਚਿਤ ਹੋ ਗਿਆ, ਇਸ ਪ੍ਰਕਾਰ ਪਰਮੇਸ਼ਵਰ ਨਾਲ਼ ਸਾਡਾ ਮੇਲ-ਮਿਲਾਪ ਕਰਾ ਰਿਹਾ ਹੈ। | ਪਹਿਲਾਂ ਹੀ ਸਾਡੇ ਦਰਦਾਂ ਅਤੇ ਬਿਮਾਰੀ-ਆਂ ਨੂੰ ਉੱਠਾ ਲਿਆ। | ਪਹਿਲਾਂ ਹੀ ਸ਼ੈਤਾਨ ਨੂੰ ਹਰਾ ਦਿੱਤਾ, ਉਸ ਨੂੰ ਸ਼ਕਤੀਹੀਣ ਕਰ ਦਿੱਤਾ ਅਤੇ ਉਸ ਦੇ ਕੰਮਾਂ ਨੂੰ ਨਾਸ਼ ਕੀਤਾ। |
| ਵਿਸ਼ਵਾਸ਼ੀ | ਮਸੀਹ ਯਿਸੂ ਦੇ ਕੀਤੇ ਹੋਏ ਕੰਮਾਂ ਵਿੱਚ ਭਰੋਸਾ ਅਤੇ ਵਿਸ਼ਵਾਸ਼ ਕਰਨਾ ਅਤੇ ਪਿਤਾ ਵਿੱਚ ਕਿ ਅਸੀਂ ਸਾਫ਼ ਕੀਤੇ ਗਏ ਹਾਂ ਅਤੇ ਸਾਡਾ ਮੇਲ-ਮਿਲਾਪ ਹੋਇਆ ਹੈ। | ਚੰਗਾਈ ਲਈ ਪਹਿਲਾਂ ਤੋਂ ਹੀ ਮਸੀਹ ਯਿਸੂ ਵਿੱਚ ਭਰੋਸਾ ਅਤੇ ਵਿਸ਼ਵਾਸ਼ ਹੈ; ਹੱਥ ਰੱਖਣਾ ਅਤੇ ਚੰਗਾਈ ਦੀ ਸਮੱਰਥਾ ਜ਼ਾਰੀ ਕਰਨਾ, ਬਿਮਾਰੀ ਨੂੰ ਕੱਢਣ ਲਈ ਹੁਕਮ ਦੇਣਾ | ਸ਼ੈਤਾਨ ਅਤੇ ਉਸ ਦੇ ਕੰਮਾਂ ਨੂੰ ਹਰਾਏ ਹੋਣ ਵਿੱਚ ਵਿਸ਼ਵਾਸ਼ ਕਰਨਾ ਅਤੇ ਅੰਧਕਾਰ ਦੀਆਂ ਆਤਮਾ ਨੂੰ ਕੱਢਣ ਲਈ ਹੁਕਮ ਦੇਣਾ। |
| ਪਵਿੱਤਰ ਆਤਮਾ | ਮਸੀਹ ਯਿਸੂ ਨੂੰ ਮੁਕਤੀਦਾਤਾ ਪ੍ਰਗਟ ਕਰਦਾ ਹੈ ਅਤੇ ਪਾਪ, ਧਾਰਮਿਕਤਾ ਅਤੇ ਨਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ। | ਮਸੀਹ ਯਿਸੂ ਨੂੰ ਚੰਗਾ ਕਰਨ ਵਾਲਾ ਪ੍ਰਗਟ ਕਰਦਾ ਹੈ ਅਤੇ ਚੰਗਾਈ ਦੀ ਸਮੱਰਥਾ ਨੂੰ ਜ਼ਾਹਿਰ ਕਰਦਾ ਹੈ। | ਮਸੀਹ ਯਿਸੂ ਨੂੰ ਮੁਕਤੀਦਾਤਾ ਪ੍ਰਗਟ ਕਰਦਾ ਹੈ ਅਤੇ ਦੁਸ਼ਟ ਆਤਮਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ। |

ਵਿਸ਼ਵਾਸ਼, ਜੋ ਪਰਮੇਸ਼ਵਰ ਪੂਰਾ ਕਰ ਚੁੱਕਾ ਹੈ, ਵਿੱਚ ਨਿਹਚਾ ਕਰਨਾ ਅਤੇ ਭਰੋਸਾ ਕਰਨਾ ਹੈ, ਨਾ ਕਿ ਉਹ ਜੋ ਉਹ ਪੂਰਾ ਕਰੇਗਾ। ਪਿਤਾ ਅਤੇ ਪੁੱਤਰ ਨੇ ਉਹ ਸਭ ਕੀਤਾ ਜੋ ਸਾਡੇ ਛੁਟਕਾਰੇ ਲਈ ਜ਼ਰੂਰੀ ਸੀ। ਇਹ ਸੰਪੂਰਨਤਾ ਆਤਮਿਕ ਖੇਤਰ ਵਿੱਚ ਇੱਕ ਸੱਚਾਈ ਹੈ (ਅਫ਼ਸੀਆਂ 1:3 )। ਵਿਸ਼ਵਾਸ਼ ਉਸ ਦੇ ਕੀਤੇ ਹੋਏ ਕੰਮਾਂ ਨੂੰ ਪ੍ਰਾਪਤ ਕਰਦਾ ਹੈ ਅਤੇ ਸਮਝਦਾ ਹੈ, ਜਦਕਿ ਅਵਿਸ਼ਵਾਸ਼ੀ ਅੰਨਾ ਹੁੰਦਾ ਹੈ ਅਤੇ ਪਰਮੇਸ਼ਵਰ ਦੇ ਕੰਮ ਲਈ ਬੇਨਤੀ ਕਰਦਾ ਹੈ। ਪਵਿੱਤਰ ਆਤਮਾ ਅਤੇ ਵਿਸ਼ਵਾਸ਼ੀ ਦੇ ਅਧੂਰੇ ਕੰਮ ਪੁੱਤਰ ਦੇ ਕੀਤੇ ਹੋਏ ਕੰਮਾਂ ਅਤੇ ਪਿਤਾ ਉੱਪਰ ਨਿਰਭਰ ਹਨ। ਜਦੋਂ ਅਸੀਂ ਆਪਣਾ ਅਧਿਕਾਰ, ਪਿਤਾ, ਪੁੱਤਰ ਦੇ ਕੀਤੇ ਹੋਏ ਕੰਮਾਂ ਨਾਲ਼ ਸਹਿਮਤ ਹੁੰਦੇ ਹੋਏ ਵਰਤਦੇ ਹਾਂ, ਤਦ ਪਵਿੱਤਰ ਆਤਮਾ ਸਰੀਰਕ ਖੇਤਰ ਵਿੱਚ ਸਾਡੇ ਅਧਿਕਾਰ ਨੂੰ ਵਰਤਦੇ ਹੋਏ, ਕੀਤੇ ਹੋਏ ਕੰਮਾਂ ਨੂੰ, ਸਵਰਗੀ ਕੰਮ ਦਾ ਠੋਸ ਤਜ਼ਰਬਾ ਬਣਾਉਦੇ ਹੋਏ ਸਮੱਰਥਾ ਦੁਆਰਾ ਕਰਦਾ ਹੈ।

ਕਰਾਮਾਤਾਂ ਅਤੇ ਚੰਗਾਈ ਨੂੰ ਦੇਖਣ ਵਿੱਚ ਸਭ ਤੋਂ ਵੱਡੀ ਰੁਕਾਵਟ ਉੱਪਰ ਵਾਲੇ ਚਾਰਟ ਦੇ ਵਿੱਰੁਧ ਜਾਣਾ ਅਤੇ ਪਿਤਾ ਜਾਂ ਮਸੀਹ ਯਿਸੂ ਨੂੰ ਚੰਗਾਈ ਲਈ ਬੇਨਤੀ ਕਰਨਾ ਹੈ। ਅਗਰ ਤੁਸੀਂ ਕੁਝ ਅਜਿਹਾ ਮੰਗਦੇ ਹੋ, ਜੋ ਪਰਮੇਸ਼ਵਰ ਦੁਆਰਾ ਤੁਹਾਨੂੰ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ,ਤੁਹਾਡੇ ਅਵਿਸ਼ਵਾਸ਼ ਦੇ ਕਾਰਨ ਤੁਸੀਂ ਉਸ ਨੂੰ ਕਦੇ ਵੀ ਪ੍ਰਾਪਤ ਨਹੀਂ ਕਰੋਂਗੇ! ਤੁਸੀਂ ਕਦੇ ਵੀ ਪਿਤਾ ਅਤੇ ਪੁੱਤਰ ਸਾਹਮਣੇ ਉਨ੍ਹਾਂ ਦੁਆਰਾ ਪੂਰਾ ਕੀਤੇ ਹੋਏ ਕੰਮਾਂ ਨੂੰ ਕਰਨ ਲਈ ਬੇਨਤੀ ਨਹੀਂ ਕਰਨੀ; ਇਸ ਵਿੱਚ ਤੁਸੀਂ ਵਿਸ਼ਵਾਸ਼ ਅਤੇ ਭਰੋਸਾ ਕਰਨਾ ਹੈ!

ਜਦੋਂ ਅਸੀਂ ਵਿਸ਼ਵਾਸ਼ ਵਿੱਚ ਕੰਮ ਕਰਦੇ ਹਾਂ ਤਾਂ ਪਵਿੱਤਰ ਆਤਮਾ ਸਾਡੇ ਜੀਵਨਾਂ ਵਿੱਚ ਅਤੇ ਜੀਵਨਾਂ ਦੁਆਰਾ, ਕੰਮ ਕਰਦਾ ਹੈ। ਜਦੋਂ ਅਸੀਂ ਪਰਮੇਸ਼ਵਰ ਦੁਆਰਾ ਪਹਿਲਾਂ ਹੀ ਕੀਤੇ ਹੋਏ ਕੰਮਾਂ ਲਈ ਬੇਨਤੀ ਕਰ ਰਹੇ ਹੁੰਦੇ ਹਾਂ, ਤਾਂ ਪਵਿੱਤਰ ਆਤਮਾ ਕੰਮ ਨਹੀਂ ਕਰੇਗਾ। ਉਸ ਦੇ ਕੀਤੇ ਹੋਏ ਕੰਮਾਂ ਨੂੰ ਸਨਮਾਨ ਅਤੇ ਪ੍ਰਤੀਬਿੰਬ ਕਰਨ ਲਈ ਸਾਨੂੰ ਸਾਡੀ ਸੋਚ, ਵਿਸ਼ਵਾਸ਼, ਬੋਲਣਾ ਅਤੇ ਕੰਮਾਂ ਨੂੰ ਇਕਸਾਰ ਕਰਨ ਦੀ ਜ਼ਰੂਰਤ ਹੈ।

## ਪਵਿੱਤਰ ਆਤਮਾ ਦੀ ਅਗਵਾਈ ਦੁਆਰਾ ਸ਼ਸ਼ਕਤੀਕਰਨ ਪਾਏ ਹੋਏ

ਤਾਈਵਾਨ, ਤੈਨਾਨ ਵਿੱਚ ਇੱਕ ਚੰਗਾਈ ਸਭਾ ਕਰਨ ਤੋਂ ਪਹਿਲਾਂ, ਮੈਂ ਪਵਿੱਤਰ ਆਤਮਾ ਦੀ ਹਜ਼ੂਰੀ ਮਾਣ ਰਿਹਾ ਸੀ, ਗੈਰ-ਭਾਸ਼ਾ ਵਿੱਚ ਅਰਾਧਨਾ ਕਰ ਰਿਹਾ ਸਾਂ, ਅਤੇ ਪਰਮੇਸ਼ਵਰ ਨੂੰ ਹਿਰਦੇ ਦਾ ਸਨੇਹ ਦੇ ਰਿਹਾ ਸੀ। ਫਿਰ ਮੈਂ ਆਤਮਾ ਦੇ ਖੇਤਰ ਵਿੱਚ ਵਰਦਾਨਾਂ, ਸੁਣਨ ਅਤੇ ਦੇਖਣ ਲਈ ਨਿਹਚਾ ਕਰਨ ਬਾਰੇ ਪਰਮੇਸ਼ਵਰ ਨੂੰ, ਇਨ੍ਹਾਂ ਗੱਲਾਂ ਸੰਬੰਧੀ ਆਖਦੇ ਹੋਏ ਪ੍ਰਾਥਨਾ ਕੀਤੀ। ਅਚਾਨਕ ਮੈਂ ਪਰਮੇਸ਼ਵਰ ਦੀ ਆਤਮਾ ਨੂੰ ਆਖਦੇ ਹੋਏ ਸੁਣਿਆ, "ਇੱਥੇ ਕੋਈ ਹੈ ਜਿਸ ਦੀ ਗਰਦਨ ਵਿੱਚ ਸਮੱਸਿਆ ਹੈ"। ਮੈਂ ਮੁਸਕਰਾਉਦੇ ਅਤੇ ਝਿਜਕਦੇ ਹੋਏ ਉੱਤਰ ਦਿੱਤਾ, "ਜੀ ਹਾਂ ਜ਼ਰੂਰ ਹੀ ਇੱਥੇ ਕੋਈ ਗਰਦਨ ਦੀ ਸਮੱਸ਼ਿਆ ਵਾਲਾ ਹੋਵੇਗਾ!ਪੰਜ ਸੌ ਲੋਕਾਂ ਵਿੱਚ 20 ਤੋਂ ਵੀ ਵੱਧ ਲੋਕ ਗਰਦਨ ਦੀ ਸਮੱਸਿਆ ਵਾਲੇ ਹੋਣਗੇ। ਹੇ ਪਵਿੱਤਰ ਆਤਮਾ, ਤੁਹਾਨੂੰ ਇਸ ਗੱਲ ਵਿੱਚ ਉਸ ਵਿਅਕਤੀ ਸੰਬੰਧੀ ਵਧੇਰੇ ਸਪੱਸ਼ਟ ਹੋਣਾ ਪਵੇਗਾ"। ਬਿਨ੍ਹਾਂ ਦੇਰੀ ਤੋਂ, ਉਸ ਨੇ ਉੱਤਰ ਦਿੱਤਾ, ਇਸ ਵਿਅਕਤੀ ਦੀ ਗਰਦਨ ਦਾ ਓਪਰੇਸ਼ਨ ਅਤੇ ਇਲਾਜ਼ ਹੋ ਚੁੱਕਾ ਹੈ"। ਮੈਂ ਕਿਹਾ, "ਓਹ,ਇਹ ਤਾਂ ਬਹੁਤ ਸ਼ਪੱਸ਼ਟ ਹੈ !"

ਜਿਵੇਂ ਹੀ ਮੈਂ ਪਰਚਾਰ ਕਰਨ ਤੋਂ ਪਹਿਲਾਂ, ਭੀੜ ਦੇ ਸਾਹਮਣੇ ਖੜਾ ਹੋਇਆ ਮੈਂ ਬੁੱਧੀ ਦੇ ਵਚਨ ਦਾ ਐਲਾਨ ਕੀਤਾ, "ਇੱਥੇ ਇੱਕ ਵਿਅਕਤੀ ਹੈ ਜਿਸ ਦੀ ਗਰਦਨ ਦਾ ਓਪਰੇਸ਼ਨ ਹੋ ਚੁੱਕਿਆ ਹੈ। ਸਮੱਸਿਆ ਦਾ ਹੱਲ ਨਹੀਂ ਹੋਇਆ ਅਤੇ ਤੁਹਾਨੂੰ ਚੰਗਾਈ ਦੀ ਜ਼ਰੂਰਤ ਹੈ। ਖੜੇ ਹੋ ਜਾਉ"। ਬਹੁਤ ਪਿੱਛੇ, ਇੱਕ ਵਿਅਕਤੀ ਖੜਾ ਹੋਇਆ। ਮੈਂ ਐਲਾਨ ਕੀਤਾ, "ਜਿਵੇਂ ਕਿ ਮੈਨੂੰ ਪਵਿੱਤਰ ਆਤਮਾ ਨੇ ਦਿਖਾਇਆ ਸੀ, ਇਸੇ ਵਕਤ ਚੰਗੇ ਹੋ ਜਾਉ। ਚੰਗਾਈ ਦੀ ਹਜ਼ੂਰੀ ਅਤੇ ਸਮੱਰਥਾ ਤੁਹਾਡੀ ਗਰਦਨ ਵਿੱਚ ਪ੍ਰਗਟ ਹੋਵੇ। ਇਸ ਸਤਾਵਟ ਤੋਂ ਅਜ਼ਾਦ ਹੋ ਜਾਉ"! ਤਦ ਮੈਂ ਸ਼ੰਦੇਸ਼ ਵੰਡਿਆ ਅਤੇ ਜ਼ਾਰੀ ਰਿਹਾ।

ਅੱਗਲੀ ਰਾਤ, ਉਹੀ ਵਿਅਕਤੀ ਆਪਣੀ ਗਵਾਹੀ ਸਾਂਝੀ ਕਰਨ ਲਈ ਸਾਹਮਣੇ ਆਇਆ। ਉਹ ਪਿਛਲੇ ਬਾਰਾਂ ਵਰਿਆਂ ਤੋਂ ਭਿਅੰਕਰ ਦਰਦ

ਨਾਲ਼ ਸਤਾਇਆ ਹੋਇਆ ਸੀ, ਅਤੇ ਨੌਂ ਅਪਰੇਸ਼ਨ ਕਰਾਉਣ ਦੇ ਬਾਅਦ ਵੀ ਉਸ ਦਾ ਦਰਦ ਖਤਮ ਨਹੀਂ ਹੋਇਆ ਸੀ। ਉਹ ਬਾਈਬਲ ਕਾਲਜ਼ ਵਿੱਚ ਸੀ ਅਤੇ ਦੋ ਵਰੇ ਪਹਿਲਾਂ, ਅਗਵਾਈ ਦੀ ਸਿਖਲਾਈ ਦੇਣ ਵਾਲਾ ਸੀ, ਪਰ ਲਗਾਤਾਰ ਹੋਣ ਵਾਲੇ ਦਰਦ ਕਾਰਨ ਉਸ ਨੂੰ ਬਾਈਬਲ ਕਾਲਜ਼ ਛੱਡਣਾ ਪਿਆ ਸੀ। ਉਸ ਨੇ ਗਵਾਹੀ ਦਿੱਤੀ ਕਿ ਜਿਸ ਘੜੀ ਉਹ ਵਚਨ ਸੁਣਨ ਸਮੇਂ ਖੜਾ ਹੋਇਆ, ਉਹ ਪੂਰੀ ਤਰ੍ਹਾਂ ਚੰਗਾ ਹੋ ਗਿਆ ਸੀ, ਅਤੇ ਹੁਣ ਉਹ ਦਰਦ ਤੋਂ ਅਜ਼ਾਦ ਸੀ !

ਸਭ ਤੋਂ ਅਸਾਨ ਅਤੇ ਸਭ ਤੋਂ ਵੱਧ ਯਤਨ-ਰਹਿਤ ਚੰਗਾਈਆਂ, ਛੁਟਕਾਰੇ ਅਤੇ ਕਰਮਾਤਾਂ, ਉਦੋਂ ਹੁੰਦੀਆ ਹਨ ਜਦੋਂ ਅਸੀਂ ਪਵਿੱਤਰ ਆਤਮਾ ਵੱਲ ਸੰਵਦਨਸ਼ੀਲ ਹੁੰਦੇ ਹਾਂ, ਅਤੇ ਉਸ ਦੀ ਅਗਵਾਈ ਵਿੱਚ ਆਗਿਆਕਾਰੀ ਬਣਦੇ ਹਾਂ। ਸਾਡੀ ਅਜ਼ਾਦੀ ਵਿੱਚ ਵਿਸ਼ਵਾਸ਼ ਦੁਆਰਾ ਕੀਤੇ ਸੈਂਕੜੇ ਕੰਮਾਂ ਨਾਲੋਂ, ਪਰਮੇਸ਼ਵਰ ਦੇ ਇੱਕ ਵਚਨ ਦੀ ਆਗਿਆਕਾਰੀ ਜ਼ਿਆਦਾ ਫ਼ਲਵੰਤ ਹੁੰਦੀ ਹੈ !

## ਨੇੜ੍ਹਤਾ ਅਤੇ ਸ਼ੰਵੇਦਨਸ਼ੀਲਤਾ

ਮਸੀਹ ਯਿਸੂ ਪਵਿੱਤਰ ਆਤਮਾ ਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਸੀ ਅਤੇ ਉਸ ਦੀ ਅਵਾਜ਼ ਅਤੇ ਹਜ਼ੂਰੀ ਪ੍ਰਤੀ ਬਹੁਤ ਸ਼ੰਵੇਦਨਸ਼ੀਲ ਸੀ। ਇਸ ਨੇੜ੍ਹਤਾ ਅਤੇ ਸ਼ੰਵੇਦਨਸ਼ੀਲਤਾ ਕਾਰਨ, ਮਸੀਹ ਯਿਸੂ ਹਰ ਪ੍ਰਸਥਿਤੀਆਂ ਉੱਪਰ ਜੇਤੂ ਹੁੰਦਾ ਸੀ। ਮਸੀਹ ਯਿਸੂ ਨੇ ਆਪਣਾ ਸਰੀਰ ਪਵਿੱਤਰ ਆਤਮਾ ਦੇ ਵਾਸ ਲਈ ਦਿੱਤਾ। ਪਵਿੱਤਰ ਆਤਮਾ ਦੀ ਹਜ਼ੂਰੀ ਅਤੇ ਸਮੱਰਥਾ ਮਸੀਹ ਯਿਸੂ ਦੀਆਂ ਠੋਸ ਸੱਚਾਈਆਂ ਸਨ, ਜਿਨ੍ਹਾਂ ਨਾਲ ਮਸੀਹ ਯਿਸੂ ਜਾਣੂ ਸੀ।

"ਯੂੰਹਨਾ ਨੇ ਇਹ ਸਾਖੀ ਦੇ ਕੇ ਆਖਿਆ ਕਿ ਮੈਂ ਆਤਮਾ ਨੂੰ ਕਬੂਤਰ ਦੀ ਨਿਆਈਂ ਅਕਾਸ਼ੋਂ ਉੱਤਰਦਾ ਵੇਖਿਆ ਅਤੇ ਉਹ ਉਸ ਉੱਤੇ ਠਹਿਰਿਆ 0 ਅਰ ਮੈਂ ਉਸ ਨੂੰ ਨਹੀਂ ਜਾਣਦਾ ਸਾਂ ਪਰ ਜਿਹ ਨੇ ਮੈਨੂੰ ਜਲ ਨਾਲ ਬਪਤਿਸਮਾ ਦੇਣ ਲਈ ਘੱਲਿਆ ਉਸੇ ਨੇ ਮੈਨੂੰ ਆਖਿਆ ਕਿ ਜਿਹ ਦੇ ਉੱਤੇ ਤੂੰ ਆਤਮਾ ਨੂੰ ਉੱਤਰਦਾ ਅਤੇ ਉਸ ਉੱਤੇ ਠਹਿਰਦਾ ਵੇਖੇਂ ਇਹ ਉਹੋ ਹੈ ਜੋ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੰਦਾ ਹੈ" ਯੂੰਹਨਾ 1:32-33

ਪੁਰਾਣੇ ਨੇਮ ਦੇ ਬਹੁਤ ਸਾਰੇ ਨਬੀਆਂ ਉੱਪਰ ਪਵਿੱਤਰ ਆਤਮਾ ਉੱਤਰਦਾ ਸੀ, ਪਰੰਤੂ ਪਵਿੱਤਰ ਆਤਮਾ ਨੇ ਮਸੀਹ ਯਿਸੂ ਦੇ ਅੰਦਰ ਵਾਸ ਕੀਤਾ।ਪਵਿੱਤਰ ਆਤਮਾ ਨੇ ਮਸੀਹ ਯਿਸੂ ਦੇ ਅੰਦਰ ਅਦਭੁਤ ਸ਼ਨੇਹ, ਸੰਭਾਲ, ਨੇੜ੍ਹਤਾ ਅਤੇ ਗ੍ਰਹਿਣਸ਼ੀਲਤਾ ਲੱਭੀ ਜੋ ਕਿਸੇ ਦੂਸਰੇ ਅੰਦਰ ਕਦੇ ਵੀ ਨਹੀਂ ਮਿਲੀ।ਜਦੋਂ ਮਸੀਹ ਯਿਸੂ ਭੀੜ੍ਹ ਦੁਆਰਾ ਦਬਾਇਆ ਜਾ ਰਿਹਾ ਹੈ, ਜਿਹੜੀ ਲਗਾਤਾਰ ਉਸ ਉੱਪਰ ਚੀਕ ਰਹੀ ਸੀ ਅਤੇ ਧੱਕਾ ਕਰ ਰਹੀ ਸੀ ; ਫਿਰ ਵੀ ਉਹ ਪਵਿੱਤਰ ਆਤਮਾ ਦੇ ਬਹੁਤ ਛੋਟੇ ਕੰਮ ਤੋਂ ਵੀ ਜਾਗਰੂਕ ਰਹਿੰਦਾ ਸੀ (ਲੂਕਾ 8:40-48 )।ਅਗਰ ਅਸੀਂ ਮਸੀਹ ਯਿਸੂ ਵਰਗੀ ਸਫ਼ਲਤਾ ਚਾਹੁੰਦੇ ਹਾਂ, ਤਾਂ ਸਾਨੂੰ ਜ਼ਰੂਰ ਹੀ ਪਵਿੱਤਰ ਆਤਮਾ ਨਾ਼ਲ ਗਹਿਰਾਈ ਵਾ਼ਲੀ ਨੇੜ੍ਹਤਾ ਦੀ ਖੋਜ਼ ਕਰਨੀ ਚਾਹੀਦੀ ਹੈ।

ਪਵਿੱਤਰ ਆਤਮਾ ਨਾ਼ਲ ਸਾਡੀ ਨੇੜ੍ਹਤਾ ਦੀ ਬਹੁਤਾਇਤ ਵਿਸ਼ਵਾਸ਼ਯੋਗ ਸੇਵਕਾਈ ਨੂੰ ਉਤਪੰਨ ਕਰਦੀ ਹੈ।ਸਾਨੂੰ ਕਦੇ ਵੀ ਵਿਅਕਤੀਗਤ ਸਫ਼ਲਤਾ ਅਤੇ ਫ਼ਲਵੰਤ ਸੇਵਕਾਈ ਦੇ ਉਦੇਸ਼ ਨਾ਼ਲ ਇਸ ਨੇੜ੍ਹਤਾ ਦਾ ਦੁਰਉਪਯੋਗ ਨਹੀਂ ਕਰਨਾ ਚਾਹੀਦਾ ਹੈ; ਅਤੇ ਸਾਨੂੰ ਕਦੇ ਵੀ ਉਸ ਦੀ ਬਹੁਮੁੱਲੀ ਹਜ਼ੂਰੀ ਅਤੇ ਸਮੱਰਥਾ ਨੂੰ ਸਵਾਰਥ ਪ੍ਰਾਪਤੀ ਲਈ ਨਹੀਂ ਵਰਤਣਾ ਚਾਹੀਦਾ! ਪਵਿੱਤਰ ਆਤਮਾ ਨੂੰ ਗਹਿਰਾਈ ਨਾ਼ਲ ਸਮਝਣ ਲਈ ਮੈਂ ਤੁਹਾਨੂੰ ਆਪਣੀ ਕਿਤਾਬ "ਪਿਤਾ ਦਾ ਵਾਇਦਾ" ਪੜ੍ਹਨ ਲਈ ਪ੍ਰੇਰਿਤ ਕਰਾਂਗਾ, ਕਿ ਕਿਵੇਂ ਅਸੀਂ ਵਿਅਕਤੀਗਤ ਰੂਪ ਵਿੱਚ ਉਸ ਨਾ਼ਲ ਜੁੜ ਸਕਦੇ ਹਾਂ, ਅਤੇ ਉਸ ਦੇ ਵਰਦਾਨਾਂ ਨੂੰ ਵਰਤ ਸਕਦੇ ਹਾਂ।

## ਝੁੰਡ ਵਿੱਚ ਜਾਂ ਵਿਅਕਤੀਗਤ ਤੌਰ ਉਤੇ ਵਿਚਾਰੇ ਜਾਣ ਵਾਲੇ ਉਪਯੋਗੀ ਪ੍ਰਸ਼ਨ:

1. ਇਸ ਅਧਿਆਇ ਨੂੰ ਪੜਨ ਤੋਂ ਪਹਿਲਾਂ, ਕੀ ਤੁਸੀਂ ਪਵਿੱਤਰ ਆਤਮਾ ਨਾ਼ਲ ਨੇੜ੍ਹਤਾ ਲਈ ਮਸੀਹ ਯਿਸੂ ਨੂੰ ਨਮੂਨਾ ਮੰਨਦੇ ਸੀ? ਯਿਸੂ ਮਸੀਹ ਦਾ ਪਵਿੱਤਰ ਆਤਮਾ ਉੱਪਰ ਨਿਰਭਰ ਜੀਵਨ ਤੁਹਾਨੂੰ ਕਿਵੇਂ ਪ੍ਰੇਰਣਾ ਦਿੰਦਾ ਹੈ?

2. ਕੀ ਤੁਸੀਂ ਅਹਿਸਾਸ ਕਰਦੇ ਹੋਂ ਕਿ ਤੁਸੀਂ ਵਿਅਕਤੀਗਤ ਤੌਰ ਉੱਤੇ ਪਵਿੱਤਰ ਆਤਮਾ ਨੂੰ ਜਾਣਦੇ ਹੋਂ? ਪਵਿੱਤਰ ਆਤਮਾ ਨੂੰ ਹੋਰ ਨੇੜਤਾ ਨਾ਼ਲ ਜਾਣਨ ਲਈ, ਤੁਸੀਂ ਕਿਨ੍ਹਾਂ ਬਦਲ ਚੁੱਕੇ ਹੋਂ?

3. ਕੀ ਤੁਸੀਂ ਪਵਿੱਤਰ ਆਤਮਾ ਨੂੰ ਇੱਕ ਵਿਅਕਤੀ ਨਹੀਂ ਪਰੰਤੂ ਸ਼ਕਤੀ ਸਮਝਦੇ ਹੋਂ? ਪਵਿੱਤਰ ਆਤਮਾ ਨੂੰ ਇੱਕ ਵਿਅਕਤੀ ਦੇ ਰੂਪ ਵਿੱਚ ਜਾਣਨਾ, ਉਸ ਨਾਲ਼ ਤੁਹਾਡੇ ਰਿਸ਼ਤੇ ਨੂੰ ਕਿਵੇਂ ਬਦਲ ਸਕਦਾ ਹੈ?

4. ਤੁਹਾਡੀ ਸੇਵਕਾਈ ਵਿੱਚ, ਕੀ ਪਵਿੱਤਰ ਆਤਮਾ ਤੁਹਾਡਾ ਮੁੱਖ ਸਹਾਇਕ ਹੈ, ਜਾਂ ਤੁਸੀਂ ਅਜ਼ਾਦੀ ਨਾਲ਼ ਪਰਮੇਸ਼ਵਰ ਦੀ ਸੇਵਾ ਕਰਨ ਵਿੱਚ ਰੁੱਝੇ ਹੋਏ ਹੋਂ? ਆਪਣੀ ਸੇਵਕਾਈ ਦੇ ਹਰੇਕ ਖੇਤਰ ਵਿੱਚ, ਪਵਿੱਤਰ ਆਤਮਾ ਨੂੰ ਤੁਸੀਂ ਕਿਵੇਂ ਸੱਦਾ ਅਤੇ ਸਨਮਾਨ ਦੇ ਸਕਦੇ ਹੋਂ?

5. ਪਰਮੇਸ਼ਵਰ ਦੇ ਪੂਰੇ ਕੀਤੇ ਕੰਮਾਂ ਨਾਲ਼ ਸਾਡਾ ਆਤਮਿਕ ਅਧਿਕਾਰ ਅਤੇ ਜ਼ਿੰਮੇਵਾਰੀ ਨੂੰ ਜਾਣਨਾ, ਕਿਵੇਂ ਸਾਡੀ ਸੋਚ, ਵਿਸ਼ਵਾਸ਼, ਅਤੇ ਕੰਮ ਦੇ ਤਰੀਕੇ ਨੂੰ ਬਦਲਦਾ ਹੈ?

6. ਪਵਿੱਤਰ ਆਤਮਾ ਦੇ ਕਿਨ੍ਹਾਂ ਵਰਦਾਨਾਂ ਦੀ, ਤੁਸੀਂ ਪਹਿਲਾਂ ਵਰਤੋਂ ਕੀਤੀ ਹੈ? ਕਿਨ੍ਹਾਂ ਵਰਦਾਨਾਂ ਦਾ ਤੁਸੀਂ ਤਜ਼ਰਬਾ ਕਰਨਾ ਚਾਹੁੰਦੇ ਹੋਂ?

7. ਇਸ ਅਧਿਆਇ ਨੂੰ ਪੜਨ ਤੋਂ ਬਾਦ, ਕੀ ਤੁਸੀਂ ਪਵਿੱਤਰ ਆਤਮਾ ਨਾਲ਼ ਵਧੇਰੇ ਨੇੜ੍ਹਤਾ ਅਤੇ ਸ਼ੰਵੇਦਨਸ਼ੀਲ਼ ਹੋਣ ਲਈ ਪ੍ਰੇਰਿਤ ਹੋਏ ਹੋਂ? ਕਿਹੜੇ ਉਪਯੋਗੀ ਤਰੀਕਿਆਂ ਨਾਲ਼ ਤੁਸੀਂ ਉਸ ਦੀ ਨੇੜ੍ਹਤਾ ਅਤੇ ਸ਼ੰਵੇਦਨਸ਼ੀਲ਼ਤਾ ਵਿੱਚ ਵੱਧ ਸਕਦੇ ਹੋਂ?

8. ਕੀ ਤੁਸੀਂ ਸੇਵਕਾਈ ਲਈ ਪਵਿੱਤਰ ਆਤਮਾ ਦੀ ਨੇੜ੍ਹਤਾ ਦੀ ਗਲਤ ਵਰਤੋਂ ਕਾਰਨ ਦੋਸ਼ੀ ਹੋਂ? ਪਵਿੱਤਰ ਆਤਮਾ ਨਾਲ਼ ਆਪਣੀ ਨੇੜ੍ਹਤਾ ਨੂੰ ਅਜਿਹੀ ਗੰਦਗੀ ਤੋਂ, ਤੁਸੀਂ ਕਿਵੇਂ ਸੁੱਰਖਿਅਤ ਰੱਖ ਸਕਦੇ ਹੋਂ?

9. ਕੀ ਤੁਸੀਂ ਆਤਮਿਕ ਖਿੱਚ-ਤਾਣ ਅਤੇ ਸੇਵਕਾਈ ਤੋਂ ਉਕਤਾ ਗਏ ਹੋਂ? ਪਵਿੱਤਰ ਆਤਮਾ ਨਾਲ਼ ਬਹੁਤ ਜ਼ਿਆਦਾ ਨੇੜ੍ਹਤਾ, ਅਜਿਹੀ ਖੀਣਤਾ ਅਤੇ ਕੁੱਠਾਂ ਤੋਂ ਕਿਵੇਂ ਜਿੱਤਦੀ ਹੈ?

# ਚੰਗਾਈ ਦੀਆਂ ਕਰਾਮਾਤਾਂ

ਬਿਮਾਰੀ ਸ਼ੈਤਾਨ ਦਾ ਹਥਿਆਰ ਅਤੇ ਮੁੱਢਲੀ ਮੌਤ ਹੈ, ਅਤੇ ਆਦਮ ਦੇ ਪਾਪ ਭਰੇ ਵਿਦਰੋਹ ਵਿੱਚੋਂ ਪੈਦਾ ਹੋਈ ਸੀ। ਮਸੀਹ ਯਿਸੂ ਨੇ ਹਮੇਸ਼ਾ ਹੀ ਹਰੇਕ ਬਿਮਾਰ ਵਿਅਕਤੀ ਨੂੰ ਜੋ ਉਸ ਕੋਲ ਆਉਂਦਾ ਸੀ ਚੰਗਾ ਕਰਨ ਦੁਆਰਾ ਪਰਮੇਸ਼ਵਰ ਦੀ ਇੱਛਾ ਨੂੰ ਪ੍ਰਗਟ ਕੀਤਾ (ਲੂਕਾ 4:40 )। ਮਸੀਹ ਯਿਸੂ ਨੇ ਬਿਮਾਰੀ ਨਾਲ਼ ਜਕੜੇ ਕਿਸੇ ਵਿਅਕਤੀ ਦਾ ਕਦੇ ਵੀ ਇਨਕਾਰ ਨਹੀਂ ਕੀਤਾ, ਅਤੇ ਉਹ ਬਦਲਿਆ ਨਹੀਂ ਹੈ (ਇਬਰਾਨੀਆਂ 13:8 )। ਸੰਪੂਰਨਤਾ ਨਾਲ਼ ਪਿਤਾ ਦੀ ਘੋਸ਼ਣਾ ਕਰਨ ਵਿੱਚ, ਮਸੀਹ ਯਿਸੂ ਨੇ ਕਦੇ ਵੀ ਕਿਸੇ ਉੱਪਰ ਵੀ ਬਿਮਾਰੀ ਨਹੀਂ ਪਾਈ। ਇਸ ਦੇ ਵਿਪਰੀਤ, ਜਿਸ ਹਰੇਕ ਵਿਅਕਤੀ ਨੂੰ ਉਸ ਨੇ ਚੰਗਾ ਕੀਤਾ ਸੀ, ਉਹ ਸ਼ੈਤਾਨ ਦਾ ਸਤਾਇਆ ਹੋਇਆ ਸੀ (ਰਸੂਲਾਂ ਦੇ ਕਰਤੱਬ 10:38 ) ਸਾਡਾ ਪਿਆਰਾ ਪਿਤਾ ਕਦੇ ਵੀ ਆਪਣੇ ਬੱਚਿਆ ਨੂੰ ਅਨੁਸ਼ਾਸ਼ਿਤ ਕਰਨ ਲਈ ਬਿਮਾਰੀ ਅਤੇ ਸ਼ੈਤਾਨ ਦੀ ਵਰਤੋਂ ਨਹੀਂ ਕਰੇਗਾ। ਇਸ ਨਿਰਵਿਵਾਦ ਸੱਚਾਈ ਦੀ ਨੀਂਹ ਵਿੱਚੋਂ, ਅਸੀਂ ਬਿਮਾਰ, ਅਤੇ ਸਤਾਈ ਹੋਈ ਅਤੇ ਗੁਆਚੀ ਹੋਈ ਹਰੇਕ ਆਤਮਾ ਤੱਕ ਖੁਸ਼ ਖਬਰੀ ਲੈ ਕੇ ਜਾਣੀ ਹੈ।

## ਇਸ ਸੰਸਾਰ ਲਈ ਤੁਸੀਂ ਮਸੀਹ ਹੋਂ

ਮਸੀਹ ਯਿਸੂ ਨੇ ਆਪਣੇ ਆਪ ਨੂੰ ਜਗਤ ਦਾ ਚਾਨਣ ਐਲਾਨ ਕੀਤਾ (ਯੂੰਹਨਾ 8:12 ) ਅਤੇ ਆਪਣੇ ਚੇਲਿਆਂ ਨੂੰ ਵੀ ਅਜਿਹਾ ਹੀ ਕਿਹਾ (ਮੱਤੀ 5:14 )। ਤਦ ਕੌਣ ਇਸ ਜਗਤ ਦਾ ਚਾਨਣ ਹੈ, ਮਸੀਹ ਜਾਂ ਚੇਲੇ? ਉਹ ਦੋਵੇਂ ਹਨ, ਕਿਉਕਿਂ ਜੀ ਉਠਿਆ ਮਸੀਹ, ਪਵਿੱਤਰ ਆਤਮਾ ਦੁਆਰਾ ਆਪਣੇ ਚੇਲਿਆਂ ਅੰਦਰ ਵਾਸ ਕਰਦਾ ਹੈ (ਕੁਲੁੱਸੀਆਂ 1:27 )। ਇਸ ਤਰੀਕੇ ਨਾਲ਼, ਤੁਸੀਂ ਇਸ ਸੰਸਾਰ ਦੇ ਮਸੀਹ ਹੋਂ, ਤੁਸੀਂ ਅਨੰਤਕਾਲ ਦਾ ਜੀਵਨ, ਚੰਗਾਈ ਦੀ ਸਮੱਰਥਾ, ਜੀ ਉੱਠਣ ਦੀ ਸ਼ਕਤੀ, ਸ਼ਾਂਤੀ ਅਤੇ ਅਨੰਦ ਦੇ ਪਾਤਰ ਹੋਂ। ਤੁਸੀਂ ਉਹ ਸਰੋਤ ਨਹੀਂ ਹੋਂ; ਫਿਰ ਵੀ, ਸਾਰੇ ਜੀਵਨ ਅਤੇ ਚੰਗਾਈ ਦਾ ਸਰੋਤ, ਸਥਾਈ ਤੌਰ ਉੱਤੇ ਤੁਹਾਡੇ ਅੰਦਰ ਵਾਸ ਕਰਦਾ ਹੈ, ਤੁਹਾਡੇ ਨਾਲ਼ ਹੈ, ਅਤੇ ਤੁਹਾਨੂੰ ਕਦੇ ਵੀ ਨਹੀਂ ਛੱਡੇਗਾ ( ਯੂੰਹਨਾ 14:16-17, ਇਬਰਾਨੀਆਂ 13:5 )।

ਇਸ ਕਾਰਨ, ਤੁਸੀਂ ਮਾਨਵਤਾ ਦੇ ਦਰਦ, ਗੁਲਾਮੀ, ਅਤੇ ਪੀੜ੍ਹਾਂ ਦੇ ਜਵਾਬ ਹੋਂ, ਕਿਉਂਕਿ ਤੁਸੀਂ ਉਸ ਦਾ ਅਧਿਕਾਰ, ਨਾਮ, ਹਜ਼ੂਰੀ ਅਤੇ ਸਮੱਰਥਾ ਲੈ ਕੇ ਚੱਲਦੇ ਹੋਂ। ਚੰਗਾਈ ਬਿਮਾਰ ਨੂੰ ਚੰਗਾ ਕਰਨ ਲਈ ਪਰਮੇਸ਼ਵਰ ਸਾਹਮਣੇ ਕੀਤੀ ਜਾਣ ਵਾਲੀ ਬੇਨਤੀ ਨਹੀਂ ਹੈ, ਪਰੰਤੂ ਬਿਮਾਰ ਨੂੰ ਚੰਗਾ ਕਰਨ ਲਈ ਪਰਮੇਸ਼ਵਰ ਦਾ ਸਵਰਗੀ ਜੀਵਨ ਤੁਹਾਡੇ ਵਿੱਚੋਂ ਵਗਦਾ ਹੈ। ਜਦੋਂ ਤੋਂ ਤੁਸੀਂ ਮਸੀਹ ਦੀ ਦੇਹੀ ਅਤੇ ਪਵਿੱਤਰ ਆਤਮਾ ਦੀ ਹੈਕਲ ਹੋਂ, ਤੁਸੀਂ ਕਦੇ ਵੀ ਚੰਗਾਈ ਦੇ ਕੰਮ ਤੋਂ ਖੁਦ ਨੂੰ ਅਲੱਗ ਨਹੀਂ ਕਰ ਸਕਦੇ, ਕਿਉਂਕਿ ਤੁਸੀਂ ਪੱਕੇ ਅਤੇ ਪੂਰਕ ਭਾਗ ਹੋਂ। ਬਿਮਾਰ ਨੂੰ ਚੰਗਾ ਕਰਨ ਲਈ, ਤੁਹਾਨੂੰ ਹਮੇਸ਼ਾ ਉਸ ਲੜੀ ਦਾ ਭਾਗ ਹੋਣਾ ਪਵੇਗਾ-ਤੁਹਾਡੇ ਸ਼ਬਦ, ਵਿਸ਼ਵਾਸ਼, ਅਤੇ ਕੰਮ।

ਧਰਮ ਨੇ ਤੁਹਾਨੂੰ ਝੂਠ ਬੋਲਿਆ ਹੈ, ਅਤੇ ਸ਼ੈਤਾਨ ਤੁਹਾਨੂੰ ਧੋਖਾ ਦੇਣ ਦਾ ਮੌਕਾ ਲੱਭਦਾ ਰਹਿੰਦਾ ਹੈ ਕਿ ਤੁਹਾਨੂੰ ਇਸ ਸੋਚ ਵਿੱਚ ਪਾਈ ਰੱਖੇ ਕਿ ਤੁਸੀਂ ਕੁਝ ਵੀ ਨਹੀਂ ਕਰ ਸਕਦੇ ਅਤੇ ਤੁਸੀਂ ਕੁਝ ਵੀ ਨਹੀਂ ਹੋਂ। ਇਹ ਮਸੀਹ ਤੋਂ, ਅਸਲ ਵੱਖ ਹੋਣਾ ਹੈ, ਪਰ ਤੁਸੀਂ ਉਸ ਵਲੋਂ ਵੱਖ ਨਹੀਂ ਕੀਤੇ ਗਏ ਹੋਂ। ਉਹ ਪਹਿਲਾਂ ਹੀ ਤੁਹਾਡਾ ਮੇਲ-ਮਿਲਾਪ ਕਰਾ ਚੁੱਕਾ ਹੈ-ਅਤੇ

ਪਰਮੇਸ਼ਵਰ ਦੇ ਨਾਲ਼ ਤੁਹਾਨੂੰ ਇੱਕ ਕਰ ਦਿੱਤਾ ਹੈ (ਰੋਮੀਆਂ 5:10 )। ਮਸੀਹ ਯਿਸੂ ਨੇ ਆਪਣੇ ਚੇਲਿਆਂ ਨੂੰ ਬਿਮਾਰਾਂ ਨੂੰ ਚੰਗਾਂ ਕਰਨ ਲਈ ਹੁਕਮ ਦਿੱਤਾ, ਨਾ ਕਿ ਚੰਗਾਈ ਲਈ ਪਰਮੇਸ਼ਵਰ ਨੂੰ ਬੇਨਤੀ ਕਰਨਾ (ਮੱਤੀ 10:8 )। ਤੁਸੀਂ ਚੰਗਾਈ ਦਾ ਸਰੋਤ ਨਹੀਂ ਹੋਂ, ਪਰ ਉਸ ਦੀ ਹਜ਼ੂਰੀ, ਸਮੱਰਥਾ, ਅਤੇ ਕਿਰਪਾ ਦੇ ਬਹਾਵ ਲਈ ਤੁਸੀਂ ਇੱਕ ਜ਼ਰੂਰੀ ਅਤੇ ਮਹੱਤਵਪੂਰਨ ਪਾਤਰ ਹੋਂ। ਅਗਰ ਕਿਸੇ ਨੂੰ ਚੰਗਾਈ ਦੀ ਜ਼ਰੂਰਤ ਹੈ ਅਤੇ ਤੁਸੀਂ ਉਸ ਕੋਲ਼ ਜਾਂਦੇ ਹੋਂ, ਤਾਂ ਮਸੀਹ ਤੁਹਾਨੂੰ ਨਹੀਂ ਰੋਕੇਗਾ, ਪਰੰਤੂ ਆਪਣੇ ਮਹਾਨ ਕੰਮ ਵਿੱਚ ਭਾਗ ਲੈਣ ਦਾ ਅਵਸਰ ਦੇਵੇਗਾ!

ਪਤਰਸ ਨੇ ਜਨਮ ਤੋਂ ਲੰਙੇ ਆਦਮੀ ਨੂੰ ਆਪਣੇ ਵੱਲ ਦੇਖਣ ਲਈ ਕਿਹਾ (ਰਸੂਲਾਂ ਦੇ ਕਰਤੱਬ 3:4 ) ਕਿਉਂਕਿ ਪਤਰਸ ਸਮਝ ਗਿਆ ਸੀ, ਕਿ ਉਹ ਪਰਮੇਸ਼ਵਰ ਦੀ ਸਮੱਰਥਾ ਦਾ ਪਾਤਰ ਹੈ। ਕਰਾਮਾਤੀ ਚੰਗਾਈ ਹੋਣ ਤੋਂ ਬਾਅਦ, ਇੱਕ ਭੀੜ੍ਹ ਇੱਕਠੀ ਹੋਈ, ਅਤੇ ਪਤਰਸ ਨੇ ਉੱਤਰ ਦਿੱਤਾ "ਸਾਡੇ ਵੱਲ ਇਉਂ ਕਾਹਨੂੰ ਤੱਕ ਰਹੇ ਹੋਂ ਭਈ ਜਾਣੀਦਾ ਅਸਾਂ ਆਪਣੀ ਸਮੱਰਥਾ ਜਾਂ ਭਗਤੀ ਨਾਲ਼ ਇਹ ਨੂੰ ਤੁਰਨ ਦੀ ਸ਼ਕਤੀ ਦਿੱਤੀ"? ਪਤਰਸ ਸਮਝ ਗਿਆ ਸੀ ਕਿ ਇਹ ਪਵਿੱਤਰ ਆਤਮਾ ਦਾ ਜਵਾਬ ਹੈ, ਪਰੰਤੂ ਪਵਿੱਤਰ ਆਤਮਾ ਅਜ਼ਾਦੀ ਨਾਲ਼ ਸਾਡੇ ਵਿਸ਼ਵਾਸ਼, ਸ਼ਬਦਾਂ ਅਤੇ ਕੰਮਾਂ ਨੂੰ ਨਹੀਂ ਵਰਤੇਗਾ। ਲੋਕਾਂ ਵਿੱਚ ਪ੍ਰਭਾਵਸ਼ਾਲੀ ਚੰਗਾਈ-ਸੇਵਕਾਈ ਕਰਨ ਵਾਸਤੇ, ਤੁਹਾਨੂੰ ਉਨ੍ਹਾਂ ਦੇ ਧਿਆਨ ਅਤੇ ਇਜ਼ਾਜ਼ਤ ਦੀ ਜਰੂਰਤ ਪਵੇਗੀ। ਪਰੰਤੂ ਜਦ ਕਰਾਮਾਤ ਹੋ ਜਾਂਦੀ ਹੈ, ਸਾਨੂੰ ਪੱਕਾ ਕਰਨਾ ਚਾਹੀਦਾ ਹੈ ਕਿ ਸਾਰੀ ਮਹਿਮਾ ਅਤੇ ਆਦਰ ਮਸੀਹ ਯਿਸੂ ਨੂੰ ਮਿਲੇ!

ਤੁਹਾਡੀ ਆਪਣੀ ਭੂਮਿਕਾ ਦੀ ਮਹੱਤਤਾ ਨੂੰ ਸਮਝਣ ਦੀ ਅਸਫ਼ਲਤਾ ਜਾਂ ਆਪਣੀ ਸਬੰਧਤਾ ਨੂੰ ਛੋਟਾ ਕਰਨਾ ਚੰਗਾਈ ਨੂੰ ਰੋਕਣ ਵਾਲ਼ੀਆਂ ਰੁਕਾਵਟਾਂ ਵਿੱਚੋਂ ਅਸਲ ਰੁਕਾਵਟ ਹੈ। ਗਲਤ ਨਿਮਰਤਾ ਪਰਮੇਸ਼ਵਰ ਦੁਆਰਾ ਦਿੱਤੇ ਅਧਿਕਾਰ ਦੀ ਤੁਹਾਡੀ ਸਵਰਗੀ ਬੁਲਾਹਟ ਅਤੇ ਪਦਵੀ ਦਾ ਇਨਕਾਰ ਕਰਦੀ ਹੈ।

## ਚੰਗਾਈ ਅਤੇ ਵਿਸ਼ਵਾਸ਼

ਕੁਝ ਲੋਕ ਵਿਸ਼ਵਾਸ਼ ਨੂੰ ਚੰਗਾਈ ਲਈ ਅਧਾਰਹੀਨ ਸੰਭਾਵਨਾ ਮੰਨਦੇ ਹਨ। ਉਦਾਹਰਨ ਦੇ ਤੌਰ ਉੱਤੇ, ਆਤਮ-ਵਿਸ਼ਵਾਸ਼ ਨਾਲ਼ ਕੋਈ ਅਜਿਹਾ ਕਹਿ ਸਕਦਾ ਹੈ, "ਮੈਂ ਪ੍ਰਾਥਨਾ ਕਰਾਂਗਾ ਅਤੇ ਤੁਸੀਂ ਚੰਗੇ ਹੋ ਜਾਉਂਗੇ"! ਪਰੰਤੂ ਉਹ ਵਿਅਕਤੀ ਕਿਉਂ ਚੰਗਾ ਹੋਵੇਗਾ? ਕਿਸ ਅਧਾਰ ਉੱਪਰ ਉਨ੍ਹਾਂ ਦੇ ਸਰੀਰ ਵਿੱਚ ਚੰਗਾਈ ਪ੍ਰਗਟ ਹੋਵੇਗੀ? ਕੁਝ ਸੋਚਦੇ ਹਨ ਸਕਾਰਾਤਮਕ ਸੰਭਾਵਨਾ, ਵਿਸ਼ਵਾਸ਼ ਹੈ। ਇਹ ਵਿਸ਼ਵਾਸ਼ ਨਹੀਂ ਹੈ, ਪਰੰਤੂ ਕੇਵਲ ਸਕਾਰਾਤਮਕ ਧਾਰਨਾ ਅਤੇ ਸਿਧਾਂਤ ਹੈ। ਅਸਲ ਵਿਸ਼ਵਾਸ਼ ਵਿੱਚ ਇਸ ਭਿੰਨਤਾ ਨੂੰ ਜਾਣਨਾ ਗੰਭੀਰ ਹੈ।

ਜਦੋਂ ਅਜਿਹਾ ਵਿਅਕਤੀ ਪ੍ਰਾਥਨਾ ਕਰਦਾ ਹੈ, ਅਤੇ ਚੰਗਾਈ ਨਹੀਂ ਮਿਲਦੀ, ਤਾਂ ਉਹ ਘਬਰਾ ਜਾਂਦਾ ਹੈ, ਅਤੇ ਕਹਿੰਦਾ ਹੈ, "ਮੈਨੂੰ ਵਿਸ਼ਵਾਸ਼ ਸੀ ਕਿ ਉਹ ਚੰਗਾ ਹੋ ਜਾਵੇਗਾ; ਇਹ ਕਿਉਂ ਨਹੀਂ ਹੋਇਆ"? ਮੈਨੂੰ ਦੁਬਾਰਾ ਦੁਹਰਾਉਣ ਦਿਉ: ਵਿਸ਼ਵਾਸ਼ ਅਧਾਰਹੀਨ ਆਸ ਦੀ ਚੰਗਾਈ ਨਹੀਂ ਹੈ। ਵਿਸ਼ਵਾਸ਼ ਦਾ ਇੱਕ ਅਧਾਰ ਹੁੰਦਾ ਹੈ, ਕਿ ਇੱਕ ਵਿਅਕਤੀ ਕਿਉਂ ਚੰਗਾ ਹੋਵੇਗਾ-ਨਿਹਚਾ ਕਰਨ ਲਈ ਵਿਸ਼ਵਾਸ਼-ਪੂਰਨ ਤਰਕ- ਅਤੇ ਵਿਸ਼ਵਾਸ਼ ਦੇ ਇਸ ਅਧਾਰ ਤੋਂ ਬਿਨ੍ਹਾਂ, ਕਰਾਮਾਤ ਦੀ ਕੋਈ ਆਸ ਕੇਵਲ ਸਿਧਾਂਤ ਹੈ। ਸਧਾਰਨ ਤੌਰ ਉੱਤੇ ਨਿਹਚਾ ਕਰਨਾ ਕਿ "ਪਰਮੇਸ਼ਵਰ ਕੁਝ ਵੀ ਕਰ ਸਕਦਾ ਹੈ" ਵਿਸ਼ਵਾਸ਼ ਨਹੀਂ ਹੈ।

ਚੰਗਾਈ ਲਈ ਅਸਲ ਨਿਹਚਾ ਵਾਸਤੇ 3-ਪਰਤ ਦੀ ਨੀਂਹ ਹੁੰਦੀ ਹੈ: ਸੂਝ ਅਤੇ ਭਰੋਸਾ, ਸਹਾਰਾ ਅਤੇ ਨਿਰਭਰਤਾ, ਅਤੇ ਅਧਿਕਾਰ-ਪੂਰਨ ਵਚਨ ਅਤੇ ਕੰਮ।

ਸੂਝ ਅਤੇ ਭਰੋਸਾ:ਵਿਸ਼ਵਾਸ਼ ਸਮਝਦਾ ਹੈ ਕਿ ਪਿਤਾ ਨੇ ਮਸੀਹ ਯਿਸੂ ਦੇ ਸਰੀਰ ਉੱਪਰ ਹਰੇਕ ਬਿਮਾਰੀ, ਦਰਦ, ਅਤੇ ਸਤਾਵ ਪਾ ਦਿੱਤਾ, ਅਤੇ ਮਸੀਹ ਯਿਸੂ ਨੇ ਸਵੈ-ਇੱਛਾ ਨਾਲ਼ ਉਨ੍ਹਾਂ ਨੂੰ ਸਹਾਰਿਆ। ਵਿਸ਼ਵਾਸ਼ ਇਸ ਛੁਟਕਾਰੇ ਵਾਲੇ ਕੰਮ ਵਿੱਚ ਨਿਹਚਾ ਕਰਦਾ ਹੈ। ਵਿਸ਼ਵਾਸ਼ ਇਸ ਛੁਟਕਾਰੇ ਨੂੰ ਸਰੀਰ ਦੇ ਠੋਸ ਖੇਤਰ ਵਿੱਚ ਪ੍ਰਗਟ ਕਰਨ ਦੀ ਆਸ ਕਰਦਾ ਹੈ।

ਸਹਾਰਾ ਅਤੇ ਨਿਰਭਰਤਾ:ਵਿਸ਼ਵਾਸ਼ ਪਵਿੱਤਰ ਆਤਮਾ ਦੀ ਹਜ਼ੂਰੀ ਅਤੇ ਵਿਅਕਤੀ ਨਾਲ਼ ਨੇੜ੍ਹਤਾ ਰੱਖਦਾ ਹੈ, ਉਸ ਦੀ ਸਮੱਰਥਾ ਉੱਪਰ ਨਿਰਭਰ ਰਹਿੰਦਾ ਹੈ, ਅਤੇ ਉਸ ਦੀ ਅਗਵਾਈ ਵਿੱਚ ਆਗਿਆਕਾਰ ਰਹਿੰਦਾ ਹੈ।

ਅਧਿਕਾਰ-ਪੂਰਨ ਵਚਨ ਅਤੇ ਕੰਮ:ਵਿਸ਼ਵਾਸ਼ ਆਤਮਿਕ ਅਧਿਕਾਰ ਨੂੰ ਸਰੀਰਕ ਖੇਤਰ ਵਿੱਚ ਹੁਕਮ ਦਿੰਦੇ ਹੋਏ ਅਤੇ ਲਾਗੂ ਕਰਦੇ ਹੋਏ, ਪਹਿਲਾਂ ਹੀ ਪੂਰੇ ਕੀਤੇ ਛੁਟਕਾਰੇ ਦਾ ਪ੍ਰਯੋਗ ਕਰਦਾ ਹੈ।ਵਿਸ਼ਵਾਸ਼, ਸੋਚ, ਵਚਨ ਅਤੇ ਕੰਮ ਵਿੱਚ ਬਿਮਾਰੀ ਨੂੰ ਰੋਕਦਾ ਹੈ।

ਹਰ ਵਾਰੀ ਜਦੋਂ ਤੁਸੀਂ ਚੰਗਾਈ ਲਈ ਵਿਸ਼ਵਾਸ਼ ਦਾ ਪ੍ਰਯੋਗ ਕਰਦੇ ਹੋਂ, ਤੁਹਾਨੂੰ ਨਿਹਚਾਵਾਨ, ਅਤੇ ਸਮਝ ਵਾਲਾ, ਭਰੋਸਾ ਕਰਨ ਵਾਲਾ ਅਤੇ ਨਿਰਭਰਤਾ ਵਾਲਾ, ਅਤੇ ਆਪਣੇ ਅਧਿਕਾਰ ਨੂੰ ਜ਼ਾਰੀ ਕਰਨ ਵਾਲ਼ਾ ਹੋਣਾ ਚਾਹੀਦਾ ਹੈ।ਅਗਰ ਤੁਸੀਂ ਇਹ ਗੱਲਾਂ ਨਹੀਂ ਕਰ ਰਹੇ ਹੋਂ, ਤਾਂ ਤੁਸੀਂ ਬਾਈਬਲ ਦੁਆਰਾ ਦੱਸੇ ਨਵੇਂ ਨੇਮ ਦੇ ਵਿਸ਼ਵਾਸ਼ ਅਨੁਸਾਰ ਚੰਗਾਈ ਨਹੀਂ ਕਰ ਪਾਉਂਗੇ।

ਵਿਸ਼ਵਾਸ਼ ਦੁਆਰਾ-ਅਰੰਭ ਕੀਤੀ ਹੋਈ ਚੰਗਾਈ ਬਨਾਮ ਪਵਿੱਤਰ ਆਤਮਾ ਦੁਆਰਾ- ਅਰੰਭ ਕੀਤੀ ਹੋਈ ਚੰਗਾਈ

ਮੁੱਢਲੇ ਤੌਰ ਉਤੇ ਚੰਗਾਈ ਦੋ ਤਰੀਕੇ ਨਾਲ਼ ਸ਼ੁਰੂ ਹੁੰਦੀ ਹੈ: ਵਿਸ਼ਵਾਸ਼ ਵਿੱਚ ਅਸੀਂ ਬਿਮਾਰੀ ਖਿਲਾਫ਼ ਕਦਮ ਚੁੱਕਦੇ ਹਾਂ, ਜਾਂ ਅਸੀਂ ਸੇਵਕਾਈ ਲਈ ਪਵਿੱਤਰ ਆਤਮਾ ਦੁਆਰਾ ਅਗਵਾਈ ਪਾਉਂਦੇ ਹਾਂ।ਮੈਂ ਸ਼ੁਰੂਆਤ ਵਿੱਚ ਹੀ ਇਹ ਸ਼ਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਦੋਵੇਂ ਕਰਨੇ ਜ਼ਰੂਰੀ ਹਨ।ਭਿੰਨਤਾਵਾਂ ਨੂੰ ਸਮਝਣਾ ਬਹੁਤ ਵੱਡੇ ਰੂਪ ਵਿੱਚ, ਚੰਗਾਈਆਂ ਨੂੰ ਸੁਖਾਲਾ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ।ਦੋਨਾਂ ਅਗਵਾਈਆਂ ਵਿੱਚ, ਪਵਿੱਤਰ ਆਤਮਾ ਵੀ ਸ਼ਾਮਿਲ ਹੈ, ਪਰੰਤੂ ਭਿੰਨ-ਭਿੰਨ ਤਰੀਕਿਆਂ ਨਾਲ਼।

ਵਿਸ਼ਵਾਸ਼ ਦੁਆਰਾ-ਅਰੰਭ ਕੀਤੀ ਹੋਈ ਚੰਗਾਈ ਲਈ, ਅਸੀਂ ਪਰਮੇਸ਼ਵਰ ਦੇ ਸੁਭਾਅ ਦਾ ਪ੍ਰਕਾਸ਼ਨ ਅਤੇ ਮਸੀਹ ਯਿਸੂ ਦੇ ਕੰਮ ਨੂੰ ਪਵਿੱਤਰ ਆਤਮਾ ਦੀ ਸਿੱਖਿਆ ਅਤੇ ਪ੍ਰਗਟ ਹੋ ਰਹੇ ਕੰਮਾਂ ਦੁਆਰਾ

ਸਾਡੇ ਹਿਰਦੇ ਵਿੱਚ ਇੱਕਠਾ ਕਰ ਕੇ ਚੱਲਦੇ ਹਾਂ-ਜਦ ਅਸੀਂ ਕਿਸੇ ਨੂੰ ਬਿਮਾਰ ਦੇਖਦੇ ਹਾਂ-ਅਤੇ ਅਸੀਂ ਵਿਸ਼ਵਾਸ਼ ਵਿੱਚ ਕੰਮ ਕਰਦੇ ਹਾਂ। ਸੇਵਕਾਈ ਕਰਨ ਤੋਂ ਪਹਿਲਾਂ ਸਾਨੂੰ ਕਿਸੇ ਨਬੂਵਤ ਦੀ ਅਗਵਾਈ ਦੀ ਜ਼ਰੂਰਤ ਨਹੀਂ ਹੈ! ਅਗਰ ਕੋਈ ਦਰਦ ਅਤੇ ਸਤਾਵ ਵਿੱਚ ਹੈ, ਅਤੇ ਪ੍ਰਾਥਨਾ ਕਰਾਉਣ ਦੀ ਇੱਛਾ ਕਰ ਰਿਹਾ ਹੈ, ਤਦ ਵਿਸ਼ਵਾਸ਼ ਦੁਆਰਾ ਪ੍ਰਾਥਨਾ ਕਰੋ! ਸ਼ਾਡੇ ਚੰਗਾਈ ਦੇ ਹੁਕਮ ਅਤੇ ਵਿਸ਼ਵਾਸ਼ ਦੁਆਰਾ ਹੱਥ ਰੱਖਣ ਦੇ ਕੰਮ ਤੋਂ ਬਾਦ, ਪਵਿੱਤਰ ਆਤਮਾ ਸਾਡੇ ਵਿਸ਼ਵਾਸ਼ ਵਿੱਚ ਸਮੱਰਥਾ ਦੁਆਰਾ ਕੰਮ ਕਰਦਾ ਹੈ, ਅਤੇ ਉਹ ਸਾਡੇ ਵਿਸ਼ਵਾਸ਼ ਨੂੰ ਚੰਗਾਈ ਦਿੰਦਾ ਹੈ। ਪਰਮੇਸ਼ਵਰ ਪਹਿਲਾਂ ਹੀ ਆਪਣੀ ਇੱਛਾ ਨੂੰ ਮਸੀਹ ਯਿਸੂ ਦੇ ਜੀਵਨ ਦੁਆਰਾ ਪ੍ਰਗਟ ਕਰ ਚੁੱਕਾ ਹੈ, ਇਸ ਲਈ ਹਰਕਤ ਵਿੱਚ ਆਓ ਅਤੇ ਜੋ ਵੀ ਇਛੁੱਕ ਹੈ ਉਸ ਲਈ ਸੇਵਕਾਈ ਕਰੋ!

ਪਵਿੱਤਰ ਆਤਮਾ ਦੁਆਰਾ-ਅਰੰਭ ਕੀਤੀ ਹੋਈ ਚੰਗਾਈ ਲਈ, ਇੱਕ ਖਾਸ ਵਿਅਕਤੀ ਦੀ ਸੇਵਕਾਈ ਲਈ ਅਸੀਂ ਰਹਿਮ ਸ਼ਬਦ ਪ੍ਰਾਪਤ ਕਰਦੇ ਹਾਂ ਜੋ ਸਾਡੀ ਅਗਵਾਈ ਕਰਦਾ ਹੈ। ਆਤਮਾ ਦੇ ਇਹ ਵਰਦਾਨ, ਬੁੱਧੀ ਦੇ ਵਚਨ, ਆਤਮਿਆਂ ਨੂੰ ਪਰਖਣਾ, ਚੰਗਾਈ ਦੇ ਵਰਦਾਨ ਆਦਿ ਹਨ। ਇੱਕ ਖਾਸ ਸਥਿਤੀ ਵਿੱਚ ਉਹ ਉਸ ਦੀ ਅਗਵਾਈ ਨੂੰ ਪ੍ਰਗਟ ਕਰਦੇ ਹਨ। ਅਸੀਂ ਇਸ ਪ੍ਰਕਿਰਿਆ ਨੂੰ ਸ਼ੁਰੂ ਨਹੀਂ ਕਰ ਸਕਦੇ, ਪਰੰਤੂ ਕੇਵਲ ਪਵਿੱਤਰ ਆਤਮਾ ( 1ਕੁਰਿੰਥੀਆਂ 12:11 )। ਫਿਰ ਵੀ, ਪਵਿੱਤਰ ਆਤਮਾ ਪ੍ਰਤੀ ਸਾਡੀ ਚੇਤਨਤਾ ਅਤੇ ਸੰਵੇਦਨਸ਼ੀਲਤਾ ਇਨ੍ਹਾਂ ਵਰਦਾਨਾਂ ਨੂੰ ਪ੍ਰਾਪਤ ਕਰਨ ਦੀ ਚਾਬੀ ਹੈ।

ਪਵਿੱਤਰ ਆਤਮਾ ਦੇ ਵਰਦਾਨਾਂ ਅਤੇ ਅਗਵਾਈ ਨੂੰ ਪ੍ਰਾਪਤ ਕਰਦੇ ਹੋਏ, ਅਸੀਂ ਬੋਲਣ, ਐਲਾਨ ਕਰਨ, ਛੂਹਣ ਆਦਿ ਦੁਆਰਾ ਜਵਾਬ ਦਿੰਦੇ ਹਾਂ। ਜਦ ਅਸੀਂ ਪਵਿੱਤਰ ਆਤਮਾ ਦੇ ਸ਼ੁਰੂਆਤ ਪ੍ਰਤੀ ਪ੍ਰਤੀਕਿਰਿਆ ਕਰਦੇ ਹਾਂ, ਤਦ ਪਵਿਤਰ ਆਤਮਾ ਆਪਣੀ ਸਮੱਰਥਾ ਨੂੰ ਪ੍ਰਗਟ ਕਰਦਾ ਹੈ।

ਹੋਰ ਜ਼ਿਆਦਾ ਸ਼ਪੱਸ਼ਟਤਾ ਲਈ ਹੇਠ ਲਿਖੇ ਚਾਰਟ ਦੀ ਤੁਲਨਾ ਕਰੋ:

| ਵਿਸ਼ਵਾਸ਼ ਦੁਆਰਾ ਚੰਗਾਈ | ਪਵਿੱਤਰ ਆਤਮਾ ਦੁਆਰਾ ਚੰਗਾਈ |
|---|---|
| ਚੰਗਾਈ ਦੀ ਸ਼ੁਰੂਆਤ ਵਿਸ਼ਵਾਸ਼ੀ ਦੀ ਨਿਹਚਾ ਦੁਆਰਾ ਹੁੰਦੀ ਹੈ। | ਚੰਗਾਈ ਦੀ ਸ਼ੁਰੂਆਤ ਪਵਿੱਤਰ ਆਤਮਾ ਦੀ ਅਗਵਾਈ ਦੁਆਰਾ ਹੁੰਦੀ ਹੈ |
| ਵਿਸ਼ਵਾਸ਼ੀ ਦੀ ਮਜ਼ਬੂਤ ਨਿਹਚਾ ਦੁਆਰਾ ਪਵਿੱਤਰ ਆਤਮਾ ਕੰਮ ਕਰਦੇ ਹੋਏ ਚੰਗਾਈ ਦੀ ਸਮੱਰਥਾ ਪ੍ਰਗਟ ਹੁੰਦੀ ਹੈ। | ਇੱਕ ਵਿਸ਼ਵਾਸ਼ੀ ਦੀ ਨਿਹਚਾ ਬਿਨ੍ਹਾਂ ਆਤਮਿਕ ਵਰਦਾਨਾਂ ਅਤੇ ਕੰਮਾਂ ਨਾਲ਼ ਚੰਗਾਈ ਦੀ ਸਮੱਰਥਾ ਪ੍ਰਗਟ ਹੁੰਦੀ ਹੈ। |
| ਚੰਗਾਈ ਕਿਤੇ ਵੀ ਅਤੇ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। | ਪਵਿੱਤਰ ਆਤਮਾ ਦੁਆਰਾ ਚੁਣੀ ਹੋਈ "ਖਾਸ" ਚੰਗਾਈ ਹੀ ਹੁੰਦੀ ਹੈ। |
| ਸਾਡੀ ਇੱਛਾ ਦੇ ਅਨੁਸਾਰ ਹੋਣ ਵਾਲੀ ਚੰਗਾਈ । | ਪਵਿੱਤਰ ਆਤਮਾ ਦੀ ਇੱਛਾ ਨਾਲ਼ ਹੋਣ ਵਾਲੀ ਚੰਗਾਈ। |
| ਵਿਸ਼ਵਾਸ਼ ਦੇ ਵਚਨਾਂ ਅਤੇ ਕੰਮਾਂ ਦੁਆਰਾ ਪਵਿੱਤਰ ਆਤਮਾ ਦਾ ਕੰਮ ਕਰਨਾ (ਪਵਿੱਤਰ ਆਤਮਾ ਸਾਨੂੰ ਉੱਤਰ ਦਿੰਦੀ ਹੈ) | ਪਵਿੱਤਰ ਆਤਮਾ ਆਪਣੇ ਵਰਦਾਨਾਂ ਅਨੁਸਾਰ ਕੰਮ ਕਰਦਾ ਹੈ (ਪਵਿੱਤਰ ਆਤਮਾ ਦੀ ਅਗਵਾਈ ਦੀ, ਅਸੀਂ ਪ੍ਰਤੀਕਿਰਿਆ ਕਰਦੇ ਹਾਂ) |
| ਜਿੰਨ੍ਹੇ ਪ੍ਰਕਾਸ਼ਨ ਨੂੰ ਅਸੀਂ ਲੈ ਕੇ ਚੱਲਦੇ ਹਾਂ ਉਸ ਅਨੁਸਾਰ ਸੀਮਿਤ ਚੰਗਾਈ ਹੁੰਦੀ ਹੈ। | ਸਾਡੇ ਵਿਅਕਤੀਗਤ ਵਿਸ਼ਵਾਸ਼ ਦੇ ਮਾਪਦੰਡ ਤੋਂ ਕਿਤੇ ਵੱਧ, ਪਵਿੱਤਰ ਆਤਮਾ ਕੰਮ ਕਰਦਾ ਹੈ। |
| ਪਵਿੱਤਰ ਆਤਮਾ ਸਾਡੇ ਵਿਸ਼ਵਾਸ਼ ਤੋਂ ਜਾਣੂ ਹੁੰਦਾ ਹੈ। | ਸਾਨੂੰ ਪਵਿੱਤਰ ਆਤਮਾ ਦੀ ਅਗਵਾਈ ਦੀ ਜਾਣਕਾਰੀ ਹੁੰਦੀ ਹੈ। |
| ਸ਼ਫ਼ਲਤਾ ਪ੍ਰਕਾਸ਼ਨ ਪ੍ਰਾਪਤ ਕਰਨ ਅਤੇ ਵਿਸ਼ਵਾਸ਼ ਵਿੱਚ ਕੰਮ ਦੁਆਰਾ ਆਉਦੀ ਹੈ। | ਸ਼ਫ਼ਲਤਾ, ਪਵਿੱਤਰ ਆਤਮਾ ਨਾਲ਼ ਨੇੜ੍ਹਤਾ(1) ਅਤੇ ਉਸ ਦੀ ਅਗਵਾਈ ਪ੍ਰਤੀ ਪ੍ਰਤੀਕਿਰਿਆ ਕਰਨ ਦੁਆਰਾ ਆਉਦੀਂ ਹੈ। |

ਮੈਂ ਤੁਹਾਨੂੰ ਗੰਭੀਰ ਰੂਪ ਨਾਲ਼ ਚਿੰਤਨ ਕਰਨ ਵਾਸਤੇ ਅਤੇ ਪਵਿੱਤਰ ਆਤਮਾ ਨੂੰ ਮਸੀਹ ਯਿਸੂ ਦੇ ਜੀਵਨ, ਮੌਤ ਅਤੇ ਜੀ ਉੱਠਣ ਅਤੇ ਪ੍ਰਕਾਸ਼ਨ ਦੀ ਬੇਨਤੀ ਕਰਨ ਲਈ ਪ੍ਰੇਰਿਤ ਕਰਦਾ ਹੈ, ਕਿਉਂਕਿ ਇਹ ਉਚਿਤ ਚੰਗਾਈ ਕਰਦਾ ਹੈ। ਪਵਿੱਤਰ ਆਤਮਾ ਦੁਆਰਾ ਜਿਉਂਦੀ ਬੁੱਧੀ ਵਿੱਚ ਇੱਕਠਾ ਕੀਤਾ ਖਜ਼ਾਨਾ ਅਤੇ ਮੁੱਲ, ਹੌਸਲੇ ਪੂਰਵਕ ਇਸ ਵਿੱਚ ਕੰਮ ਕਰਦਾ ਹੈ। ਪਵਿੱਤਰ ਆਤਮਾ ਨਾਲ਼ ਨੇੜਤਾ ਦੀ ਖੋਜ਼ ਵਿੱਚ ਰਹੋ ਅਤੇ ਉਸ ਦੇ ਵਿਅਕਤੀ ਵੱਲ ਉਸ ਦੀ ਹਜ਼ੂਰੀ ਦੀ ਸਮਝ ਅਤੇ ਸ਼ੰਵੇਦਨਸ਼ੀਲਤਾ ਦਾ ਅਭਿਆਸ ਕਰੋ, ਤਾਂ ਕਿ ਤੁਸੀਂ ਉਸ ਦੀ ਅਗਵਾਈ ਪ੍ਰਤੀ ਪ੍ਰਤੀਕਿਰਿਆ ਲਈ ਤਿਆਰ ਰਹਿ ਸਕੋਂ।

## ਵਰਦਾਨਾਂ ਵਿੱਚ ਕੰਮ ਕਰਨਾ

ਪਵਿੱਤਰ ਆਤਮਾ ਦੁਆਰਾ ਚੰਗਾਈ ਦੀ ਸ਼ੁਰੂਆਤ ਕਰਨ ਦੇ ਮੁੱਖ ਤਰੀਕਿਆਂ ਵਿੱਚੋਂ ਇੱਕ ਤਰੀਕਾ ਆਤਮਾ ਦੇ ਵਰਦਾਨਾਂ ਦੁਆਰਾ ਚੰਗਾਈ ਕਰਨਾ ਹੈ। ਇਹ ਵਰਦਾਨ ਪਵਿੱਤਰ ਆਤਮਾ ਦੇ ਇਖਤਿਆਰ ਵਿੱਚ ਹੁੰਦੇ ਹਨ, ਪਰੰਤੂ ਸਾਡੀ ਸ਼ੰਵੇਦਨਸ਼ੀ.ਲਤਾ ਅਤੇ ਚੇਤਨਾ ਉੱਪਰ ਨਿਰਭਰ ਹੁੰਦੇ ਹਨ। ਇਹ ਇੱਕ ਸੰਪੂਰਨ ਸੂਚੀ ਨਹੀਂ ਹੈ; ਫਿਰ ਵੀ, ਮੇਰੇ ਵਰ੍ਹਿਆਂ ਦੇ ਤਜ਼ਰਬੇ ਵਿੱਚ, ਚੰਗਾਈ ਲਈ ਇਹ ਸਭ ਤੋਂ ਸਧਾਰਨ ਵਰਦਾਨ ਹਨ।

## ਬੁੱਧੀ ਦੇ ਵਚਨ

ਇਹ ਵਿਸ਼ੇਸ਼ ਗਿਆਨ ਕਿਸੇ ਮਨੁੱਖ ਦੀ ਬਿਮਾਰੀ ਜਾਂ ਦੁੱਰਬਲਤਾ ਜਾਂ ਬੁੱਧੀ ਬਾਰੇ ਹੁੰਦਾ ਹੈ, ਜਿਸ ਨੂੰ ਚੰਗਾਈ ਦੀ ਜ਼ਰੂਰਤ ਹੁੰਦੀ ਹੈ। ਆਮ ਤੌਰ ਉੱਤੇ, ਇਹ ਗਿਆਨ ਹਿੱਸਿਆਂ ਵਿੱਚ ਆਉਦਾ ਹੈ, ਅਰਥ ਇਹ ਹੈ ਕਿ ਤੁਸੀਂ ਵਿਅਕਤੀ ਜਾਂ ਸਥਿਤੀ ਬਾਰੇ ਕੁਝ ਜਾਣਦੇ ਹੋਂ, ਪਰੰਤੂ ਸਭ ਕੁਝ ਨਹੀਂ। ਜਿਵੇਂ ਹੀ ਤੁਸੀਂ ਵਿਸ਼ਵਾਸ਼ ਵਿੱਚ ਕਿਸੇ ਨੂੰ ਲੱਭਣ ਲਈ ਕਦਮ ਚੁੱਕਦੇ ਹੋਂ ਅਤੇ ਪ੍ਰਾਥਨਾ ਕਰਦੇ ਹੋਂ; ਆਮ ਤੌਰ ਉੱਤੇ, ਚੰਗਾਈ ਤੁਰੰਤ ਪ੍ਰਗਟ ਹੁੰਦੀ ਹੈ।

## ਆਤਮਿਆਂ ਨੂੰ ਪਰਖਣਾ

ਇਹ ਇੱਕ ਆਤਮਿਕ ਯੋਗਤਾ ਹੈ ਜਿਹੜੀ ਵਿਸ਼ੇਸ਼ ਹਲਾਤ ਨੂੰ ਪਛਾਨਣ, ਅਤੇ ਪਰਮੇਸ਼ਵਰ, ਸਵਰਗ ਦੂਤਾਂ, ਜਾਂ ਦੁਸ਼ਟ ਆਤਮਿਆਂ ਨੂੰ ਆਤਮਿਕ ਖੇਤਰ ਵਿੱਚ ਪ੍ਰਤੀਕਿਰਿਆ ਦੇਣ ਲਈ ਦਿੱਤੀ ਜਾਂਦੀ ਹੈ।ਚੰਗਾਈ ਦੇ ਸੰਬੰਧ ਵਿੱਚ, ਤੁਸੀਂ ਇੱਕ ਵਿਅਕਤੀ ਜਾਂ ਝੁੰਡ ਉੱਪਰ ਪਵਿੱਤਰ ਆਤਮਾ ਦੀ ਹਜ਼ੂਰੀ ਅਤੇ ਸਮੱਰਥਾ ਨੂੰ ਪਛਾਣ ਸਕਦੇ ਹੋਂ, ਜਾਂ ਦੁਰਬਲਤਾ ਪੈਦਾ ਕਰਨ ਵਾਲ਼ੀਆਂ ਖਾਸ ਸਤਾਉਣ ਵਾਲ਼ੀਆਂ ਦੁਸ਼ਟ ਸ਼ਕਤੀਆਂ ਨੂੰ ਪਛਾਣ ਸਕਦੇ ਹੋਂ।ਪਛਾਨਣ ਤੋਂ ਬਾਅਦ, ਐਲਾਨ ਕਰਨ ਲਈ ਵਿਸ਼ਵਾਸ਼ ਵਿੱਚ ਕਦਮ ਚੁੱਕਣਾ ਅਤੇ ਆਤਮਿਕ ਖੇਤਰ ਵਿੱਚ ਅਸਰ ਪਾਉਂਦੇ ਹੋਏ ਚੰਗਾਈ ਲਿਆਉਦਾ ਹੈ।

## ਭਵਿੱਖਵਾਣੀ ਜਾਂ ਨਬੂਵਤ:

ਭਾਵੇਂ ਇਹ ਪ੍ਰਤੱਖ ਰੂਪ ਵਿੱਚ ਚੰਗਾਈ ਨਹੀਂ ਕਰਦੀ ਹੈ, ਭਵਿੱਖਵਾਣੀ ਦਾ ਇੱਕ ਵਚਨ(ਪਰਮੇਸ਼ਵਰ ਦੇ ਹਿਰਦੇ ਦਾ ਇੱਕ ਸ਼ੰਦੇਸ਼, ਜਿਹੜਾ ਹੌਸਲਾ ਦਿੰਦਾ ਹੈ,ਹਿੰਮਤ ਦਿੰਦਾ ਹੈ,ਅਤੇ ਅਰਾਮ ਲਿਆਉਦਾ ਹੈ) ਬਿਮਾਰ ਵਿਅਕਤੀ ਨੂੰ ਚੰਗਾਈ ਦੇਣ ਜਾਂ ਵਿਸ਼ਵਾਸ਼ ਕਰਨ ਵਿੱਚ ਰੁਕਾਵਟਾਂ ਨੂੰ ਬਦਲ ਕੇ ਸਥਿਰ ਕਰਨ ਲਈ, ਚੰਗਾਈ ਪ੍ਰਾਥਨਾ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਜਾਰੀ ਰੱਖ ਸਕਦਾ ਹੈ।

## ਚੰਗਾਈ ਦੇ ਵਰਦਾਨ

ਕੇਵਲ ਇਹ ਇੱਕਲਾ ਵਰਦਾਨ ਹੀ ਅਸਲ ਯੂਨਾਨੀ ਭਾਸ਼ਾ ਵਿੱਚ ਬਹੁਵਚਨ ਵਿੱਚ ਲਿਖਿਆ ਗਿਆ ਹੈ–"ਚੰਗਾਈਆਂ ਦੇ ਵਰਦਾਨ"।ਅਕਸਰ, ਪਵਿੱਤਰ ਆਤਮਾ ਇੱਕ ਵਿਸ਼ੇਸ਼ ਬਿਮਾਰੀ ਨੂੰ ਚੰਗਾ ਕਰਨ ਲਈ ਕਿਰਪਾ ਉਡੇਲਦੀ ਹੈ।ਜਦੋਂ ਤੁਸੀਂ ਭੀੜ ਵਿੱਚ ਇੱਕੋ ਜਿਹੀ ਬਿਮਾਰੀ ਦੀਆਂ ਕਈ ਚੰਗਾਈਆਂ ਦੇਖਦੇ ਹੋਂ, ਇਹ ਚੰਗਾਈ ਦੇ ਵਰਦਾਨ ਦਾ ਸਬੂਤ ਹੋ ਸਕਦਾ ਹੈ।ਇਸ ਤਰ੍ਹਾਂ ਦੇ ਸਮੇਂ ਵਿੱਚ ਪੱਕਾ ਕਰੋ ਕਿ ਹਰੇਕ ਨੂੰ ਸਾਹਮਣੇ ਬੁਲਾਉ ਜੋ ਇੱਕੋ ਬਿਮਾਰੀ ਤੋਂ ਗ੍ਰਸਿਤ ਸੀ, ਤਾਂ ਕਿ ਚੰਗਾਈ ਦੀ ਮੌਜ਼ੂਦ ਕਿਰਪਾ ਨੂੰ ਹੋਰ ਵਧਾਇਆ ਜਾ ਸਕੇ।

## ਵਿਸ਼ਵਾਸ਼ ਦਾ ਵਰਦਾਨ

ਇਹ ਸਵਰਗੀ ਵਿਸ਼ਵਾਸ਼ ਦੀ ਇੱਕ ਦਿਸ਼ਾ ਹੈ ਜਿਸ ਵਿੱਚ ਕੋਈ ਅਵਿਸ਼ਵਾਸ਼ ਜਾਂ ਸ਼ੱਕ ਨਹੀਂ ਹੈ। ਜਦ ਇਹ ਵਰਦਾਨ ਤੁਹਾਡੇ ਉੱਪਰ ਆਉਦਾ ਹੈ; ਇੱਕ ਤੀਬਰ ਨਿਡਰਤਾ ਅਤੇ ਆਤਮ-ਵਿਸ਼ਵਾਸ਼ ਤੁਹਾਡੇ ਹਿਰਦੇ ਨੂੰ ਘੇਰਦਾ ਹੈ, ਅਤੇ ਤੁਹਾਨੂੰ ਤੁਰੰਤ ਪ੍ਰਾਥਨਾ ਜ਼ਾਰੀ ਕਰਨੀ ਚਾਹੀਦੀ ਹੈ ਅਤੇ ਚੰਗਾਈ ਦੀ ਕਰਾਮਾਤ ਦਾ ਪ੍ਰਗਟੀਕਰਨ ਨਿਹਚਾ ਵਿੱਚ ਐਲਾਨ ਕਰਨਾ ਚਾਹੀਦਾ ਹੈ।

ਅਗਰ ਤੁਸੀਂ ਆਤਮਾ ਦੇ ਵਰਦਾਨਾਂ ਨੂੰ ਸਿੱਖਣ ਵਿੱਚ ਹੋਰ ਰੁੱਚੀ ਰੱਖਦੇ ਹੋਂ ਅਤੇ ਉਨ੍ਹਾਂ ਨੂੰ ਕਿਵੇਂ ਕੰਮ ਵਿੱਚ ਲਿਆ ਸਕਦੇ ਹੋਂ, ਲਈ ਮੈਂ ਤੁਹਾਨੂੰ ਆਪਣੀ ਕਿਤਾਬ "ਪਿਤਾ ਦਾ ਵਾਇਦਾ" ਪੜ੍ਹਨ ਲਈ ਸ਼ਿਫ਼ਾਰਿਸ਼ ਕਰਦਾ ਹਾਂ।

## ਦੁਸ਼ਟ ਆਤਮਿਆਂ ਦਾ ਸਾਹਮਣਾ ਕਰਨਾ

ਜਿਵੇਂ ਕਿ ਮੈਂ ਪਿੱਛਲੇ ਅਧਿਆਇਆਂ ਵਿੱਚ ਦੱਸਿਆ ਹੈ, ਦੁਸ਼ਟ ਆਤਮੇ ਬਹੁਤ ਸਾਰੀਆਂ ਬਿਮਾਰੀਆਂ ਅਤੇ ਦੁਰਬਲਤਾਵਾਂ ਵਿੱਚ ਬਹੁਤ ਵੱਡੇ ਪੱਧਰ ਉੱਤੇ ਸ਼ਾਮਲ ਹੁੰਦੇ ਹਨ (ਅੱਯੂਬ 2:7, ਲੂਕਾ 13:11, ਲੂਕਾ 4:40-41 )। ਬਿਮਾਰੀ ਅੰਧਕਾਰ ਦੇ ਖੇਤਰ ਵਿੱਚ ਬਹੁਤੇਰਾ ਫ਼ੈਲਦੀ ਹੈ। ਹਜ਼ਾਰਾ ਵਿੱਚ ਮੇਰੀ ਵਿਅਕਤੀਗਤ ਸੇਵਕਾਈ ਅਤੇ ਹਜ਼ਾਰਾਂ ਚੰਗਾਈਆਂ ਦਾ ਗਵਾਹ ਹੋਣ ਦਾ ਮੇਰਾ ਤਜ਼ਰਬਾ, 50% ਤੋਂ

70% ਬਿਮਾਰੀਆਂ ਨੂੰ ਮੈਂ ਸ਼ੈਤਾਨੀ ਸਮਝਦਾ ਹਾਂ। ਹੋਰ ਦੂਸਰੇ ਜਿਹੜੇ ਲੰਬੇ ਸਮੇਂ ਤੋਂ ਅਤੇ ਬਹੁਤ ਵੱਡੀਆਂ ਭੀੜਾਂ ਵਿੱਚ ਸੇਵਕਾਈ ਕਰ ਚੁੱਕੇ ਹਨ 50% ਤੋਂ 90% ਬਿਮਾਰੀ ਨੂੰ, ਪ੍ਰਤੱਖ ਸ਼ੈਤਾਨੀ ਬਿਮਾਰੀ ਮੰਨਦੇ ਹਨ।

ਪ੍ਰਤੀਸ਼ਤ ਚਾਹੇ ਕੁਝ ਵੀ ਹੋਵੇ, ਮੁੱਖ ਵਿਸ਼ਾ ਇਹ ਹੈ ਕਿ ਤਹਾਨੂੰ ਬਹੁਤ ਸਾਰੇ ਬਿਮਾਰ ਲੋਕਾਂ ਨੂੰ ਚੰਗਾ ਕਰਨ ਲਈ ਦੁਸ਼ਟ ਆਤਮਿਆਂ ਨੂੰ ਝਿੜਕਣ ਅਤੇ ਹੁਕਮ ਦੇਣ ਦੀ ਜ਼ਰੂਰਤ ਹੈ।

ਬਹੁਤ ਵਰ੍ਹਿਆਂ ਦੇ ਤਜ਼ਰਬੇ ਤੋਂ ਬਾਅਦ,ਮੈਂ ਕੁਝ ਵਿਸ਼ੇਸ਼ ਸ਼ੈਤਾਨੀ

ਬਿਮਾਰੀਆਂ ਨੂੰ ਪਛਾਣਿਆ ਹੈ,ਜਿਵੇਂ ਕਿ ਆਤਮ-ਸੁਰੱਖਿਆ ਵਾਲੀਆਂ ਬਿਮਾਰੀਆਂ,ਫ਼ਾਈਬਰੋਮਾਈਆਲਜ਼ੀਆ,ਦਮਾ,ਕੁਝ ਖਾਸ ਕੈਂਸਰ,ਬਹੁਤ ਸਾਰੇ ਤੰਤੂ ਰੋਗ ਅਤੇ ਸਿਡੰਰੋਮਜ਼।

ਬਹੁਤ ਤਰ੍ਹਾਂ ਦੀਆਂ ਅਲਰਜ਼ੀਆਂ ਵੀ ਸ਼ੈਤਾਨੀ ਹਨ। ਬਿਪਤਾ ਦੇ ਸ਼ਰੋਤ ਦੁਸ਼ਟ ਨੂੰ ਜਾਣਨਾ, ਨਿਹਚਾ ਉੱਪਰ ਧਿਆਨ ਕਰਨ ਵਿੱਚ ਤੁਹਾਡੀ ਸਹਾਇਤਾ ਕਰੇਗਾ।

ਸ਼ੈਤਾਨੀ ਬਿਮਾਰੀ ਦੇ ਮੂਲ ਲੱਛਣ ਪ੍ਰਾਥਨਾ ਕਰਨ ਦੇ ਦੌਰਾਨ ਪ੍ਰਗਟ ਹੁੰਦੇ ਹਨ, ਜਿਵੇਂ ਕਿ ਸਰੀਰ ਵਿੱਚ ਅਚਾਨਕ ਦਰਦ ਦਾ ਹੋਣਾ ਜਾਂ ਦਰਦ ਦੇ ਲੱਛਣ। ਇਸ ਤਰ੍ਹਾ ਦੇ ਹਲਾਤਾਂ ਵਿੱਚ, ਆਪਣੇ ਵਿਸ਼ਵਾਸ਼ ਉੱਪਰ, ਇਕਾਗਰਤਾ ਕਰੋ ਅਤੇ ਖਾਸ ਕਰਕੇ ਦੁਸ਼ਟ ਆਤਮਾ ਦੇ ਵਿੱਰੁਧ ਹੁਕਮ ਦਿਉ ਅਤੇ ਪ੍ਰਾਥਨਾ ਵਿੱਚ ਬਣੇ ਰਹੋ।

ਦੁਸ਼ਟ ਆਤਮਿਆਂ ਦੁਆਰਾ ਪੈਦਾ ਕੀਤੀ ਦੁਰਬਲਤਾ ਤੋਂ ਚੰਗੇ ਹੋਏ ਲੋਕਾਂ ਵਿੱਚ ਕੇਵਲ 20% ਤੋਂ 40% ਲੋਕ ਹੀ ਚੰਗੇ ਟੈਸਟ ਕੀਤੇ ਗਏ ਹਨ; ਕਿਉਂਕਿ ਦੁਸ਼ਟ ਆਤਮਾ ਵਾਪਸ ਆਵੇਗੀ ਅਤੇ ਉਸ ਵਿਅਕਤੀ ਵਿੱਚ ਬਿਮਾਰੀ ਨੂੰ ਦੋਬਾਰਾ ਪਾ ਦੇਵੇਗੀ। ਹਮੇਸ਼ਾ ਦੀ ਅਜ਼ਾਦੀ ਪਾਉਣ ਦੀ ਕੁੰਜ਼ੀ ਵਿਸ਼ਵਾਸ਼ ਵਿੱਚ ਦੁਸ਼ਟ ਆਤਮਾ ਦਾ ਵਿਰੋਧ ਕਰਨਾ, ਸਿੱਖਣਾ ਹੈ। ਉਸ ਵਿਅਕਤੀ ਨੂੰ ਕਿਸੇ ਵੀ ਬਿਮਾਰੀ ਨੂੰ ਰੱਦਣ ਅਤੇ ਵਿਰੋਧ ਕਰਨ ਅਤੇ ਦੁਸ਼ਟ ਆਤਮਾ ਨੂੰ ਬੋਲਦੇ ਹੋਏ, ਬੰਨਦੇ ਹੋਏ ਅਤੇ ਹੁਕਮ ਦਿੰਦੇ ਹੋਏ, ਮਸੀਹ ਯਿਸੂ ਦੇ ਨਾਮ ਵਿੱਚ ਸਿੱਖਿਆ ਦਿਉ। ਅਗਰ ਉਹ ਵਿਅਕਤੀ ਹਾਲੇ ਵੀ ਜੱਦੋ-ਜਹਿਦ ਕਰ ਰਿਹਾ ਹੈ, ਤਾਂ ਉਸ ਲਈ ਦੋਬਾਰਾ ਸੇਵਕਾਈ ਕਰਨਾ ਜਾਂ ਦੂਸਰੇ ਵਿਸ਼ਵਾਸ਼ੀ ਦਾ ਪ੍ਰਬੰਧ ਕਰਨਾ ਸਹਾਇਕ ਹੋਵੇਗਾ।

ਇੱਕ ਸ਼ਾਮ ਦੱਖਣੀ ਅਫ਼ਰੀਕਾ ਦੇ ਕੇਪਟਾਊਨ ਵਿੱਚ ਪਾਸਬਾਨਾਂ ਅਤੇ ਆਗੂਆਂ ਦੀ ਸਭਾ ਨੂੰ ਸਿਖਾਉਣ ਤੋਂ ਬਾਦ, ਮੇਰਾ ਧਿਆਨ ਇੱਕ ਔਰਤ ਵੱਲ ਗਿਆ ਜਿਹੜੀ ਬਹੁਤ ਵਰਿਆਂ ਤੋਂ ਰਹੱਸਮਈ ਦੁਰਬਲ ਕਰਨ ਵਾਲੇ ਦਰਦ ਨਾਲ਼ ਦੁੱਖ ਭੋਗ ਰਹੀ ਸੀ। ਉਹ ਇੱਕ ਕਲੀਸਿਯਾ ਦੇ ਸ਼ੰਸਥਾਪਕ ਦੀ ਪਤਨੀ ਹੈ, ਅਤੇ ਉਹ ਦੋਵੇਂ ਮੱਧ ਅਫ਼ਰੀਕਾ ਵਿੱਚ ਸੇਵਕਾਈ ਕਰ ਰਹੇ ਹਨ। ਕੁਝ ਪ੍ਰਸ਼ਨ ਪੁੱਛਣ ਤੋਂ ਬਾਦ ਪਤਾ ਲੱਗਿਆ ਕਿ ਉਹ ਪੁਰਾਣੇ

ਥਕੇਂਵੇ-ਰੋਗ ਤੋਂ ਗ੍ਰਸਿਤ ਸੀ, ਮੈਨੂੰ ਅਹਿਸਾਸ ਹੋਇਆ ਕਿ ਉਸ ਨੂੰ ਫਾਈਬਰੋਮਾਈਆਲਜ਼ੀਆਂ ਨਾਂ ਦੀ ਬਿਮਾਰੀ ਸੀ, ਜਿਸ ਨੂੰ ਆਮ ਤੌਰ ਉੱਤੇ ਜਾਂਚਿਆ ਨਹੀਂ ਜਾਂਦਾ। ਇਸੇ ਬਿਮਾਰੀ ਨਾਲ ਗ੍ਰਸਿਤ ਬਹੁਤ ਸਾਰੇ ਲੋਕਾਂ ਲਈ ਪ੍ਰਾਥਨਾ ਦੁਆਰਾ ਸਫ਼ਲਤਾ ਪਾਉਣ ਦਾ ਮੈਂ ਗਵਾਹ ਸੀ। ਹਰੇਕ ਪ੍ਰਸਥਿਤੀ ਵਿੱਚ ਬੁਨਿਆਦ ਵਿੱਚ ਸਤਾਉਣ ਵਾਲੀ ਦੁਸ਼ਟ ਆਤਮਾ ਹੀ ਸੀ।

ਉਸੇ ਵਕਤ, ਉਸਦੀ ਛਾਤੀ ਅਤੇ ਪਿੱਠ ਵਿੱਚ ਦਰਦ ਹੋਣ ਲੱਗਾ। ਪਵਿੱਤਰ ਆਤਮਾ ਨੂੰ ਸੱਦਾ ਦਿੰਦੇ ਹੋਏ, ਮੈਂ ਉਸ ਅਦ੍ਰਿਸ਼ ਦੁਸ਼ਮਣ ਉੱਪਰ ਧਿਆਨ ਕੇਂਦਰਿਤ ਕੀਤਾ ਅਤੇ ਹੁਕਮ ਦਿੱਤਾ, “ਹੇ ਸਤਾਉਣ ਵਾਲੀ ਦੁਸ਼ਟ ਆਤਮਾ, ਮੈਂ ਤੈਨੂੰ ਬੰਨਦਾ ਹਾਂ ਅਤੇ ਤੁਰੰਤ ਕੱਢਦਾ ਹਾਂ! ਇਸ ਔਰਤ ਨੂੰ ਛੱਡ”। ਮੈਂ ਉਸ ਨੂੰ ਪੁਛਿਆ ਕਿ ਉਹ ਕਿਵੇਂ ਮਹਿਸੂਸ ਕਰ ਰਹੀ ਹੈ, ਅਤੇ ਉਸ ਨੇ ਛੇਤੀ ਨਾਲ ਉੱਤਰ ਦਿੱਤਾ, ਦਰਦ ਉਸ ਦੇ ਪੱਟਾਂ ਵਿੱਚ ਆ ਗਿਆ ਹੈ, ਮੈਂ ਉਸ ਦੇ ਪੱਟਾਂ ਵੱਲ ਇਸ਼ਾਰਾ ਕੀਤਾ, ਅਤੇ ਹੁਕਮ ਦਿੱਤਾ, “ਹੇ ਬਲਹੀਣ, ਅਤੇ ਕਮਜ਼ੋਰ ਦੁਸ਼ਟ ਆਤਮਾ! ਮਸੀਹ ਯਿਸੂ ਨੇ ਤੈਨੂੰ ਕੁਚਲ ਕੇ ਹਰਾ ਦਿੱਤਾ ਹੈ! ਤੂੰ ਵਿਰੋਧ ਨਹੀਂ ਕਰ ਸਕਦੀ; ਹੁਣੇ ਹੀ ਬਾਹਰ ਆ!” ਉਸ ਔਰਤ ਨੇ ਉਸੇ ਵੇਲੇ ਉੱਤਰ ਦਿੱਤਾ, “ਇਹ ਦੋਬਾਰਾ ਮੇਰੀਆਂ ਪਿੰਡਲੀਆਂ ਵਿੱਚ ਚਲੀ ਗਈ ਹੈ”! ਮੈਂ ਤਦ ਤੱਕ ਪ੍ਰਾਥਨਾ ਕਰਦਾ ਰਿਹਾ ਜਦ ਤੱਕ ਉਹ ਦੁਸ਼ਟ ਆਤਮਾ ਉਸ ਦੇ ਪੈਰਾਂ ਅਤੇ ਪੈਰਾਂ ਦੀਆਂ ਉਗਲਾਂ ਵਿੱਚ ਨਾ ਚਲੀ ਗਈ। “ਤੂੰ ਇਸ ਔਰਤ ਵਿੱਚ ਨਹੀਂ ਰਹਿ ਸਕਦੀ; ਮਸੀਹ ਯਿਸੂ ਦੇ ਨਾਮ ਵਿੱਚ, ਮੈਂ ਤੈਨੂੰ ਕੁਚਲਦਾ ਅਤੇ ਬਾਹਰ ਕੱਢਦਾ ਹਾਂ,ਹੁਣੇ ਬਾਹਰ ਆ!”

ਉਹ ਖੜੀ ਹੋਈ ਪੰਦਰਾਂ ਕਦਮ ਚੱਲੀ ਅਤੇ ਵਾਪਸ ਮੁੜਦੀ ਹੋਈ ਚੀਕ ਮਾਰ ਕੇ ਫ਼ਰਸ਼ ਉੱਪਰ ਡਿੱਗ ਪਈ! ਉਹ ਫ਼ਰਸ਼ ਉੱਪਰ ਲੇਟਣ ਲੱਗੀ, ਚੀਕਦੇ ਹੋਏ ਉਸਨੇ ਰੋਣਾ ਸ਼ੁਰੂ ਕੀਤਾ। ਮੇਰੇ ਚਾਰੋਂ ਪਾਸੇ ਖੜੇ ਹੋਏ ਲੋਕ ਉਤੇਜ਼ਿਤ ਸਨ ਅਤੇ ਮੈਨੂੰ ਬੇਨਤੀ ਕੀਤੀ ਕਿ ਮੈਂ ਉਸ ਦੁਸ਼ਟ ਆਤਮਾ ਦੇ ਵਿਰੁੱਧ ਦੋਬਾਰਾ ਪ੍ਰਾਥਨਾ ਕਰਾਂ। ਫਿਰ ਵੀ ਮੈਂ ਇੰਤਜ਼ਾਰ ਕੀਤਾ, ਅਤੇ ਸ਼ਪੱਸ਼ਟਤਾ ਨੂੰ ਜਾਂਚਣ ਦੀ ਕੋਸ਼ਿਸ਼ ਕਰਦਾ ਰਿਹਾ। ਫਿਰ ਉਸ ਔਰਤ ਨੇ ਮਸੀਹ ਯਿਸੂ ਦਾ ਧੰਨਵਾਦ ਕਰਨਾ ਸ਼ੁਰੂ ਕੀਤਾ। ਜਦ ਉਹ ਮੇਰੇ ਨਾਲ਼ ਗੱਲ

ਕਰਨ ਲਈ ਸ਼ਾਤ ਹੋ ਗਈ, ਮੈਂ ਸਮਝ ਗਿਆ ਕਿ ਇਸ ਦਾ ਚਿਲਾਉਣਾ ਅਤੇ ਲੇਟਣਾ, ਦੱਸ ਵਰਿਆਂ ਵਿੱਚ ਪਹਿਲੀ ਵਾਰ ਦਰਦ-ਮੁਕਤ ਹੋਣ ਦੀ ਭਾਵਨਾ ਦੀ ਖੁਸ਼ੀ ਤੋਂ ਵੱਧ ਹੋਰ ਕੁਝ ਵੀ ਨਹੀਂ ਹੈ! ਉਹ ਖੜੀ ਹੋਈ, ਝੁੱਕੀ, ਇੱਧਰ-ਉੱਧਰ ਤੁਰੀ, ਦਰਦ-ਮੁਕਤ ਹੋ ਕੇ ਉੱਛਲੀਂ।ਮੈਂ ਦੂਸਰੇ ਪੂਰੇ ਹਫ਼ਤੇ ਸਭਾ ਦੌਰਾਨ, ਨਿਰੰਤਰ ਉਸ ਨੂੰ ਵੇਖਦਾ ਰਿਹਾ, ਅਤੇ ਉਹ ਚੰਗੀ ਰਹੀ।

ਉਨ੍ਹਾਂ ਦੇ ਮੁੱਖ ਆਗੂ ਨੇ ਜੋ ਸਾਰੇ ਕੰਮਾਂ ਦਾ ਨਿਗਰਾਨ ਸੀ, ਮੈਨੂੰ ਕਿਹਾ, "ਅਸੀਂ ਪਿੱਛਲੇ ਦਸ ਵਰਿਆਂ ਤੋਂ ਬਿਨ੍ਹਾਂ ਸਫ਼ਲਤਾ ਦੇ ਲਗਾਤਾਰ ਉਸ ਲਈ ਪ੍ਰਾਥਨਾ ਕੀਤੀ।ਉਸ ਨੂੰ ਚੰਗਾ ਹੋਇਆ ਦੇਖ ਕੇ ਮੈਂ ਬਹੁਤ ਅਚੰਭਿਤ ਹਾਂ!" ਮੈਂ ਉੱਤਰ ਦਿੱਤਾ, "ਕੀ ਤੁਸੀਂ ਕਦੇ ਸਖਤ ਲਹਿਜ਼ੇ ਨਾਲ ਸਤਾਉਣ ਵਾਲੀ ਆਤਮਾ ਨੂੰ ਉਸ ਨੂੰ ਛੱਡਣ ਲਈ ਹੁਕਮ ਦਿੱਤਾ?" ਉੱਤਰ ਸੀ "ਨਹੀਂ"।ਮਿੱਤਰ, ਜਦੋਂ ਸਤਾਵਟ ਦਾ ਮੂਲ ਦੁਸ਼ਟ ਆਤਮਾ ਹੁੰਦੀ ਹੈ, ਹਮੇਸ਼ਾ ਦੀ ਚੰਗਾਈ ਲਈ ਉਸ ਦੁਸ਼ਟ ਆਤਮਾ ਨੂੰ ਅਧਿਕਾਰ ਨਾਲ਼ ਹੁਕਮ ਦੇਣਾ ਚਾਹੀਦਾ ਹੈ।

## ਤੁਹਾਡੀ ਆਤਮਾ ਵਲੋਂ ਪ੍ਰਾਥਨਾ ਕਰਨਾ

ਜੋ ਤੁਸੀਂ ਹੇਠਾਂ ਪੜ੍ਹਨ ਵਾਲੇ ਹੋਂ ਸ਼ਾਇਦ ਉਸ ਨਾਲ਼ ਤੁਹਾਨੂੰ ਸਦਮਾ ਲੱਗੇ। ਇੱਕ ਦਹਾਕੇ ਦੇ ਉਪਯੋਗੀ ਤਜ਼ਰਬੇ ਤੋਂ ਬਾਦ, ਮੈਂ ਸਿੱਖਿਆ ਹੈ ਕਿ, ਤੁਸੀਂ ਮਨ, ਭਾਵਨਾਵਾਂ ਜਾਂ ਆਤਮਾ ਨਾਲ਼ ਪ੍ਰਾਥਨਾ ਕਰ ਸਕਦੇ ਹੋਂ।

ਮਨ:ਮਨ ਦਿਮਾਗ ਅਤੇ ਜਾਨ ਦਾ ਸੁਮੇਲ ਹੁੰਦਾ ਹੈ। ਦਿਮਾਗ ਸਾਡੀ ਤਰਕ ਕਰਨ ਅਤੇ ਬੁੱਧੀ ਨੂੰ ਸਮਝਣ ਦੀ ਯੋਗਤਾ ਹੈ, ਜਿਥੇ ਦਿਮਾਗੀ ਗਿਆਨ ਇੱਕਠਾ ਹੁੰਦਾ ਹੈ ਅਤੇ ਵਰਤਿਆ ਜਾਂਦਾ ਹੈ।ਪ੍ਰਾਥਨਾ ਦੇ ਸੰਬੰਧ ਵਿੱਚ, ਦਿਮਾਗ ਹੀ ਬੋਲਣ ਵਾਲੇ ਸ਼ਬਦਾ ਨੂੰ ਸੂਝਤਾ ਨਾਲ ਘੜ੍ਹਦਾ ਹੈ।

ਬਹੁਤ ਸਾਰੇ ਵਿਸ਼ਵਾਸ਼ੀ ਸੂਝਤਾ ਨਾਲ ਚੰਗਾਈ ਵਿਸ਼ੇ ਦਾ ਅਧਿਅਨ ਕਰਨਗੇ; ਕੇਵਲ ਸੂਝਤਾ ਵਾਲੇ ਤਰਕ ਨਾਲ ਚੰਗਾਈ ਦੀ ਆਸ ਅਤੇ ਪ੍ਰਾਥਨਾ ਕਰਨ ਲਈ ਸ਼ਬਦ ਘੜਨ ਵਾਸਤੇ। ਇਹ ਵਿਸ਼ਵਾਸ਼ੀ ਆਪਣੇ ਦਿਮਾਗ ਨਾਲ਼ ਪ੍ਰਾਥਨਾ ਕਰਦੇ ਹਨ ਅਤੇ ਨਤੀਜ਼ੇ ਦੇਖਣ ਵਿੱਚ ਅਸਫ਼ਲ ਹੋਣ ਕਾਰਨ ਜਲਦੀ ਹੀ ਨਿਰਾਸ਼ ਹੋ ਜਾਂਦੇ ਹਨ।

ਉਹ ਅਕਸਰ ਹੀ ਕਹਿੰਦੇ ਹਨ, "ਮੈਨੂੰ ਸਾਰੇ ਵਚਨਾਂ ਵਿੱਚ ਵਿਸ਼ਵਾਸ਼ ਹੈ"। ਉਨ੍ਹਾ ਦੇ ਕਹਿਣ ਦਾ ਅਰਥ ਹੁੰਦਾ ਹੈ, ਚੰਗਾਈ ਆਸ਼ਾ ਲਈ ਸਾਰੀ ਸੂਝ ਦਾ ਜ਼ਰੂਰੀ ਗਿਆਨ ਉਨ੍ਹਾਂ ਕੋਲ ਹੈ:ਇਸ ਵਿੱਚ ਕੁਝ ਵੀ ਵਿਸ਼ਵਾਸ਼ ਨਹੀਂ ਹੈ।ਪਵਿੱਤਰ ਸ਼ਾਸ਼ਤਰ ਦਾ ਗਿਆਨ, ਪ੍ਰਕਾਸ਼ਨ ਤੋਂ ਬਹੁਤ ਭਿੰਨ ਹੈ। ਗਿਆਨ ਮਨ ਵਿੱਚ ਰਹਿੰਦਾ ਹੈ, ਜਦ ਕਿ ਪ੍ਰਕਾਸ਼ਨ ਆਤਮਿਕ ਗਿਆਨ ਹੈ ਜੋ ਸਾਰਿਆਂ ਆਤਮਿਆਂ ਵਿੱਚ ਵਾਸ ਕਰਦਾ ਹੈ। ਤੁਸੀਂ ਕੁਝ ਘੰਟਿਆਂ ਵਿੱਚ ਹੀ ਸਵਰਗੀ ਚੰਗਾਈ ਦਾ ਸਾਰਾ ਗਿਆਨ ਇੱਕਠਾ ਕਰ ਸਕਦੇ ਹੋ, ਪਰੰਤੂ ਪ੍ਰਕਾਸ਼ਨ ਆਤਮਾ ਵਿੱਚ ਵੱਧਣਾ ਹੈ। ਗਿਆਨ ਪਵਿੱਤਰ ਆਤਮਾ ਦੀ ਨਿਰਭਰਤਾ ਤੋਂ ਬਿਨ੍ਹਾਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ; ਪਰੰਤੂ ਪ੍ਰਕਾਸ਼ਨ ਕੇਵਲ ਪਰਮੇਸ਼ਵਰ ਦੁਆਰਾ ਹੀ ਦਿੱਤਾ ਜਾ ਸਕਦਾ ਹੈ। ਵਿਸ਼ਵਾਸ਼ ਕਰਨ ਅਤੇ ਪ੍ਰਾਥਨਾ ਕਰਨ ਵਿੱਚ ਤੁਹਾਡੇ ਮਨ ਦੀ ਭੂਮਿਕਾ ਹੈ, ਪਰੰਤੂ ਇਹ ਜ਼ਰੂਰ ਹੀ ਤੁਹਾਡੀ ਆਤਮਾ ਦੁਆਰਾ ਅਗਵਾਈ ਕੀਤਾ ਜਾਣਾ ਚਾਹੀਦਾ ਹੈ।

### ਭਾਵਨਾਵਾਂ

ਭਾਵਨਾਵਾਂ ਸਰੀਰ ਅਤੇ ਜਾਨ ਦਾ ਸੁਮੇਲ ਹਨ।ਭਾਵਨਾਵਾਂ ਉਹ ਅਹਿਸਾਸ ਹਨ ਜਿਨ੍ਹਾਂ ਨੂੰ ਅਸੀਂ ਪ੍ਰਗਟ ਕਰਦੇ ਅਤੇ ਅਨੁਭਵ ਕਰਦੇ ਹਾਂ। ਹਮਦਰਦੀ ਅਤੇ ਦਯਾ ਬਿਮਾਰ ਲਈ ਪ੍ਰਾਥਨਾ ਕਰਨ ਵਾਸਤੇ ਬਹੁਤ ਵੱਡਾ ਸੰਚਾਲਕ ਹੈ; ਆਪਣੇ ਪਿਆਰੇ ਦੇ ਚੰਗਾ ਹੋਣ ਦੀ ਤੀਬਰ ਇੱਛਾ ਵੀ ਸਾਨੂੰ ਇਸ ਸ਼੍ਰੇਣੀ ਵਿੱਚ ਲੈ ਆਵੇਗੀ। ਮਨੁੱਖੀ ਹਮਦਰਦੀ ਅਤੇ ਦਯਾ ਅਤੇ ਪਰਮੇਸ਼ਵਰ ਦੀ ਸਵਰਗੀ ਦਯਾ ਵਿਚਕਾਰ ਜ਼ਮੀਨ ਅਸਮਾਨ ਦਾ ਅੰਤਰ ਹੈ। ਸਦਭਾਵਨਾ ਅਤੇ ਹਮਦਰਦੀ ਭਾਵਨਾਵਾਂ ਹਨ ਜੋ ਤੁਹਾਨੂੰ ਅਸਲ ਵਿੱਚ ਵਿਸ਼ਵਾਸ਼ ਕਰਨ ਤੋਂ ਰੋਕ ਸਕਦੀਆਂ ਹਨ। ਬਹੁਤ ਸਾਰੇ ਲੋਕਾਂ ਲਈ, ਪਰਿਵਾਰ ਦੇ ਮੈਂਬਰ ਜਾਂ ਪਿਆਰੇ ਲਈ ਵਿਸ਼ਵਾਸ਼ ਕਰਦੇ ਹੋਏ ਚੰਗਾਈ ਪ੍ਰਾਪਤ ਕਰਨਾ ਬਹੁਤ ਔਖਾ ਹੈ ਕਿਉਂਕਿ ਸਾਡੀਆਂ ਡੂੰਘੀਆਂ ਇੱਛਾਵਾਂ ਅਸਲ ਨਿਹਚਾ ਦਰਮਿਆਨ ਆਉਦੀਆਂ ਹਨ।ਭਾਵਨਾਵਾਂ ਨਾਲ ਪ੍ਰਾਥਨਾ ਕਰਨਾ ਫ਼ਲਰਹਿਤ ਹੁੰਦਾ ਹੈ, ਕਿਉਕਿ ਇੱਛਾ ਵਿਸ਼ਵਾਸ਼ ਨਹੀਂ ਹੈ ਅਤੇ ਨਾ ਹੀ ਆਤਮਾ ਦਾ ਗੁਣ ਹੈ।ਸੰਸਾਰ ਭਰ ਦੀਆਂ ਸਾਰੀਆਂ ਇੱਛਾਵਾਂ ਇੱਕ ਕਰਾਮਾਤ ਵੀ ਨਹੀਂ ਕਰ ਸਕਦੀਆਂ, ਅਗਰ ਇਹ ਕਰ

ਸਕਦੀਆਂ ਸਨ, ਤਾਂ ਪੂਰੀ ਦੁਨੀਆਂ ਦੇ ਹਸਪਤਾਲਾਂ ਵਿੱਚ ਕਰਾਮਾਤਾਂ ਹੋਣੀਆਂ ਸਨ। ਮਸੀਹ ਯਿਸੂ ਦਯਾ ਕਰਕੇ ਬਿਮਾਰ ਨੂੰ ਚੰਗਾ ਕਰਨ ਲਈ ਮੁੜਿਆ (ਮਰਕੁਸ 1:41 )ਅਤੇ ਇਹ ਸਵਰਗੀ ਦਯਾ ਆਤਮਾ ਦਾ ਇੱਕ ਕੰਮ ਹੈ, ਨਾ ਕਿ ਜਾਨ ਦਾ। ਮੇਰੀਆਂ ਮਨੁੱਖੀ ਭਾਵਨਾਵਾਂ ਨੂੰ ਪਰੇ ਰੱਖਦੇ ਹੋਏ, ਚੰਗਾਈ ਦੀ ਸੇਵਕਾਈ ਕਰਨਾ ਬਹੁਤ ਜ਼ਿਆਦਾ ਫ਼ਲਵੰਤ ਅਤੇ

ਸਹਾਇਕ ਰਹੀ, ਜਿਵੇਂ ਕਿ ਮੈਂ ਉਨ੍ਹਾਂ ਬਿਮਾਰਾਂ ਨੂੰ ਪਹਿਲਾਂ ਕਦੇ ਵੀ ਨਾ ਮਿਲਿਆ ਹੋਵਾਂ। ਇੱਕ ਘੜੀ ਲਈ ਭੁੱਲ ਜਾਉ ਕਿ ਉਹ ਤੁਹਾਡੇ ਲਈ ਕਿੰਨੇ ਪਿਆਰੇ ਹਨ, ਜਾਂ ਉਹ ਕਿੰਨਾਂ ਕਸ਼ਟ ਉੱਠਾ ਰਹੇ ਹਨ, ਅਤੇ ਤੁਹਾਡੀ ਆਤਮਾ ਨਾਲ਼ ਕਿਨ੍ਹਾਂ ਜੁੜੇ ਹੋਏ ਹਨ।

ਆਤਮਾ : ਆਤਮਾ ਨੂੰ ਅੰਦਰੂਨੀ ਮਨੁੱਖ ਵੀ ਕਿਹਾ ਜਾਂਦਾ ਹੈ। ਆਤਮਾ ਆਤਮਿਕ ਖੇਤਰ ਵਿੱਚ ਸਰੀਰ ਦਾ ਪ੍ਰਤੀਰੂਪ ਹੈ, ਆਤਮਿਕ ਸੰਸਾਰ ਨਾਲ਼ ਗੱਲਬਾਤ ਕਰਨ ਲਈ ਇਸ ਦੇ ਆਤਮਿਕ ਅੱਖਾਂ, ਕੰਨ, ਅਤੇ ਹੱਥ ਹੁੰਦੇ ਹਨ।

ਪਵਿੱਤਰ ਆਤਮਾ ਤੁਹਾਡੀ ਆਤਮਾ ਨਾਲ਼ ਤੁਹਾਡੇ ਸਰੀਰ ਦੇ ਅੰਦਰ ਰਹਿੰਦਾ ਹੈ। ਸੱਚਾ ਵਿਸ਼ਵਾਸ਼ ਮਾਨਸਿਕ ਅਤੇ ਭਾਵਨਾਤਮਕ ਨਹੀਂ ਹੁੰਦਾ ਪਰੰਤੂ ਸਾਡੇ ਆਤਮਾ ਅਤੇ ਹਿਰਦੇ ਦਾ ਕੰਮ ਹੈ। ਸਾਡੇ ਆਤਮਿਆਂ ਨੂੰ ਵਿਸ਼ਵਾਸ਼ ਕਰਨ ਲਈ ਪ੍ਰਕਾਸ਼ਨ ਦੀ ਜਰੂਰਤ ਹੁੰਦੀ ਹੈ। ਪਿਆਸੇ ਹਿਰਦੇ ਨੂੰ ਪਰਮੇਸ਼ਵਰ ਦੇ ਵਚਨ ਦੀ ਜਿਉਂਦੀ ਬੁੱਧ ਦੁਆਰਾ ਪ੍ਰਕਾਸ਼ਨ ਆਉਂਦਾ ਹੈ। ਪ੍ਰਕਾਸ਼ਨ ਮਨਨ ਕਰਨ, ਇਕਰਾਰ ਕਰਨ ਅਤੇ ਵਚਨ ਅੰਦਰ ਰਹਿਣ ਨਾਲ਼ ਆ ਸਕਦਾ ਹੈ। ਪ੍ਰਕਾਸ਼ਨ ਪਵਿੱਤਰ ਆਤਮਾ ਦੁਆਰਾ ਤੁਹਾਨੂੰ ਦਿੱਤਾ ਹੋਇਆ ਵਰਦਾਨ ਹੈ। ਜਿਵੇਂ ਇਹ ਪ੍ਰਕਾਸ਼ਨ ਵੱਧਦਾ ਹੈ, ਉਵੇਂ ਸਾਡੀ ਨਿਹਚਾ ਦਾ ਮਾਪ ਵੀ ਵੱਧਦਾ ਹੈ। ਤੁਹਾਡੀ ਆਤਮਾ ਪਵਿੱਤਰ ਆਤਮਾ ਨਾਲ਼ ਮਿਲ ਕੇ ਕੰਮ ਕਰਦੀ ਹੈ, ਅਲੱਗ ਹੋ ਕੇ ਕਦੇ ਵੀ ਨਹੀਂ। ਚੰਗਾਈ ਕਰਨ ਲਈ ਪਵਿੱਤਰ ਆਤਮਾ ਦਾ ਸਵਰਗੀ ਜੀਵਨ ਤੁਹਾਡੀ ਆਤਮਾ ਦੁਆਰਾ ਵਹਿੰਦਾ ਹੈ। ਜੀਵਨ ਦਾ ਸਰੋਤ ਜ਼ਰੂਰ ਹੀ ਤੁਹਾਡੀ ਆਤਮਾ ਤੋਂ ਸ਼ੁਰੂ ਹੋਣਾ ਚਾਹੀਦਾ ਹੈ ਅਤੇ ਤੁਹਾਡੀ ਆਤਮਾ ਵਿੱਚੋਂ

ਵਹਿ ਕੇ ਤੁਹਾਡੀ ਜਾਨ ਵਿੱਚੋਂ ਹੁੰਦੇ ਹੋਏ ਸਰੀਰ ਦੁਆਰਾ ਪ੍ਰਗਟ ਹੋਣਾ ਚਾਹੀਦਾ ਹੈ।

## ਆਤਮਾ—ਜਾਨ—ਦਿਮਾਗ—ਸਰੀਰ

ਵਿਸ਼ਵਾਸ਼ ਤੁਹਾਡੀ ਆਤਮਾ ਵਿੱਚੋਂ ਹੋ ਕੇ ਜਾਨ ਵਿੱਚੋਂ ਗੁਜਰਦੇ ਹੋਏ ਧਾਰਨ ਕੀਤਾ ਜਾਂਦਾ ਹੈ ਅਤੇ ਛੱਡਿਆ ਜਾਂਦਾ ਹੈ (ਮਨ, ਭਾਵਨਾਵਾਂ ਅਤੇ ਇੱਛਾ )।ਤੁਹਾਡੀਆਂ ਭਾਵਨਾਵਾਂ, ਮਨ ਅਤੇ ਇੱਛਾ ਵਿਸ਼ਵਾਸ਼ ਦੇ ਵਾਧੇ ਲਈ ਤੁਹਾਡੀ ਆਤਮਾ ਦੇ ਅਧੀਨ ਹੋਣੇ ਚਾਹੀਦੇ ਹਨ ਨਾ ਕਿ ਇਸ ਵਿੱਚ ਰੁਕਾਵਟ ਪਾਉਣ ਵਾਲੇ।ਇਸ ਕਾਰਨ ਪਵਿੱਤਰ ਸ਼ਾਸ਼ਤਰ ਆਖਦਾ ਹੈ, "ਆਪਣੇ ਮਨ ਵਿੱਚ ਭਰਮ ਨਾ ਕਰੋ ਪਰ ਪਰਤੀਤ ਕਰੋ" (ਮਰਕੁਸ 11:23 )-ਵਿਸ਼ਵਾਸ਼ ਦੇ ਬਹਾਵ ਨੂੰ ਆਪਣੇ ਮਨ ਦੁਆਰਾ ਨਾ ਰੋਕ।ਮੇਰੀ ਆਤਮਾ ਤੋਂ ਵਿਸ਼ਵਾਸ਼ ਕਰਦੇ ਹੋਏ, "ਮੈਂ ਮੇਰੇ ਮਨ ਨੂੰ ਵਿਸ਼ਵਾਸ਼ ਦੇ ਅਧੀਨ, ਕਲਪਨਾ ਕਰਦੇ ਹੋਏ ਕਿ ਮੈਂ ਕੀ ਵਿਸ਼ਵਾਸ਼ ਕਰ ਰਿਹਾ ਹਾਂ, ਕਰਦਾ ਹਾਂ।ਮੈਂ ਆਪਣੇ ਮਨ ਵਿੱਚ ਚੰਗਾਈ ਦੇ ਕਰਾਮਾਤ ਦੀ ਕਲਪਨਾ ਕਰਦਾ ਹਾਂ।ਤਦ ਵਿਸ਼ਵਾਸ਼ ਨੂੰ ਦਿਮਾਗ ਵਿੱਚ ਭੇਜਦੇ ਹੋਏ, ਅਤੇ ਵਿਸ਼ਵਾਸ਼ ਨੂੰ ਰੁਕਾਵਟ ਪਾਉਣ ਵਾਲੀ ਤਾਰਕਿਕ ਤਰਕ ਨੂੰ ਸਮਰਪਣ ਕਰਦਾ ਹਾਂ ਅਤੇ ਆਪਣੇ ਵਿਸ਼ਵਾਸ਼ ਦੇ ਪ੍ਰਗਟਾਓ ਲਈ ਸ਼ਬਦ ਬਣਾਉਦਾ ਹੋਇਆ ਅੱਗੇ ਵੱਧਦਾ ਹਾਂ।ਅੰਤ ਵਿੱਚ, ਵਿਸ਼ਵਾਸ਼ ਸਰੀਰ ਦੁਆਰਾ ਵਿਸ਼ਵਾਸ਼ ਦੇ ਸ਼ਬਦ ਬੋਲਦੇ ਹੋਏ ਅਤੇ ਐਲਾਨ ਕਰਦੇ ਹੋਏ, ਅਤੇ ਵਿਸ਼ਵਾਸ਼ ਵਿੱਚ ਕੰਮ ਕਰਦੇ ਹੋਏ ਹੁੰਦਾ ਹੈ, ਜਿਵੇਂ ਕਿ ਹੱਥ ਰੱਖਦੇ ਹੋਏ ਜਾਂ ਤੇਲ ਦਾ ਅਭਿਸ਼ੇਕ ਕਰਦੇ ਹੋਏ।

ਅਗਰ ਵਿਸ਼ਵਾਸ਼ ਆਤਮਾ ਵਿੱਚ ਪੈਦਾ ਨਹੀਂ ਹੁੰਦਾ ਜਾਂ ਵਿਸ਼ਵਾਸ਼ ਦਾ ਬਹਾਉ ਜਾਨ, ਦਿਮਾਗ ਅਤੇ ਸਰੀਰ ਦੁਆਰਾ ਰੋਕਿਆ ਜਾਂਦਾ ਹੈ ਤਾਂ ਚੰਗਾਈ ਨਹੀਂ ਹੋਵੇਗੀ।ਆਪਣੀ ਆਤਮਾ ਤੋਂ ਪ੍ਰਭਾਵਪੂਰਨ ਤਰੀਕੇ ਨਾਲ਼ ਪ੍ਰਾਥਨਾ ਕਰਨ ਲਈ ਹੇਠਾਂ ਦਿੱਤੇ ਦਿਸ਼ਾ ਨਿਰਦੇਸ਼ ਦਾ ਪਾਲਣ ਕਰੋ।

1. ਆਪਣੇ ਮਨ ਦਾ ਕੇਵਲ 5% ਧਿਆਨ ਹੀ ਬਿਮਾਰੀ ਉੱਪਰ ਅਤੇ ਬਾਕੀ 95% ਧਿਆਨ ਪਵਿੱਤਰ ਆਤਮਾ ਉੱਪਰ ਲਗਾਉ।

ਜਦ ਤੋਂ ਪਵਿੱਤਰ ਆਤਮਾ ਤੁਹਾਡੇ ਆਤਮਾ ਨਾਲ਼ ਵਾਸ ਕਰਦਾ ਹੈ, ਆਤਮਾ ਨਾਲ਼ ਕੰਮ ਕਰਨ ਦਾ ਸਭ ਤੋਂ ਵਧੀਆ ਤਰੀਕਾ, ਪਵਿੱਤਰ ਆਤਮਾ ਉੱਪਰ ਧਿਆਨ ਕੇਂਦਰਿਤ ਕਰਨਾ ਹੈ।

2. ਪ੍ਰਾਥਨਾ ਲਈ ਛੇਤੀ ਨਾ ਕਰੋ; ਆਤਮਾ ਦੀ ਸਥਿਤੀ ਵਿੱਚ ਆਉਣ ਲਈ ਸਮਾਂ ਲਉ।ਪਵਿੱਤਰ ਆਤਮਾ ਉੱਪਰ ਧਿਆਨ ਕੇਂਦਰਿਤ ਕਰਦੇ ਹੋਏ, ਉਸ ਦੀ ਨੇੜ੍ਹਤਾ ਵਿੱਚ ਜੁੜੇ ਰਹੋ, ਪਿਆਰ ਅਤੇ ਸਨ੍ਹੇਹ ਦੇ ਸ਼ਬਦ ਬੋਲਦੇ ਹੋਏ ਪਵਿੱਤਰ ਆਤਮਾ ਵਿਅਕਤੀ ਅਤੇ ਹਜ਼ੂਰੀ ਨੂੰ ਬਹੁਮੁੱਲਾ ਸਮਝੋ।

3. ਦਿਮਾਗ ਨੂੰ ਪਰੇ ਰੱਖਦੇ ਹੋਏ ਅਤੇ ਆਤਮਾ ਵਿੱਚ ਆਪਣੇ ਆਪ ਨੂੰ ਸਥਿਰ ਕਰਦੇ ਹੋਏ, ਗੈਰ ਭਾਸ਼ਾ ਵਿੱਚ ਪ੍ਰਾਥਨਾ ਕਰਨਾ ਅਦਭੁੱਤ ਹੈ।

4. ਆਪਣੀ ਆਤਮਿਕ ਸਥਿਤੀ ਅਤੇ ਪਵਿੱਤਰ ਆਤਮਾ ਪ੍ਰਤੀ ਤੁਹਾਡੀ ਚੇਤਨਾ ਅਤੇ ਸਮਝ ਤੋਂ ਬਾਅਦ, ਵਿਸ਼ਵਾਸ਼ ਵਿੱਚ ਬੋਲਣ, ਐਲਾਨ ਕਰਨ ਅਤੇ ਹੁਕਮ ਦੇਣ ਲਈ ਅੱਗੇ ਵਧੋ।ਵਿਸ਼ਵਾਸ਼ ਦੁਆਰਾ ਹੱਥ ਰੱਖਦੇ ਹੋਏ, ਆਪਣੇ ਸਰੀਰ ਦਾ ਇਸਤੇਮਾਲ ਕਰਕੇ ਚੰਗਾਈ ਦੇ ਜੀਵਨ ਨੂੰ ਸੰਚਾਰ ਕਰੋ।ਆਪਣੇ ਮਨ ਦਾ ਇਸਤੇਮਾਲ ਕਰਦੇ ਹੋਏ ਚੰਗਾਈ ਹੋਣ ਦੀ ਕਲਪਨਾ ਕਰੋ।ਗੁੰਝਲਦਾਰ ਪ੍ਰਾਥਨਾਵਾਂ ਜਾਂ ਸ਼ਬਦਾਂ ਉੱਪਰ ਧਿਆਨ ਕੇਂਦਰਿਤ ਨਾ ਕਰੋ, ਜਿਹੜੇ ਆਤਮਾ ਤੋਂ ਮੋੜ ਕੇ ਤੁਹਾਨੂੰ ਮਨ ਵੱਲ ਲੈ ਜਾਣਗੇ।

ਤੁਹਾਡੀ ਆਤਮਾ ਦੁਆਰਾ ਨਿਰੰਤਰ ਪ੍ਰਾਥਨਾ ਕਰਨ ਦੇ ਇਸ ਨਮੂਨੇ ਨੂੰ ਅਭਿਆਸ ਕਰਨ ਲਈ ਮੈਂ ਤੁਹਾਨੂੰ ਉਦੋਂ ਤੱਕ ਉਤਸਾਹਿਤ ਕਰਦਾ ਹਾਂ ਜਦ ਤਕ ਇਹ ਅਚੇਤਨ ਕੰਮ ਨਾ ਬਣ ਜਾਵੇ।ਕੀ ਮੂਲ ਪ੍ਰਾਥਨਾਵਾਂ ਰਟਾਈਆਂ ਗਈਆਂ ਹਨ ਤਾਂ ਕਿ ਤੁਸੀਂ ਆਪਣੇ ਦਿਮਾਗ ਨੂੰ ਪ੍ਰਾਥਨਾਵਾਂ ਪੜ੍ਹਨ ਵਿੱਚ ਸ਼ਾਮਲ ਨਾ ਕਰੋ, ਕਿਉਂਕਿ ਇਹ ਤੁਹਾਡੇ ਧਿਆਨ ਨੂੰ ਭਟਕਾ ਸਕਦਾ ਹੈ।ਪਵਿੱਤਰ ਆਤਮਾ ਉੱਪਰ ਧਿਆਨ ਕੇਂਦਰਿਤ ਕਰੋ ਕਿਉਂਕਿ ਉਹ ਤੁਹਾਡਾ ਉਸਤਾਦ, ਅਗਵਾਈ ਕਰਨ ਵਾਲਾ, ਅਤੇ ਮਦਦਗਾਰ ਹੈ ਅਤੇ ਸਫ਼ਲਤਾ ਲਈ ਉਹ ਤੁਹਾਡੀ ਅਗਵਾਈ ਕਰੇਗਾ!

ਇੱਕ ਦਹਾਕੇ ਤੋਂ ਹਜ਼ਾਰਾਂ ਚੰਗਾਈਆਂ ਅਤੇ ਕਰਾਮਾਤਾਂ ਦੇਖਣ ਉਪਰੰਤ, ਇਹ ਪ੍ਰਾਥਨਾ ਨਮੂਨਾ ਨਹੀਂ ਬਦਲਿਆਂ ਹੈ।ਮੈਂ ਵਿਅਕਤੀਗਤ ਤੌਰ ਉਤੇ ਇਸ ਨਮੂਨੇ ਨੂੰ ਵਰਤਦਾ ਅਤੇ ਸਿਖਾਉਂਦਾ ਹਾਂ, ਅਤੇ ਇਸ ਦੀ ਪ੍ਰਭਾਵਸ਼ੀਲਤਾ ਮੇਰੇ ਤਜ਼ਰਬੇ ਅਨੁਸਾਰ ਸੀਮਿਤ ਨਹੀਂ ਹੈ।

## 1. ਬਿਮਾਰ ਵਿਅਕਤੀ ਤੋਂ ਉਸ ਦੀਆਂ ਸਿਹਤ ਸਮੱਸਿਆਵਾਂ ਦਾ ਸੰਖੇਪ ਵਰਣਨ ਹੀ ਪੁੱਛੋ।

10-30 ਸੈਕਿੰਡਾਂ ਵਿੱਚ ਹੀ ਵਿਸ਼ਵਾਸ਼ ਕਰਨ ਲਈ ਮੂਲ ਵਿਚਾਰਾਂ ਨੂੰ ਪੁੱਛੋ।ਵੇਰਵੇ ਵਿੱਚ ਨਾ ਜਾਉ, ਕਿਉਕਿ ਇਹ ਤੁਹਾਡੇ ਵਿਸ਼ਵਾਸ਼ ਉੱਪਰ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ।

ਕਿਸੇ ਵੀ ਵਿਅਕਤੀ ਨੂੰ ਦਰਦ ਅਤੇ ਕਸ਼ਟ ਦਾ ਇਤਿਹਾਸ ਦੱਸਣ ਦੀ ਇਜ਼ਾਜ਼ਤ ਨਾ ਦਿਉ, ਕਿਉਕਿ ਇਹ ਵਿਸ਼ਵਾਸ਼ ਅਤੇ ਸੰਭਾਵਨਾ ਦੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰ ਦੇਵੇਗਾ।ਸਾਵਧਾਨ ਰਹੋ ਉਹੋ ਜਿਹੇ ਲੋਕ ਸਵੈ-ਦਯਾ ਦੀ ਆਤਮਾ ਦੇ ਪਿਆਰ ਦੀ ਅਵਾਜ਼ ਸੁਣਨ ਵਿੱਚ ਬੱਝੇ ਹੁੰਦੇ ਹਨ, ਆਪਣੀਆਂ ਸਮੱਸਿਆਵਾਂ, ਨਿਦਾਨ, ਪੂਰਵ-ਅਨੁਮਾਨ, ਅਤੇ ਡਾਕਟਰੀ ਰਿਪੋਰਟਾਂ ਉੱਪਰ ਧਿਆਨ ਦਿੰਦੇ ਹਨ।ਅਤੇ ਸਵੈ-ਦਯਾ ਦੀ ਭਾਵਨਾ ਪਿਆਰ ਨਾਲ ਵਿਅਕਤੀ ਨੂੰ ਚੁੱਪ ਕਰਾਉਦੀ ਹੈ।

## 2. ਵਿਸ਼ਵਾਸ਼ ਨਾ.ਲ ਪ੍ਰਾਥਨਾ ਕਰਨ ਤੋਂ ਪਹਿਲਾਂ, ਪਵਿੱਤਰ ਆਤਮਾ ਨੂੰ ਸੱਦਾ ਦਿਉ ਅਤੇ ਉਸ ਨੂੰ ਪਹਿਲਾਂ ਸਥਾਨ ਦਿਉ।

ਆਪਣੇ ਧਿਆਨ ਨੂੰ ਬਦਲ ਕੇ ਆਤਮਿਕ ਖੇਤਰ ਉੱਪਰ ਕੇਂਦਰਿਤ ਕਰੋ ਤਾਂ ਕਿ ਤੁਸੀਂ ਆਪਣੀ ਆਤਮਾ ਤੋਂ ਵਿਸ਼ਵਾਸ਼ ਕਰ ਸਕੋਂ।ਸਰਵ-ਪੱਧਰ ਉੱਪਰ ਪਵਿੱਤਰ ਆਤਮਾ ਨੂੰ ਸੱਦਾ ਦਿਉ ਅਤੇ ਉਸ ਨੂੰ ਪਹਿਲਾ ਸਥਾਨ ਦਿਉ।ਪ੍ਰਾਥਨਾ ਕਰਨ ਦੇ ਸੁਝਾਅ: ਹੇ ਪਵਿੱਤਰ ਆਤਮਾ, ਤੇਰੇ ਬਿਨ੍ਹਾਂ, ਮੈਂ ਕੁਝ ਨਹੀਂ ਕਰ ਸਕਦਾ।ਅਤੇ ਮੈਂ ਇੱਕਲਾ ਨਹੀਂ ਹਾਂ; ਤੁਸੀਂ ਮਸੀਹ ਯਿਸੂ ਨੂੰ ਮੇਰੇ ਦੁਆਰਾ ਪ੍ਰਗਟ

ਕਰਨ ਦਾ ਵਾਇਦਾ ਕੀਤਾ ਹੈ। ਮੈਂ ਆਪਣੇ ਜੀਵਨ ਵਿੱਚ ਅਤੇ ਇਸ ਸਮੇਂ ਦੀ ਸੇਵਕਾਈ ਵਿੱਚ ਤੁਹਾਨੂੰ ਪਹਿਲਾਂ ਸਥਾਨ ਦਿੰਦਾ ਹਾਂ। ਮੈਂ ਤੁਹਾਨੂੰ ਅਤੇ ਤੁਹਾਡੀ ਹਜ਼ੂਰੀ ਨੂੰ ਪਿਆਰ ਕਰਦਾ ਹਾਂ। ਪਰਮੇਸ਼ਵਰ ਦੀ ਮਹਿਮਾ ਨੂੰ ਮੇਰੇ ਦੁਆਰਾ ਵਹਿਣ ਦਿਉ।

## 3. ਪਵਿੱਤਰ ਆਤਮਾ ਦੀ ਠੋਸ ਹਜ਼ੂਰੀ ਉੱਪਰ ਧਿਆਨ ਕੇਂਦਰਿਤ ਕਰੋ ਅਤੇ ਉਸ ਤੋਂ ਜਾਣੂ ਬਣੋ।

ਪਵਿੱਤਰ ਆਤਮਾ ਦੀ ਹਜ਼ੂਰੀ ਨੂੰ ਮਿਲਣ ਅਤੇ ਅਹਿਸਾਸ ਕਰਨ ਵਾਸਤੇ ਥੋੜਾ ਸਮਾਂ ਗੁਜ਼ਾਰੋ। ਆਪਣਾ ਸੰਪੂਰਨ ਧਿਆਨ ਉਸ ਉੱਪਰ ਕੇਂਦਰਿਤ ਕਰੋ। ਤੁਹਾਡਾ ਉਦੇਸ਼ ਉਸ ਦੀ ਹਜ਼ੂਰੀ ਵਿੱਚ ਲਿਪਟਣਾ ਅਤੇ ਪਰਿਪੂਰਨ ਹੋਣਾ ਹੈ। ਤੁਹਾਡੇ ਕਹੇ ਹੋਏ ਸ਼ਬਦ ਉਤਨੇ ਮਹੱਤਵਪੂਰਨ ਨਹੀਂ ਜਿਨ੍ਹਾਂ ਕਿ ਤੁਹਾਡਾ ਧਿਆਨ, ਅਤੇ ਆਤਮਿਕ ਸੰਵਾਦ ਮਹੱਤਵਪੂਰਨ ਹੈ। ਨੇੜਤਾ ਦੇ ਸ਼ਬਦ ਬੋਲਣਾ, ਨੇੜਤਾ ਉੱਪਰ ਧਿਆਨ ਕੇਂਦਰਿਤ ਕਰਨ ਨੂੰ ਬਣਾਈ ਰੱਖਣ ਵਿੱਚ ਸਹਾਇਤਾ ਸ਼ੁਰੂ ਕਰਦੇ ਹਨ। ਧੀਰਜ਼ਪੂਰਵਕ ਪ੍ਰਾਥਨਾ ਕਰੋ:ਹੇ ਪਵਿੱਤਰ ਆਤਮਾ, ਮਜ਼ਬੂਤ ਅਤੇ ਤਜ਼ਰਬੇਕਾਰ ਤਰੀਕੇ ਨਾਲ਼ ਹੁਣੇ ਮੇਰੇ ਉੱਪਰ ਆਉ। ਮੈਂ ਆਪਣੀ ਨਿਭਰਤਾ ਨੂੰ ਤੁਹਾਡੇ ਉੱਪਰ ਐਲਾਨ ਕਰਦਾ ਹਾਂ ਅਤੇ ਮੇਰੀ ਇੱਛਾ ਤੁਹਾਡੇ ਨਾਲ਼ ਸੇਵਕਾਈ ਕਰਨ ਦੀ ਹੈ। ਤੁਸੀਂ ਮੇਰਾ

ਖਜ਼ਾਨਾ ਹੋਂ। ਜਿਵੇਂ ਮੈਂ ਸੇਵਕਾਈ ਕਰਦਾ ਹਾਂ ਤੁਹਾਡੀ ਹਜ਼ੂਰੀ ਦਾ ਅਨੰਦ ਮੈਨੂੰ ਦਿਉ। ਤੁਹਾਨੂੰ ਅਹਿਸਾਸ ਕਰਨ ਦੀ ਕਿਰਪਾ ਮੈਨੂੰ ਦਿਉ, ਤੁਹਾਡੀ ਸਮੱਰਥਾ ਅਤੇ ਹਜ਼ੂਰੀ ਨੂੰ ਮਾਨਣ ਦੀ ਕਿਰਪਾ ਦਿਉ। ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਤੁਸੀਂ ਬਹੁਤ ਸੁੰਦਰ ਹੋਂ।

ਇਸ ਬਿੰਦੂ ਉੱਪਰ, ਆਪਣੀ ਆਤਮਾ ਵਿੱਚ ਤੁਸੀਂ ਉਸ ਨੂੰ ਅਹਿਸਾਸ ਕਰਨ ਯੋਗ ਹੋ ਜਾਉਗੇ। ਤਜ਼ਰਬੇ ਦਾ ਪ੍ਰਕਾਰ ਉਨ੍ਹਾਂ ਮਹੱਤਵਪੂਰਨ ਨਹੀਂ ਹੁੰਦਾ ਜਿੰਨ੍ਹਾਂ ਮਹੱਤਵਪੂਰਨ ਉਸ ਨਾਲ਼ ਤੁਹਾਡਾ ਰਿਸ਼ਤਾ ਅਤੇ ਉਸ ਪ੍ਰਤੀ ਤੁਹਾਡੀ ਚੇਤਨਾ ਹੈ।

## 4. ਪ੍ਰਭਾਵਿਤ ਸਥਾਨਾਂ ਉੱਪਰ ਪਵਿੱਤਰ ਆਤਮਾ ਦੀ ਹਜ਼ੂਰੀ ਦੇ ਵਿਵੇਕ ਨਾਲ਼ ਆਪਣੇ ਹੱਥ ਰੱਖੋ।

ਪਵਿੱਤਰ ਆਤਮਾ ਦੀ ਹਜ਼ੂਰੀ, ਵਿਅਕਤੀ ਅਤੇ ਸਮੱਰਥਾ ਦੇ ਵਿਵੇਕ ਦੀ ਚੇਤਨਾ ਵਿੱਚ ਆਪਣੇ ਆਤਮਿਕ ਮਨੁੱਖ ਵੱਲੋਂ ਵਿਸ਼ਵਾਸ਼ ਨਾਲ਼ ਪ੍ਰਭਾਵਿਤ ਸਥਾਨ ਉੱਪਰ ਹੱਥ ਰੱਖਦੇ ਹੋਏ ਅੱਗੇ ਵੱਧੋ ਅਤੇ ਚੰਗਾਈ ਦੀ ਸਮੱਰਥਾ ਦੇ ਬਹਾਵ ਲਈ ਆਸ਼ਾ ਕਰੋ।ਪ੍ਰਾਥਨਾ ਕਰਨ ਦੇ ਸੁਝਾਅ:ਹੇ ਪਵਿੱਤਰ ਆਤਮਾ, ਇਸ ਸਥਾਨ ਵਿੱਚ (ਗੋਡਾ, ਕਮਰ, ਅਤੇ ਗੁਰਦਾ ਆਦਿ) ਆਪਣੀ ਚੰਗਾਈ ਦੀ ਹਜ਼ੂਰੀ ਅਤੇ ਸਮੱਰਥਾ ਨਾਲ਼ ਆਉ।ਮਸੀਹ ਯਿਸੂ ਦੇ ਨਾਮ ਵਿੱਚ ਮੈਂ ਪਰਮੇਸ਼ਵਰ ਦੀ ਸਮੱਰਥਾ ਨੂੰ ਜਾਰੀ ਕਰਦਾ ਹਾਂ, ਚੰਗਾਈ ਦਾ ਜੀਵਨ ਅਤੇ ਬਹਾਵ ਤੁਰੰਤ ਪ੍ਰਗਟ ਹੋਵੇ।

## 5. ਬਿਮਾਰੀ/ਦੁਸ਼ਟ ਨੂੰ ਜਾਣ ਲਈ ਅਤੇ ਚੰਗਾਈ ਦਾ ਐਲਾਨ ਹੋਣ ਲਈ ਅਧਿਕਾਰ ਅਤੇ ਹੁਕਮ ਵਾਲ਼ੇ ਸ਼ਬਦ ਬੋਲੋ।

ਸ਼ਤਾਵ ਦੇ ਸਥਾਨ ਉਤੇ ਧਿਆਨ ਕੇਂਦਰਿਤ ਕਰਦੇ ਹੋਏ ਬਿਮਾਰੀ ਅਤੇ ਦੁਸ਼ਟ ਨੂੰ ਅਧਿਕਾਰ-ਪੂਰਵਕ ਸਖਤੀ ਨਾਲ਼ ਝਿੜਕੋ।ਚੰਗਾਈ ਲਈ ਪਰਮੇਸ਼ਵਰ ਸਾਹਮਣੇ ਬਿਨਤੀ ਨਾ ਕਰੋ।ਸਰੀਰ ਵਿੱਚ ਜੀਵਨ ਅਤੇ ਚੰਗਾਈ ਬਾਰੇ ਬੋਲਦੇ ਹੋਏ, ਤੰਤੂਆਂ/ ਹੱਡੀਆਂ/ ਮਾਸ਼ਪੇਸ਼ੀਆਂ/ ਨਾੜੀਆਂ/ਰੀੜ੍ਹ ਦੀ ਹੱਡੀ ਨੂੰ ਚੰਗਾ ਹੋਣ, ਪੁਨਰ-ਸਥਾਪਨ ਹੋਣ ਅਤੇ ਜੁੜਨ ਲਈ ਹੁਕਮ ਦਿਉ।ਪ੍ਰਾਥਨਾ ਕਰਨ ਦੇ ਸੁਝਾਅ:ਮਸੀਹ ਯਿਸੂ ਦੇ ਨਾਮ ਵਿੱਚ ਮੈਂ ਇਸ ਬਿਮਾਰੀ ਨੂੰ ਸ਼ਰਾਪ ਦਿੰਦਾ ਹਾਂ ਅਤੇ ਮਰਨ ਦਾ ਹੁਕਮ ਦਿੰਦਾ ਹਾਂ!ਮਸੀਹ ਯਿਸੂ ਦੇ ਨਾਮ ਵਿੱਚ ਮੈਂ ਤੈਨੂੰ ਜੜ੍ਹੋਂ ਪੁੱਟਦਾ ਹਾਂ ਅਤੇ ਇਸ ਸਰੀਰ ਨੂੰ ਛੱਡਣ ਦਾ ਹੁਕਮ ਦਿੰਦਾ ਹਾਂ! ਇਸ ਸਰੀਰ ਵਿੱਚ ਹੋਰ ਲੰਮੇ ਸਮੇਂ ਤੱਕ ਤੇਰੇ ਸਤਾਵ ਦੇਣ ਨੂੰ ਮੈਂ ਬੰਨਦਾ ਹਾਂ ਅਤੇ ਰੋਕਦਾ ਹਾਂ! ਮੈਂ ਤੇਰੇ ਨਿਯੁਕਤ ਕੀਤੇ ਸ਼ੈਤਾਨੀ ਕੰਮ ਦਾ ਅੰਤ ਕਰਦਾ ਹਾਂ ਅਤੇ ਤੁਰੰਤ ਬਾਹਰ ਜਾਣ ਦਾ ਹੁਕਮ ਦਿੰਦਾ ਹਾਂ! ਤੁਰੰਤ ਨਿਕਲ ਆ! ਮਸੀਹ ਯਿਸੂ ਦੇ ਨਾਮ ਵਿੱਚ ਰੀੜ੍ਹ ਦੀ ਹੱਡੀ ਅਤੇ ਮਣਕੇ ਜੁੜ ਜਾਣ।ਮਾਸ਼ਪੇਸ਼ੀਆਂ ਅਰਾਮ ਵਿੱਚ ਆਉਣ।ਗੋਡੇ

ਵਿੱਚਲੀ ਨਰਮ ਹੱਡੀ ਪੁਨਰ-ਸਥਾਪਿਤ ਅਤੇ ਪੁਨਰ-ਨਿਰਮਾਣ ਹੋ ਜਾਵੇ। ਬਹਿਰੇ ਕੰਨ ਚੰਗੇ ਹੋ ਜਾਣ ਅਤੇ ਸੁਣਨ ਸ਼ਕਤੀ ਪੁਨਰ-ਸਥਾਪਿਤ ਹੋ ਜਾਵੇ।

## 6. ਵਿਅਕਤੀ ਨੂੰ ਪੁੱਛੋ ਉਹ ਕਿਵੇਂ ਮਹਿਸੂਸ ਕਰ ਰਿਹਾ ਹੈ।

ਸਧਾਰਨ ਅਤੇ ਸੁਰੱਖਿਅਤ ਤਰੀਕੇ ਨਾਲ਼, ਵਿਅਕਤੀ ਨੂੰ ਸਰੀਰਕ ਗਤੀਵਿਧੀ ਕਰਦੇ ਹੋਏ, ਇੱਧਰ-ਉੱਧਰ ਤੁਰ ਕੇ ਚੰਗਾਈ ਨੂੰ ਪਰਖਣ ਦਾ ਯਤਨ ਕਰਨ ਦਿਉ। ਪਰਖਣ ਲਈ ਦੇਖੋ ਕਿ ਦਰਦ ਚਲਾ ਗਿਆ ਹੈ ਜਾਂ ਘਟਿਆ ਹੈ ਅਤੇ ਬਿਮਾਰੀ ਦੇ ਲੱਛਣ ਚੰਗੇ ਹੋ ਗਏ ਹਨ। ਸੁਧਾਰ ਨੂੰ ਪਰਖਣ ਲਈ 1 ਤੋਂ 10 ਤੱਕ ਦੇ ਪੈਮਾਨੇ ਉੱਪਰ ਇਸ ਨੂੰ ਮਾਪੋ। ਅਗਰ ਕੋਈ ਸੁਧਾਰ ਹੁੰਦਾ ਹੈ,ਧੰਨਵਾਦੀ ਅਤੇ ਆਸ਼ਾਵਾਦੀ ਬਣੋ,ਉਸੇ ਜਵਾਬ ਵਿੱਚ ਵਿਅਕਤੀ ਦੀ ਅਗਵਾਈ ਕਰੋ। ਕਿਸੇ ਵੀ ਸੁਧਾਰ ਲਈ ਪਰਮੇਸ਼ਵਰ ਦਾ ਧੰਨਵਾਦ ਕਰੋ,ਅਤੇ ਸੰਪੂਰਨ ਚੰਗਾਈ ਲਈ ਪ੍ਰਾਥਨਾ ਕਰੋ ਅਤੇ ਨਿਰੰਤਰ ਵਿਸ਼ਵਾਸ਼ ਕਰਦੇ ਰਹੋ।

ਅਗਰ ਦਰਦ ਜਾਂ ਲੱਛਣ ਤੁਰੰਤ ਵੱਧਣ ਜਾਂ ਘੁੰਮਣ, ਸ਼ਖਤੀ ਨਾਲ਼ ਸ਼ੈਤਾਨ ਨੂੰ ਝਿੜਕੋ।

**ਨੋਟ:** ਅਗਰ ਤੁਸੀਂ ਆਪਣੇ ਹਿਰਦੇ ਵਿੱਚ ਉਨ੍ਹਾਂ ਦੀ ਚੰਗਾਈ ਦੀ ਪੂਰਨ ਨਿਸ਼ਚਿਤਤਾ ਮਹਿਸੂਸ ਕਰਦੇ ਹੋਂ, ਜਾਂ ਆਤਮਿਕ ਰੂਪ ਵਿੱਚ ਚੰਗਾਈ ਨੇ ਅੱਛੀ ਤਰ੍ਹਾਂ ਜੜ੍ਹ ਫੜ ਲਈ ਹੈ, ਤਾਂ ਤੁਹਾਨੂੰ ਉਸ ਵਿਅਕਤੀ ਨੂੰ ਚੰਗਾਈ ਨੂੰ ਪਰਖਣ ਲਈ ਨਹੀਂ ਕਹਿਣਾ ਚਾਹੀਦਾ, ਕਿਉਂਕਿ ਇਹ ਤੁਹਾਡੇ ਆਤਮਾ ਦੇ ਵਿਸ਼ਵਾਸ਼ ਦੇ ਵਿਰੁੱਧ ਹੋ ਸਕਦਾ ਹੈ। ਪ੍ਰਾਥਨਾ ਕਰਨ/ਵਿਸ਼ਵਾਸ਼ ਕਰਨ ਨੂੰ ਦੋਬਾਰਾ ਪਰਖਣਾ ਬਹੁਤ ਵਾਰੀ ਤੁਹਾਡੇ ਵਿਸ਼ਵਾਸ਼ ਨਾਲ਼ ਖਿਲਵਾੜ ਹੁੰਦਾ ਹੈ। ਇਹੋ ਜਿਹੀ ਹਲਾਤ ਵਿੱਚ, ਉਨ੍ਹਾਂ ਨੂੰ ਸਥਿਤੀ ਪਰਖਣ ਅਤੇ ਪੁੱਛਣ ਲਈ ਦਬਾਅ ਨਾ ਪਾਉ।

## 7. ਪ੍ਰਾਥਨਾ ਕਰਨਾ ਜਾਰੀ ਰੱਖੋ ਅਤੇ ਉਨ੍ਹਾਂ ਨੂੰ ਗਵਾਹੀ ਦੇਣ ਦਾ ਮੌਕਾ ਦਿਉ।

ਅਗਰ ਵਿਅਕਤੀ ਪੂਰੀ ਤਰ੍ਹਾਂ ਚੰਗਾ ਹੋ ਜਾਂਦਾ ਹੈ, ਤੁਰੰਤ ਉਸ ਨੂੰ ਗਵਾਹੀ ਦੇਣ ਲਈ ਉਤਸਾਹਿਤ ਕਰੋ। ਅਗਰ ਵਿਅਕਤੀ ਪੂਰੀ ਤਰ੍ਹਾਂ ਚੰਗਾ ਨਹੀਂ ਹੋਇਆ, ਤਦ 3-5 ਚਰਨਾਂ ਨੂੰ ਦੁਹਰਾਉਣਾਂ ਜਾਰੀ ਰੱਖੋ:ਤੁਸੀਂ ਅੱਗੇ ਵੱਧ ਰਹੇ ਹੋਂ, ਤੁਸੀਂ ਵਿਸ਼ਵਾਸ਼ ਦਾ ਬਲ਼ ਮਹਿਸੂਸ ਕਰ ਰਹੇ ਹੋਂ, ਜਾਂ ਪਵਿੱਤਰ ਆਤਮਾ ਤੁਹਾਡੀ ਅਗਵਾਈ ਕਰ ਰਿਹਾ ਹੈ। ਅਜਿਹਾ ਕਰਨਾ ਬੰਦ ਕਰੋ ਅਗਰ: ਕਈ ਯਤਨਾਂ ਤੋਂ ਬਾਅਦ ਵੀ ਤੁਹਾਨੂੰ ਕੋਈ ਸੁਧਾਰ ਨਹੀਂ ਮਿਲਦਾ, ਤੁਸੀਂ ਆਪਣੀ ਤਾਕਤ ਵਿੱਚ "ਇਸ ਨੂੰ ਕਰਨ ਦੀ ਕੋਸ਼ਿਸ਼ ਕਰ ਰਹੇ ਹੋਂ" ਤੁਸੀਂ ਵਿਸ਼ਵਾਸ਼ ਦਾ ਬਲ ਘਟਾਉਦੇ ਹੋਂ, ਜਾਂ ਪਵਿੱਤਰ ਆਤਮਾ ਰੁਕਣ ਲਈ ਤੁਹਾਨੂੰ ਇਸ਼ਾਰਾ ਕਰਦਾ ਹੈ। ਜਦ ਤੁਸੀਂ ਕਿਸੇ ਪ੍ਰਤੱਖ ਬਦਲਾਵ ਨੂੰ ਨਾ ਦੇਖਦੇ ਹੋਏ ਪ੍ਰਾਥਨਾ ਬੰਦ ਕਰਦੇ ਹੋਂ ਤਾਂ ਆਸ਼ਾਵਾਦੀ ਅਤੇ ਸਕਾਰਾਤਮਕ ਬਣੇ ਰਹੋ। ਯਾਦ ਰੱਖੋ, ਬਹੁਤ ਸਾਰੀਆਂ ਕਰਾਮਾਤਾਂ ਅਤੇ ਚੰਗਾਈਆਂ ਘੰਟਿਆਂ, ਦਿਨਾਂ, ਅਤੇ ਹਫ਼ਤਿਆਂ ਬਾਅਦ ਵੀ ਪ੍ਰਗਟ ਹੁੰਦੀਆਂ ਹਨ। ਅਗਰ ਦੋ ਹਫ਼ਤਿਆਂ ਬਾਅਦ ਵੀ ਕੋਈ ਸੁਧਾਰ ਨਹੀਂ ਹੁੰਦਾ, ਤਾਂ ਮੈਂ ਤੁਹਾਨੂੰ ਸੁਝਾਵ ਦਿੰਦਾ ਹਾਂ ਕਿ ਉਨ੍ਹਾਂ ਲਈ ਦੋਬਾਰਾ ਸੇਵਕਾਈ ਕਰੋ।

ਉੱਪਰ ਦਿੱਤਾ ਹੋਇਆ ਨਮੂਨਾ ਬਿਮਾਰ ਵਿਅਕਤੀ ਦੀ ਸੇਵਕਾਈ ਕਰਨ ਲਈ ਅਸਰਦਾਰ ਹੈ। ਅਗਰ ਤੁਹਾਨੂੰ ਵਿਅਕਤੀਗਤ ਚੰਗਾਈ ਦੀ ਜ਼ਰੂਰਤ ਹੈ ਅਤੇ ਖੁਦ ਲਈ ਕਿਵੇਂ ਪ੍ਰਾਥਨਾ ਕਰਨੀ ਅਤੇ ਵਿਸ਼ਵਾਸ਼ ਕਰਨਾ ਹੈ ਸਿੱਖਣਾ ਚਾਹੁੰਦੇ ਹੋਂ ਤਾਂ ਮੇਰੀ ਪੁਸਤਕ "ਕਿਰਪਾ:ਪਰਮੇਸ਼ਵਰ ਦੇ ਹਿਰਦੇ ਦਾ ਪ੍ਰਗਟ ਹੋਇਆ ਭੇਦ" ਪੜ੍ਹੋ। ਇਸ ਵਿੱਚ ਮੈਂ ਖੁਦ ਦੀ ਗਵਾਹੀ ਦੱਸੀ ਹੈ ਕਿ ਮੈਂ ਕਿਵੇਂ ਖੁਦ ਦੇ ਵਿਸ਼ਵਾਸ਼ ਨਾਲ ਫ਼ੇਫ਼ੜੇ ਦੀ ਲਾ-ਇਲਾਜ਼ ਬਿਮਾਰੀ ਤੋਂ ਚੰਗਾ ਹੋਇਆ ਸੀ ਅਤੇ ਉਪਯੋਗੀ ਚਰਨ ਅਤੇ ਹਦਾਇਤਾਂ ਕਿ ਕਿਵੇਂ ਕਰਾਮਾਤ ਲਈ ਵਿਸ਼ਵਾਸ਼ ਕਰਨਾ ਹੈ, ਇਹ ਪੁਸਤਕ ਮੁਹੱਇਆ ਕਰਦੀ ਹੈ।

## ਝੁੰਡ ਵਿੱਚ ਜਾਂ ਵਿਅਕਤੀਗਤ ਤੌਰ ਉੱਤੇ ਵਿਚਾਰੇ ਜਾਣ ਵਾਲੇ ਉਪਯੋਗੀ ਪ੍ਰਸ਼ਨ:

1. ਕੀ ਤੁਹਾਨੂੰ ਵਿਸ਼ਵਾਸ਼ ਹੋ ਚੁੱਕਿਆ ਹੈ ਕਿ ਪਰਮੇਸ਼ਵਰ ਦੀ ਇੱਛਾ ਹੈ

ਕਿ ਹਰ ਕੋਈ ਇੱਕ ਚੰਗਾ ਅਤੇ ਤੰਦਰੁਸਤ ਵਿਅਕਤੀ ਹੋਵੇ? ਅਗਰ ਹਾਂ, ਤਾਂ ਸਭ ਤੋਂ ਵੱਡਾ ਤਰਕ ਕਿਹੜਾ ਹੈ? ਅਗਰ ਨਹੀਂ ਤਾਂ, ਤੁਹਾਨੂੰ ਵਿਸ਼ਵਾਸ਼ ਕਰਨ ਤੋਂ ਕਿਹੜੀ ਗੱਲ ਰੋਕ ਰਹੀ ਹੈ?

2. ਬਿਮਾਰ ਨੂੰ ਚੰਗਾ ਕਰਨ ਵਿੱਚ ਤੁਹਾਡੀ ਕੀ ਭੂਮਿਕਾ ਹੈ, ਅਤੇ ਉਹ ਭੂਮਿਕਾ ਕਿੰਨੀ ਗੰਭੀਰ ਹੈ?

3. ਇਸ ਅਧਿਆਇ ਨੂੰ ਪੜਨ ਤੋਂ ਪਹਿਲਾਂ, ਚੰਗਾਈ ਲਈ ਵਿਸ਼ਵਾਸ਼ ਪ੍ਰਤੀ ਤੁਹਾਡੀਆਂ ਕੀ ਸੋਚਾਂ ਸਨ? ਵਿਸ਼ਵਾਸ਼ ਲਈ ਤੁਹਾਡਾ ਕੀ ਅਧਾਰ ਸੀ, ਅਗਰ ਸੀ ਤਾਂ ਕੀ ਸੀ? ਕੀ ਇਸ ਅਧਿਆਇ ਨੂੰ ਪੜਨ ਤੋਂ ਬਾਅਦ, ਤੁਹਾਡੇ ਵਿਸ਼ਵਾਸ਼ ਦੀ ਸਮਝ ਬਦਲੀ ਹੈ?

4. ਕੀ ਤੁਸੀਂ ਪਵਿੱਤਰ ਆਤਮਾ ਦੀ ਅਗਵਾਈ ਦੁਆਰਾ ਜਾਂ ਖੁਦ ਦੇ ਵਿਸ਼ਵਾਸ਼ ਦੁਆਰਾ ਚੰਗਾ ਹੋਣਾ ਬਹੁਤ ਅਰਾਮਦਾਇਕ ਮਹਿਸੂਸ ਕਰਦੇ ਹੋਂ? ਕਿਉਂ ? ਹਰ ਪੱਖ ਤੋਂ ਅੱਗੇ ਵੱਧਣ ਲਈ ਤੁਸੀਂ ਖੁਦ ਨੂੰ ਕਿਵੇਂ ਚੁਨੌਤੀ ਦੇ ਸਕਦੇ ਹੋਂ?

5. ਕੀ ਤੁਸੀਂ ਪਵਿੱਤਰ ਆਤਮਾ ਦੀ ਚੇਤਨਾ ਅਤੇ ਸੰਵੇਦਨਾ ਨੂੰ ਮਹਿਸੂਸ ਕਰਦੇ ਹੋਂ? ਕਿੰਨਾਂ ਤਰੀਕਿਆਂ ਨਾ਼ਲ ਤੁਸੀਂ ਆਪਣੀ ਸੰਵੇਦਨਸ਼ੀਲਤਾ ਵਿੱਚ ਵੱਧ ਸਕਦੇ ਹੋਂ ਜਿਹੜੀ ਪਵਿੱਤਰ ਆਤਮਾ ਦੇ ਵਰਦਾਨਾਂ ਨੂੰ ਪ੍ਰਾਪਤ ਕਰਨ ਦੀ ਯੋਗਤਾ ਨੂੰ ਵਧਾਉਂਦੀ ਹੈ?

6. ਕੀ ਇਹ ਪਹਿਲੀ ਵਾਰੀ ਹੈ ਜਦੋਂ ਤੁਸੀਂ ਭਾਵਨਾਵਾਂ, ਆਤਮਾ ਅਤੇ ਮਨ ਦੁਆਰਾ ਪ੍ਰਾਥਨਾ ਕਰਨ ਦੇ ਵਿਚਾਰ ਤੋਂ ਜਾਣੂ ਹੋ ਰਹੇ ਹੋਂ? ਕੀ ਪਹਿਲਾਂ ਤੁਸੀਂ ਮਨ, ਭਾਵਨਾਵਾਂ ਜਾਂ ਆਤਮਾ ਦੁਆਰਾ ਬਹੁਤੀ ਪ੍ਰਾਥਨਾ ਕਰਦੇ ਸੀ? ਕਿਹੜੇ ਉਪਯੋਗੀ ਤਰੀਕਿਆਂ ਨਾ਼ਲ ਤੁਸੀਂ ਚੰਗਾਈ ਦੇ ਪ੍ਰਕਾਸ਼ਨ ਵਿੱਚ ਵੱਧ ਸਕਦੇ ਹੋਂ?

7. ਇਸ ਅਧਿਆਇ ਵਿੱਚ ਦੱਸੇ ਗਏ ਪ੍ਰਾਥਨਾ ਨਮੂਨੇ ਤੁਹਾਡੀ ਪਹਿਲਾਂ ਦੀ ਚੰਗਾਈ ਲਈ ਕੀਤੀ ਪ੍ਰਾਥਨਾ ਨਾਲੋਂ ਕਿਵੇਂ ਭਿੰਨ ਹਨ? ਕੀ ਤੁਸੀਂ ਅਹਿਸਾਸ ਕਰਦੇ ਹੋਂ ਕਿ ਇਹ ਨਮੂਨਾ ਤੁਹਾਡੀ ਪ੍ਰਭਾਵਸ਼ੀਲਤਾ ਨੂੰ ਵਧਾਏਗਾ, ਅਜਿਹਾ ਕਿਵੇਂ?

# ਛੁਟਕਾਰਾ ਅਤੇ ਸ਼ਾਸ਼ਨ

ਐਸ਼ਲੇ ਦਾ ਦਿਲ ਜਿਵੇਂ ਹੀ ਤੇਜ਼ ਧੜਕਦਾ ਸੀ, ਇੱਕ ਮਜ਼ਬੂਤ ਪਕੜ ਉਸ ਦੇ ਸਾਹ ਨੂੰ ਰੋਕਦੀ ਮਹਿਸੂਸ ਹੁੰਦੀ ਸੀ। ਇੱਕ ਚਰਚ ਸਥਾਪਨ ਸਕੂਲ ਵਿੱਚ ਮੈਨੂੰ ਦੁਸ਼ਟ ਆਤਮਿਆਂ ਤੋਂ ਛੁਟਕਾਰੇ ਬਾਰੇ ਸਿਖਾਉਦੇਂ ਹੋਏ ਕਿ, ਉਸ ਦੇ ਡਰ ਜਿਨ੍ਹਾਂ ਨੂੰ ਮਨੋਵਿਗਿਆਨਿਕ ਦਬਾਅ ਕਹਿ ਕੇ ਖਾਰਜ਼ ਕਰ ਦਿੱਤਾ ਗਿਆ ਸੀ, ਆਤਮਿਕ ਸ਼ਕਤੀਆਂ ਵਜੋਂ ਪਛਾਣੇ ਗਏ। ਉਲਝਣ ਦੀ ਅਸਪੱਸ਼ਟਤਾ ਵਿੱਚੋਂ ਦੇਖਦੇ ਹੋਏ ਅਤੇ ਆਤਮਿਕ ਉਤਪੀੜਨ ਨੂੰ ਪਛਾਣਦੇ ਹੋਏ ਜਿਸ ਨੇ ਉਸ ਦੀ ਸ਼ਾਤੀ ਨੂੰ ਤਬਾਹ ਕਰ ਦਿੱਤਾ ਸੀ, ਅਜ਼ਾਦ ਹੋਣ ਲਈ ਉਸ ਦਾ ਹਿਰਦਾ ਉਤਸੁਕ ਸੀ।

ਕਲਾਸ ਤੋਂ ਬਾਦ, ਵਿਅਕਤੀਗਤ ਪ੍ਰਾਥਨਾ ਲਈ ਉਹ ਮੇਰੇ ਕੋਲ਼ ਪਹੁੰਚੀ ਅਤੇ ਆਪਣੀ ਕਹਾਣੀ ਦੱਸਣੀ ਸ਼ੁਰੂ ਕੀਤੀ। ਚਾਰ ਵਰੇ ਪਹਿਲਾਂ, ਉਹ ਇੱਕ ਰਿਸ਼ਤੇ ਵਿੱਚ ਸੀ। ਇੱਕ ਅਵਸਰ ਉੱਪਰ, ਉਸ ਦੇ ਲੜਕੇ ਮਿੱਤਰ ਨੇ ਹਮਬਿਸਤਰ ਹੋਣ ਲਈ ਉਸ ਉੱਪਰ ਦਬਾਅ ਪਾਇਆ, ਅਤੇ ਉਸ ਨੇ ਲੜਕੇ ਨੂੰ ਕਰੜਾਈ ਨਾਲ਼ ਮਨ੍ਹਾ ਕਰ ਦਿੱਤਾ। ਤਦ ਉਸ ਲੜਕੇ ਨੇ ਧੱਕਾ ਕੀਤਾ, ਪਰ ਵਿਰੋਧ ਕਰਦੇ ਹੋਏ ਉਹ ਉਸ ਸਥਾਨ ਤੋਂ ਭੱਜ ਗਈ। ਰਿਸ਼ਤਾ ਛੇਤੀ ਹੀ ਸਮਾਪਤ ਹੋ ਗਿਆ; ਅਤੇ ਹਮਬਿਸਤਰੀ ਦੀ ਘਟਨਾ ਨਹੀਂ ਵਾਪਰੀ। ਫਿਰ ਵੀ ਉਸ ਦਿਨ ਤੋਂ ਬਾਅਦ ਉਹ ਰਾਤ ਦੇ ਡਰ ਦਾ ਦੁੱਖ ਭੋਗਣ ਲੱਗੀ। ਚਾਰ ਵਰ੍ਹੇ ਤੱਕ ਲਗਭਗ ਹਰ ਰਾਤ ਉਸ ਨੂੰ ਸੁਪਨਾ

ਆਉਦਾ ਸੀ ਕਿ ਉਹ ਆਦਮੀਆਂ ਤੋਂ ਭੱਜ ਰਹੀ ਹੈ, ਜਿਹੜੇ ਉਸ ਦਾ ਪਿੱਛਾ ਕਰ ਰਹੇ ਹਨ ਅਤੇ ਨਰਕ-ਧਾਰਨਾ ਨਾਲ਼ ਉਸ ਉੱਪਰ ਯੌਨ-ਹਮਲੇ ਕਰ ਰਹੇ ਹਨ। ਹਰੇਕ ਭਿਆਨਕ ਸੁਪਨੇ ਕਾਰਨ ਉਹ ਡਰ, ਚਿੰਤਾ ਅਤੇ ਦਬਾਅ ਨਾਲ਼ ਭਰ ਜਾਂਦੀ ਸੀ ਅਤੇ ਅਕਸਰ ਘਬਰਾਹਟ ਵਿੱਚ ਉੱਠ ਪੈਦੀ ਸੀ।

ਐਸ਼ਲੇ ਲਈ ਪ੍ਰਾਥਨਾ ਕਰਨ ਵਾਸਤੇ ਮੇਰੀ ਪਤਨੀ ਅਭਿਲਾਸ਼ਾ ਵੀ ਸ਼ਾਮਿਲ ਹੋ ਗਈ। ਪਵਿੱਤਰ ਆਤਮਾ ਨੂੰ ਸੱਦਾ ਦੇਣ ਤੋਂ ਬਾਅਦ, ਅਸੀਂ ਡਰ ਅਤੇ ਕਸ਼ਟ ਦੇਣ ਵਾਲੇ ਦੁਸ਼ਟ ਆਤਮਿਆਂ ਨੂੰ ਸਖਤੀ ਨਾਲ਼ ਝਿੜਕਿਆਂ। ਇੱਕ ਪੱਛਮੀ ਮਸੀਹ ਹੋਣ ਕਾਰਨ, ਦੁਸ਼ਟ ਆਤਮਿਆਂ ਨਾਲ਼ ਉਸ ਦਾ ਪ੍ਰਤੱਖ ਸਾਹਮਣਾ ਨਹੀਂ ਹੋਇਆ ਸੀ, ਇਸ ਕਾਰਨ ਉਹ ਬੇਚੈਨ ਸੀ ਅਤੇ ਹੁਣ ਵੀ ਸ਼ੱਕ ਵਿੱਚ ਸੀ। ਜਿਵੇਂ ਹੀ ਅਸੀਂ ਉਸ ਉੱਪਰ ਪ੍ਰਾਥਨਾ ਕੀਤੀ ਕੋਈ ਵੀ ਪ੍ਰਤੱਖ ਸ਼ੈਤਾਨੀ ਸ਼ਕਤੀਆਂ ਪ੍ਰਗਟ ਨਹੀਂ ਹੋਈਆਂ।

ਇਸ ਗੱਲ ਕਾਰਨ ਉਸ ਨੂੰ ਸ਼ੱਕ ਹੋ ਗਿਆ ਕੀ ਕਿ ਉਹ ਦੁਸ਼ਟ ਆਤਮਿਆਂ ਤੋਂ ਅਜ਼ਾਦ ਹੋ ਚੁੱਕੀ ਹੈ? ਪਰ ਮੈਂ ਉਸ ਨੂੰ ਵਿਸ਼ਵਾਸ਼ ਦਵਾਇਆ ਦੁਸ਼ਟ ਆਤਮਿਆਂ ਨੂੰ ਬਾਹਰ ਨਿਕਲਣ ਲਈ ਕਿਸੇ ਪ੍ਰਗਟਾ ਦੀ ਜਰੂਰਤ ਨਹੀਂ ਹੁੰਦੀ ਹੈ। ਮਸੀਹ ਯਿਸੂ ਵਿੱਚ ਅਜ਼ਾਦੀ ਨਾਲ਼ ਅਸੀਰਵਾਦ ਲੈਣ ਤੋਂ ਬਾਅਦ, ਉਹ ਚੱਲੀ ਗਈ।

ਉਸ ਗੱਲ ਤੋਂ ਬਾਅਦ, ਐਸ਼ਲੇ ਨੂੰ ਮੈਂ ਕਈ ਵਾਰ ਮਿਲਿਆ ਅਤੇ ਕਈ ਪ੍ਰਸ਼ਨ ਪੁੱਛੇ। ਉਸ ਨੇ ਧੰਨਵਾਦੀ ਅਤੇ ਜ਼ੋਸਪੂਰਨ ਤਰੀਕੇ ਨਾਲ਼ ਗਵਾਹੀ ਦਿੱਤੀ ਕਿ ਉਹ ਰਾਤ ਦੇ ਡਰ ਤੋਂ ਪੂਰੀ ਤਰ੍ਹਾਂ ਅਜ਼ਾਦ ਹੈ, ਜਦ ਤੋਂ ਉਸ ਲਈ ਛੁਟਕਾਰੇ ਦੀ ਪ੍ਰਾਥਨਾ ਕੀਤੀ ਗਈ ਸੀ। ਕਈ ਵਰ੍ਹੇ ਬਾਅਦ ਵੀ ਉਹ ਰਾਤ ਦੇ ਖੌਫ਼ ਤੋਂ ਕਦੇ ਨਹੀਂ ਡਰੀ ਅਤੇ ਅਜ਼ਾਦ ਹੀ ਰਹੀ। ਇਸ ਗੱਲ ਨਾਲ ਉਹ ਬਹੁਤ ਹੈਰਾਨ ਹੋਈ, ਕਿਉਕਿਂ ਨਿਰੰਤਰ ਚਾਰ ਵਰ੍ਹੇ ਲਗਭਗ ਹਰ ਰਾਤ ਉਸ ਨੇ ਦੁੱਖ ਭੋਗਿਆ ਸੀ। ਮਸੀਹ ਯਿਸੂ ਨਾਲ਼ ਉਸ ਦਾ ਅਚਾਨਕ ਮਿਲਾਪ, ਜੋ ਕੇਵਲ ਉਸ ਦਾ ਬਚਾਉਣ ਵਾਲਾ ਹੀ ਨਹੀਂ ਸਗੋਂ ਛੁਡਾਉਣ ਵਾਲਾ ਹੈ, ਨੇ ਵੱਡੇ ਪੱਧਰ ਉੱਤੇ ਉਸ ਦੇ ਜੀਵਨ ਨੂੰ ਬਦਲ ਦਿੱਤਾ!

ਮਸੀਹ ਯਿਸੂ ਨੇ ਆਪਣੇ ਜਾਣ ਤੋਂ ਪਹਿਲਾਂ ਦੋ ਵੱਡੇ ਚਿੰਨ ਦਿਖਾਏ:ਬਿਮਾਰਾ ਨੂੰ ਚੰਗਾ ਕਰਨਾ ਅਤੇ ਦੁਸ਼ਟ ਆਤਮਿਆਂ ਨੂੰ ਕੱਢਣਾ।ਦੁਸ਼ਟ ਆਤਮਿਆਂ ਨੂੰ ਕੱਢਣਾ ਮਸੀਹ ਯਿਸੂ ਦੇ ਕੰਮ ਦਾ ਵਰਣਨ ਸੀ (ਲੂਕਾ 13:32 )।ਬਿਵਸਥਾ ਵਿੱਚ "ਗੜਬੜ" ਹੋਵੇਗੀ ਜਾਂ ਲੋਕ ਕੀ ਸੋਚਣਗੇ ਦੀ ਪ੍ਰਵਾਹ ਕਰੇ ਬਿਨ੍ਹਾਂ, ਉਹ ਦੁਸ਼ਟ ਆਤਮਿਆਂ ਨੂੰ ਕੱਢਣ ਤੋਂ ਕਦੇ ਵੀ ਨਹੀਂ ਰੁੱਕਿਆ।ਇਸ ਪ੍ਰਕਾਰ ਦੀ ਸੇਵਕਾਈ ਨੇ ਭੀੜਾਂ ਵਿੱਚ ਵਧੇਰੇ ਵੰਡ, ਉਲਝਣ ਅਤੇ ਵਾਦ-ਵਿਵਾਦ ਲੈ ਆਂਦਾ (ਮੱਤੀ 9:33-34, 12:22-28, ਲੂਕਾ 8:35-37); ਫਿਰ ਵੀ, ਮਸੀਹ ਯਿਸੂ ਨੇ ਲੋਕਾਂ ਦੇ ਅਨੁਮਾਨ ਅਤੇ ਬੋਲਣ ਦੀ ਪ੍ਰਵਾਹ ਨਹੀਂ ਕੀਤੀ।ਬੰਧੂਆਂ ਨੂੰ ਛੁਟਕਾਰਾ ਦੇਣਾ ਪਰਮੇਸ਼ਵਰ ਦੇ ਮਹਾਨ ਪਿਆਰ ਅਤੇ ਦਯਾ ਦਾ ਪ੍ਰਗਟੀਕਰਨ ਹੈ ਅਤੇ ਧਰਤੀ ਉੱਪਰ ਉਸ ਦੇ ਆਉਣ ਦਾ ਮੁੱਖ ਕਾਰਨ ਹੈ (ਲੂਕਾ 4:18 )।

## ਦੁਸ਼ਟ ਆਤਮਿਆਂ ਨੂੰ ਪਛਾਣਨਾ

ਮਸੀਹ ਯਿਸੂ ਦੇ ਦਿਨਾਂ ਵਿੱਚ ਆਮ ਆਦਮੀ ਸਫ਼ਲਤਾਪੂਰਵਕ(ਕਿਸੇ ਹੱਦ ਤੀਕਰ) ਸ਼ੈਤਾਨੀ ਗਤੀਵਿਧੀਆਂ ਪਛਾਣ ਅਤੇ ਸਮਝ ਲੈਂਦਾ ਸੀ।ਜਿਵੇਂ ਕਿ ਮੈਂ ਪੱਛਮੀ ਅਤੇ ਪੂਰਬੀ ਦੋਨਾਂ ਸੱਭਿਆਚਾਰਾਂ ਵਿੱਚ ਰਿਹਾ ਅਤੇ ਸੰਸਾਰ ਭਰ ਵਿੱਚ ਯਾਤਰਾ ਕੀਤੀ, ਮੈਂ ਆਤਮਿਕ ਸੰਸਾਰ ਦੀ ਬੋਧ ਦੇ ਦੋ-ਭਾਗੀਕਰਨ ਤੋਂ ਬਹੁਤ ਹੈਰਾਨ ਹਾਂ।ਆਧੁਨਿਕ ਪੂਰਬੀ ਲੋਕ, ਮਸੀਹ ਯਿਸੂ ਦੇ ਦਿਨਾਂ ਦੇ ਲੋਕਾਂ ਦੀ ਤਰਾਂ ਹੀ ਆਤਮਿਕ ਖੇਤਰ ਵਿੱਚ ਦ੍ਰਿੜਤਾ ਨਾਲ਼ ਵਿਸ਼ਵਾਸ਼ ਕਰਦੇ ਹਨ।ਇਸ ਦੇ ਵਿੱਰੁਧ, ਜ਼ਿਆਦਾਤਰ ਪੱਛਮੀ ਲੋਕ ਵੱਡੇ ਪੱਧਰ ਉੱਤੇ, ਆਤਮਿਕ ਸੰਸਾਰ ਨੂੰ ਪ੍ਰਵਾਨ ਕਰਨ ਲਈ ਕੋਰੇ ਵਿਰੋਧੀ ਅਤੇ ਅਗਿਆਨੀ ਹਨ।ਦੁਸ਼ਟ ਆਤਮਿਆਂ ਬਾਰੇ "ਅਗਿਆਨਤਾ ਅਨੰਦ ਹੈ" ਨਹੀਂ ਕਿਹਾ ਜਾ ਸਕਦਾ; ਉਹ ਤੁਹਾਡੀ ਬਰਬਾਦੀ ਲਈ ਤੁਲੇ ਹੋਏ ਹਨ!

ਮਸੀਹ ਯਿਸੂ ਦੇ ਦਿਨਾਂ ਦੇ ਲੋਕ ਦੁਸ਼ਟ ਆਤਮਿਆਂ ਨੂੰ ਪਛਾਣਨ ਲਈ ਕਿਵੇਂ ਯੋਗ ਸਨ ਬਾਰੇ ਵਿਚਾਰੋ।

"ਅਤੇ ਜਾਂ ਸੰਝ ਹੋਈ ਉਸ ਦੇ ਕੋਲ ਬਹੁਤਿਆਂ ਨੂੰ ਲਿਆਏ ਜਿਨ੍ਹਾਂ ਨੂੰ ਭੂਤ

ਚਿੰਬੜੇ ਹੋਏ ਸਨ ਅਤੇ ਉਸ ਨੇ ਬਚਨ ਨਾਲ ਰੂਹਾਂ ਨੂੰ ਕੱਢ ਦਿੱਤਾ ਅਰ ਸਾਰੇ ਰੋਗੀਆਂ ਨੂੰ ਚੰਗਿਆਂ ਕੀਤਾ" ਮੱਤੀ 8:16

ਉਨ੍ਹਾਂ ਲੋਕਾਂ ਦੇ ਜੁੱਤੇ ਪਾ ਕੇ ਆਪਣੇ-ਆਪ ਨੂੰ ਤਿਆਰ ਕਰੋ; ਮਸੀਹ ਯਿਸੂ ਤੁਹਾਡੇ ਗੁਆਂਢ, ਪਿੰਡ ਜਾਂ ਨਗਰ ਵਿੱਚ ਆਉਦਾ ਹੈ, ਅਤੇ ਤੁਸੀਂ ਕਿਸੇ ਨੂੰ ਵੇਖ ਰਹੇ ਹੋਂ ਜੋ ਦੁਸ਼ਟ ਆਤਮੇ ਦਾ ਸਤਾਇਆ ਹੋਇਆ ਹੈ ਅਤੇ ਮਸੀਹ ਯਿਸੂ ਕੋਲ ਲਿਆਂਦਾ ਜਾ ਰਿਹਾ ਹੈ। ਤੁਸੀਂ ਕਿਸ ਨੂੰ ਚੁਣੋਗੇ? ਸ਼ੈਤਾਨੀ ਗਤੀਵਿਧੀਆਂ ਨੂੰ ਤੁਸੀਂ ਕਿਵੇਂ ਪਛਾਣੋਂਗੇ? ਬਹੁਤੇਰੇ ਪੱਛਮੀ ਲੋਕਾਂ ਨੂੰ ਇਸ ਦਾ ਥੋੜ੍ਹਾ ਜਿਹਾ ਗਿਆਨ ਵੀ ਨਹੀਂ ਹੈ। ਮਸੀਹ ਯਿਸੂ ਕੋਲ ਲਿਆਂਦੇ ਗਏ ਲੋਕ ਸੱਚ-ਮੁੱਚ ਦੁਸ਼ਟ ਦੇ ਜਕੜੇ ਹੋਏ ਸਨ। ਅਸੀਂ ਉਨ੍ਹਾਂ ਨੂੰ ਜਾਣਦੇ ਹਾਂ ਕਿਉਂਕਿ ਮਸੀਹ ਯਿਸੂ ਨੇ ਉਨ੍ਹਾ ਵਿੱਚੋਂ ਦੁਸ਼ਟ ਆਤਮੇ ਕੱਢੇ। ਮਸੀਹ ਯਿਸੂ ਨੇ ਕਿਹਾ, "ਵਧੀਆ ਕੋਸ਼ਿਸ਼ ਹੈ, ਪਰੰਤੂ ਤੁਹਾਨੂੰ ਬੁੱਧੀ ਦੀ ਘਾਟ ਹੈ ਅਤੇ ਤੁਸੀਂ ਬਹੁਤ ਸਾਰੇ ਲੋਕਾਂ ਨੂੰ ਦੁਸ਼ਟ ਆਤਮਿਆਂ ਦੇ ਜਕੜੇ ਹੋਣ ਦਾ ਝੂਠ ਬੋਲ ਕੇ ਲੈ ਆਏ ਹੋਂ, ਪਰ ਉਨ੍ਹਾਂ ਵਿੱਚ ਦੁਸ਼ਟ ਆਤਮਾ ਨਹੀਂ ਹੈ"। ਮਿੱਤਰ, ਬੰਧੂਆਂ ਵਿੱਚ ਸੇਵਕਾਈ ਕਰਨ ਦਾ ਪਹਿਲਾ ਚਰਨ, ਦੁਸ਼ਟ ਆਤਮਿਆਂ ਨੂੰ ਪਛਾਣਨਾ ਹੈ। ਅਗਰ ਤੁਸੀਂ ਇੱਕ ਪੂਰਬੀ ਹੋਂ, ਤਾਂ ਤੁਸੀਂ ਸਾਡੇ ਮਸੀਹ ਵਿੱਚ ਪੱਛਮੀ ਭੈਣ-ਭਰਾਵਾਂ ਤੋਂ ਬਹੁਤ ਕਦਮ ਅੱਗੇ ਹੋਂ। ਪਰੰਤੂ ਤੁਹਾਨੂੰ ਵੀ ਬਹੁਤ ਵੱਡੀ ਸਮਝ ਦੀ ਜਰੂਰਤ ਹੈ।

## ਸ਼ਪੱਸ਼ਟ ਗਤੀਵਿਧੀ

ਹੁਣ ਅਸੀਂ ਸ਼ਪੱਸ਼ਟ ਅਤੇ ਸੂਖਮ ਸ਼ੈਤਾਨੀ ਗਤੀਵਿਧੀ ਦੀ ਤੁਲਨਾ ਕਰਾਂਗੇ। ਜਿਵੇਂ ਤੁਸੀਂ ਮਰਕੁਸ 1:21-28 ਪੜ੍ਹਦੇ ਹੋਂ, ਸ਼ਪੱਸ਼ਟ ਸ਼ੈਤਾਨੀ ਪ੍ਰਗਟੀਕਰਨ ਨੂੰ ਪਛਾਣੋ।

"ਤਾਂ ਓਹ ਕਫ਼ਰਨਾਹੂਮ ਵਿੱਚ ਵੜੇ ਅਰ ਸਬਤ ਦੇ ਦਿਨ ਉਹ ਝੱਟ ਸਮਾਜ ਵਿੱਚ ਜਾ ਕੇ ਉਪਦੇਸ਼ ਦੇਣ ਲੱਗਾ 0 ਅਤੇ ਓਹ ਉਸ ਦੇ ਉਪਦੇਸ਼ ਤੋਂ ਹੈਰਾਨ ਹੋਏ ਕਿਉਂ ਜੋ ਉਹ ਗ੍ਰੰਥੀਆਂ ਵਾਂਙੁ ਨਹੀਂ ਪਰ ਇਖਤਿਆਰ ਵਾਲੇ ਵਾਂਙੁ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ 0 ਅਤੇ ਉਸ ਵੇਲੇ ਉਨ੍ਹਾਂ ਦੀ ਸਮਾਜ ਵਿੱਚ ਇੱਕ ਮਨੁੱਖ ਸੀ ਜਿਹ ਨੂੰ ਭਰਿਸ਼ਟ ਆਤਮਾ ਚਿੰਬੜਿਆ ਹੋਇਆ ਸੀ ਅਤੇ ਇਉਂ ਕਹਿ ਕੇ ਉੱਚੀ ਅਵਾਜ਼ ਨਾਲ ਬੋਲ ਉਠਿਆ, 0 ਹੇ ਯਿਸੂ

ਨਾਸਰੀ ਤੇਰਾ ਸਾਡੇ ਨਾਲ਼ ਕੀ ਵਾਸਤਾ? ਕੀ ਤੂੰ ਸਾਡਾ ਨਾਸ ਕਰਨ ਆਇਆ ਹੈਂ? ਮੈਂ ਤੈਨੂੰ ਜਾਣਦਾ ਹਾਂ ਜੋ ਤੂੰ ਕੌਣ ਹੈਂ। ਤੂੰ ਪਰਮੇਸ਼ੁਰ ਦਾ ਪਵਿੱਤਰ ਪੁਰਖ ਹੈਂ! 0 ਤਾਂ ਯਿਸੂ ਨੇ ਉਹ ਨੂੰ ਵਰਜ ਕੇ ਕਿਹਾ, ਚੁੱਪ ਕਰ ਅਤੇ ਇਸ ਵਿੱਚੋਂ ਨਿਕਲ ਜਾਹ!" ਮਰਕੁਸ 1:21-25

"ਸੋ ਉਹ ਭਰਿਸ਼ਟ ਆਤਮਾ ਉਸ ਨੂੰ ਮਰੋੜ ਮਰਾੜ ਕੇ ਵੱਡੀ ਅਵਾਜ਼ ਨਾਲ ਚੀਕਾਂ ਮਾਰਦਾ ਉਸ ਵਿੱਚੋਂ ਨਿਕਲ ਗਿਆ 0 ਅਤੇ ਓਹ ਸਾਰੇ ਲੋਕ ਐਡੇ ਹੈਰਾਨ ਹੋਏ ਕਿ ਆਪੋ ਵਿੱਚ ਚਰਚਾ ਕਰਨ ਲੱਗੇ ਭਈ ਇਹ ਕੀ ਹੈ? ਇੱਕ ਨਵੀਂ ਸਿੱਖਿਆ! ਉਹ ਤਾਂ ਭਰਿਸ਼ਟ ਆਤਮਿਆਂ ਨੂੰ ਇਖਿਤਿਆਰ ਨਾਲ਼ ਹੁਕਮ ਕਰਦਾ ਹੈ ਅਤੇ ਓਹ ਉਸ ਦੀ ਮੰਨ ਲੈਂਦੇ ਹਨ! 0 ਓਵੇਂ ਹੀ ਗਲੀਲ ਦੇ ਸਾਰੇ ਇਲਾਕੇ ਵਿੱਚ ਉਹ ਦੀ ਧੁੰਮ ਪੈ ਗਈ"॥ ਮਰਕੁਸ 1:25-28

ਇਨ੍ਹਾਂ ਸ਼ਪੱਸ਼ਟ ਸ਼ੈਤਾਨੀ ਗਤੀਵਿਧੀਆਂ ਨੂੰ ਜਿਆਦਾ ਆਤਮਿਕ ਸੂਝ ਦੀ ਜਰੂਰਤ ਨਹੀਂ ਹੁੰਦੀ; ਇੱਕ ਅਵਿਸ਼ਵਾਸ਼ੀ ਵੀ ਜੋ ਰਤੀ ਭਰ ਆਤਮਿਕ ਹੁੰਦਾ ਹੈ ਬਹੁਤੀਆਂ ਸ਼ਪੱਸ਼ਟ ਸ਼ੈਤਾਨੀ ਗਤੀਵਿਧੀਆਂ ਨੂੰ ਪਛਾਣ ਸਕਦਾ ਹੈ। ਇਸ ਕਹਾਣੀ ਵਿੱਚ, ਅਸੀਂ ਦੇਖਦੇ ਹਾਂ ਕਿ ਸ਼ੈਤਾਨ ਮਨੁੱਖ ਦੇ ਗਲੇ ਦਾ ਇਸਤੇਮਾਲ ਕਰਕੇ ਉਸ ਦੁਆਰਾ ਬੋਲ ਸਕਦਾ ਹੈ, ਮਸੀਹ ਯਿਸੂ ਨੂੰ ਪਛਾਣਨਾ, ਮਸੀਹ ਯਿਸੂ ਦੇ ਆਤਮਿਕ ਅਧਿਕਾਰ ਸਾਹਮਣੇ ਡਰ ਜ਼ਾਹਿਰ ਕਰਨਾ, ਖੁਦ ਬਾਰੇ ਬਹੁਵਚਨ ਵਿੱਚ ਬੋਲਣਾ, (ਅਸੀਂ/ਸਾਨੂੰ) ਬੋਲਦੇ ਹੋਏ ਚੀਕਾਂ ਮਾਰਨਾ, ਅਤੇ ਮਨੁੱਖ ਨੂੰ ਮਰੋੜਨਾ।

ਦੂਸਰੇ ਸ਼ਪੱਸ਼ਟ ਪ੍ਰਗਟੀਕਰਨ ਹਨ: ਦੂਸਰੀ ਭਾਸ਼ਾ ਵਿੱਚ ਬੋਲਣਾ ਜਿਸ ਨੂੰ ਸ਼ੈਤਾਨ ਦਾ ਜਕੜਿਆ ਵਿਅਕਤੀ ਨਹੀਂ ਜਾਣਦਾ, ਅਲੌਕਿਕ ਗਿਆਨ ਅਤੇ ਸਮੱਰਥਾ, ਸਰਾਪ ਦੇਣਾ ਅਤੇ ਈਸ਼ਵਰ ਨਿੰਦਾ ਕਰਨਾ, ਖੰਘਣਾ ਅਤੇ ਉੱਲਟੀ ਕਰਨਾ, ਉਤੇਜਕ ਵਰਤਾਵ ਜਿਵੇਂ ਕਿ ਖੁਦ ਨੂੰ ਜਾਂ ਦੂਸਰਿਆਂ ਨੂੰ ਕੁੱਟਣਾ, ਕਿਸੇ ਦੇ ਵਾਲ਼ ਪੁੱਟਣਾ, ਖੜੀਆਂ ਹੋਈਆਂ ਅੱਖਾਂ, ਮੂੰਹ ਚਿੜਾਉਣਾ, ਜਾਨਵਰ ਵਰਗੇ ਕੰਮ ਕਰਨੇ, ਡਰਾਉਣਾ ਅਤੇ ਅਲੌਕਿਕ ਕੰਮ ਜਿਵੇਂ ਕਿ ਹਵਾ ਵਿੱਚ ਕੁੱਦਣਾ ਅਤੇ ਦੀਵਾਰਾਂ ਉੱਪਰ ਚੜਨਾ। ਪੂਰਬੀ ਲੋਕਾਂ ਨੂੰ ਅਜਿਹੇ ਸ਼ਪੱਸ਼ਟ ਲੱਛਣਾਂ ਨੂੰ ਸ਼ੈਤਾਨੀ ਕਹਿਣ

ਵਿੱਚ ਕੋਈ ਮੁਸ਼ਕਿਲ ਨਹੀਂ ਹੁੰਦੀ। ਇਸ ਦੇ ਵਿੱਰੁਧ, ਪੱਛਮੀ ਲੋਕ ਸ਼ੈਤਾਨੀ ਚਿੰਨਾਂ ਨੂੰ ਹਮੇਸ਼ਾ ਮਨੋਵਿਗਿਆਨਿਕ ਬਿਮਾਰੀ ਦੱਸ ਕੇ ਵਿਗਿਆਨਿਕ ਬਹਾਨਾ ਬਣਾਉਦੇ ਹਨ। ਕਿਉਂਕਿ ਇਸ ਤਰ੍ਹਾਂ ਦੇ ਸ਼ਪੱਸ਼ਟ ਲੱਛਣ ਆਮ ਤੌਰ ਉੱਤੇ ਵਿਕਾਸ-ਸ਼ੀਲ ਦੇਸ਼ਾ ਵਿੱਚ ਜਿਵੇਂ ਕਿ ਅਫ਼ਰੀਕਾ, ਭਾਰਤ ਅਤੇ ਕਬੀਲੇ ਖੇਤਰਾਂ ਵਿੱਚ ਹੁੰਦੇ ਹਨ, ਪੱਛਮੀ ਲੋਕ ਅਜਿਹੇ ਲੱਛਣਾ ਨੂੰ ਅਲੌਕਿਕ ਮੰਨਦੇ ਹਨ ਜਾਂ ਅਜਿਹਾ ਮੰਨਦੇ ਹਨ ਕਿ ਪੱਛਮੀ ਦੇਸ਼ਾ ਵਿੱਚ ਬਹੁਤੇ ਦੁਸ਼ਟ ਆਤਮੇ ਨਹੀਂ ਰਹਿੰਦੇ। ਇੱਕ ਦਹਾਕੇ ਦੇ ਤਜ਼ਰਬੇ ਤੋਂ ਪ੍ਰਾਪਤ ਸੂਝ ਦੀਆਂ ਗੱਲਾਂ ਦੱਸਣ ਲਈ ਮੈਨੂੰ ਇਜ਼ਾਜ਼ਤ ਦਿਉ।

ਜਿਹੜੇ ਦੁਸ਼ਟ ਆਤਮੇ ਜ਼ਿਆਦਾ ਨਿਡਰਤਾ ਦਿਖਾਉਦੇ ਹਨ ਅਤੇ ਪ੍ਰਗਟੀਕਰਨ ਕਰਦੇ ਹਨ-ਲਗਭਗ 95% ਮੂਰਤੀ ਪੂਜਾ ਅਤੇ ਜਾਦੂ ਟੂਣੇ ਤੋਂ ਆਉਂਦੇ ਹਨ। ਜਦੋਂ ਵੀ ਤੁਸੀਂ ਅਜਿਹੇ ਪ੍ਰਗਟੀਕਰਨ ਨੂੰ ਦੇਖਦੇ ਹੋਂ, ਤੁਸੀਂ ਪੱਕੇ ਤੌਰ ਉੱਤੇ ਸਮਝ ਸਕਦੇ ਹੋਂ ਕਿ ਇਹ ਦੁਸ਼ਟ ਆਤਮਾ ਮੂਰਤੀ ਪੂਜਾ ਅਤੇ ਜਾਦੂ-ਟੂਣੇ ਦਾ ਹੈ ਕਿਉਂਕਿ ਬਹੁਤੇ ਪੱਛਮੀ ਲੋਕ ਇਨ੍ਹਾਂ ਪਾਪਾਂ ਵਿੱਚ ਭਾਗ ਨਹੀ ਲੈਂਦੇ, ਅਸੀਂ ਇਸ ਤਰ੍ਹਾਂ ਦੇ ਲੱਛਣ ਜਾਂ ਪ੍ਰਗਟੀਕਰਨ ਪੱਛਮੀ ਦੇਸ਼ਾ ਵਿੱਚ ਨਾ ਮਾਤਰ ਦੇਖੇ ਹਨ।

ਭਾਰਤ, ਦਿੱਲੀ ਵਿੱਚ ਜਦ ਮੈਂ ਆਗੂਆਂ ਅਤੇ ਵਿਸ਼ਵਾਸ਼ੀਆਂ ਨੂੰ ਸਮੱਰਥਾ ਦੀ ਖੁਸ਼ ਖਬਰੀ ਦੀ ਟ੍ਰੇਨਿਗ ਦੇ ਰਿਹਾ ਸੀ, ਇੱਕ ਔਰਤ ਮੇਰੇ ਕੋਲ ਆਈ ਅਤੇ ਪੁੱਛਿਆ ਕਿ ਕੀ ਮੈਂ ਉਸ ਦੀ ਨੌਕਰਾਣੀ ਦੇਵਕੀ ਲਈ ਪ੍ਰਾਥਨਾ ਕਰ ਸਕਦਾ ਹਾਂ? ਉਸ ਨੇ ਦੱਸਿਆ, "ਮੇਰੀ ਨੌਕਰਾਣੀ ਨੇੜੇ ਦੇ ਪਿੰਡ ਵਿੱਚੋਂ ਹੈ, ਜਿਸ ਪਿੰਡ ਨੂੰ ਜਾਦੂ-ਟੂਣੇ ਕਰਕੇ ਜਾਣਿਆ ਜਾਂਦਾ ਹੈ; ਉਸ ਦੇ ਪਰਿਵਾਰ ਦਾ ਹਰ ਮੈਂਬਰ ਜਾਦੂ-ਟੂਣੇ ਵਿੱਚ ਸ਼ਾਮਲ ਸੀ। ਹੁਣ ਉਹ ਮਸੀਹ ਯਿਸੂ ਦੀ ਵਿਸ਼ਵਾਸੀ ਹੈ, ਪਰੰਤੂ ਅਕਸਰ ਦੁਸ਼ਟ ਆਤਮਿਆਂ ਤੋਂ ਦੁੱਖ ਭੋਗਦੀ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਦੁਸ਼ਟ ਆਤਮੇ ਉਸ ਕੋਲ ਰਾਤ ਨੂੰ ਆਉਦੇ ਹਨ;ਦਬਾਉਦੇ ਹਨ ਅਤੇ ਸਾਹ ਰੋਕਦੇ ਹਨ। ਦੇਵਕੀ ਦੀ ਸਹਿਮਤੀ ਨਾਲ਼ ਮੈਂ ਦੇਵਕੀ ਨੂੰ ਸੱਦਾ ਦਿੱਤਾ, ਅਤੇ ਹਾਜ਼ਰ ਲੋਕਾਂ ਦੇ ਸਾਹਮਣੇ ਉਸ ਨੂੰ ਥੱਲੇ ਬੈਠਾਇਆ। ਉਸ ਦੀਆਂ ਅੱਖਾਂ ਵਿੱਚ ਦੇਖਦੇ ਹੋਏ, ਮੈਂ ਜਾਦੂ ਅਤੇ ਟੂਣੇ ਦੀਆਂ ਦੁਸ਼ਟ ਸ਼ਕਤੀਆਂ ਨੂੰ ਉਸ

ਵਿੱਚੋਂ ਨਿਕਲਣ ਦਾ ਹੁਕਮ ਦਿੱਤਾ। ਉਸ ਦਾ ਚੇਹਰਾ ਟੇਢਾ ਹੋ ਗਿਆ– ਦੁਸ਼ਟ ਸ਼ਕਤੀਆਂ ਦਾ ਪ੍ਰਭਾਵ ਪ੍ਰਤੱਖ ਸੀ। ਦਸ ਮਿੰਟ ਦੀ ਪ੍ਰਾਥਨਾ ਵਿੱਚ ਹੀ, ਉਹ ਪੂਰੀ ਤਰ੍ਹਾਂ ਅਜ਼ਾਦ ਸੀ! ਮਿੱਤਰ, ਪਾਪਾਂ ਤੋਂ ਮਾਫ਼ੀ ਦੀ ਇਹ ਪਹਿਲੀ ਗੱਲ ਹੈ, ਅਤੇ ਦੂਸਰੀ ਗੁਲਾਮੀ ਤੋਂ ਛੁੱਟਣਾ ਹੈ! ਮਸੀਹ ਯਿਸੂ ਦੋਵੇਂ ਬਰਕਤਾਂ ਸਾਨੂੰ ਦਿੰਦੇ ਹਨ!

## ਸੂਖਮ ਗਤੀਵਿਧੀ

ਜ਼ਿਆਦਾਤਰ ਸ਼ੈਤਾਨੀ ਗਤੀਵਿਧੀ ਸ਼ਪੱਸ਼ਟ ਨਹੀਂ ਹੁੰਦੀ ਹੈ। ਸਾਡੀਆਂ ਇੰਦਰੀਆਂ ਨੂੰ ਸੂਝ ਦੀ ਟ੍ਰੇਨਿਗ ਤੋਂ ਬਿਨ੍ਹਾਂ (ਇਬਰਾਨੀਆਂ 5:14 ) ਜਾਂ ਪਵਿੱਤਰ ਆਤਮਾ ਦੀ ਸਹਾਇਤਾ ਤੋਂ ਬਿਨ੍ਹਾਂ ਸੂਖਮ ਗਤੀਵਿਧੀ ਨੂੰ ਪੱਕੇ ਤੌਰ ਉੱਤੇ ਪਛਾਣਨਾ ਲਗਭਗ ਅਸੰਭਵ ਹੈ। ਆਪਣੇ ਦੇਸ਼ ਵਿੱਚ ਵੱਡੇ ਦੀ ਉੱਮਰ ਵਿੱਚ ਮੈਂ ਅਤੇ ਮੇਰੀ ਭੈਣ ਘਰ ਦੇ ਨੇੜੇ ਦੇ ਜੰਗਲ ਵਿੱਚ ਖੇਡਦੇ ਹੁੰਦੇ ਸੀ। ਕਈ ਘੰਟੇ ਖੇਡਣ ਦੇ ਦੌਰਾਨ, ਅਸੀਂ ਇੱਕ ਜਾਂ ਦੋ ਸੱਪ ਵੇਖ ਹੀ ਲੈਂਦੇ ਸੀ। ਫਿਰ ਵੀ, ਨਜ਼ਦੀਕ ਭਾਵੇਂ ਕਿੰਨੇ ਵੀ ਸੱਪ ਕਿਉਂ ਨਾ ਹੋਣ, ਅਸੀਂ ਨਹੀਂ ਦੇਖ ਸਕਦੇ ਸੀ? ਮੈਂ ਸੱਚ ਮੰਨਦਾ ਹਾਂ ਕਿ ਹਰੇਕ ਸੱਪ ਜੋ ਅਸੀਂ ਦੇਖਿਆ, ਉਸ ਤੋਂ ਬਿਨ੍ਹਾਂ ਸੈਂਕੜੇ ਸੱਪ ਸਨ ਜਿਨ੍ਹਾਂ ਨੂੰ ਅਸੀਂ ਨਹੀਂ ਦੇਖਿਆ ਸੀ; ਉਨ੍ਹਾ ਵਿਚੋਂ ਕੁਝ ਉੱਚੇ ਘਾਹ ਵਿੱਚ, ਦੂਸਰੇ ਚਟਾਨਾਂ ਹੇਠਾਂ, ਇਥੋਂ ਤੱਕ ਕਿ ਜ਼ਮੀਨ ਹੇਠਾਂ ਵੀ ਲੁਕੇ ਹੁੰਦੇ ਸਨ। ਜਦੋਂ ਅਸੀਂ ਦੁਸ਼ਟ ਸ਼ਕਤੀਆਂ ਦਾ ਸ਼ਪੱਸ਼ਟ ਅਤੇ ਪ੍ਰਤੱਖ ਪ੍ਰਗਟਾਉ ਪਛਾਣਦੇ ਹਾਂ, ਸੈਂਕੜੇ ਸੂਖਮ, ਲੁਕੇ ਹੋਏ ਆਤਮਿਆਂ ਦੇ ਕੰਮਾਂ ਨੂੰ ਪਛਾਣਨ ਵਿੱਚ ਅਸੀਂ ਅਸਫ਼ਲ ਹੋ ਜਾਂਦੇ ਹਾਂ। ਭਾਵੇਂ ਪੂਰਬੀ ਲੋਕ ਸ਼ੈਤਾਨ ਦੇ ਸ਼ਪੱਸ਼ਟ ਕੰਮਾਂ ਨੂੰ ਸਹਿਜ਼ਤਾ ਨਾਲ ਪਛਾਣ ਲੈਂਦੇ ਹਨ, ਪਰ ਹਾਲੇ ਵੀ ਬਹੁਤੇਰੇ ਸ਼ੈਤਾਨ ਦੇ ਸ਼ੂਖਮ ਕੰਮਾਂ ਤੋਂ ਅਣਜਾਣ ਹਨ।

ਤੁਹਾਡੀਆਂ ਅੱਖਾਂ ਖੋਲਣ ਲਈ ਮੈਨੂੰ ਇਜ਼ਾਜ਼ਤ ਦਿਉ। ਹੇਠ ਲਿਖੀਆਂ ਆਇਤਾਂ ਵਿੱਚ, ਮਸੀਹ ਯਿਸੂ ਆਪਣੇ ਚੇਲਿਆਂ ਨਾ.ਲ ਪੈਦਲ ਜਾ ਰਿਹਾ ਸੀ ਅਤੇ ਉਸਨੇ ਪ੍ਰਸ਼ਨ ਪੁੱਛਣੇ ਸ਼ੁਰੂ ਕੀਤੇ।

"ਯਿਸੂ ਨੇ ਕੈਸਰੀਆ ਫ਼ਿਲਿੱਪੀ ਦੇ ਇਲਾਕੇ ਵਿੱਚ ਆਣ ਕੇ ਆਪਣੇ ਚੇਲਿਆਂ ਨੂੰ ਇਹ ਕਹਿ ਕੇ ਪੁੱਛਿਆ ਜੋ ਲੋਕ ਮਨੁੱਖ ਦੇ ਪੁੱਤ੍ਰ ਨੂੰ ਕੀ

ਆਖਦੇ ਹਨ? 0 ਓਹ ਬੋਲੇ, ਕਈ ਤਾਂ ਯੂੰਹਨਾ ਬਪਤਿਸਮਾ ਦੇਣ ਵਾਲਾ ਕਹਿੰਦੇ ਹਨ ਅਤੇ ਕਈ ਏਲੀਯਾਹ ਅਤੇ ਕਈ ਯਿਰਮਿਯਾਹ ਯਾ ਨਬੀਆਂ ਵਿੱਚੋਂ ਕੋਈ 0 ਉਸ ਨੇ ਉਨ੍ਹਾਂ ਨੂੰ ਕਿਹਾ, ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ ਜੋ ਮੈਂ ਕੌਣ ਹਾਂ? 0 ਸ਼ਮਊਨ ਪਤਰਸ ਨੇ ਉੱਤਰ ਦਿੱਤਾ ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤ੍ਰ ਹੈਂ 0 ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਧੰਨ ਹੈਂ ਤੂੰ ਸ਼ਮਊਨ ਬਰ-ਯੋਨਾਹ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ” ਮੱਤੀ 16:13-17

ਆਪਣੇ ਚੇਲਿਆਂ ਨੂੰ ਪੁੱਛਦੇ ਹੋਏ ਕਿ ਉਹ ਉਸ ਬਾਰੇ ਕੀ ਸੋਚਦੇ ਹਨ, ਪਤਰਸ ਨੂੰ ਮਸੀਹ ਯਿਸੂ ਦੀ ਪਛਾਣ ਦੇ ਸੰਬੰਧ ਵਿੱਚ, ਸਵਰਗੀ ਪਿਤਾ ਵਲੋਂ ਬੁੱਧ ਦੇ ਵਚਨ ਦਾ ਸਿੱਧਾ ਪ੍ਰਕਾਸ਼ਨ ਪ੍ਰਾਪਤ ਹੁੰਦਾ ਹੈ। ਜਿਵੇਂ ਹੀ ਪਤਰਸ ਸਵਰਗੀ ਸੂਝ ਨਾਲ਼ ਉੱਤਰ ਦਿੰਦਾ ਹੈ, ਮਸੀਹ ਯਿਸੂ ਤੁਰੰਤ ਉਸ ਦੀ ਗੱਲ ਨੂੰ , ਪਰਮੇਸ਼ਵਰ ਵੱਲੋਂ ਉੱਤਰ ਦੇ ਰੂਪ ਵਿੱਚ ਦਿੱਤੇ ਪ੍ਰਕਾਸ਼ ਨੂੰ ਪੱਕਾ ਕਰਦਾ ਹੈ। ਬਿਨ੍ਹਾਂ ਸ਼ੱਕ ਤੋਂ, ਇਸ ਗੱਲ ਨੇ ਉਸ ਦੇ ਮੁਕਾਬਲੇ ਦੇ ਸ਼ਿਖਰ ਨੂੰ ਸਮੱਰਥਨ ਦਿੱਤਾ ਅਤੇ ਬਾਰਾਂ ਚੇਲਿਆਂ ਵਿੱਚ ਉਸ ਦੇ ਰੁਤਬੇ ਨੂੰ ਵਧਾਇਆ। ਯਾਦ ਰੱਖੋ, ਉਹ ਬਾਰਾਂ ਹੀ ਆਪਣੇ ਆਪ ਦਾ ਅਧਿਕਾਰ ਜਤਾਉਦੇਂ ਸਨ ਅਤੇ ਖੁਦ ਨੂੰ ਮਹਾਨ ਦੱਸਣ ਲਈ ਬਹਿਸ ਕਰਦੇ ਸਨ (ਮਰਕੁਸ 9:33-34 )। ਕੁਝ ਮਿੰਟਾਂ ਬਾਦ, ਮਸੀਹ ਯਿਸੂ ਨੇ ਆਪਣੇ ਆਉਣ ਵਾਲੇ ਕਸ਼ਟਾ ਦੀ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਭਵਿੱਖਵਾਣੀ ਕਰਨੀ ਸ਼ੁਰੂ ਕੀਤੀ। ਅਚਾਨਕ ਪਤਰਸ ਦੇ ਸੁਭਾਅ ਵਿੱਚ ਪ੍ਰਤੱਖ ਤਬਦੀਲੀ ਆਈ। ਆਉ ਅਸੀਂ ਪੜਦੇ ਹਾਂ।

“ਉਸ ਸਮੇਂ ਤੋਂ ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਭਈ ਮੈਨੂੰ ਜਰੂਰ ਹੈ ਜੋ ਯਰੂਸ਼ਲਮ ਨੂੰ ਜਾਵਾਂ ਅਤੇ ਬਜੁਰਗਾਂ ਅਤੇ ਪਰਧਾਨ ਜਾਜਕਾਂ ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁੱਖ ਝੱਲਾਂ ਅਤੇ ਮਾਰ ਦਿੱਤਾ ਜਾਵਾਂ ਅਤੇ ਤੀਏ ਦਿਨ ਜੀ ਉਠਾਂ 0 ਤਦ ਪਤਰਸ ਉਹ ਨੂੰ ਇੱਕ ਪਾਸੇ ਕਰ ਕੇ ਝਿੜਕਣ ਲੱਗਾ ਅਤੇ ਉਹ ਨੂੰ ਕਿਹਾ, ਪ੍ਰਭੁ ਜੀ ਪਰਮੇਸ਼ੁਰ ਏਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ! 0 ਪਰ ਉਹ ਨੇ ਮੁੜ ਕੇ ਪਤਰਸ ਨੂੰ ਆਖਿਆ, ਹੇ ਸ਼ਤਾਨ ਮੈਥੋਂ ਪਿੱਛੇ ਹਟ! ਤੂੰ ਮੇਰੇ ਲਈ ਠੋਕਰ ਹੈਂ ਕਿਉਂ ਜੋ ਤੂੰ ਪਰਮੇਸ਼ੁਰ

ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ" ਮੱਤੀ 16:21-23

ਇਸ ਤੋਂ ਪਹਿਲਾਂ ਕਦੇ ਵੀ ਅਸੀਂ ਪਤਰਸ ਨੂੰ ਮਸੀਹ ਯਿਸੂ, ਨੂੰ ਇੱਕ ਪਾਸੇ ਲਿਜਾ ਕੇ ਟੋਕਦੇ ਹੋਏ ਅਤੇ ਉਸ ਨੂੰ ਝਿੜਕਦੇ ਹੋਏ ਨਹੀਂ ਦੇਖਦੇ। "ਝਿੜਕਣਾ" ਸ਼ਬਦ ਯੂਨਾਨੀ ਵਿੱਚ "ਏਪੀਟੀਮਾਓ" ਹੈ, ਜਿਸ ਦਾ ਅਰਥ ਹੈ ਤਾੜਨਾ, ਗੰਭੀਰ ਨਿੰਦਿਆਂ, ਚੇਤਾਵਨੀ ਅਤੇ ਨਸੀਹਤ, ਬਹੁਤ ਵੱਡਾ ਦੋਸ਼ ਲਗਾਉਣਾ।

ਪਤਰਸ ਨੇ ਖੁਦ ਨੂੰ ਆਪਣੇ ਸਵਾਮੀ ਅਤੇ ਉਸਤਾਦ ਦੇ ਉੱਪਰ ਹੋਣ ਦਾ ਦਾਵਾ ਕੀਤਾ, ਉਸ ਦੇ ਵਚਨਾਂ ਨੂੰ ਚੁਨੌਤੀ ਦਿੱਤੀ, ਅਤੇ ਉਸ ਦੀ ਇੱਛਾ ਦਾ ਵਿਰੋਧ ਕੀਤਾ। ਪਤਰਸ ਨੇ ਅਜਿਹਾ ਕਿਉਂ ਕੀਤਾ? ਕੀ ਮੈਂ ਸੁਝਾਅ ਦੇ ਸਕਦਾ ਹਾਂ ਕਿ ਪਤਰਸ ਨੇ ਦੂਸਰੀ ਆਤਮਾ ਨੂੰ ਸੁਣਨਾ ਅਤੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ, ਪਵਿੱਤਰ ਆਤਮਾ ਨੂੰ ਨਹੀਂ, ਪਰੰਤੂ ਅੰਧਕਾਰ ਦੀ ਧੋਖਾ ਦੇਣ ਵਾਲੀ ਆਤਮਾ ਨੇ ਉਸ ਨੂੰ ਧੋਖਾ ਦਿੱਤਾ ਸੀ? ਸ਼ਾਇਦ ਕੁਝ ਮਿੰਟ ਪਹਿਲਾਂ ਪਿਤਾ ਦੀ ਅਵਾਜ਼ ਸੁਣਨ ਨੇ ਉਸ ਦੀ ਸਮਝ ਦੀ ਸੁਰੱਖਿਆ ਕੀਤੀ ਸੀ। ਸ਼ੈਤਾਨ ਬਹੁਤ ਧੋਖੇਬਾਜ਼ ਹੈ, ਅਕਸਰ ਆਪਣੇ-ਆਪ ਨੂੰ ਜੋਤੀ ਦੇ ਸਵਰਗ ਦੂਤ ਦੇ ਰੂਪ ਵਿੱਚ ਦਿਖਾਉਦਾ ਹੈ ( 2 ਕੁਰਿੰਥੀਆਂ 11:14 )

ਪਤਰਸ ਵੱਲ ਮੁੜਦੇ ਹੋਏ ਮਸੀਹ ਯਿਸੂ ਉੱਤਰ ਦਿੰਦਾ ਹੈ ਅਤੇ ਸਿੱਧੇ ਰੂਪ ਵਿੱਚ ਬੋਲਦੇ ਹੋਏ ਉਸ ਨੂੰ ਕਹਿੰਦਾ ਹੈ, "ਹੇ ਸ਼ਤਾਨ, ਮੈਥੋਂ ਪਿੱਛੇ ਹਟ!" ਇਸ ਗੱਲ ਨੂੰ ਪੱਕਾ ਕਰੋ, ਕਿ ਅਸੀਂ ਮਸੀਹ ਯਿਸੂ ਦੇ ਬੋਲਣ ਨੂੰ ਗਲਤ ਨਹੀਂ ਸਮਝਾਂਗੇ: ਸ਼ਟਾਨਸ਼ (ਸ਼ਤਾਨ) ਅਤੇ ਹੁਪੈਗੋ (ਦੂਰ ਹੋ ਜਾ, ਚੱਲਾ ਜਾ) ਉਹ ਯੂਨਾਨੀ ਸ਼ਬਦ ਹਨ ਜਿਹੜੇ ਮਸੀਹ ਯਿਸੂ ਨੇ ਜੰਗਲ ਵਿੱਚ ਸ਼ੈਤਾਨ ਨੂੰ ਝਿੜਕਦੇ ਹੋਏ ਅਤੇ ਹੁਕਮ ਦਿੰਦੇ ਹੋਏ ਵਰਤੇ ਸਨ।

"ਤਦੋਂ ਯਿਸੂ ਨੇ ਉਸ ਨੂੰ ਕਿਹਾ, ਹੇ ਸ਼ਤਾਨ ਚੱਲਿਆ ਜਾਹ! ਕਿਉਂ ਜੋ ਲਿਖਿਆ ਹੈ* ਭਈ ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਮੱਥਾ ਟੇਕ ਅਤੇ ਉਸੇ ਇੱਕਲੇ ਦੀ ਉਪਾਸਨਾ ਕਰ" ਮੱਤੀ 4:10

ਸ਼ਾਰ ਹੈ, ਮਸੀਹ ਯਿਸੂ ਨੇ ਪਤਰਸ ਵਿੱਚੋਂ ਸ਼ੈਤਾਨ ਨੂੰ ਕੱਢਿਆ, ਕਿਉਂਕਿ ਸ਼ੈਤਾਨ ਪਤਰਸ ਦੇ ਵਿਚਾਰਾਂ ਅਤੇ ਭਾਵਨਾਵਾਂ (ਮਨ) ਦੇ ਅੰਦਰ ਆ ਗਿਆ ਸੀ, ਅਤੇ ਉਸ ਦੀ ਇਛਾ ਨੂੰ ਰੋਕਦੇ ਹੋਏ ਉਸ ਨੂੰ ਪ੍ਰਭਾਵਿਤ ਕਰ ਰਿਹਾ ਸੀ।ਕੀ ਉੱਥੇ ਸ਼ੈਤਾਨ ਦਾ ਸ਼ਪੱਸ਼ਟ ਪ੍ਰਗਟਾਉ ਸੀ, ਜਿਵੇਂ ਕਿ ਗੜਬੜ, ਚੀਕਾਂ ਮਾਰਨਾ, ਬੁਰੇ ਤਰੀਕੇ ਨਾਲ਼ ਹਿਲਣਾ ਆਦਿ ਬਿਲਕੁਲ ਨਹੀਂ।ਪਤਰਸ ਖੁਦ ਵਿਚਾਰਾਂ, ਭਾਵਨਾਵਾਂ ਅਤੇ ਇਛਾਵਾਂ ਨੂੰ ਜਿਨ੍ਹਾਂ ਨੇ ਉਸ ਨੂੰ ਬੋਲਣ ਅਤੇ ਅਜਿਹਾ ਕੰਮ ਕਰਨ ਲਈ ਮਜ਼ਬੂਰ ਕੀਤਾ ਸੀ, ਪਛਾਣ ਕਰਨ ਦੇ ਅਯੋਗ ਸੀ।ਜਦ ਪਤਰਸ ਵਿੱਚੋਂ ਸ਼ੈਤਾਨ ਨੂੰ ਕੱਢਿਆ ਗਿਆ, ਕੀ ਉਸ ਦੇ ਮੂੰਹ ਵਿਚੋਂ ਝੱਗ ਆ ਰਹੀ ਸੀ ਅਤੇ ਜ਼ਮੀਨ ਉੱਤੇ ਡਿੱਗ ਕੇ ਪਾਣੀ ਤੋਂ ਬਾਹਰ ਕੱਢੀ ਮੱਛੀ ਵਾਂਗ ਤੜਪ ਰਿਹਾ ਸੀ? ਬਿਲਕੁਲ ਵੀ ਨਹੀਂ।ਪਤਰਸ ਨੂੰ ਕੁਝ ਵੀ ਪਤਾ ਨਹੀਂ ਲੱਗਿਆ ਕਿ ਸ਼ੈਤਾਨ ਨੇ ਉਸ ਉੱਪਰ ਕਦ ਕਬਜ਼ਾ ਕਰ ਲਿਆ ਹੈ।ਜਦੋਂ ਮਸੀਹ ਯਿਸੂ ਨੇ ਦੁਸ਼ਟ ਆਤਮਾ ਨੂੰ ਕੱਢਿਆ, ਪਤਰਸ ਨੂੰ ਕਿਸੇ ਪ੍ਰਕਾਰ ਦਾ ਅਜ਼ੀਬ ਲੱਛਣ ਨਹੀਂ ਹੋਇਆ, ਪਰੰਤੂ ਉਹ ਅਜ਼ਾਦ ਹੋ ਗਿਆ ਸੀ।

ਸ਼ੂਖਮ ਸ਼ੈਤਾਨੀ ਗਤੀਵਿਧੀਆਂ ਨੂੰ ਪਛਾਣਨ ਵਿੱਚ ਸਮੱਸਿਆ ਹੈ ਕਿ ਦੁਸ਼ਟ ਸ਼ਕਤੀਆਂ ਹੀ ਸ਼ੈਤਾਨੀ ਗਤੀਵਿਧੀ ਦਾ ਸ਼ਰੋਤ ਨਹੀਂ ਹੁੰਦੀਆਂ; ਪਾਪ ਭਰੀ ਮਾਨਵਤਾ ਡਿੱਗ ਪਈ ਹੈ ਅਤੇ ਸ਼ੈਤਾਨੀ ਸੁਭਾਅ ਨਾਲ਼ ਜਕੜੀ ਹੋਈ ਹੈ, ਜੋ ਦੁਸ਼ਟ ਆਤਮਿਆਂ ਦੀ ਸਹਾਇਤਾ ਤੋਂ ਬਿਨ੍ਹਾਂ ਹੀ ਪਾਪ ਕਰ ਸਕਦੀ ਹੈ।ਦੂਸਰਾ ਸੰਸਾਰ ਦਾ ਵਤੀਰਾ ਭਰਿਸ਼ਟ ਸੱਭਿਆਚਾਰ ਹੈ ਜੋ ਦੁਸ਼ਟਤਾ ਅਤੇ ਸਵਾਰਥ ਵੱਲ ਝੁਕਿਆ ਹੋਇਆ ਹੈ।ਫਿਰ ਵੀ, ਝੂਠ, ਝੂਠ ਦੇ ਪਿਤਾ ਸ਼ੈਤਾਨ ਵਲੋਂ ਆਉਦੇਂ ਹਨ ਅਤੇ ਸੰਸਾਰ ਦਾ ਵਤੀਰਾ ਉਸ ਦੀ ਜ਼ੰਗੀਰ ਅਤੇ ਉਤਪਾਦ ਹੈ (1 ਯੂੰਹਨਾ 5:19 )

ਭਾਵੇਂ ਸਾਡੇ ਵਿੱਚ ਅਜ਼ਾਦੀ ਨਾਲ ਸ਼ੈਤਾਨੀ ਪਾਪ ਦੀ ਯੋਗਤਾ ਹੈ ਅਸੀਂ ਇਸ ਡਿੱਗੇ ਹੋਏ ਸੰਸਾਰ ਨੂੰ ਉਨ੍ਹਾਂ ਦੇ ਪ੍ਰਭਾਵ ਤੋਂ ਵੱਖ ਨਹੀਂ ਕਰ ਸਕਦੇ।ਪੱਛਮੀ ਮਸੀਹੀਅਤ ਦੁਸ਼ਟ ਆਤਮਿਆਂ ਦੀ ਅਸਲੀਅਤ ਨੂੰ ਖਾਰਿਜ਼ ਕਰਦੇ ਹਨ ਅਤੇ ਗਲਾਤੀਆਂ 5 ਦਾ ਜ਼ਿਕਰ ਕਰਦੇ ਹੋਏ ਸ਼ਰੀਰਕਤਾ ਨੂੰ ਪਾਪ ਹੋਣ ਵਾਸਤੇ ਦੋਸ਼ੀ ਠਹਿਰਾਉਦੇਂ ਹਨ।

"ਹੁਣ ਸਰੀਰ ਦੇ ਕੰਮ ਤਾਂ ਪਰਗਟ ਹਨ। ਓਹ ਏਹ ਹਨ—ਹਰਾਮਕਾਰੀ, ਗੰਦ ਮੰਦ, ਲੁੱਚਪੁਣਾ, 0 ਮੂਰਤੀ ਪੂਜਾ, ਜਾਦੂਗਰੀ, ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜ਼ੀਆਂ, ਫੁੱਟਾਂ, ਬਿਦਤਾਂ, 0 ਖਾਰ, ਨਸ਼ੇ, ਬਦਮਸਤੀਆਂ, ਅਤੇ ਹੋਰ ਇਹੋ ਜੇਹੇ ਕੰਮ। ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ ਮੈਂ ਅੱਗੇ ਆਖਿਆ ਸੀ ਭਈ ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਓਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ" "ਸਰੀਰ ਦੇ ਕੰਮ (ਯੂਨਾਨੀ ਭਾਸ਼ਾ ਵਿੱਚ ਸ਼ਾਰਕਸ਼) ਗਲਾਤੀਆਂ 5:19-21 (ਵਿਆਖਿਆ ਅਤੇ ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਜਿਵੇਂ ਕਿ ਤੁਸੀਂ ਇਹ ਸੂਚੀ ਵਿੱਚ ਪੜਦੇ ਹੋਂ, ਕੀ ਤੁਸੀਂ ਸ਼ੈਤਾਨੀ ਬੁੱਧੀ ਨੂੰ ਪ੍ਰਾਪਤ ਕਰਨ ਲਈ ਕੀਤੇ ਹੋਏ ਨਿਡਰਤਾ ਵਾਲੇ ਪਾਪਾਂ ਤੋਂ ਹੋਂ, ਜਿਵੇਂ ਕਿ ਮੂਰਤੀ ਪੂਜ਼ਾ ਅਤੇ ਜਾਦੂ ਟੂਣਾ? ਕੇਵਲ ਭੌਤਿਕ ਸਰੀਰ ਹੀ ਇਨ੍ਹਾਂ ਪਾਪਾਂ ਨੂੰ ਕਰਨ ਦੇ ਯੋਗ ਨਹੀਂ ਹੁੰਦਾ, ਉਨ੍ਹਾਂ ਨੂੰ ਕਰਨ ਲਈ ਸ਼ੈਤਾਨੀ ਪ੍ਰਭਾਵ ਦੀ ਜ਼ਰੂਰਤ ਹੁੰਦੀ ਹੈ। ਕੀ ਪਾਪ ਕੇਵਲ ਭੌਤਿਕ ਸਰੀਰ ਦੁਆਰਾ ਹੀ ਕੀਤੇ ਜਾਂਦੇ ਹਨ ਜਾਂ ਦੁਸ਼ਟ ਆਤਮਿਆਂ ਦੁਆਰਾ, ਪਰ ਸਰੀਰ ਪ੍ਰਭਾਵਿਤ ਹੁੰਦਾ ਹੈ? ਕੀ ਸਾਡੀ ਲੜਾਈ ਸੱਚਮੁੱਚ ਸਰੀਰ੍ਕਤਾ ਦੇ ਵਿਰੁੱਧ ਹੈ? ਆਓ ਅਸੀਂ ਇਨ੍ਹਾਂ ਦਾ ਉੱਤਰ ਹੇਠ ਲਿਖੇ ਵਚਨਾਂ ਨੂੰ ਪੜਦੇ ਹੋਏ ਦੇਈਏ।

"ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ਼ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ, ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦਾ ਹੈ ਜੋ ਸੁਰਗੀ ਥਾਵਾਂ ਵਿੱਚ ਹਨ" "ਸਰੀਰ ਯੂਨਾਨੀ ਭਾਸ਼ਾ ਵਿੱਚ ਸ਼ਾਰਕਸ਼) ਅਫ਼ਸੀਆਂ 6:12 (ਵਿਆਖਿਆ ਅਤੇ ਮੇਰੇ ਦੁਆਰਾ ਖਾਸ ਧਿਆਨ)

ਰਸੂਲ ਪੌਲੂਸ ਅੰਤਰ-ਸੂਝ ਦਿੰਦਾ ਹੈ ਕਿ ਵਿਸ਼ਵਾਸੀ ਦੀ ਲੜਾਈ ਮਨੁੱਖੀ ਸੁਭਾਅ ਨਾਲ ਨਹੀਂ ਹੈ, ਕਿਉਂਕਿ ਸਾਡਾ ਪੁਰਾਣਾ ਸੁਭਾਅ ਮਸੀਹ ਯਿਸੂ ਨਾਲ ਸ਼ੂਲੀ ਚਾੜਿਆ ਗਿਆ ਅਤੇ ਮਾਰਿਆ ਗਿਆ ਅਤੇ ਨਸ਼ਟ ਕਰ ਦਿੱਤਾ ਗਿਆ (ਰੋਮੀਆਂ 6:6-7,11, 18 )। ਵਿਸ਼ਵਾਸ਼ੀ ਹੁੰਦੇ ਹੋਏ, ਅਸੀਂ ਡਿੱਗੇ ਹੋਏ ਸੁਭਾਅ ਨਾਲ਼ ਸ਼ੰਘਰਸ਼ ਨਹੀਂ ਕਰਦੇ, ਕਿਉਕਿ ਅਸੀਂ ਮਸੀਹ ਯਿਸੂ ਵਿੱਚ ਨਵੀਂ ਸ਼੍ਰਿਸ਼ਟੀ ਹਾਂ (2 ਕੁਰਿੰਥੀਆਂ 5:17 )। ਸਾਡਾ

ਸੰਘਰਸ਼ ਸ਼ੈਤਾਨੀ ਸ਼ਕਤੀਆਂ ਦੇ ਵਿਰੁੱਧ ਹੈ ਜੋ ਸਰੀਰਕਤਾ (ਸ਼ਾਰਕਸ਼) ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਸ਼ਰੀਰਕਤਾ ਦੁਆਰਾ ਕੰਮ ਕਰਨਾ ਲੋਚਦੀਆਂ ਹਨ। ਤੁਸੀਂ ਖੁਦ ਦੇ ਦੁਸ਼ਮਣ ਨਹੀਂ ਹੋਂ, ਤੁਹਾਡਾ ਸਰੀਰ ਤੁਹਾਡਾ ਦੁਸ਼ਮਣ ਨਹੀਂ ਹੈ। ਵਿਸ਼ਵਾਸ਼ੀ ਹੁੰਦੇ ਹੋਏ, ਹਮੇਸ਼ਾ ਦੀ ਅਜ਼ਾਦੀ ਲਈ ਸਾਨੂੰ ਆਪਣੇ ਮਨਾਂ ਨੂੰ ਨਵੀਨੀਕਰਨ (ਰੋਮੀਆਂ 12:2 ) ਅਤੇ ਸ਼ੈਤਾਨ ਦਾ ਸਾਹਮਣਾ ਕਰਨ (ਯਕੂਬ 4:7 ) ਦੀ ਜ਼ਰੂਰਤ ਹੈ।

## ਤਿੰਨ ਉਪਯੋਗੀ ਪ੍ਰਸ਼ਨ

ਇਸ ਤਰ੍ਹਾਂ, ਅਸੀਂ ਕਿਵੇਂ ਸ਼ੈਤਾਨ ਦੀ ਮੌਜੂਦਗੀ ਅਤੇ ਕਿਰਿਆਂ ਨੂੰ ਜਾਣਦੇ ਹਾਂ? ਪਵਿੱਤਰ ਆਤਮਾ ਦੀ ਸਹਾਇਤਾ ਤੋਂ ਬਿਨ੍ਹਾਂ, ਇਸ ਨੂੰ ਜਾਣਨਾ 100% ਅਸੰਭਵ ਹੈ। ਫਿਰ ਵੀ, ਦੁਸ਼ਟ ਆਤਮਿਆਂ ਨੂੰ ਕੱਢਣ ਦੇ ਇੱਕ ਦਹਾਕੇ ਦੇ ਤਜ਼ਰਬੇ ਤੋਂ ਬਾਦ, ਮੈਂ ਤਿੰਨ ਬੁਨਿਆਦੀ ਪ੍ਰਸ਼ਨ ਬਣਾਏ ਹਨ, ਜਿਹੜੇ ਅਦਭੁਤ ਤਰੀਕੇ ਨਾਲ਼ ਬਹੁਤੇ ਲੋਕਾਂ ਅਤੇ ਪ੍ਰਸਥਿਤੀਆਂ ਨੂੰ ਠੀਕ ਕਰ ਦਿੰਦੇ ਹਨ। ਬਹੁਤੀਆਂ ਸੂਖਮ ਸ਼ੈਤਾਨੀ ਗਤੀਵਿਧੀਆਂ ਵਿਚਾਰਾਂ, ਭਾਵਨਾਵਾਂ, ਅਤੇ ਇਛਾਵਾਂ ਦੇ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ, ਜਿਹੜੀਆਂ ਆਖਿਰਕਾਰ ਵਿਵਹਾਰ ਵਿੱਚ ਸ਼ਾਮਲ ਹੋ ਜਾਂਦੀਆਂ ਹਨ। ਸਾਰੀ ਜਾਨ ਅਤੇ ਸਰੀਰ ਵਿੱਚ ਇਹ ਵਿਚਾਰ ਭਾਵਨਾਵਾਂ ਅਤੇ ਇਛਾਵਾਂ ਸ਼ੈਤਾਨ ਦੇ ਪ੍ਰਗਟੀਕਰਨ ਦੁਆਰਾ ਆਉਦੀਆਂ ਹਨ।

1. ਕੀ ਤੁਸੀਂ ਸੋਚਾਂ, ਭਾਵਨਾਵਾਂ ਅਤੇ ਵਿਚਾਰਾਂ ਦੇ ਦੁਹਰਾਏ ਜਾਣ ਅਤੇ ਬਦਲਾਵ ਦੀ ਰੁਕਾਵਟ ਅਹਿਸਾਸ ਕਰ ਰਹੇ ਹੋਂ?

   ਡਰ ਦੀਆਂ ਸੋਚਾਂ, ਕਾਮੁਕ ਕਲਪਨਾਵਾਂ, ਅਣਜਾਣ ਕ੍ਰੋਧ, ਭਾਵਨਾਵਾਂ ਦਾ ਤਿਆਗ ਆਦਿ ਜਿਹੜਾ ਤੁਹਾਨੂੰ ਨਿਰੰਤਰ ਸਤਾਉਂਦਾ ਹੈ ਅਤੇ ਛੱਡਦਾ ਨਹੀਂ। ਅੱਧੀ ਰਾਤ ਨੂੰ ਆਉਣ ਵਾਲ਼ੇ ਚਿੱੜ-ਚਿੜੇ ਮੱਛਰ ਦੀ ਤਰ੍ਹਾਂ ਉਹ ਵੀ ਨਿਰੰਤਰ ਵਾਪਸ ਆ ਜਾਂਦੇ ਹਨ, ਚਾਹੇ ਤੁਸੀਂ ਉਨ੍ਹਾਂ ਨੂੰ ਵਾਰ-ਵਾਰ ਧੱਕੇ ਮਾਰੋਂ।

2. ਕੀ ਤੁਸੀਂ ਵਿਚਾਰ, ਭਾਵਨਾਵਾਂ ਅਤੇ ਇਛਾਵਾਂ ਜਿਹੜੀਆਂ ਆਮ ਤੌਰ ਉੱਤੇ ਥੋੜੇ ਸਮੇਂ ਲਈ, ਵੱਡੇ ਰੂਪ ਵਿੱਚ ਨਿਯੰਤਰਣ ਕਰਨ ਲਈ ਪ੍ਰਭਾਵਿਤ ਕਰਦੀਆਂ ਹਨ, ਨੂੰ ਅਨੁਭਵ ਕਰਦੇ ਹੋਂ?

ਇੱਕ ਅਚਾਨਕ ਸਫ਼ਲਤਾ ਜਿਹੜੀ ਆਮ ਤੌਰ ਉੱਤੇ ਤੁਰੰਤ ਪਛਤਾਵੇ ਤੋਂ ਹੁੰਦੀ ਹੈ।ਬਹੁਤ ਸਾਰੇ ਆਗੂ ਅਤੇ ਵਿਸ਼ਵਾਸ਼ੀ ਮੇਰੇ ਸਾਹਮਣੇ ਉਲਝਣ ਦੱਸ ਚੁੱਕੇ ਹਨ ਕਿ ਕਿਵੇਂ ਇੱਕ ਛੋਟਾ ਜਿਹਾ ਮਤਭੇਦ ਪਤੀ-ਪਤਨੀ ਵਿੱਚ ਬੇਕਾਬੂ ਚਿਲਾਉਣ ਅਤੇ ਸਰੀਰਕ ਹਮਲੇ ਦੇ ਰੂਪ ਵਿੱਚ ਫੁੱਟ ਨਿਕਲਦਾ ਹੈ ਅਤੇ ਤੁਰੰਤ ਦੁੱਖ ਅਤੇ ਪਛਤਾਵੇ ਦੁਆਰਾ ਖਤਮ ਹੋ ਜਾਂਦਾ ਹੈ।ਇਸ ਤਰ੍ਹਾਂ ਦੇ ਲੋਕ ਦੋਬਾਰਾ ਅਜਿਹਾ ਕਦੇ ਵੀ ਨਾ ਕਰਨ ਦਾ ਫ਼ੈਸਲਾ ਲੈਂਦੇ ਹਨ, ਪਰ ਨਿਯੰਤਰਣ ਕਰਨ ਵਾਲ਼ੀਆਂ ਸ਼ਕਤੀਆਂ ਦੇ ਜ਼ਾਲ ਵਿੱਚ ਫ਼ਸ ਜਾਂਦੇ ਹਨ।

3. ਕੀ ਤੁਸੀਂ ਵਿਚਾਰਾਂ, ਭਾਵਨਾਵਾਂ ਅਤੇ ਇੱਛਾਵਾਂ ਜਿਹੜੀਆਂ ਕੁਝ ਖਾਸ ਵਾਤਾਵਰਨਾਂ, ਕਿਰਿਆਵਾਂ, ਜਾਂ ਪ੍ਰਸਥਿਤੀਆਂ ਵਿੱਚ ਵੱਧਦੀਆਂ ਹਨ, ਨੂੰ ਅਨੁਭਵ ਕਰਦੇ ਹੋਂ?

:ਜਿਵੇਂ ਕਿ ਬਾਈਬਲ ਪੜ੍ਹਨ, ਪ੍ਰਾਥਨਾ ਕਰਨ, ਇੱਕਲੇ ਹੋਣ, ਕਿਸੇ ਖਾਸ ਸ਼ਥਾਨ ਉਤੇ ਹੋਣ, ਜਾਂ ਕੁਝ ਖਾਸ ਲੋਕਾਂ ਨਾਲ਼ ਹੋਣ ਵੇਲੇ?

ਬਹੁਤ ਸਾਰੇ ਪਹਿਲੀ ਪੀੜ੍ਹੀ ਦੇ ਵਿਸ਼ਵਾਸ਼ੀ ਜਿਹੜੇ ਮੂਰਤੀ ਪੂਜਕ ਰਹਿ ਚੁੱਕੇ ਹਨ, ਜਨਮ ਤੋਂ ਹੀ ਮੂਰਤੀ ਨੂੰ ਸ਼ਮਰਪਿਤ ਹੁੰਦੇ ਹਨ, ਜਾਂ ਜਾਦੂ-ਟੂਣੇ ਵਿੱਚ ਸ਼ਾਮਲ ਹੁੰਦੇ ਹਨ ਨੂੰ ਬਾਈਬਲ ਪੜਨ ਅਤੇ ਪ੍ਰਾਥਨਾ ਕਰਨ

ਵਿੱਚ ਮੁਸ਼ਕਿਲ ਆਉਦੀ ਹੈ।ਅਚਾਨਕ ਹੀ ਉਹ ਸੁਸਤ ਹੋ ਜਾਂਦੇ ਹਨ ਅਤੇ ਜਾਗਦੇ ਰਹਿਣਾ ਉਨ੍ਹਾਂ ਲਈ ਮੁਸ਼ਕਿਲ ਹੋ ਜਾਂਦਾ ਹੈ, ਅਤੇ ਰੁਕਾਵਟ ਦੀ ਇੱਕ ਭਾਵਨਾ ਉਨ੍ਹਾਂ ਨੂੰ ਪਰਮੇਸ਼ਵਰ ਨਾਲ਼ ਗੱਲ ਕਰਨ ਤੋਂ ਰੋਕਦੀ ਹੈ।ਦੂਸਰੇ ਗਲਤੀ ਅਤੇ ਸ਼ਰਮ ਨਾਲ਼ ਦੁੱਖੀ ਹੋ ਜਾਂਦੇ ਹਨ ਅਤੇ ਜਿਵੇਂ ਹੀ ਉਹ ਪ੍ਰਾਥਨਾ ਕਰਦੇ ਹਨ ਉਨ੍ਹਾ ਨੂੰ ਡਰ ਲੱਗਦਾ ਹੈ।ਅਤੇ ਹੋਰ ਦੂਸਰੇ ਲਾਲਸਾਵਾਂ ਦੀਆਂ ਇਛਾਵਾਂ ਦੀ ਬਹੁਤਾਇਤ ਨੂੰ, ਜੋ ਕਦੇ ਵੀ ਸੰਤੁਸ਼ਟ ਨਹੀਂ ਹੁੰਦੀ ਨੂੰ ਅਨੁਭਵ ਕਰਦੇ ਹਨ।

ਅਗਰ ਕੋਈ ਇੰਨ੍ਹਾਂ ਤਿੰਨ ਪ੍ਰਸ਼ਨਾ ਵਿੱਚੋਂ ਇੱਕ ਦਾ ਉੱਤਰ ਹਾਂ ਵਿੱਚ ਦਿੰਦਾ ਹੈ, ਤਾਂ ਸ਼ੈਤਾਨ ਨੂੰ ਸਰਗਰਮ ਰਹਿਣ ਲਈ ਇਹ ਇੱਕ ਚੰਗਾ ਮੌਕਾ ਹੈ।ਅਗਰ ਉਹ ਦੋ ਜਾਂ ਤਿੰਨ ਪ੍ਰਸ਼ਨਾਂ ਦਾ ਉੱਤਰ ਹਾਂ ਵਿੱਚ ਦੇ ਸਕਦਾ ਹੈ ਤਾਂ ਪੱਕੇ ਤੌਰ ਉੱਤੇ ਇੱਕ ਦੁਸ਼ਟ ਆਤਮਾ ਮੌਜੂਦ ਹੈ।

ਜੇਕਬ, ਅਫ਼ਰੀਕਾ ਵਿੱਚ ਇੱਕ ਕਲੀਸਿਯਾ ਸੰਸਥਾਪਕ, ਮੇਰੇ ਕੋਲ ਭਾਰਤ ਵਿੱਚ ਸਿੱਖਣ ਆਇਆ ਕਿ ਬਿਮਾਰਾਂ ਨੂੰ ਕਿਵੇਂ ਚੰਗਾ ਕੀਤਾ ਜਾਵੇ ਅਤੇ ਦੁਸ਼ਟ ਆਤਮਿਆਂ ਨੂੰ ਕਿਵੇਂ ਕੱਢਿਆ ਜਾਵੇ? ਖੁਸ਼ ਖਬਰੀ ਦੀ ਸਮੱਰਥਾ ਵਿੱਚ ਸੇਵਕਾਈ ਕਰਦੇ ਹੋਏ, ਅਸੀਂ ਪਿੰਡ ਤੋਂ ਪਿੰਡ ਸਫ਼ਰ ਕੀਤਾ।ਮੈਂ ਚੰਡੀਗੜ੍ਹ ਦੇ ਨੇੜੇ ਤੀਹ ਪਾਸਬਾਨਾ ਲਈ ਛੁਟਕਾਰੇ ਦਾ ਸੈਮੀਨਾਰ ਰੱਖਿਆ।ਸੂਖਮ ਸ਼ੈਤਾਨੀ ਗਤੀਵਿਧੀਆਂ ਨੂੰ ਸਮਝਣ ਵਾਸਤੇ ਸਿੱਖਣ ਦੌਰਾਨ ਜੇਕਬ ਨੇ ਵਿਅਕਤੀਗਤ ਪ੍ਰਾਥਨਾ ਲਈ ਬੇਨਤੀ ਕੀਤੀ।ਜੇਕਬ ਪੰਦਰਾਂ ਵਰਿਆਂ ਤੋਂ ਵੀ ਵੱਧ ਗੁਪਤ ਸ਼ੈਤਾਨੀ ਗੁਲਾਮੀ ਸਹਿ ਚੁੱਕਾ ਸੀ, ਉਸ ਨੂੰ ਪੀ.ਟੀ.ਐੱਸ.ਡੀ. ਬਿਮਾਰੀ ਘੋਸ਼ਿਤ ਕੀਤੀ ਗਈ ਸੀ (ਗੁਜ਼ਰੇ ਹੋਏ ਸਮੇਂ ਦੇ ਤਨਾਵ ਵਿਕਾਰ)

ਜਿਲ੍ਹੇ ਦੇ ਨਵੇਂ ਸਕੂਲ ਵਿੱਚ ਬਦਲੀ ਹੋਣ ਤੋਂ ਬਾਦ ਅਤੇ ਹਾਈ ਸਕੂਲ ਵਿੱਚ ਨਵਾਂ ਹੋਣ ਕਾਰਨ, ਅਣਜਾਣ ਹੁੰਦੇ ਹੋਏ ਕਿ ਉਸ ਲਈ ਕਿਹੜਾ ਡਰ ਇੰਤਜ਼ਾਰ ਕਰ ਰਿਹਾ ਹੈ, ਉਸ ਲੜਕਿਆਂ ਦੇ ਅਰਾਮ ਕਰਨ ਵਾਲੇ ਕਮਰੇ ਵਿੱਚ ਦਾਖਲ ਹੋ ਗਿਆ।ਤਿੰਨ ਵੱਡੇ ਸੀਨੀਅਰ ਮੁੰਡਿਆਂ ਨੇ ਬਿਨ੍ਹਾਂ ਕਾਰਨ ਤੋਂ ਉਸ ਨਾਲ ਸਰੀਰਕ ਮਾਰ-ਕੁੱਟ ਕੀਤੀ ਅਤੇ ਉਸ ਦੇ ਕੱਪੜੇ ਉਤਾਰਦੇ ਹੋਏ ਝਾੜੂ ਦਾ ਆਖਰੀ ਹਿਸਾ ਲੈ ਕੇ ਉਸ ਦੇ ਗੁੱਦਾ ਮਾਰਗ ਵਿੱਚ ਬੁਰੇ ਤਰੀਕੇ ਨਾਲ ਮੈਥੁਨ ਕਰਨ ਲੱਗੇ।ਗੁੱਸਲਖਾਨੇ ਦੇ ਫ਼ਰਸ਼ ਉੱਪਰ ਉਸ ਨੂੰ ਲਹੂ ਲੁਹਾਨ ਹੋਏ ਨੂੰ ਹੱਸਦੇ ਹੋਏ ਛੱਡ ਕੇ ਚਲੇ ਗਏ।ਸਦਮਾ ਇਨ੍ਹਾਂ ਵੱਡਾ ਸੀ ਕਿ ਉਸ ਨੂੰ ਪਤਾ ਹੀ ਨਹੀਂ ਲੱਗਾ ਕਿ ਉਹ ਕੀ ਕਰੇ ਜਾਂ ਕਿਸ ਨੂੰ ਦੱਸੇ।ਕੁਝ ਕੁ ਹਫ਼ਤਿਆਂ ਬਾਦ, ਉਹ ਸਕੂਲ ਦੇ ਕਾਊਂਸਲਰਾਂ ਕੋਲ ਪਹੁੰਚਿਆ ਜਿਸ ਨੇ ਉਸ ਦੀ ਕਹਾਣੀ ਵਿੱਚ ਵਿਸ਼ਵਾਸ਼ ਨਹੀਂ ਕੀਤਾ ਅਤੇ ਉਸ ਨੂੰ ਖਾਰਿਜ਼ ਕਰ ਦਿੱਤਾ।ਸਦਮੇ ਦਾ ਨਤੀਜ਼ਾ ਡੂੰਘਾਂ ਡਰ ਅਤੇ ਉਤੇਜਨਾ ਬਣ ਗਈ ਸੀ।ਉਸ ਦਿਨ ਤੋਂ ਬਾਅਦ, ਜੇਕਬ ਲਈ ਕਿਸੇ ਵੀ ਸਰਵਜਨਕ ਅਰਾਮ ਕਮਰੇ ਦੀ ਸੁਵਿਧਾ ਲੈਣਾ ਪੂਰੀ ਤਰ੍ਹਾਂ ਅਸੰਭਵ ਹੋ ਗਿਆ ਸੀ।ਜਦ ਵੀ ਉਹ ਇੱਕ ਸਰਵਜਨਕ ਬਾਥਰੂਮ ਵਿੱਚ ਦਾਖਲ ਹੁੰਦਾ ਸੀ, ਡਰ ਉਸ ਦੀਆਂ ਅੰਤੜੀਆਂ ਅਤੇ ਬਲੈਡਰ ਨੂੰ ਕੰਮ ਕਰਨ ਤੋਂ ਰੋਕ ਦਿੰਦਾ ਸੀ,

ਉਹ ਭਾਵੇਂ ਕਿਨੀ ਵੀ ਕੋਸ਼ਿਸ਼ ਕਰਦਾ ਉਸ ਨੂੰ ਕੋਈ ਫਰਕ ਨਹੀਂ ਪੈਂਦਾ ਸੀ। ਕੇਵਲ ਆਪਣੇ ਘਰ ਵਿੱਚ ਹੀ ਉਸ ਨੂੰ ਅਰਾਮ ਮਿਲਦਾ ਸੀ। ਅਫ਼ਰੀਕਾ ਤੋਂ ਭਾਰਤ ਆਪਣੀ ਲੰਬੀ ਯਾਤਰਾ ਦੌਰਾਨ ਅਤੇ ਫਿਰ ਪਿੰਡ ਤੋਂ ਪਿੰਡ, ਮੈਨੂੰ ਪਤਾ ਲੱਗਾ ਕਿ ਉਸ ਨੇ ਲਗਾਤਾਰ ਸੱਤ ਦਿਨ ਤੋਂ ਮਲ-ਤਿਆਗ ਨਹੀਂ ਕੀਤਾ ਹੈ ਭਾਵੇਂ ਉਸ ਨੇ ਵਾਰ-ਵਾਰ ਯਤਨ ਕੀਤਾ। ਅਸੀਂ ਪ੍ਰਾਥਨਾ ਕਰਨ ਦਾ ਸਮਾਂ ਨਿਸ਼ਚਿਤ ਕੀਤਾ ਅਤੇ ਇਸ ਅਧਿਆਇ ਦੇ ਅੰਤ ਵਿੱਚ ਦਿੱਤੀਆਂ ਹਦਾਇਤਾਂ ਦੇ ਅਨੁਸਾਰ ਉਸ ਲਈ ਸੇਵਕਾਈ ਕੀਤੀ। ਉਸ ਦੀ ਹੈਰਾਨੀ ਦਾ ਕੋਈ ਟਿਕਾਣਾ ਨਹੀਂ ਰਿਹਾ, ਕੋਈ ਵੀ ਸ਼ਪੱਸ਼ਟ ਸ਼ੈਤਾਨੀ ਲੱਛਣ ਨਹੀਂ ਵਾਪਰਿਆ; ਜਿਵੇਂ ਹੀ ਮੈਂ ਡਰ ਅਤੇ ਸਤਾਵ ਦੀਆਂ ਦੁਸ਼ਟ ਸ਼ਕਤੀਆਂ ਨੂੰ ਜਾਣ ਦਾ ਹੁਕਮ ਦਿੱਤਾ, ਉਸ ਨੂੰ ਪਰਮੇਸ਼ਵਰ ਦੀ ਹਜ਼ੂਰੀ ਅਤੇ ਸ਼ਾਤੀ ਦਾ ਅਨੁਭਵ ਹੋਇਆ। ਜਿਸ ਘੜੀ ਮੈਂ ਦੁਸ਼ਟ ਆਤਮਿਆਂ ਨੂੰ ਜਾਣ ਦਾ ਹੁਕਮ ਦਿੱਤਾ, ਉਸੇ ਪਲ ਉਹ ਅਜ਼ਾਦ ਹੋ ਗਿਆ-ਉਹ ਤੁਰੰਤ ਮਲ-ਤਿਆਗ ਲਈ ਗਿਆ ਅਤੇ ਬਿਨ੍ਹਾਂ ਕਿਸੇ ਸਮੱਸਿਆ ਤੋਂ ਸਰਵਜਨਕ ਸੁਵਿਧਾ ਨੂੰ ਵਰਤਣ ਦੇ ਯੋਗ ਹੋ ਗਿਆ। ਪੰਦਰਾਂ ਵਰਿਆਂ ਦੀ ਗੁਲਾਮੀ ਤੁਰੰਤ ਟੁੱਟ ਗਈ ਅਤੇ ਇਸ ਦਿਨ ਤੱਕ ਟੁੱਟੀ ਹੋਈ ਹੈ! ਮਸੀਹ ਯਿਸੂ ਸਾਡੇ ਮੁਕਤੀ ਦਾਤਾ ਦੀ, ਮਹਾਨ ਕਿਰਪਾ ਲਈ ਮਹਿਮਾ ਹੋਵੇ!ਬਹੁਤ ਕੁਝ ਜਿਸ ਨੂੰ ਪੱਛਮੀ ਸੰਸਾਰ ਪੀ.ਟੀ.ਐੱਸ.ਡੀ. ਦੇ ਨਾਮ ਨਾਲ਼ ਜਾਣਦਾ ਹੈ, ਯੌਨ ਉਲਝਣ, ਨਸ਼ੇ, ਦਬਾਅ-ਵਿਕਾਰ, ਤਨਾਵ ਅਤੇ ਅਦ੍ਰਿਸ਼ ਪਰਜੀਵੀ ਜਿਨ੍ਹਾਂ ਨੂੰ ਦੁਸ਼ਟ ਸ਼ਕਤੀਆਂ ਕਿਹਾ ਜਾਂਦਾ ਹੈ, ਨਾਲੋਂ ਵੱਧ ਕੁਝ ਵੀ ਨਹੀਂ ਹਨ।

## ਸ਼ੈਤਾਨੀ ਸਤਾਵ ਦੀ ਇੱਕ ਸੂਚੀ

## ਸਰੀਰਕ ਪ੍ਰਭਾਵ

*ਅਲਰਜ਼ੀਆਂ, ਰੋਗ ਰੋਕਣ ਸ਼ਕਤੀ ਦੀ ਘਾਟ

*ਸਵੈ-ਰੋਗ ਰੋਕਣ ਬਿਮਾਰੀਆਂ

*ਫ਼ਾਈਬਰੋਮਾਈਆਲਜ਼ੀਆ/ਅਣਜਾਣ ਥਕੇਵਾਂ

*ਨਾੜੀਆਂ ਸੰਬੰਧੀ ਬਿਮਾਰੀਆਂ

*ਮਨੋਵਿਗਿਆਨਿਕ ਬਿਮਾਰੀਆਂ

## ਪ੍ਰਾਣਿਕ ਪ੍ਰਭਾਵ

*ਕੁੜੱਤਣ, ਮਾਫ਼ ਨਾ ਕਰਨਾ, ਗੁੱਸਾ, ਬਦਲਾ, ਨਫ਼ਰਤ, ਅਤੇ ਖ਼ੂਨ

*ਡਰ, ਚਿੰਤਾ, ਘਬਰਾਹਟ, ਪਰਮੇਸ਼ਵਰ ਵਿੱਚ ਵਿਸ਼ਵਾਸ਼ ਕਰਨ ਦੀ ਅਯੋਗਤਾ, ਡਰਿਆ ਹੋਇਆ ਅਤੇ ਇਕੱਲਾ ਮਹਿਸੂਸ ਕਰਨਾ

*ਤਨਾਵ, ਨਿਰਾਸ਼ਾ,

*ਨਿੰਦਿਆ, ਗਲਤੀ, ਸ਼ਰਮ

*ਘਮੰਡ, ਹੰਕਾਰ, ਸਵੈ-ਭਰੋਸਾ, ਨਾ-ਸਿਖਾਉਣ ਯੋਗ, ਧਰਮੀ, ਪਖੰਡੀ

*ਸਵੈਂ-ਘ੍ਰਿਣਾ,ਸਵੈ-ਨਾ ਮੰਜ਼ੂਰੀ,ਸਵੈ-ਮਾਫ਼ ਨਾ ਕਰਨਾ,ਸਵੈ-ਗੁੱਸਾ,ਆਤਮ ਹੱਤਿਆ ਕਰਨ ਦੇ ਵਿਚਾਰ ਅਤੇ ਇੱਛਾਵਾਂ

*ਲਾਲਸਾ, ਗੰਦੀਆਂ ਫ਼ਿਲਮਾਂ, ਵਿਭਚਾਰ, ਸਮਲਿੰਗੀ ਕਾਮ ਭਾਵਨਾਵਾਂ ਅਤੇ ਦੂਸਰੀਆਂ ਅਸੁੱਧ ਇੱਛਾਵਾਂ

## ਆਤਮਿਕ ਪ੍ਰਭਾਵ

*ਜਾਦੂ, ਟੂਣੇ ਪ੍ਰਤੀ ਆਕਰਸ਼ਣ ਅਤੇ ਉਤਸੁਕਤਤਾ

*ਪ੍ਰਾਥਨਾ, ਬਾਈਬਲ ਪੜਨ ਅਤੇ ਮਨਨ ਕਰਨ ਵਿੱਚ ਰੁਕਾਵਟ, ਜਿਵੇਂ ਕਿ ਧਿਆਨ ਕੇਂਦਰਿਤ ਨਾ ਹੋਣਾ, ਸੁਸਤੀ

*ਰਾਤ ਦੇ ਡਰ

*ਦੁਸ਼ਟ ਸ਼ਕਤੀਆਂ ਨੂੰ ਦੇਖਣਾ ਅਤੇ ਅਵਾਜ਼ਾ ਸੁਣਨਾ

*ਦੁਸ਼ਟ ਸ਼ਕਤੀਆਂ ਦੁਆਰਾ ਸਰੀਰਕ ਕਸ਼ਟ ਮਿਲਣਾ, ਜਿਵੇਂ ਕਿ ਦਬਾਉਣਾ, ਰੋਕਣਾ, ਥੱਲੇ ਧੱਕਣਾ, ਬੋਲਣ ਅਤੇ ਹਿੱਲਣ ਦੇ ਯੋਗ ਨਾ ਹੋਣਾ

## ਸੇਵਕਾਈ ਪ੍ਰਤੀ ਮਾਨਸਿਕਤਾ

ਦੁਸ਼ਟ ਆਤਮਿਆਂ ਨੂੰ ਕੱਢਣ ਦਾ ਸਾਡਾ ਮੰਤਵ, ਹਮੇਸ਼ਾ ਹੀ ਪਿਆਰ

ਹੋਣਾ ਚਾਹੀਦਾ ਹੈ। ਬਦਕਿਸਮਤੀ ਨਾਲ਼, ਭਾਰਤ ਅਤੇ ਅਫ਼ਰੀਕਾ ਵਿੱਚ ਮੈਂ ਇਸ ਦੇ ਉੱਲਟ ਦੇਖਿਆ ਹੈ। ਅਗਰ ਕਿਸੇ ਵਿੱਚ ਸ਼ਪੱਸ਼ਟ ਸ਼ੈਤਾਨੀ ਗਤੀਵਿਧੀ ਦਾ ਪ੍ਰਗਟਾ ਹੁੰਦਾ ਹੈ, ਤਾਂ ਉਹ ਪਾਸਬਾਨਾਂ ਦੀਆਂ ਲਾਹਨਤਾਂ ਤੋਂ ਪੀੜਤ ਬਣ ਜਾਂਦਾ ਹੈ-ਲੋਕਾਂ ਦੀਆਂ ਸਰੀਰਕ ਗਤੀਵਿਧੀਆਂ ਨੂੰ ਨਿਯੰਤਰਣ ਕਰਨ ਲਈ ਉਨ੍ਹਾਂ ਨੂੰ ਬਾਈਬਲ ਨਾਲ਼ ਕੁੱਟਣਾ, ਉਨ੍ਹਾਂ ਦੇ ਮੂੰਹਾਂ ਉੱਪਰ ਪਾਣੀ ਸੁੱਟਣਾ, ਮਸੀਹ ਯਿਸੂ ਦੇ ਲਹੂ ਦੇ ਤੌਰ ਉੱਤੇ ਪਾਣੀ ਜਾਂ ਤੇਲ ਪੀਣ ਲਈ ਧੱਕਾ ਕਰਨਾ, ਫੜਨਾ ਅਤੇ ਉਨ੍ਹਾਂ ਦੇ ਵਾਲ ਪੁੱਟਣਾ।

ਇੱਕ ਮੌਕੇ, ਮੈਂ ਇੱਕ ਜਵਾਨ ਔਰਤ ਨੂੰ ਚਿਲਾਉਦੇ ਹੋਏ ਵੇਖਿਆ, ਉਸ ਨੂੰ ਰੋਕਣ ਲਈ ਕਲੀਸਿਯਾ ਦੇ ਕਈ ਬਜ਼ੁਰਗ ਅਤੇ ਪ੍ਰਾਚੀਨ ਉਸ ਨੂੰ ਫੜ ਕੇ ਖੜੇ ਸਨ। ਉਹ ਉੱਚੀ-ਉੱਚੀ ਚੀਕ ਰਹੇ ਸਨ, ਅਤੇ ਦੁਸ਼ਟ ਆਤਮਿਆਂ ਨੂੰ ਉਸ ਵਿੱਚੋਂ ਨਿਕਲਣ ਲਈ ਹੁਕਮ ਦੇ ਰਹੇ ਸਨ। ਮੈਨੂੰ ਜਾਣਕਾਰੀ ਮਿੱਲੀ ਕਿ ਬਚਪਨ ਵਿੱਚ ਉਸ ਨਾਲ਼ ਸਮੂਹਿਕ ਬਲਾਤਕਾਰ ਹੋਇਆ ਸੀ, ਉਸ ਨੂੰ ਸੰਭਾਲਣ ਵਾਲੇ ਚਾਰੇ ਪਾਸੇ ਦੇ ਲੋਕ ਅਤੇ ਪ੍ਰਾਚੀਨ, ਸਤਾਵਟ ਦੇ ਬੀਤੇ ਤਜ਼ਰਬੇ ਨੂੰ ਉਸ ਲਈ ਤਰੋਤਾਜ਼ਾ ਕਰ ਰਹੇ ਸਨ। ਮਿੱਤਰ, ਕੁਝ ਅਜਿਹੇ ਸ਼ੈਤਾਨ ਦੇ ਸਤਾਇਆਂ ਹੋਇਆਂ ਨੂੰ ਬਹੁਤ ਜ਼ਿਆਦਾ ਪਿਆਰ ਅਤੇ ਧਿਆਨ ਦੀ ਜ਼ਰੂਰਤ ਹੁੰਦੀ ਹੈ।

ਭਾਵੇਂ ਸਾਡੀ ਲੜਾਈ ਦੁਸ਼ਟ ਸ਼ਕਤੀਆਂ ਦੇ ਖਿਲਾਫ਼ ਹੈ, ਤਾਂ ਵੀ ਅਸੀਂ ਜਦੋਂ ਵੀ ਅਜਿਹੇ ਵਿਅਕਤੀ ਲਈ ਸੇਵਕਾਈ ਕਰਦੇ ਹਾਂ, ਸਾਨੂੰ ਜ਼ਰੂਰ ਹੀ, ਕਦੇ ਵੀ ਪਿਆਰ ਕਰਨਾ, ਇੱਜ਼ਤ ਦੇਣਾ ਅਤੇ ਕਦਰ ਕਰਨਾ ਨਹੀਂ ਭੁੱਲਣਾ ਚਾਹੀਦਾ।

ਜਦੋਂ ਲੋਕ ਸਾਨੂੰ ਵਿਅਕਤੀਗਤ ਗੱਲਾਂ ਦੱਸਦੇ ਹਨ, ਸਾਨੂੰ ਦਿੱਤੇ ਹੋਏ ਵਿਸ਼ਵਾਸ਼ ਨੂੰ ਤੋੜਨਾਂ ਨਹੀਂ ਚਾਹੀਦਾ।

“ਹੇ ਭਰਾਵੋ, ਜੇ ਕੋਈ ਮਨੁੱਖ ਕਿਸੇ ਅਪਰਾਧ ਵਿੱਚ ਫੜਿਆ ਵੀ ਜਾਵੇ ਤਾਂ ਤੁਸੀਂ ਜਿਹੜੇ ਆਤਮਕ ਹੋ ਅਜਿਹੇ ਮਨੁੱਖ ਨੂੰ ਨਰਮਾਈ ਦੇ ਸੁਭਾਅ ਨਾਲ ਸੁਧਾਰੋ ਅਤੇ ਤੂੰ ਆਪਣੇ ਆਪ ਵੱਲ ਧਿਆਨ ਰੱਖ ਮਤੇ ਤੂੰ ਵੀ ਪਰਤਾਵੇ ਵਿੱਚ ਪਵੇਂ” ਗਲਾਤੀਆਂ 6:1

ਸਾਡੀ ਆਤਮਿਕਤਾ ਇਸ ਗੱਲ ਤੋਂ ਤੈਅ ਹੁੰਦੀ ਹੈ ਕਿ ਅਸੀਂ ਪਾਪ ਵਿੱਚ ਫ਼ਸੇ ਵਿਅਕਤੀ ਪ੍ਰਤੀ ਕੀ ਪ੍ਰਤੀਕਿਰਿਆ ਕਰਦੇ ਹਾਂ। ਬਹੁਤ ਸਾਰੀਆਂ ਪਾਪਮਈ ਆਦਤਾਂ ਅਤੇ ਬਣਤਰਾਂ ਸ਼ੈਤਾਨੀ ਪ੍ਰਭਾਵ ਦੁਆਰਾ ਸਥਾਈ ਹੁੰਦੀਆਂ ਹਨ। ਜਦੋਂ ਵੀ ਅਸੀਂ ਛੁਟਕਾਰੇ ਲਈ ਸੇਵਕਾਈ ਕਰਦੇ ਹਾਂ, ਕੀ ਅਸੀਂ ਪੀੜਿਤ ਵਿਅਕਤੀ ਨੂੰ ਆਦਰ ਦੇ ਰਹੇ ਹਾਂ, ਜਾਂ ਕੀ ਉਨ੍ਹਾਂ ਨੂੰ ਝੁਲਸਾਇਆ ਜਾਂ ਕੁੱਟਿਆ ਜਾਂਦਾ ਹੈ, ਜਿਸ ਵਿੱਚ ਅਸੀਂ ਵੈਰੀ ਨੂੰ ਗੁੱਸੇ ਨਾਲ਼ ਕਾਬੂ ਕਰਦੇ ਹਾਂ? ਬਹੁਤ ਲੋਕ ਵਿਚਾਰਦੇ ਹਨ ਕਿ ਭੂਤਵਾਦ ਇੱਕ ਭਿਅੰਕਰ ਦਾਗ ਹੈ, ਸਾਨੂੰ ਉਸ ਲੇਬਲ ਨੂੰ ਹਟਾਉਣ ਦੀ ਜ਼ਰੂਰਤ ਹੈ ਤਾਂ ਕਿ ਲੋਕ ਅਜ਼ਾਦੀ ਨਾਲ਼ ਛੁਟਕਾਰੇ ਵਾਸਤੇ ਆ ਸਕਣ।

ਮੈਂ ਜਰਮਨੀ ਦੇ ਹੈਮਬਰਗ ਵਿੱਚ ਸੇਵਾ ਕਰ ਰਿਹਾ ਸੀ, ਉਸ ਵੇਲੇ ਮੱਧ ਪੂਰਬ ਤੋਂ ਮੁਸਲਿਮ ਸਰਨਾਰਥੀ ਭੱਜ ਕੇ ਆ ਰਹੇ ਸਨ। ਅਸੀਂ ਬਹੁਤ ਸਾਰੇ ਖੋਜੀ ਮੁਸਲਿਮਾਂ ਨੂੰ ਛੋਟੇ-ਛੋਟੇ ਝੁੰਡਾਂ ਵਿੱਚ ਮਸੀਹ ਯਿਸੂ ਦੇ ਪਿਆਰ ਦਾ ਸ਼ੰਦੇਸ਼ ਦੇਣ ਲਈ ਇੱਕਠਾ ਕੀਤਾ। ਮੈਂ ਇਸ ਮੌਕੇ ਨੂੰ ਖੁਸ਼ ਖਬਰੀ ਦੀ ਛੁਟਕਾਰੇ ਵਾਲੀ ਸਮੱਰਥਾ ਦੱਸਣ ਲਈ ਪ੍ਰਯੋਗ ਕੀਤਾ।

ਇੱਕ ਸ਼ਾਮ, ਵੀਹ ਮੁਸਲਿਮ ਇੱਕ ਕਮਰੇ ਵਿੱਚ ਇੱਕਠੇ ਹੋਏ ਅਤੇ ਮੈਂ ਮਰਕੁਸ 1:21-28 ਵਚਨ ਦੀ ਛੁਟਕਾਰੇ ਵਾਲੀ ਕਹਾਣੀ ਦੱਸਣੀ ਸ਼ੁਰੂ ਕੀਤੀ। ਇੱਕ ਸਫ਼ੇਦ ਬੋਰਡ ਦਾ ਇਸਤੇਮਾਲ ਕਰਦੇ ਹੋਏ, ਮੈਂ ਆਧੁਨਿਕ ਸਮੇਂ ਦੀਆਂ ਬਹੁਤ ਸਾਰੀਆਂ ਸਮੱਸਿਆਂਵਾ ਦੀ ਇੱਕ ਸੂਚੀ ਬਣਾਈ, ਜਿਹੜੀਆਂ ਆਮ ਕਰਕੇ ਸ਼ੈਤਾਨੀ ਹੁੰਦੀਆਂ ਹਨ, ਜਿਵੇਂ ਕਿ ਨਸ਼ੇ, ਚਿੰਤਾ-ਵਿਕਾਰ ਆਦਿ। ਇਹ ਮੁਸਲਿਮ ਸ਼ਰਨਾਰਥੀ ਪੜ੍ਹੇ-ਲਿਖੇ ਪਰਿਵਾਰਾਂ ਦੇ ਸਨ, ਇਨ੍ਹਾਂ ਸਿਖਿਆਂਵਾ ਨੂੰ ਦੱਸਣ ਦੇ ਦੌਰਾਨ ਉਨ੍ਹਾਂ ਵਿੱਚੋਂ ਕੁਝ ਸ਼ਰਨਾਰਥੀ ਮੁਸਕਰਾਏ ਅਤੇ ਖੰਘੇ। ਫਿਰ ਪ੍ਰਗਟਾਵੇ ਦਾ ਅਵਸਰ ਆਇਆ, ਅਤੇ ਮੈਂ ਪੁੱਛਿਆ ਕਿ ਕਿਸੇ ਨੂੰ ਸਫ਼ੇਦ ਬੋਰਡ ਉੱਤੇ ਲਿਖੀਆਂ ਸਮੱਸਿਆਂਵਾਂ ਵਿੱਚੋ ਕੋਈ ਸਮੱਸਿਆ ਹੈ? ਇੱਕ ਵੀਹ ਵਰਿਆਂ ਤੋਂ ਉੱਤੇ ਦਾ ਜੋੜਾ ਹਾਜ਼ਰ ਸੀ, ਅਤੇ ਔਰਤ ਸਾਹਮਣੇ ਆਈ ਅਤੇ ਮੇਰੇ ਸਾਹਮਣੇ ਦੀ ਕੁਰਸੀ ਉੱਤੇ ਬੈਠ ਗਈ। ਉਸ ਨੇ ਦੱਸਿਆ ਕਿ ਉਹ ਚਿੰਤਾਂ ਅਤੇ ਰਾਤ ਦੇ ਡਰ ਤੋਂ ਬਹੁਤ ਪਰੇਸ਼ਾਨ ਹੈ। ਤਦ ਮੈਂ ਉਸ ਦੀਆਂ ਅੱਖਾਂ ਵਿੱਚ ਦੇਖਿਆਂ ਅਤੇ ਹੁਕਮ ਦਿੱਤਾ, "ਹੇ ਡਰ ਅਤੇ ਸਤਾਵ ਦੀ ਦੁਸ਼ਟ ਆਤਮਾ ਮੈਂ ਤੈਨੂੰ

ਮਸੀਹ ਯਿਸੂ ਦੇ ਨਾਮ ਵਿੱਚ ਬੰਨਦਾ ਹਾਂ! ਉਸ ਵਿੱਚੋਂ ਹੁਣੇ ਬਾਹਰ ਨਿਕਲ ਆ!"

ਉਸ ਦਾ ਵਤੀਰਾ ਕੁਝ ਬਦਲਿਆ ਅਤੇ ਉਹ ਉਤੇਜ਼ਿਤ ਦਿੱਖ ਰਹੀ ਸੀ। ਫਿਰ ਵੀ ਜ਼ਿਆਦਾ ਲੋਕਾਂ ਨੇ ਸੋਚਿਆ ਕਿ ਮੈਂ ਪਾਗਲ ਹਾਂ। ਮੈਂ ਉਸ ਨੂੰ ਪੁੱਛਿਆ ਕਿ ਉਹ ਕੀ ਮਹਿਸੂਸ ਕਰ ਰਹੀ ਹੈ। "ਮੈਂ ਬੇਚੈਨ ਮਹਿਸੂਸ ਕਰ ਰਹੀ ਹਾਂ, ਅਤੇ ਮੇਰੇ ਗਲੇਂ ਵਿੱਚ ਕੁਝ ਅਟਕਿਆ ਹੋਇਆ ਮਹਿਸੂਸ ਹੋ ਰਿਹਾ ਹੈ। ਸਾਹ ਲੈਣ ਵਿੱਚ ਥੋੜੀ ਮੁਸ਼ਕਿਲ ਆ ਰਹੀ ਹੈ"। ਮੈਂ ਦੁਬਾਰਾ ਉਸ ਦੀਆਂ ਅੱਖਾਂ ਵਿੱਚ ਦੇਖਿਆ ਅਤੇ ਕਿਹਾ, "ਹੇ ਗਲੇ ਵਿੱਚ ਬੈਠੀ ਦੁਸ਼ਟ ਆਤਮਾ, ਮੈਂ ਤੇਰਾ ਵਿਰੋਧ ਕਰਦਾ ਹਾਂ ਅਤੇ ਨਿਕਲਣ ਦਾ ਹੁਕਮ ਦਿੰਦਾ ਹਾਂ! ਬਾਹਰ ਨਿਕਲ ਆ!" ਤੁਰੰਤ ਉਹ ਪਿੱਛੇ ਝੁਕੀ, ਅਤੇ ਆਪਣੀਆਂ ਬਾਹਾਂ ਨੂੰ ਮਰੋੜਦੇ ਹੋਏ, ਅਤੇ ਉਸ ਦੇ ਮੂੰਹ ਵਿੱਚੋਂ ਅਜ਼ੀਬ ਅਵਾਜ਼ਾ ਨਿਕਲੀਆਂ ਜਿਵੇਂ ਕਿ ਕਿਸੇ ਸ਼ੈਤਾਨੀ ਸ਼ਕਤੀ ਨੇ ਉਸ ਉੱਪਰ ਨਿਯੰਤਰਣ ਕੀਤਾ ਹੋਵੇ। ਕਮਰੇ ਵਿੱਚ ਬੈਠਾ ਹਰ ਕੋਈ ਚੁੱਪ-ਚਾਪ ਘਬਰਾਹਟ ਦਾ ਮਖੌਲ ਉਡਾ ਰਿਹਾ ਸੀ। ਮੈਂ ਉਸ ਦੇ ਪਤੀ ਨੂੰ ਇਸ਼ਾਰਾ ਕੀਤਾ ਕਿ ਉਹ ਮੇਰੀ ਉਸ ਨੂੰ ਨਾਲ ਵਾਲੇ ਕਮਰੇ ਵਿੱਚ ਲੈ ਜਾਣ ਲਈ ਮਦਦ ਕਰੇ। ਜਿਥੇ ਕਿ ਅਸੀਂ ਉਸ ਦੀ ਇੱਜ਼ਤ ਦਾ ਧਿਆਨ ਰੱਖੀਏ ਅਤੇ ਖੁੱਲੇ-ਆਮ ਉਸ ਦਾ ਤਮਾਸ਼ਾ ਨਾ ਬਣਾਈਏ। ਕੁਝ ਮਿੰਟਾਂ ਦੇ ਅੰਦਰ ਹੀ ਉਹ ਬਿਲਕੁਲ ਅਜ਼ਾਦ ਸੀ।

ਜਦ ਮੈਂ ਕਮਰੇ ਵਿੱਚ ਵਾਪਸ ਆਇਆ, ਮੇਰੀ ਟੀਮ ਹਰ ਇੱਕ ਦੀ ਸੇਵਕਾਈ ਵਿੱਚ ਲੱਗੀ ਹੋਈ ਸੀ। ਛੁਟਕਾਰਾ ਪਾਏ ਬਿਨ੍ਹਾਂ ਕੋਈ ਵੀ ਕਮਰੇ ਵਿਚੋਂ ਨਹੀਂ ਜਾਣਾ ਚਾਹੁੰਦਾ ਸੀ ਕਿਉਂਕਿ ਉਨ੍ਹਾਂ ਨੇ ਅਹਿਸਾਸ ਕਰ ਲਿਆ ਸੀ ਕਿ ਦਿੱਤੀ ਹੋਈ ਸੂਚੀ ਦੀਆਂ ਗੱਲਾਂ ਨਾਲ਼ ਉਹ ਵੀ ਸੰਘਰਸ਼ ਕਰ ਰਹੇ ਹਨ। ਉਹ ਇੱਕਠ ਸਾਢੇ ਤਿੰਨ ਘੰਟੇ ਤੱਕ ਜ਼ਾਰੀ ਰਿਹਾ। ਔਰਤ ਅਤੇ ਉਸ ਦੇ ਪਤੀ ਨੇ ਮਸੀਹ ਯਿਸੂ ਨੂੰ ਪਰਮੇਸ਼ਵਰ ਅਤੇ ਬਚਾਉਣ ਵਾਲਾ ਗ੍ਰਹਿਣ ਕੀਤਾ, ਅਤੇ ਉਹ ਮਸੀਹ ਯਿਸੂ ਵਿੱਚ ਆ ਰਹੇ ਮੁਸਲਿਮਾਂ ਦੇ ਮੁੱਖ ਆਗੂ ਬਣ ਗਏ।

## ਮਸੀਹ ਯਿਸੂ ਦੀ ਜਿੱਤ

ਜਿਵੇਂ ਕਿ ਮੈਂ ਪਿੱਛਲੇ ਅਧਿਆਇ ਵਿੱਚ ਵਿਆਖਿਆ ਕੀਤੀ, ਚੰਗਾਈ

ਲਈ ਵਿਸ਼ਵਾਸ਼ ਅਧਾਰਹੀਨ ਆਸ਼ਾ ਨਹੀਂ ਹੈ। ਵਿਸ਼ਵਾਸ਼ ਹੀ ਛੁਟਕਾਰੇ ਲਈ ਅਤੇ ਦੁਸ਼ਟ ਆਤਮਿਆਂ ਨੂੰ ਕੱਢਣ ਵਾਸਤੇ ਹੁਕਮ ਦੇਣ ਲਈ ਸੱਚ ਹੈ। ਮਸੀਹ ਯਿਸੂ ਦਾ ਨਾਮ ਕੋਈ ਜਾਦੂ-ਮੰਤਰ ਨਹੀਂ ਹੈ, ਕੋਈ ਵੀ ਹੁਕਮ ਜਿਹੜਾ ਅਸੀਂ ਦੁਸ਼ਟ ਆਤਮਿਆਂ ਨੂੰ ਦਿੰਦੇ ਹਾਂ ਅਧਾਰਹੀਨ ਨਹੀਂ ਹੋਣਾ ਚਾਹੀਦਾ। ਜਦੋਂ ਅਸੀਂ ਦੁਸ਼ਟ ਆਤਮਿਆਂ ਨੂੰ ਬੰਨਦੇ ਹਾਂ ਅਤੇ ਨਿਕਲਣ ਲਈ ਉਨ੍ਹਾਂ ਨੂੰ ਹੁਕਮ ਦਿੰਦੇ ਹਾਂ ਸਾਨੂੰ ਛੁਟਕਾਰੇ ਲਈ ਵਿਸ਼ਵਾਸ਼ ਦਾ ਪੱਕਾ ਅਧਾਰ ਅਤੇ ਆਸ਼ ਹੋਣੀ ਜ਼ਰੂਰੀ ਹੈ।

ਛੁਟਕਾਰਾ ਸਫ਼ਲ ਹੁੰਦਾ ਹੈ, ਜਦ ਅਸੀਂ: ਪਿਤਾ ਅਤੇ ਪੁੱਤਰ ਦੇ ਪੂਰੇ ਕੀਤੇ ਕੰਮਾਂ ਉੱਪਰ ਭਰੋਸਾ ਕਰਦੇ ਹਾਂ, ਪਵਿੱਤਰ ਆਤਮਾ ਨਾਲ ਸਹਿਭਾਗੀ ਹੁੰਦੇ ਹਾਂ ਅਤੇ ਅਧਿਕਾਰ ਵਿੱਚ ਕੰਮ ਕਰਦੇ ਹਾਂ। ਹੇਠਾਂ ਦਿੱਤੇ ਵਚਨਾਂ ਉੱਪਰ ਧਿਆਨ ਦਿਉ।

"ਜਿਹੜਾ ਪਾਪ ਕਰਦਾ ਹੈ ਉਹ ਸ਼ਤਾਨ ਤੋਂ ਹੈ ਕਿਉਂ ਜੋ ਸ਼ਤਾਨ ਮੁੱਢੋਂ ਹੀ ਪਾਪ ਕਰਦਾ ਆਇਆ ਹੈ। ਪਰਮੇਸ਼ੁਰ ਦਾ ਪੁੱਤ੍ਰ ਇਸੇ ਲਈ ਪ੍ਰਗਟ ਹੋਇਆ ਭਈ ਸ਼ਤਾਨ ਦੇ ਕੰਮਾਂ ਨੂੰ ਨਸ਼ਟ ਕਰੇ" 1 ਯੂੰਹਨਾ 3:8

ਮਸੀਹ ਯਿਸੂ ਆਪਣੇ ਮਿਸ਼ਨ ਵਿੱਚ ਅਸਫ਼ਲ ਨਹੀਂ ਹੋਇਆ; ਸ਼ੈਤਾਨ ਦੇ ਕੰਮ ਨਾਸ਼ ਕੀਤੇ ਗਏ ਹਨ। ਜਦੋਂ ਅਸੀਂ ਵੈਰੀ ਨੂੰ ਝਿੜਕਦੇ ਹਾਂ, ਸਾਨੂੰ ਜ਼ਰੂਰ ਹੀ ਉਸ ਦੇ ਕੰਮਾਂ ਦਾ ਨਾਸ਼, ਆਤਮਿਕ ਰੂਪ ਵਿੱਚ ਸਮਝ ਲੈਣਾ ਚਾਹੀਦਾ ਹੈ। ਮਸੀਹ ਯਿਸੂ ਦਾ ਸਾਡੀਆਂ ਬਿਮਾਰੀਆਂ ਨੂੰ ਝੱਲਣਾ, ਚੰਗਾਈ ਲਈ ਸਾਡੇ ਵਿਸ਼ਵਾਸ਼ ਦਾ ਅਧਾਰ ਹੈ, ਇਸ ਪ੍ਰਕਾਰ ਉਸ ਦਾ ਸ਼ੈਤਾਨੀ ਕੰਮ ਨੂੰ ਨਸ਼ਟ ਕਰਨਾ, ਛੁਟਕਾਰੇ ਲਈ ਸਾਡੀ ਆਸ਼ ਦਾ ਕਾਰਨ ਹੈ।

"ਉਸ ਨੇ ਹਕੂਮਤਾਂ ਅਤੇ ਇਖਤਿਆਰਾਂ ਨੂੰ ਆਪਣੇ ਗਲੋਂ ਲਾਹ ਕੇ ਅਤੇ ਉਸੇ ਦੇ ਦੁਆਰਾ ਓਹਨਾਂ ਨੂੰ ਫਤਹ ਕਰ ਕੇ ਖੁੱਲਮ-ਖੁੱਲਾ ਤਮਾਸ਼ਾ ਬਣਾਇਆ"॥ ਕੁਲੁੱਸੀਆਂ 2:15

"ਸੋ ਜਦ ਬਾਲਕ ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ ਤਾਂ ਜੋ ਮੌਤ ਦੇ ਰਾਹੀਂ

ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ ਕਰੇ" ਇਬਰਾਨੀਆਂ 2:14

ਮਸੀਹ ਯਿਸੂ ਨੇ ਆਪਣੀ ਅਭਿਸ਼ਿਕਤ ਮੌਤ ਦੁਆਰਾ, ਸ਼ੈਤਾਨ ਅਤੇ ਉਸ ਦੇ ਝੁੰਡਾਂ ਨੂੰ ਸ਼ਕਤੀਹੀਣ ਬਣਾ ਦਿੱਤਾ। "ਨਾਸ਼ ਕਰਨ" ਲਈ ਯੂਨਾਨੀ ਸ਼ਬਦ "ਕਟਾਰਗੀਓ" ਹੈ ਜਿਸ ਦਾ ਅਰਥ ਹੈ ਤਾਕਤ, ਪ੍ਰਭਾਵ, ਅਤੇ ਸਮੱਰਥਾ ਤੋਂ ਵਾਂਝਾਂ ਕਰਨਾ, ਕਮਜ਼ੋਰ ਹੋਣ ਲਈ ਨਿਕੰਮਾ ਅਤੇ ਬੇਕਾਰ ਬਣਾ ਦਿੱਤਾ। ਜਦ ਤੁਸੀਂ ਦੁਸ਼ਟ ਆਤਮਿਆਂ ਨੂੰ ਝਿੜਕਦੇ ਹੋਂ, ਤੁਸੀਂ ਉਨ੍ਹਾਂ ਨੂੰ ਕਮਜ਼ੋਰ, ਨਿਤਾਣੇ, ਅਤੇ ਸ਼ਕਤੀਹੀਣ, ਤੁਹਾਡੇ ਹੁਕਮਾਂ ਦੇ ਵਿਰੋਧ ਕਰਨ ਦੇ ਅਯੋਗ ਸਮਝਣਾ ਚਾਹੀਦਾ ਹੈ।

"ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤ੍ਰ ਦੇ ਰਾਜ ਵਿੱਚ ਪੁਚਾ ਦਿੱਤਾ" ਕੁਲੁੱਸੀਆਂ 1:13

ਪਿਤਾ ਪਹਿਲਾਂ ਹੀ ਤੁਹਾਨੂੰ ਹਰੇਕ ਸ਼ੈਤਾਨੀ ਸ਼ਕਤੀ ਅਤੇ ਪ੍ਰਭਾਵ ਤੋਂ ਛੁਟਕਾਰਾ ਦੇ ਚੁੱਕਾ ਹੈ। ਅੰਧਕਾਰ ਦੇ ਰਾਜ ਵਿੱਚੋਂ ਛੁਡਾ ਕੇ ਉਸ ਨੇ ਤੁਹਾਨੂੰ ਮਸੀਹ ਦੇ ਰਾਜ ਵਿੱਚ ਪਹੁੰਚਾ ਦਿੱਤਾ ਹੈ। ਤੁਸੀਂ ਮਸੀਹ ਯਿਸੂ ਵਿੱਚ ਸਥਾਪਿਤ ਆਪਣੇ ਆਤਮਿਕ ਸਥਾਨ ਦੇ ਅਧਾਰ ਉੱਪਰ ਸ਼ੈਤਾਨ ਦਾ ਵਿਰੋਧ ਕਰਨਾ ਹੈ, ਅਤੇ ਤਦ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ।

"ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉਤੇ ਬੰਨ੍ਹੇਂਗਾ ਸੁਰਗ ਵਿੱਚ ਬੰਨਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ" ਮੱਤੀ 16:19 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਅਸੀਂ ਅੰਧਕਾਰ ਨੂੰ ਬੰਨਦੇ ਹਾਂ, ਇਸ ਦੇ ਕੰਮਾਂ ਨੂੰ ਨਾਸ਼ ਕਰਨ ਦਾ ਹੁਕਮ ਦਿੰਦੇ ਹਾਂ, ਅਤੇ ਬਾਹਰ ਨਿਕਲਣ ਦਾ ਹੁਕਮ ਦਿੰਦੇ ਹਾਂ ਕਿਉਕਿ ਉਹ ਪਹਿਲਾਂ ਹੀ ਬੰਨੇ ਗਏ ਹਨ ਅਤੇ ਨਾਸ਼ ਕੀਤੇ ਗਏ ਹਨ, ਆਤਮਿਕ ਖੇਤਰ ਅਤੇ ਸਵਰਗ ਵਿੱਚੋ ਕੱਢੇ ਗਏ ਹਨ। ਦੁਸ਼ਟ ਆਤਮਿਆਂ ਨੂੰ ਅਸੀਂ ਇਸ ਕਾਰਨ ਨਹੀਂ ਬੰਨਦੇ ਕਿ ਅਸੀਂ ਬੰਨੇ ਜਾਵਾਂਗੇ; ਅਸੀਂ ਦੁਸ਼ਟ ਨੂੰ ਇਸ ਕਾਰਨ ਬੰਨਦੇ ਹਾਂ ਕਿ ਉਹ ਪਹਿਲਾਂ ਹੀ ਹਾਰਿਆ, ਕੁਚਲਿਆ ਅਤੇ

ਸ਼ਕਤੀਹੀਨ ਕੀਤਾ ਹੋਇਆ ਹੈ! ਜੋ ਆਤਮਾ ਵਿੱਚ ਪਹਿਲਾਂ ਹੀ ਵਾਪਰ ਚੁੱਕਿਆ ਹੈ, ਧਰਤੀ ਉੱਪਰ ਉਸ ਨੂੰ ਤੁਹਾਡਾ ਵਿਸ਼ਵਾਸ਼ ਪ੍ਰਦਰਸ਼ਿਤ ਕਰਦਾ ਹੈ।

"ਉਸ ਨੇ ਬਾਰਾਂ ਚੇਲਿਆਂ ਨੂੰ ਇਕੱਠਾ ਬੁਲਾ ਕੇ ਉਨ੍ਹਾਂ ਨੂੰ ਸਾਰਿਆਂ ਭੂਤਾਂ ਉੱਤੇ ਅਤੇ ਰੋਗਾਂ ਦੇ ਦੂਰ ਕਰਨ ਦੀ ਸ਼ਕਤੀ ਤੇ ਇਖਤਿਆਰ ਦਿੱਤਾ" ਲੂਕਾ 9:1

"ਵੇਖੋ ਮੈਂ ਤੁਹਾਨੂੰ ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ ਸ਼ਕਤੀ ਉੱਤੇ ਇਖਤਿਆਰ ਦਿੱਤਾ ਹੈ ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ" ਲੂਕਾ 10:19

ਤੁਹਾਡਾ ਅਧਿਕਾਰ ਅਤੇ ਸਮੱਰਥਾ ਖਾਸ ਹਨ, ਪਰੰਤੂ ਇਹ ਅਧਿਕਾਰ-ਪੂਰਨ ਪ੍ਰਭਾਵ ਤੁਹਾਡੇ ਵਿਸ਼ਵਾਸ਼ ਅਤੇ ਪੁੱਤਰ ਦੇ ਪੂਰੇ ਕੀਤੇ ਕੰਮਾਂ ਉੱਪਰ ਨਿਹਚਾ ਨਾਲੋਂ ਸੀਮਿਤ ਹਨ। ਇਹੋ ਹੀ ਕਾਰਨ ਹੈ ਤੁਸੀਂ ਧਰਤੀ ਉੱਪਰ ਬੰਨ ਸਕਦੇ ਹੋਂ ਜਿਹੜਾ ਪਹਿਲਾਂ ਹੀ ਸਵਰਗ ਵਿੱਚ ਬੰਨਿਆ ਜਾ ਚੁੱਕਾ ਹੈ, ਤੁਹਾਡਾ ਅਧਿਕਾਰ ਅੰਧਕਾਰ ਵਿੱਚੋ ਠੋਸ ਅਤੇ ਪ੍ਰਯੋਗਾਤਮਕ ਅਜ਼ਾਦੀ ਲਈ ਜ਼ਰੂਰ ਹੀ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ। ਤੁਹਾਡੀ ਆਤਮਾ ਵਿੱਚ ਮਸੀਹ ਯਿਸੂ ਦੀ ਜਿੱਤ ਇੱਕ ਸੱਚਾਈ ਹੈ, ਪਰੰਤੂ ਤੁਹਾਡਾ ਵਿਸ਼ਵਾਸ਼ ਕੁਦਰਤੀ, ਜ਼ਮੀਨੀ ਖੇਤਰ ਵਿੱਚ ਉਪਯੋਗੀ ਜਿੱਤ ਨਾਲ਼ ਜੁੜਿਆ ਹੋਇਆ ਹੈ।

## ਦੁਸ਼ਟ ਆਤਮਿਆਂ ਨੂੰ ਕੱਢਣ ਲਈ ਉਪਯੋਗੀ ਕਦਮ

ਪਹਿਲਾ ਕਦਮ: ਤਿੰਨ ਪ੍ਰਸ਼ਨ ਪੁੱਛੋ ਕਿ ਦੁਸ਼ਟ ਆਤਮਾ ਵਿਅਕਤੀ ਨੂੰ ਕਿਵੇਂ ਸਤਾ ਰਿਹਾ ਹੈ, ਸਮਝਣ ਦੀ ਕੋਸ਼ਿਸ਼ ਕਰੋ। ਮਨੁੱਖ ਨੂੰ ਕਿਵੇਂ ਸਤਾਇਆ ਜਾ ਰਿਹਾ ਹੈ, ਤੁਸੀਂ ਵੇਖ ਰਹੇ ਹੋਂ।

ਦੂਸਰਾ ਕਦਮ: ਛੁਟਕਾਰਾ ਲੱਭ ਰਹੇ ਵਿਅਕਤੀਆਂ ਨੂੰ ਮਸੀਹ ਨੂੰ ਮਿੱਲਣ ਦਿਉ ਅਤੇ ਸਮਰਪਣ ਕਰਨ ਦੀ ਪ੍ਰਾਥਨਾ ਕਰਨ ਦਿਉ: "ਮਸੀਹ ਯਿਸੂ, ਮੈਂ ਜਿਵੇਂ ਦਾ ਵੀ ਹਾਂ, ਮੈਂ ਛੁਟਕਾਰੇ ਲਈ ਤੁਹਾਡੇ ਕੋਲ ਆਉਦਾ ਹਾਂ। ਹੁਣ ਮੈਂ ਆਪਣਾ ਆਤਮਾ, ਜਾਨ, ਸਰੀਰ ਤੁਹਾਨੂੰ ਸਮਰਪਣ ਕਰਦਾ ਹਾਂ ਅਤੇ

ਤੁਹਾਨੂੰ ਪਰਮੇਸ਼ਵਰ ਮੰਨਦਾ ਹਾਂ। ਇਸ ਸੇਵਕਾਈ ਦੇ ਸਮੇਂ ਮੈਂ ਮੇਰੇ ਅੰਦਰ ਅਤੇ ਮੇਰੇ ਉੱਤੇ ਹੋਣ ਵਾਲੀ ਹਰੇਕ ਦੁਸ਼ਟ ਸ਼ਕਤੀ ਦੇ ਹਮਲੇ ਨੂੰ ਤੋੜਦੇ ਹੋਏ ਝਿੜਕਦਾ ਹਾਂ।" ਤੂੰ ਮੈਨੂੰ ਗੁੰਮਰਾਹ ਨਹੀਂ ਕਰ ਸਕਦੀ ਅਤੇ ਮੇਰੇ ਦੁਆਰਾ ਪ੍ਰਗਟ ਨਹੀਂ ਹੋ ਸਕਦੀ, ਅਤੇ ਮਸੀਹ ਯਿਸੂ ਦੇ ਨਾਮ ਵਿੱਚ ਚੁੱਪ-ਚਾਪ ਨਿਕਲ ਜਾ"।

ਤੀਸਰਾ ਕਦਮ: ਪਵਿੱਤਰ ਆਤਮਾ ਦੀ ਹਜ਼ੂਰੀ, ਵਿਅਕਤੀ ਅਤੇ ਸਮੱਰਥਾ ਨੂੰ ਸੱਦਾ ਦਿਉ। ਮੌਜੂਦ ਦੁਸ਼ਟ ਸ਼ਕਤੀਆਂ ਜਾਂ ਪੀੜਿਤ ਵਿਅਕਤੀ ਤੋਂ ਵੱਧ ਪਵਿੱਤਰ ਆਤਮਾ ਵੱਲ ਵਧੇਰੇ ਚੇਤਨਾ ਅਤੇ ਧਿਆਨ ਦਿਉ।

(ਵਿਕਲਪਿਕ) ਜਦ ਮੈ ਕਿਸੇ ਲਈ ਪ੍ਰਾਥਨਾ ਕਰਦਾ ਹਾਂ ਅਤੇ ਮੈਨੂੰ ਪੱਕਾ ਹੋ ਜਾਂਦਾ ਹੈ ਕਿ ਇਹ ਇਕ ਦੁਸ਼ਟ ਆਤਮਾ ਹੈ, ਤਦ ਮੈਂ ਹੁਕਮ ਦਿੰਦਾ ਹਾਂ, ਮੈਂ ਉਨ੍ਹਾਂ ਦੀਆਂ ਅੱਖਾਂ ਵਿੱਚ ਦੇਖਦਾ ਹਾਂ । ਇਹ ਪਵਿੱਤਰ ਸ਼ਾਸ਼ਤਰ ਦੀ ਹਦਾਇਤ ਨਹੀਂ ਹੈ; ਫਿਰ ਵੀ, ਮੈਂ ਇਸ ਵਿਧੀ ਨੂੰ ਬਹੁਤ ਜ਼ਿਆਦਾ ਅਸਰਦਾਰ ਦੇਖਦਾ ਹਾਂ।

ਚੌਥਾ ਕਦਮ:ਕਠੋਰਤਾ ਅਤੇ ਅਧਿਕਾਰ ਵਿੱਚ-ਬਿਨ੍ਹਾਂ ਚੀਕੇ-ਅਸ਼ੁੱਧ ਆਤਮਾ ਨੂੰ ਉਸ ਦੀ ਗਤੀਵਿਧੀ ਦੇ ਵੇਰਵੇ ਨਾਲ਼ ਸੰਬੋਧਨ ਕਰਦੇ ਹੋਏ, ਉਸ ਵਿਅਕਤੀ ਵਿੱਚੋਂ ਨਿਕਲਣ ਦਾ ਹੁਕਮ ਦਿਉ। ਦੁਸ਼ਟ ਆਤਮਿਆਂ ਦੇ ਨਾਮ ਅਸਪੱਸ਼ਟ ਹੁੰਦੇ ਹਨ; ਅਗਰ ਇਹ ਚਿੰਤਾ, ਲਾਲਸਾ ਜਾਂ ਗੁੱਸਾ ਹੈ ਤਾਂ ਉਸ ਗਤੀਵਿਧੀ ਦੇ ਅਨੁਸਾਰ ਉਸ ਆਤਮਾ ਨੂੰ ਸੰਬੋਧਨ ਕਰੋ, ਜਿਵੇਂ ਕਿ, "ਲਾਲਸਾ ਦੀ ਆਤਮਾ" ਜਾਂ "ਜਿਹੜੀ ਆਤਮਾ ਇਸ ਨੂੰ ਸੁਪਨਿਆਂ ਵਿੱਚ ਸਤਾਉਦੀ ਹੈ"। ਜਿਵੇਂ ਹੀ ਤੁਸੀਂ ਹੁਕਮ ਦਿੰਦੇ ਹੋਂ, ਇਸ ਗੱਲ ਨੂੰ ਪੱਕਿਆਂ ਕਰੋ ਕਿ ਤੁਸੀਂ ਆਤਮਾ ਤੋਂ ਪ੍ਰਾਥਨਾ ਕਰ ਰਹੇ ਹੋਂ, ਜਿਵੇਂ ਅਧਿਆਇ 8 ਵਿੱਚ ਦੱਸਿਆ ਗਿਆ ਹੈ। ਕਲਪਨਾ ਕਰੋ ਕਿ ਦੁਸ਼ਟ ਸ਼ਕਤੀ ਵਿਅਕਤੀ ਨੂੰ ਛੱਡ ਰਹੀ ਹੈ।

ਉਦਾਹਰਣ:ਡਰ ਅਤੇ ਸਤਾਵ ਦੀ ਆਤਮਾ, ਮੈਂ ਤੈਨੂੰ ਬੰਨਦਾ ਹਾਂ ਅਤੇ (ਜੋਨ)ਦੀ ਜਿੰਦਗੀ ਵਿੱਚੋਂ ਤੇਰੀ ਮੌਜੂਦਗੀ ਅਤੇ ਗਤੀਵਿਧੀ ਨੂੰ ਖਤਮ ਕਰਦਾ ਹਾਂ। ਮੈਂ ਤੇਰੇ ਪ੍ਰਭਾਵ ਦਾ ਅੰਤ ਕਰਦਾ ਹਾਂ ਅਤੇ ਤੈਨੂੰ ਨਿਕਲਣ ਦਾ

ਹੁਕਮ ਦਿੰਦਾ ਹਾਂ, ਮਸੀਹ ਯਿਸੂ ਦੇ ਨਾਮ ਵਿੱਚ ਬਾਹਰ ਨਿਕਲ ਆ! ਤੂੰ ਮੇਰਾ ਵਿਰੋਧ ਕਰਕੇ ਅੰਦਰ ਨਹੀਂ ਰਹਿ ਸਕਦੀ, ਹੇ ਕਮਜ਼ੋਰ ਅਤੇ ਤਰਸਯੋਗ ਦੁਸ਼ਟ; ਹੁਣ ਨਿਕਲ ਆ!

ਪੰਜਵਾਂ ਕਦਮ:ਕਿਸੇ ਵੀ ਮੌਜੂਦ ਅੰਧਕਾਰ ਨੂੰ ਬਾਹਰ ਕੱਢਦੇ ਹੋਏ, ਉਸ ਵਿਅਕਤੀ ਉਪਰ ਹੱਥ ਰੱਖਦੇ ਹੋਏ, ਉਸ ਵਿਅਕਤੀ ਨੂੰ ਪਵਿੱਤਰ ਆਤਮਾ ਦੀ ਹਜ਼ੂਰੀ ਅਤੇ ਸਮੱਰਥਾ ਨਾਲ਼ ਭਰਨ ਲਈ ਸੱਦਾ ਦਿਉ।ਭਵਿੱਖਵਾਣੀ ਦੇ ਵਚਨ ਬੋਲੋ ਜੋ ਪਵਿੱਤਰ ਆਤਮਾ ਤੁਹਾਨੂੰ ਦੇਵੇਗਾ। ਜਿੱਥੇ ਵੀ ਅੰਧਕਾਰ ਸੀ ਉੱਥੇ ਪਵਿੱਤਰ ਆਤਮਾ ਨੂੰ ਭਰਨ ਲਈ ਵਿਸ਼ਵਾਸ਼ ਕਰੋ।

ਉਦਾਹਰਣ:ਹੇ ਪਵਿੱਤਰ ਆਤਮਾ, ਆਉ ਅਤੇ(ਜੋਨ) ਨੂੰ ਆਪਣੀ ਹਜ਼ੂਰੀ ਅਤੇ ਸਮੱਰਥਾ ਨਾਲ ਭਰੋ, ਸਾਰੀਆਂ ਦੁਸ਼ਟ ਸ਼ਕਤੀਆਂ ਨੂੰ ਬਾਹਰ ਕੱਢਦੇ ਹੋਏ, ਆਪਣੇ ਚਾਨਣ ਸੱਚਾਈ ਅਤੇ ਹਜ਼ੂਰੀ ਨਾਲ਼ ਉਸ ਨੂੰ ਭਰੋ।ਪਰਮੇਸ਼ਵਰ ਦੀ ਆਤਮਾ ਦਾ ਬਹਾਵ;ਉਸ ਨੂੰ ਹੁਣੇ ਭਰੋ।

ਛੇਵਾਂ ਕਦਮ:ਵਿਅਕਤੀ ਨੂੰ ਪੁੱਛੋ ਕਿ ਉਸ ਨੇ ਕੀ ਅਨੁਭਵ ਅਤੇ ਮਹਿਸੂਸ ਕੀਤਾ, ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ।ਦੋਵਾਂ ਦੇ ਸਧਾਰਨ ਤਜ਼ਰਬੇ ਹੇਠਾਂ ਚਾਰਟ ਵਿੱਚ ਦਿੱਤੇ ਗਏ ਹਨ।ਅਗਰ ਕੋਈ ਨਕਾਰਾਤਮਕ ਪ੍ਰਭਾਵ ਵਾਪਰ ਰਹੇ ਹਨ ਅਤੇ ਬਹੁਤੇ ਧਿਆਨ ਭਟਕਾਉਣ ਵਾਲੇ ਨਹੀਂ ਹਨ, ਤਦ ਉਨ੍ਹਾ ਨੂੰ ਨਜ਼ਰਅੰਦਾਜ਼ ਕਰਦੇ ਹੋਏ ਅਗਲੇ ਕਦਮ ਵੱਲ ਵੱਧੋ।ਅਗਰ ਉਹ ਬਹੁਤੇ ਧਿਆਨ ਭਟਕਾਉਣ ਵਾਲੇ ਅਤੇ ਸਮੱਰਥ ਹਨ।ਤਦ ਉਨ੍ਹਾ ਨੂੰ ਬੰਨੋ ਅਤੇ ਰੁਕਣ ਦਾ ਹੁਕਮ ਦਿਉ।ਅਗਰ ਵਿਅਕਤੀ ਅਜ਼ਾਦ ਹੈ, ਜਾਂ ਤੁਹਾਨੂੰ ਸੱਚ ਲੱਗਦਾ ਹੈ ਕਿ ਵਿਅਕਤੀ ਅਜ਼ਾਦ ਹੈ, ਤਦ ਨੌਵੇਂ ਕਦਮ ਉੱਪਰ ਆ ਜਾਉ।ਅਗਰ ਵਿਅਕਤੀ ਸੰਪੂਰਨ ਛੁਟਕਾਰਾ ਅਨੁਭਵ ਨਹੀਂ ਕਰ ਰਿਹਾ ਹੈ ਤਾਂ, ਸੱਤਵੇਂ ਕਦਮ ਵੱਲ ਵਾਪਸ ਆਉ।

| **ਸ਼ਕਾਰਾਤਮਕ ਪ੍ਰਭਾਵ** | **ਨਕਾਰਾਤਮਕ ਪ੍ਰਭਾਵ** |
|---|---|
| ਕੁਝ ਛੱਡ ਜਾਣ ਦਾ ਅਹਿਸਾਸ, ਇੱਕ ਖਾਲੀਪਨ, ਸਰੀਰ ਵਿੱਚ ਹਲਕਾਪਨ।ਭਾਰ ਉਤਰਨ ਦੀਆਂ ਭਾਵਨਾਵਾਂ; ਸ਼ਾਤੀ ਅਤੇ ਅਰਾਮ ਦੀਆਂ ਭਾਵਨਾਵਾਂ। | ਭਾਰੀਪਨ ਮਹਿਸੂਸ ਹੋਣਾ, ਸਾਹ ਲੈਣ ਵਿੱਚ ਮੁਸ਼ਕਿਲ,ਬੋਲਣ ਵਿੱਚ ਅਯੋਗਤਾ ਛਾਤੀ ਜਾਂ ਗਲੇ ਵਿੱਚ ਕੁਝ ਅਟਕਿਆ ਹੋਣਾ, ਸਿਰ ਦਰਦ, ਸਰੀਰ ਦਾ ਦਰਦ, ਸਰੀਰ ਵਿੱਚ ਅਕੜਨ ਆਦਿ। |

**ਸ਼ੱਤਵਾਂ ਕਦਮ:** ਪਵਿੱਤਰ ਆਤਮਾ ਉੱਪਰ ਧਿਆਨ ਕੇਂਦਰਿਤ ਕਰੋ, ਫਿਰ ਦੁਸ਼ਟ ਸ਼ਕਤੀ ਨੂੰ ਜਾਣ ਦਾ ਹੁਕਮ ਦਿਉ, ਇਸ ਨੂੰ ਬਾਹਰ ਰਹਿਣ ਲਈ ਬੰਨੋ ਅਤੇ ਝਿੜਕੋ। ਦੁਸ਼ਟ ਆਤਮਾ ਵਿਰੁੱਧ ਹੁਕਮ ਦਿੰਦੇ ਹੋਏ ਵਿਚੋ-ਵਿੱਚ ਪਵਿੱਤਰ ਸ਼ਾਸ਼ਤਰ ਦੇ ਵਚਨ ਵੀ ਬੋਲੋ। ਕੀ ਵਿਅਕਤੀ ਨੇ ਦੁਸ਼ਟ ਆਤਮਾ ਨੂੰ ਹੁਕਮ ਦੇਣ ਅਤੇ ਪਵਿੱਤਰ ਸ਼ਾਸ਼ਤਰ ਨੂੰ ਦੁਹਰਾਉਣ ਵਿੱਚ ਤੁਹਾਡਾ ਸਾਥ ਦਿੱਤਾ? ਅਗਰ ਜ਼ਰੂਰੀ ਹੈ, ਤਾਂ ਇਸ ਨੂੰ ਕਈ ਵਾਰ ਦੁਹਰਾਉ।

**ਉਦਾਹਰਣ:** ਦੁਸ਼ਟ ਆਤਮਿਓ, ਤੁਸੀਂ ਹਾਰੇ ਹੋਏ ਹੋਂ ਮਸੀਹ ਯਿਸੂ ਨੇ ਤੁਹਾਨੂੰ ਕੁਚਲ ਦਿੱਤਾ ਅਤੇ ਨੀਵਾਂ ਕਰ ਦਿੱਤਾ ਹੈ। ਤੁਸੀਂ ਕਮਜ਼ੋਰ ਅਤੇ ਸ਼ਕਤੀਹੀਣ ਹੋਂ; ਹੁਣੇ ਬਾਹਰ ਨਿਕਲ ਆਉ। ਉਸ ਦੇ ਸਾਮਰੱਥੀ ਨਾਮ ਵਿੱਚ ਮੈਂ ਤੁਹਾਨੂੰ ਬੰਨਦਾ ਅਤੇ ਕੁਚਲਦਾ ਹਾਂ। ਤੁਸੀਂ ਅੰਦਰ ਨਹੀਂ ਰਹਿ ਸਕਦੇ ਅਤੇ ਨਾ ਹੀ ਮੇਰਾ ਵਿਰੋਧ ਕਰ ਸਕਦੇ ਹੋਂ; ਮਸੀਹ ਯਿਸੂ ਦੇ ਨਾਮ ਅਤੇ ਅਧਿਕਾਰ ਨਾਲ਼ ਮੈਂ ਤੁਹਾਨੂੰ ਕੱਢਦਾ ਹਾਂ! ਤੁਹਾਡੇ ਕੰਮ ਨਾਸ਼ ਕਰ ਦਿੱਤੇ ਗਏ ਹਨ; ਤੁਸੀਂ ਅਸਫ਼ਲ ਹੋ ਚੁੱਕੇ ਹੋਂ ਤੁਸੀਂ ਮੌਜੂਦ ਨਹੀਂ ਰਹਿ ਸਕਦੇ। ਸ਼ਕਤੀਹੀਣ ਦੁਸ਼ਟ ਸ਼ਕਤੀਉ, ਹੁਣ ਚੱਲੀਆਂ ਜਾਉ! ਪਿਤਾ ਨੇ (ਜੋਨ) ਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਲਿਆ ਹੈ; ਇਸ ਕਾਰਨ ਤੈਨੂੰ ਇਥੇ ਕੋਈ ਅਧਿਕਾਰ ਅਤੇ ਜਗ੍ਹਾਂ ਨਹੀਂ ਹੈ। ਮਸੀਹ ਯਿਸੂ ਪਰਮੇਸ਼ਵਰ ਹੈ, ਅਤੇ ਤੁਹਾਨੂੰ ਕੱਢਿਆ ਜਾਂਦਾ ਹੈ! ਮਸੀਹ ਯਿਸੂ ਦਾ ਲਹੂ (ਜੋਨ) ਉੱਪਰ ਹੈ, ਅਤੇ ਤੈਨੂੰ ਇਥੇ ਕੋਈ ਅਧਿਕਾਰ ਨਹੀਂ ਹੈ। ਮਸੀਹ ਯਿਸੂ ਦੇ ਨਾਮ ਵਿੱਚ ਮੈਂ ਛੁਟਕਾਰੇ ਦਾ ਹੁਕਮ ਦਿੰਦਾ ਹਾਂ!

**ਨੋਂਟ:** ਅਗਰ ਵਿਅਕਤੀ ਬੇਹੋਸ਼ ਹੋ ਜਾਂਦਾ ਹੈ ਤਾਂ ਦੁਸ਼ਟ ਸ਼ਕਤੀ ਨੂੰ ਚੁੱਪ ਰਹਿਣ ਦਾ ਹੁਕਮ ਦਿਉ, ਅਤੇ ਵਿਅਕਤੀ ਨੂੰ ਨਿਰੰਤਰ ਨਾਮ ਲੈ ਕੇ ਬੁਲਾਉਦੇ ਰਹੋ ਜਦ ਤੱਕ ਕਿ ਉਹ ਹੋਸ਼ ਵਿੱਚ ਨਹੀਂ ਆ ਜਾਂਦਾ ਅਤੇ ਤੁਹਾਡੇ ਨਾਲ਼ ਮਿਲ ਕੇ ਦੁਸ਼ਟ ਦਾ ਵਿਰੋਧ ਕਰਨ ਦੇ ਯੋਗ ਨਹੀਂ ਹੋ ਜਾਂਦਾ।

**ਅੱਠਵਾਂ ਕਦਮ:** ਸਕਾਰਾਤਮਕ ਅਤੇ ਨਕਾਰਾਤਮਕ ਅਨੁਭਵਾਂ ਬਾਰੇ ਪੁੱਛਦੇ ਹੋਏ, ਛੇਵੇਂ ਕਦਮ ਨੂੰ ਦੁਹਰਾਓ। ਅਗਰ ਵਿਅਕਤੀ ਅਜ਼ਾਦ ਹੈ, ਨੌਵੇਂ ਕਦਮ ਵੱਲ ਵੱਧੋ। ਅਗਰ ਅਜ਼ਾਦ ਨਹੀਂ ਹੈ, ਸੱਤਵੇਂ ਅਤੇ ਅੱਠਵੇਂ ਕਦਮ ਨੂੰ ਉਦੋਂ ਤੱਕ ਦੁਹਰਾਉ ਜਦੋਂ ਤੱਕ ਵਿਅਕਤੀ ਅਜ਼ਾਦ ਨਾ ਹੋ ਜਾਵੇ।

**ਨੌਵਾਂ ਕਦਮ:**ਛੁਟਕਾਰੇ ਲਈ ਪਰਮੇਸ਼ਵਰ ਦਾ ਧੰਨਵਾਦ ਕਰੋ। ਅੰਧਕਾਰ ਦੁਆਰਾ ਰਾਜ ਕੀਤੇ ਸਥਾਨਾਂ ਉੱਪਰ ਪਵਿੱਤਰ ਆਤਮਾ ਦੇ ਭਰਨ ਲਈ ਬੇਨਤੀ ਕਰੋ। ਉਸ ਵਿਅਕਤੀ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਗਵਾਹੀ ਦੱਸਣ ਬਾਰੇ ਕਹੋ।

ਬਿਮਾਰੀ ਫੈਲਾਉਣ ਵਾਲੇ ਦੁਸ਼ਟ ਆਤਮੇ ਕਈ ਵਾਰ ਵਾਪਸ ਆ ਜਾਂਦੇ ਹਨ ਅਤੇ ਵਿਅਕਤੀ ਅੰਦਰ ਬਿਮਾਰੀ ਨੂੰ ਦੋਬਾਰਾ ਪਾਉਣ ਦਾ ਯਤਨ ਕਰਦੇ ਹਨ, ਉਸੇ ਤਰੀਕੇ ਕੁਝ ਦੁਸ਼ਟ ਆਤਮੇ ਆਪਣੇ ਖੋਹੇ ਗਏ ਸਥਾਨ ਨੂੰ ਦੋਬਾਰਾ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ। ਹਮੇਸ਼ਾ ਦੇ ਛੁਟਕਾਰੇ ਲਈ ਵਿਅਕਤੀ ਨੂੰ ਮਸੀਹ ਯਿਸੂ ਦੀ ਜਿੱਤ, ਪਵਿੱਤਰ ਆਤਮਾ, ਵਿਸ਼ਵਾਸ਼ੀ ਦਾ ਅਧਿਕਾਰ ਸਿਖਾਉਣ ਨਾਲ਼ ਭਵਿੱਖ ਦੇ ਲੱਛਣਾਂ ਦਾ ਵਿਰੋਧ ਕਰਨ ਵਿੱਚ ਸਹਾਇਤਾ ਕਰਦਾ ਹੈ।

## ਝੁੰਡ ਵਿੱਚ ਜਾਂ ਵਿਅਕਤੀਗਤ ਤੌਰ ਉੱਤੇ ਵਿਚਾਰੇ ਜਾਣ ਵਾਲੇ ਉਪਯੋਗੀ ਪ੍ਰਸ਼ਨ

1. ਇਸ ਅਧਿਆਇ ਨੂੰ ਪੜਨ ਤੋਂ ਪਹਿਲਾਂ ਕੀ ਤੁਸੀਂ ਦੁਸ਼ਟ ਆਤਮਿਆਂ ਦੀ ਮੌਜੂਦਗੀ ਅਤੇ ਕੰਮ ਬਾਰੇ ਅਤੇ ਉਨ੍ਹਾਂ ਨੂੰ ਕੱਢਣ ਵਿੱਚ ਸਾਡੀ ਭੂਮਿਕਾ ਬਾਰੇ ਵਿਸ਼ਵਾਸ਼ ਕਰਦੇ ਸੀ?

2. ਇਸ ਅਧਿਆਇ ਨੂੰ ਪੜਨ ਤੋਂ ਪਹਿਲਾਂ, ਸ਼ੈਤਾਨੀ ਗਤੀਵਿਧੀ ਨੂੰ ਸਮਝਣ ਵਿੱਚ ਤੁਸੀਂ ਕਿੰਨੇ ਯੋਗ ਸੀ? ਕੀ ਤੁਸੀਂ ਸ਼ਪੱਸ਼ਟ ਸ਼ੈਤਾਨੀ ਪ੍ਰਗਟੀਕਰਨ ਦੇਖਿਆ ਹੈ? ਆਤਮਿਕ ਸਮਝ ਵਿੱਚ ਤੁਸੀਂ ਵਧੇਰੇ ਪੱਛਮੀ ਜਾਂ ਪੂਰਬੀ ਹੋ?

3. ਸੂਖਮ ਸ਼ੈਤਾਨੀ ਗਤੀਵਿਧੀ ਨੂੰ ਪੜਨ ਦੌਰਾਨ, ਕੀ ਤੁਸੀਂ ਆਪਣੇ ਜੀਵਨ ਵਿੱਚ ਸੰਭਵ ਸ਼ੈਤਾਨੀ ਸ਼ਕਤੀਆਂ ਦੇ ਕੰਮ ਤੋਂ ਜਾਣੂ ਹੋਏ ਹੋਂ? ਅਗਰ ਹਾਂ,ਤਾਂ ਕਿਹੜੇ ਤਰੀਕੇ ਨਾਲ਼ ਦੁਸ਼ਟ ਆਤਮੇ ਬਰੀਕੀ ਨਾਲ਼ ਕੰਮ ਕਰ ਰਹੇ ਹਨ?

4. ਕਿਵੇਂ ਨਾ ਸਮਝਣ ਕਾਰਨ ਅਸੀਂ ਪਾਪ ਵਿਰੁੱਧ ਆਪਣੇ ਸੰਘਰਸ਼ ਨੂੰ ਨਿਰੰਤਰ ਦੁੱਖ ਦੇਣ ਵਾਲੀਆਂ ਦੁਸ਼ਟ ਸ਼ਕਤੀਆਂ ਦੇ ਥਾਂ ਉੱਤੇ

ਸ਼ਰੀਰਕਤਾ ਨੂੰ ਸਮਝ ਲੈਂਦੇ ਹਾਂ? ਕੀ ਕੋਈ ਸ਼ਰੀਰਕਤਾ ਨਾਲ਼ ਸੰਘਰਸ਼ ਹਨ ਜਿਨ੍ਹਾਂ ਨੂੰ ਤੁਸੀਂ ਹੁਣ ਸ਼ੈਤਾਨੀ ਵਿਅਕਤੀਤਵ ਦੇ ਰੂਪ ਵਿਚ ਪਛਾਣ ਚੁੱਕੇ ਹੋਂ?

5. ਆਪਣੇ ਆਪ ਨੂੰ ਤਿੰਨ ਪ੍ਰਸ਼ਨ ਪੁੱਛੋ; ਕੀ ਉਨ੍ਹਾਂ ਤਿੰਨ੍ਹਾਂ ਵਿੱਚੋਂ ਤੁਸੀਂ ਇੱਕ ਦਾ ਉੱਤਰ ਹਾਂ ਵਿੱਚ ਦੇ ਸਕਦੇ ਹੋਂ? ਕੀ ਕੋਈ ਅਜਿਹਾ ਵਿਅਕਤੀ ਹੈ ਜਿਸ ਨਾਲ਼ ਮਿਲ ਕੇ ਤੁਸੀਂ ਆਪਣੇ ਛੁਟਕਾਰੇ ਲਈ ਪ੍ਰਾਥਨਾ ਕਰ ਸਕਦੇ ਹੋਂ? ਪ੍ਰਾਥਨਾ ਕਰਨ ਲਈ ਸਮਾਂ ਨਿਸ਼ਚਿਤ ਕਰੋ।

6. ਇਸ ਆਇਤ ਨੂੰ ਵਿਚਾਰੋ:ਸੋ ਜੋ ਕੁਝ ਤੁਸੀਂ ਚਾਹੁੰਦੇ ਹੋਂ ਜੋ ਮਨੁੱਖ ਤੁਹਾਡੇ ਨਾਲ਼ ਕਰਨ ਤੁਸੀਂ ਵੀ ਉਨ੍ਹਾਂ ਨਾਲ਼ ਉਵੇਂ ਹੀ ਕਰੋ।ਜੇ ਕੋਈ ਵੀ ਛੁਟਕਾਰੇ ਲਈ ਸਾਡੇ ਕੋਲ ਆਉਦਾ ਹੈ, ਉਸ ਨੂੰ ਪਿਆਰ, ਆਦਰ ਅਤੇ ਇਜ਼ਤ ਦੇਣ ਲਈ ਉਪਯੋਗੀ ਤਰੀਕਿਆਂ ਦੀ ਇੱਕ ਸੂਚੀ ਬਣਾਉ।

7. ਸਾਡੇ ਅਧਿਕਾਰ ਪੂਰਨ ਹੁਕਮ ਪਰਮੇਸ਼ਵਰ ਦੇ ਪੂਰੇ ਕੀਤੇ ਕੰਮਾਂ ਉੱਪਰ ਕਿਵੇਂ ਨਿਰਭਰ ਹਨ?

8. ਤੁਸੀਂ ਆਪਣੇ ਜੀਵਨ ਅਤੇ ਪ੍ਰਭਾਵ ਖੇਤਰ ਵਿੱਚ ਇਸ ਅਧਿਆਇ ਨੂੰ ਉਪਯੋਗੀ ਤਰੀਕੇ ਨਾਲ ਕਿਵੇਂ ਲਾਗੂ ਕਰ ਸਕਦੇ ਹੋਂ? ਪ੍ਰਾਥਨਾ ਪੂਰਵਕ ਆਪਣੇ ਇਲਾਕੇ ਦੇ ਅਜਿਹੇ ਲੋਕਾਂ ਦੀ ਸੂਚੀ ਬਣਾਉ ਜੋ ਸ਼ੈਤਾਨੀ ਸ਼ਕਤੀਆਂ ਤੋਂ ਪ੍ਰਭਾਵਿਤ ਹਨ।ਪਵਿੱਤਰ ਆਤਮਾ ਨੂੰ ਸੇਵਕਾਈ ਦੇ ਦਰਵਾਜ਼ੇ ਖੋਲਣ ਲਈ ਬਿਨਤੀ ਕਰੋ।ਜਾਉ ਅਤੇ ਪੁੱਛੋ ਕਿ ਕੀ ਉਹ ਆਪਣੇ ਛੁਟਕਾਰੇ ਲਈ ਪ੍ਰਾਥਨਾ ਕਰ ਸਕਦੇ ਹਨ?

# ਆਮ ਤੌਰ ਉੱਤੇ ਪੁੱਛੇ ਜਾਣ ਵਾਲੇ ਪ੍ਰਸ਼ਨ:

ਤੁਸੀਂ ਸਿੱਖਾਉਦੇਂ ਹੋ ਕਿ ਪਰਮੇਸ਼ਵਰ ਦੀ ਇੱਛਾ ਹਮੇਸ਼ਾ ਚੰਗਾ ਕਰਨ ਦੀ ਹੁੰਦੀ ਹੈ; ਫਿਰ ਵੀ, ਪੌਲੂਸ ਇੱਕ ਬਿਮਾਰੀ ਦੁਆਰਾ ਗ੍ਰਸਿਤ ਸੀ-ਸਰੀਰ ਵਿੱਚ ਖੋਭੇ ਇੱਕ ਕੰਡੇ ਦੁਆਰਾ-ਜਿਸ ਨੂੰ ਚੰਗਾ ਕਰਨ ਤੋਂ ਪਰਮੇਸ਼ਵਰ ਨੇ ਮਨ੍ਹਾਂ ਕਰ ਦਿੱਤਾ।ਕੀ ਇਹ ਅਜਿਹਾ ਨਹੀਂ ਦਰਸਾ ਰਿਹਾ ਕਿ ਪਰਮੇਸ਼ਵਰ ਹਮੇਸ਼ਾ ਚੰਗਾ ਨਹੀਂ ਕਰਦਾ?

ਮੇਰੀ ਲਾ-ਇਲਾਜ਼ ਫ਼ੇਫ਼ੜੇ ਦੀ ਬਿਮਾਰੀ ਨੂੰ ਚੰਗਾ ਹੋਣ ਤੋਂ ਪਹਿਲਾਂ, ਮੈਂ ਇਸੇ ਪ੍ਰਸ਼ਨ ਨਾਲ਼ ਸੰਘਰਸ਼ ਕਰਦਾ ਸੀ।ਯਾਦ ਰੱਖਣਾ ਮਸੀਹ ਯਿਸੂ ਉੱਪਰ ਕੀਤੇ ਗਏ ਸ਼ੈਤਾਨ ਦੇ ਹਮਲਿਆਂ ਵਿੱਚੋਂ ਦੋ ਤਿਹਾਈ ਹਮਲੇ ਪਵਿੱਤਰ ਸ਼ਾਸ਼ਤਰ ਨੂੰ ਗਲਤ ਤਰੀਕੇ ਨਾਲ਼ ਪੇਸ਼ ਕਰਨ ਉੱਪਰ ਅਧਾਰਿਤ ਸਨ (ਮੱਤੀ 4:6 )।ਧੋਖਾ ਦੇਣ ਵਾਲ਼ੇ ਆਤਮੇ ਕੇਵਲ ਦੂਸਰੇ ਧਰਮਾਂ ਵਿੱਚ ਹੀ ਨਹੀਂ, ਸਗੋਂ ਮਸੀਹੀਅਤ ਵਿੱਚ ਵੀ ਕੰਮ ਕਰਦੇ ਹਨ ( 1ਤਿਮੋਥਿਉਸ 4:1 )।ਸ਼ੈਤਾਨ, ਮਸੀਹ ਯਿਸੂ ਕੋਲ ਆਏ ਹਰੇਕ ਨੂੰ ਚੰਗਾ ਕਰਨ ਦੇ ਸਾਡੇ ਦੇਖਣ ਉੱਪਰ ਪਰਦਾ ਪਾਉਣਾ ਚਾਹੁੰਦਾ ਹੈ ਅਤੇ ਉਸ ਦੇ ਮਹਾਨ ਕੰਮ ਵਿੱਚ, ਸਾਡੀ ਸਾਰੀ ਬਿਮਾਰੀ ਅਤੇ ਦਰਦ ਨੂੰ ਸਹਿਣ ਪ੍ਰਤੀ ਉਲਝਣ ਪੈਦਾ ਕਰਦਾ ਹੈ।

ਪਵਿੱਤਰ ਸ਼ਾਸ਼ਤਰ ਵਿੱਚੋਂ ਦਿੱਤਾ ਵਚਨ 2 ਕੁਰਿੰਥੀਆਂ 12:7-9 ਵਿੱਚ ਮਿਲਦਾ ਹੈ ਆਉ ਪੜੀਏ

"ਅਤੇ ਇਸ ਲਈ ਜੋ ਮੈਂ ਪਰਕਾਸ਼ ਬਾਣੀਆਂ ਦੀ ਬਹੁਤਾਇਤ ਦੇ ਕਾਰਨ ਹੱਦੋਂ ਬਾਹਰ ਫੁੱਲ ਨਾ ਜਾਵਾਂ ਮੇਰੇ ਸਰੀਰ ਵਿੱਚ ਇੱਕ ਕੰਡਾ ਚੋਭਿਆ ਗਿਆ ਅਰਥਾਤ ਸ਼ਤਾਨ ਦਾ ਘੱਲਿਆ ਹੋਇਆ ਭਈ ਉਹ ਮੈਨੂੰ ਹੂਰੇ ਮਾਰੇ ਤਾਂ ਜੋ ਮੈਂ ਹੱਦੋਂ ਬਾਹਰ ਫੁੱਲ ਨਾ ਜਾਵਾਂ 0 ਇਹ ਦੇ ਲਈ ਮੈਂ ਪ੍ਰਭੁ ਦੇ ਅੱਗੇ ਤਿੰਨ ਵਾਰ ਬੇਨਤੀ ਕੀਤੀ ਭਈ ਇਹ ਮੈਥੋਂ ਦੂਰ ਹੋ ਜਾਵੇ 0 ਅਤੇ ਉਸ ਨੇ ਮੈਨੂੰ ਆਖਿਆ ਭਈ ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮੱਰਥਾ ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮੱਰਥਾ ਮੇਰੇ ਉੱਤੇ ਸਾਯਾ ਕਰੇ"

ਲ਼ੋਕ ਇਸ ਕੰਡੇ ਨੂੰ ਸਰੀਰਕ ਬਿਮਾਰੀ ਸਮਝ ਲੈਦੇਂ ਹਨ; ਫਿਰ ਵੀ, ਵਚਨ ਨੂੰ ਚੰਗੀ ਤਰ੍ਹਾਂ ਪੜਤਾਲ ਕਰਨ ਉਪਰੰਤ, ਅਸੀਂ ਸ਼ਪੱਸ਼ਟ ਰੂਪ ਵਿੱਚ ਦੇਖਦੇ ਹਾਂ ਕਿ ਇਥੇ ਬਿਮਾਰੀ ਦਾ ਕੋਈ ਜ਼ਿਕਰ ਹੀ ਨਹੀਂ। ਭਾਵੇਂ ਸਾਡੀਆਂ ਬਾਈਬਲਾਂ ਅਧਿਆਇ ਅਤੇ ਆਇਤਾਂ ਦੇ ਰੂਪ ਵਿੱਚ ਲਿਖੀਆਂ ਗਈਆਂ ਹਨ, ਪਰ ਅਸਲੀ ਲਿਖਤ ਨਿਰੰਤਰ ਲਿਖਤ ਹੈ। ਇਸ ਕਰਕੇ, ਸਾਨੂੰ ਜ਼ਰੂਰ ਹੀ ਪਿੱਛਲੇ ਅਧਿਆਇ ਦਾ ਅਧਿਅਨ ਕਰਨਾ ਚਾਹੀਦਾ ਹੈ ਅਤੇ ਆਸ ਪਾਸ ਦੀਆਂ ਆਇਤਾਂ ਦਾ ਵੀ। ਆਉ ਅਸੀਂ ਗਿਆਰਾਂ ਅਧਿਆਇ ਦੀ ਪੜਤਾਲ ਕਰੀਏ ਅਤੇ ਦੇਖੀਏ ਕਿ ਪੌਲੂਸ ਕੀ ਕਹਿ ਰਿਹਾ ਹੈ।

"ਕੀ ਓਹ ਮਸੀਹ ਦੇ ਸੇਵਕ ਹਨ? ਮੈਂ ਬੇਸੁੱਧ ਵਾਂਙੁ ਬੋਲਦਾ ਹਾਂ,ਮੈਂ ਵਧੀਕ ਹਾਂ,ਅਰਥਾਤ ਮਿਹਨਤਾਂ ਵਿੱਚ ਵਧੀਕ,ਕੈਦਾਂ ਵਿੱਚ ਵਧੀਕ,ਮਾਰ ਖਾਣ ਵਿੱਚ ਹੱਦੋਂ ਬਾਹਰ, ਮੌਤਾਂ ਵਿੱਚ ਬਹੁਤ ਵਾਰੀ 0 ਮੈਂ ਪੰਜ ਵਾਰੀ ਯਹੂਦੀਆਂ ਦੇ ਹੱਥੋਂ ਇੱਕ ਘੱਟ ਚਾਲੀ ਕੋਰੜੇ ਖਾਧੇ 0 ਤਿੰਨ ਵਾਰ ਬੈਂਤਾਂ ਦੀ ਮਾਰ ਖਾਧੀ, ਇੱਕ ਵਾਰ ਪਥਰਾਉ ਹੋਇਆ, ਤਿੰਨ ਵਾਰ ਬੇੜੇ ਦੇ ਗਰਕਣ ਤੋਂ ਦੁੱਖ ਭੋਗਿਆ, ਇੱਕ ਰਾਤ ਦਿਨ ਸਮੁੰਦਰ ਵਿੱਚ ਕੱਟਿਆ 0 ਬਹੁਤ ਵਾਰ ਪੈਡਿਆਂ ਵਿੱਚ,ਦਰਿਆਵਾਂ ਦਿਆਂ ਭੌਜਲਾਂ ਵਿੱਚ,ਡਾਕੂਆਂ

ਦਿਆਂ ਭੌਜਲਾਂ ਵਿੱਚ, ਆਪਣੀ ਕੌਮ ਵੱਲੋਂ ਭੌਜਲਾਂ ਵਿੱਚ,ਨਗਰ ਦਿਆਂ ਭੌਜਲਾਂ ਵਿੱਚ,ਉਜਾੜ ਦਿਆਂ ਭੌਜਲਾਂ ਵਿੱਚ,ਸਮੁੰਦਰ ਦਿਆਂ ਭੌਜਲਾਂ ਵਿੱਚ,ਖੋਟੇ ਭਰਾਵਾਂ ਦਿਆਂ ਭੌਜਲਾਂ ਵਿੱਚ 0 ਮਿਹਨਤ ਪੋਹਰਿਆਂ ਵਿੱਚ,ਕਈ ਵਾਰੀ ਉਣੀਂਦਿਆਂ ਵਿੱਚ, ਭੁੱਖ ਅਤੇ ਤਰੇਹ ਵਿੱਚ, ਕਈ ਵਾਰੀ ਫਾਕਿਆਂ ਵਿੱਚ,ਪਾਲੇ ਅਤੇ ਨੰਗੇ ਰਹਿਣ ਵਿੱਚ ਪਿਆ ਹਾਂ 0 ਅਤੇ ਹੋਰ ਗੱਲਾਂ ਤੋਂ ਬਾਝ ਸਾਰੀਆਂ ਕਲੀਸਿਯਾਂ ਦੀ ਚਿੰਤਾ ਮੈਨੂੰ ਰੋਜ ਆਣ ਦਬਾਉਦੀ ਹੈ 0 ਕੌਣ ਨਿਰਬਲ ਹੈ ਜੋ ਮੈਂ ਨਿਰਬਲ ਨਹੀਂ ਹਾਂ? ਕੌਣ ਠੋਕਰ ਖਾਂਦਾ ਹੈ ਜੋ ਮੈਂ ਨਹੀਂ ਜਲਦਾ?॥ ਜੇ ਅਭਮਾਨ ਕਰਨਾ ਹੀ ਪਵੇ ਤਾਂ ਮੈਂ ਆਪਣੀ ਨਿਰਬਲਤਾਈ ਦੀਆਂ ਗੱਲਾਂ ਉੱਤੇ ਅਭਮਾਨ ਕਰਾਂਗਾ" 2ਕੁਰਿੰਥੀਆਂ 11:23-30 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਇਨ੍ਹਾਂ ਆਇਤਾਂ ਵਿੱਚ, ਪੌਲੂਸ ਆਪਣੀ ਨਿਬਲਤਾਈ ਦੀਆਂ ਗੱਲਾਂ ਉੱਪਰ ਘਮੰਡ ਕਰ ਰਿਹਾ ਹੈ।"ਨਿਰਬਲਤਾਈ"ਦਾ ਯੂਨਾਨੀ ਸ਼ਬਦ "ਐਸ਼ਥੀਨੀਆ" ਹੈ, ਇਹੋ ਯੂਨਾਨੀ ਸ਼ਬਦ ਅਧਿਆਇ 12 ਦੀ 9 ਆਇਤ ਵਿੱਚ ਨਿਰਬਲਤਾਈ ਲਈ ਵਰਤਿਆ ਗਿਆ ਹੈ।ਇਹ ਨਿਰਬਲਤਾਈਆਂ ਕਿਹੜੀਆਂ ਹਨ? ਕੀ ਤੁਹਾਨੂੰ ਬਿਮਾਰੀਆਂ ਦੀ ਕੋਈ ਸੂਚੀ ਦਿੱਖਦੀ ਹੈ? ਨਹੀਂ।ਇਹ ਸੂਚੀ ਖੁਸ਼ ਖਬਰੀ ਨੂੰ ਅੱਗੇ ਲੈ ਜਾਣ ਵਾਸਤੇ ਪੌਲੂਸ ਦੁਆਰਾ ਉਠਾਏ ਗਏ ਭਿੰਨ-ਭਿੰਨ ਕਿਸਮ ਦੇ ਕਸ਼ਟ ਅਤੇ ਖਤਰੇ ਸਨ।ਆਉ ਅਸੀਂ ਦੇਖੀਏ ਪੌਲੂਸ ਪ੍ਰਸ਼ਨ ਵਿੱਚ ਦਿੱਤੀਆਂ ਆਇਤਾਂ ਤੋਂ ਬਾਦ ਕਿਹੜੀ ਸੂਚੀ ਦਿੰਦਾ ਹੈ।

"ਇਸ ਕਾਰਨ ਮੈਂ ਮਸੀਹ ਦੇ ਲਈ ਨਿਰਬਲਤਾਈਆਂ ਉੱਤੇ,ਮਿਹਣਿਆਂ ਉੱਤੇ,ਤੰਗੀਆਂ ਉੱਤੇ,ਸਤਾਏ ਜਾਣ ਉੱਤੇ, ਸੰਕਟਾਂ ਉਤੇ, ਪਰਸੰਨ ਹਾਂ ਕਿਉਂਕਿ ਜਦੋਂ ਮੈਂ ਨਿਰਬਲ ਹੁੰਦਾ ਹਾਂ ਤਦੋਂ ਹੀ ਸਮਰਥੀ ਹੁੰਦਾ ਹਾਂ"॥ 2 ਕੁਰਿੰਥੀਆਂ 12:10 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਸਰੀਰ ਵਿੱਚ ਚੋਭੇ ਕੰਡੇ" ਦੀ ਗੱਲ ਕਰਨ ਤੋਂ ਬਾਅਦ ਪੌਲੂਸ ਦੋਬਾਰਾ ਖੁਦ ਦੁਆਰਾ ਸਹੇ ਗਏ ਕਸ਼ਟਾ ਨੂੰ ਦੁਹਰਾਉਦਾ ਹੈ।ਇੱਥੇ ਕਿਸੇ ਬਿਮਾਰੀ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ।"ਸਰੀਰ ਦੇ ਚੋਭੇ ਕੰਡੇ" ਨੂੰ ਬਿਮਾਰੀ ਸਮਝਣਾ ਕੋਰੀ ਕਲਪਨਾ ਹੈ; ਪੁਰਾਣੇ ਨਿਯਮ ਦੀ ਇਸ ਗੱਲ ਨਾਲ ਜੁੜੀ ਆਇਤ ਗੁਆਂਢੀ ਅਸੁੰਨਤੀ ਦੇਸ਼ਾ ਵਲੋਂ ਦਿੱਤਾ ਗਿਆ ਕਸ਼ਟ ਸੀ।

"ਪਰ ਜੇ ਤੁਸੀਂ ਉਸ ਦੇਸ ਦੇ ਵਸਨੀਕਾਂ ਨੂੰ ਅੱਗੋਂ ਨਾ ਕੱਢੋਂ ਤਾਂ ਐਉਂ ਹੋਵੇਗਾ ਕਿ ਓਹ ਜਿਨ੍ਹਾਂ ਨੂੰ ਤੁਸੀਂ ਰਹਿਣ ਦਿਓਗੇ ਤੁਹਾਡੀਆਂ ਅੱਖਾਂ ਵਿੱਚ ਤਿਣ ਅਰ ਤੁਹਾਡੀਆਂ ਪਸਲੀਆਂ ਵਿੱਚ ਕੰਡੇ ਹੋਣਗੇ ਅਤੇ ਓਹ ਤੁਹਾਨੂੰ ਉਸ ਦੇਸ ਵਿੱਚ ਜਿੱਥੇ ਤੁਸੀਂ ਵੱਸਦੇ ਹੋ ਦੁੱਖ ਦੇਣਗੇ" ਗਿਣਤੀ 33:55 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਤੁਹਾਡੀਆਂ ਅੱਖਾਂ ਵਿੱਚ ਤਿਣ"ਅੰਨੇਪਨ ਜਾਂ ਅੱਖਾਂ ਦੀ ਗੜਬੜ ਨੂੰ ਨਹੀਂ ਦੱਸਦਾ ਹੈ, ਅਤੇ ਨਾ ਹੀ "ਪਸਲੀਆਂ ਵਿੱਚ ਕੰਡੇ" ਟੀ.ਬੀ. ਸ਼ੂਗਰ ਜਾਂ ਹੋਰ ਕਿਸੇ ਸਰੀਰਕ ਬਿਮਾਰੀ ਨੂੰ ਦੱਸਦੇ ਹਨ। ਪੁਰਾਣੇ ਨੇਮ ਦਾ ਚੰਗਾ ਜਾਣੂ ਹੋਣ ਕਾਰਨ ਰਸੂਲ ਪੌਲੁਸ ਜਾਣਦਾ ਸੀ ਕਿ ਉਹ ਕੀ ਲਿਖ ਰਿਹਾ ਹੈ।

ਪੌਲੁਸ ਦੇ ਸਰੀਰ ਵਿੱਚ ਚੋਭਿਆ ਕੰਡਾ ਇੱਕ ਸ਼ੰਦੇਸ਼ਵਾਹਕ ਸੀ-ਇੱਕ ਡਿੱਗਿਆ ਹੋਇਆ ਸ਼ੈਤਾਨ ਦਾ ਦੂਤ, ਯਹੂਦੀ ਅਤੇ ਪਰਾਈਆਂ ਕੌਮਾਂ ਦੇ ਦੁਆਰਾ ਅਲੌਕਿਕ ਤਰੀਕੇ ਨਾਲ਼ ਪੌਲੁਸ ਨੂੰ ਕਸ਼ਟ ਦਿੰਦਾ ਸੀ। ਇਹ ਨਿਚੋੜ ਰਸੂਲਾਂ ਦੇ ਕਰਤੱਬ 14 ਅਧਿਆਇ ਵਿੱਚ ਸਬੂਤ ਨਾਲ਼ ਮਿਲਦਾ ਹੈ। ਉਹ ਲੁਸਤਰਾ ਵਿੱਚ ਗਿਆ,ਅਤੇ ਖੁਸ਼ ਖਬਰੀ ਦੇ ਪ੍ਰਚਾਰ ਦੁਆਰਾ ਹੋਈਆਂ ਪ੍ਰਤੱਖ ਕਰਾਮਾਤਾਂ ਨੇ ਪਰਾਈਆਂ ਕੌਮਾਂ ਨੂੰ ਇਥੋਂ ਤੱਕ ਮਜ਼ਬੂਰ ਕਰ ਦਿੱਤਾ ਕਿ ਉਹ ਪੌਲੁਸ ਸਾਹਮਣੇ, ਉਸ ਨੂੰ ਪਰਮੇਸ਼ਵਰ ਸਮਝਦੇ ਹੋਏ, ਬਲੀਦਾਨ ਕਰਨ ਲਈ ਇੱਕ ਬਲਦ ਲੈ ਆਏ। ਫਿਰ ਸ਼ੈਤਾਨ ਦਾ ਇਹੋ ਸ਼ੰਦੇਸ਼-ਵਾਹਕ ਯਹੂਦੀਆਂ ਨਾਲ਼ ਮਿਲ ਕੇ ਪਰਾਈਆਂ ਕੌਮਾਂ ਨੂੰ ਇਸ ਹੱਦ ਤੱਕ ਭੜਕਾ ਦਿੰਦਾ ਹੈ ਕਿ ਉਹ ਪੌਲੁਸ ਨੂੰ ਮਹਿਮਾ ਦੇਣਾ ਛੱਡ ਕੇ ਪੱਥਰਵਾਹ ਕਰ ਦਿੰਦੇ ਹਨ!

"ਏਹ ਗੱਲਾਂ ਕਹਿ ਕੇ ਉਨ੍ਹਾਂ ਨੇ ਮਸਾਂ ਮਸਾਂ ਲੋਕਾਂ ਨੂੰ ਹਟਾਇਆ ਜੋ ਉਨ੍ਹਾਂ ਦੇ ਅੱਗੇ ਬਲੀਦਾਨ ਨਾ ਕਰਨ॥ ਪਰੰਤੂ ਕਈ ਯਹੂਦੀ ਅੰਤਾਕੀਯਾ ਅਰ ਇਕੁਨਿਯੁਮ ਤੋਂ ਉਥੇ ਆਏ ਅਤੇ ਲੋਕਾਂ ਨੂੰ ਉਭਾਰ ਕੇ ਪੌਲੁਸ ਨੂੰ ਪਥਰਾਉ ਕੀਤਾ ਅਤੇ ਇਹ ਸਮਝ ਕੇ ਭਈ ਉਹ ਮਰ ਗਿਆ ਹੈ ਉਹ ਨੂੰ ਘਸੀਟ ਕੇ ਨਗਰੋਂ ਬਾਹਰ ਲੈ ਗਏ" ਰਸੂਲਾਂ ਦੇ ਕਰਤੱਬ 14:18-19 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

ਇਸ ਸ਼ੰਦੇਸ਼ਵਾਹਕ ਦੇ ਕਸ਼ਟ ਦਾ ਪ੍ਰਭਾਵ ਡੂੰਘਾ ਅਤੇ ਅਲੌਕਿਕ ਸੀ।ਪੌਲੁਸ ਨੇ ਪਰਮੇਸ਼ਵਰ ਨੂੰ ਵਾਰ ਵਾਰ ਸਹੇ ਜਾਣ ਵਾਲੇ ਕਸ਼ਟ ਨੂੰ ਹਟਾਉਣ ਦੀ ਬੇਨਤੀ ਕੀਤੀ; ਪੌਲੂਸ ਬਿਮਾਰ ਨਹੀਂ ਸੀ, ਅਤੇ ਨਾ ਹੀ ਚੰਗਾਈ ਲਈ ਪਰਮੇਸ਼ਵਰ ਸਾਹਮਣੇ ਬੇਨਤੀ ਕਰ ਰਿਹਾ ਸੀ! ਪਰਮੇਸ਼ਵਰ ਨੇ ਉੱਤਰ ਦਿੱਤਾ ਕਿ ਕਸ਼ਟ ਵੇਲੇ, ਉਸ ਦੀ ਕਿਰਪਾ ਉਸ ਨੂੰ ਕੱਜ ਲਵੇਗੀ ਅਤੇ ਉਸ ਨੂੰ ਸੁਰੱਖਿਅਤ ਰੱਖੇਗੀ, ਅਤੇ ਅਸੀਂ ਦੇਖਦੇ ਹਾਂ ਕਿ ਪੌਲੂਸ ਅਲੌਕਿਕ ਤਰੀਕੇ ਨਾਲ ਇਸ ਪਥਰਾਅ ਤੋਂ ਬਚ ਜਾਂਦਾ ਹੈ ਅਤੇ ਉਸੇ ਸ਼ਹਿਰ ਵਿੱਚ ਵਾਪਸ ਆਉਂਦਾ ਹੈ! ਮਸੀਹ ਯਿਸੂ ਨੇ ਉਸ ਕੋਲ਼ ਆਏ ਸਭ ਨੂੰ ਚੰਗਾ ਕੀਤਾ, ਪਰੰਤੂ ਉਹ ਵਾਇਦਾ ਕਰਦਾ ਹੈ ਕਿ ਉਸ ਦੇ ਚੇਲੇ ਸਤਾਏ ਜਾਣਗੇ (ਯੂੰਹਨਾ 15:19-21 )।ਬਿਮਾਰੀਆਂ ਨੂੰ ਕਸ਼ਟ ਦੀ ਸ਼੍ਰੇਣੀ ਵਿੱਚ ਨਾ ਰੱਖੋ।

ਪ੍ਰਸ਼ਨ: ਅਗਰ ਕੋਈ ਚੰਗਾ ਨਾ ਹੋਵੇ ਅਤੇ ਦੁਸ਼ਟ ਆਤਮਿਆਂ ਤੋਂ ਛੁਟਕਾਰਾ ਨਾ ਪਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਕੇਵਲ ਮਸੀਹ ਯਿਸੂ ਹੀ ਹਰ ਪ੍ਰਸਥਿਤੀ ਵਿੱਚ 100% ਸਫ਼ਲਤਾ ਪ੍ਰਾਪਤ ਕਰਨ ਦੇ ਯੋਗ ਸੀ।ਨੇੜਤਾ ਅਤੇ ਪ੍ਰਕਾਸ਼ਨ ਵਿੱਚ ਪਰਮੇਸ਼ਵਰ ਵੱਲ ਵਧਦੇ ਹੋਏ, ਅਸੀਂ ਆਪਣੀ ਸਫ਼ਲਤਾ ਦਰ ਬਹੁਤ ਚਧਾ ਸਕਦੇ ਹਾਂ; ਅਤੇ ਸਾਨੂੰ 100% ਨੰਬਰਾਂ ਤੋਂ ਕਦੇ ਵੀ ਨਜ਼ਰ ਨਹੀਂ ਹਟਾਉਣੀ।ਕੁਝ ਸਮੇਂ ਸਨ ਜਦੋਂ ਨਵੇ ਨੇਮ ਦੀ ਕਲੀਸਿਯਾ ਇਨੇ ਨੰਬਰਾਂ ਦੀ ਸਫ਼ਲਤਾ ਉੱਤੇ ਪਹੁੰਚ ਗਈ ਸੀ (ਰਸੂਲਾਂ ਦੇ ਕਰਤੱਬ 5:16 ) ਇਸ ਕਾਰਨ ਇਹ ਸੰਭਵ ਹੈ।ਫਿਰ ਵੀ, ਸਾਨੂੰ ਅਸਫ਼ਲਤਾ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ, ਪਰੰਤੂ ਜਾਣੂ ਹੋਣਾ ਚਾਹੀਦਾ ਹੈ ਕਿ ਅਸਫ਼ਲਤਾ ਵਿੱਚੋਂ ਕਿਨ੍ਹਾਂ ਤਰੀਕਿਆਂ ਨਾਲ਼ ਸਫ਼ਲਤਾ ਮਿਲ ਸਕਦੀ ਹੈ।

ਸਭ ਤੋਂ ਪਹਿਲਾਂ, ਸਾਨੂੰ ਸਮਝ ਲੈਣ ਦੀ ਜ਼ਰੂਰਤ ਹੈ ਕਿ ਅਸਫ਼ਲਤਾ ਕਦੇ ਵੀ ਪਰਮੇਸ਼ਵਰ ਦਾ ਅੰਤ ਨਹੀਂ ਹੈ;ਪਿਤਾ ਅਤੇ ਪੁੱਤਰ ਦੇ ਪੂਰੇ ਕੀਤੇ ਹੋਏ ਕੰਮ ਸ਼ਪੱਸ਼ਟ, ਸਥਾਈ ਅਤੇ ਅਨੰਤਕਾਲੀਨ ਹਨ।ਅਸਫ਼ਲਤਾ ਹਮੇਸ਼ਾ ਸਾਡਾ ਅੰਤ ਹੁੰਦਾ ਹੈ; ਫਿਰ ਵੀ ਖੁਦ ਨੂੰ ਜਾਂ ਕਿਸੇ ਹੋਰ ਨੂੰ ਦੋਸ਼ ਦੇਣਾ ਕਦੇ ਵੀ ਉਤਪਾਦ ਨਹੀਂ ਬਣਦਾ ਸਗੋਂ ਵਿਰੋਧੀ ਉਤਪਾਦ ਹੁੰਦਾ ਹੈ।ਸਾਡੀ

ਚੰਗਾ ਕਰਨ ਅਤੇ ਛੁਟਕਾਰਾ ਦੇਣ ਦੀ ਅਸਫ਼ਲਤਾ ਆਮ ਤੌਰ ਉੱਤੇ ਇਨ੍ਹਾਂ ਸ਼੍ਰੇਣੀਆਂ ਵਿੱਚ ਵੰਡੀ ਗਈ ਹੈ:ਪਰਮੇਸ਼ਵਰ ਦੇ ਅਭਿਸ਼ਿਕਤ ਕੰਮ ਵਿੱਚ ਪ੍ਰਕਾਸ਼ਨ ਦੀ ਘਾਟ, ਪਵਿੱਤਰ ਆਤਮਾ ਨਾਲ ਨੇੜਤਾ ਦੀ ਘਾਟ ਅਤੇ ਉਸ ਦੀ ਗਵਾਹੀ ਨੂੰ ਨਾ ਸਮਝਣਾ ਅਤੇ ਧਿਆਨ ਨਾ ਦੇਣਾ, ਆਪਣੇ ਅਧਿਕਾਰ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਨਾ ਵਰਤਣਾ, ਵਿਸ਼ਵਾਸ਼ ਵਿੱਚ ਬਣੇ ਰਹਿਣ ਵਿੱਚ ਅਸਫ਼ਲਤਾ, ਅਤੇ ਭਿੰਨ-ਭਿੰਨ ਰੁਕਾਵਟਾਂ, ਅਸੀਂ ਇੱਕ ਯਾਤਰਾ ਵਿੱਚ ਹਾਂ ਅਤੇ ਪਰਮੇਸ਼ਵਰ ਦੀ ਸਮੱਰਥਾ ਨਾ਼ਲ ਸੇਵਕਾਈ ਕਿਵੇਂ ਕਰਨੀ ਹੈ ਸਿੱਖਣਾ, ਅਤੇ ਜ਼ਰੂਰਤ ਮੰਦ ਵਿਅਕਤੀ ਵੀ ਯਾਤਰਾ ਵਿੱਚ ਹੈ ਅਤੇ ਛੁਟਕਾਰੇ ਅਤੇ ਚੰਗਾਈ ਲਈ ਭਾ਼ਲ ਕਰਦਾ ਹੈ।

ਮੈਂ ਤੁਹਾਨੂੰ ਜ਼ੋਰ ਦੇ ਕੇ ਅਪੀਲ ਕਰਦਾ ਹਾਂ ਕਿ ਇਸ ਨੂੰ ਪੜਨ ਵਿੱਚ ਬਣੇ ਰਹੋ।

ਸੰਪੂਰਨ ਕੀਤੇ ਕੰਮਾਂ ਦੇ ਮਹਾਨ ਪ੍ਰਕਾਸ਼ਨ ਦਾ ਚਿੰਤਨ, ਅਧਿਅਨ, ਅਤੇ ਇਕਰਾਰ ਕਰੋ।ਆਪਣੇ ਆਤਮਿਕ ਅਧਿਕਾਰ ਨਾ਼ਲ ਨਿਰੰਤਰ ਅਭਿਆਸ ਕਰੋ, ਅਤੇ ਇੱਕ ਆਤਮਿਕ ਮਾਸ਼ਪੇਸ਼ੀ ਦੀ ਤਰ੍ਹਾਂ, ਤੁਸੀਂ ਆਪਣੀ ਪ੍ਰਭਾਵਸ਼ੀ਼ਲਤਾ ਵਿੱਚ ਵੱਧੋਂਗੇ।ਆਪਣੀ ਸੰਵੇਦਨਸ਼ੀ਼ਲਤਾ ਅਤੇ ਉਸ ਦੀ ਹਜ਼ੂਰੀ ਅਤੇ ਉਸ ਦੇ ਵਿਅਕਤੀ ਵਿੱਚ ਵੱਧਣ ਲਈ ਪਵਿੱਤਰ ਆਤਮਾ ਨਾ਼ਲ ਰੋਜ਼ਾਨਾ ਸਮਾਂ ਗੁਜ਼ਾਰੋ।ਜਿਵੇਂ ਹੀ ਤੁਸੀਂ ਲੋਕਾਂ ਵਿੱਚ ਸੇਵਕਾਈ ਕਰਨ ਦਾ ਅਨੁਭਵ ਪ੍ਰਾਪਤ ਕਰਦੇ ਹੋਂ, ਤੁਸੀਂ ਉਨ੍ਹਾਂ ਨੂੰ ਜ਼ਿਆਦਾ ਅਸਰਦਾਰ ਤਰੀਕੇ ਨਾਲ ਚੰਗਾਈ ਪ੍ਰਾਪਤ ਕਰਨ ਦੀ ਹਲਾਤ ਵਿੱਚ ਆਉਣਾ ਸਿਖਾ ਸਕਦੇ ਹੋਂ।ਨਿਰਾਸ਼ ਨਾ ਹੋਵੋ; ਇਸ ਅਵਸਰ ਨੂੰ ਪਰਮੇਸ਼ਵਰ ਅਤੇ ਉਸ ਦੇ ਵਚਨ ਨਾਲ ਜੁੜੇ ਰਹਿਣ ਲਈ ਵਰਤੋ!

ਪ੍ਰਸ਼ਨ:ਮੈਂ ਪਰਮੇਸ਼ਵਰ ਦੀ ਸੇਵਾ ਕਰਨ ਦੀ ਕੋਸ਼ਿਸ ਕਰਦਾ ਹਾਂ, ਪਰੰਤੂ ਮੈਂ ਚਾਹੁੰਣ ਯੋਗ ਅਭਿਸ਼ੇਕ, ਵਰਦਾਨ ਅਤੇ ਸਫ਼ਲਤਾ ਅਨੁਭਵ ਨਹੀਂ ਕਰਦਾ।ਮੈਂ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਕੀ ਮੈਂ ਸੱਚਮੁੱਚ ਬੁਲਾਇਆ ਗਿਆ ਹਾਂ।ਮੈਂ ਕਿਵੇਂ ਜਾਣ ਸਕਦਾ ਹਾਂ ਕਿ ਇਹ ਮੇਰੇ ਲਈ ਹੈ?

ਸ਼ੱਕ ਅਤੇ ਸੰਘਰਸ਼ ਜਿਸ ਦੀ ਵਿਆਖਿਆ ਤੁਸੀਂ ਕਰ ਰਹੇ ਹੋਂ ਤੁਹਾਡੇ ਲਈ ਅਨੋਖਾ ਨਹੀ ਹੈ; ਹਰ ਇੱਕ ਨਿਰਾਸ਼ਾ ਦੇ ਪੈਮਾਨੇ ਨੂੰ ਅਨੁਭਵ ਕਰਦੇ ਹੋਂ। ਹਰੇਕ ਆਗੂ ਅਤੇ ਵਿਸ਼ਵਾਸ਼ੀ ਜਿਸ ਨੂੰ ਮੈਂ ਵਿਅਕਤੀਗਤ ਤੌਰ ਉੱਤੇ ਜਾਣਦਾ ਹਾਂ ਅਤੇ ਅਭਿਸ਼ੇਕ ਵਿੱਚ ਚੱਲਦਾ ਹੈ, ਨੇ ਬਹੁਤ ਸਮਾਂ ਅਤੇ ਤਾਕਤ ਪਰਮੇਸ਼ਵਰ ਦੇ ਵਚਨ ਅਤੇ ਨੇੜ੍ਹਤਾ ਵਿਚ ਗੁਜ਼ਾਰਿਆ ਹੁੰਦਾ ਹੈ। ਹਰੇਕ ਆਗੂ ਨੂੰ ਆਪਣੀ ਬੁਲਾਹਟ ਉੱਪਰ ਪ੍ਰਸ਼ਨ ਅਤੇ ਸਫ਼ਲਤਾ ਪ੍ਰਤੀ ਸੰਘਰਸ਼ ਹੁੰਦਾ ਹੈ। ਉਨ੍ਹਾਂ ਨੂੰ ਕੀ ਅਲੱਗ ਰੱਖਦਾ ਹੈ, ਉਸ ਨੂੰ ਸੁਰੱਖਿਅਤ ਰੱਖਣ ਦੀ ਉਨ੍ਹਾਂ ਦੀ ਚੋਣ ਹੁੰਦੀ ਹੈ। ਅਗਰ ਅਸੀਂ ਮੰਨਦੇ ਹਾਂ ਕਿ ਮੈਂ ਪਰਮੇਸ਼ਵਰ ਨਾਲ ਨਿੱਜੀ ਰਿਸ਼ਤੇ ਅਤੇ ਵਚਨ ਪ੍ਰਤੀ ਵਾਦੇ ਤੋਂ ਬਿਨ੍ਹਾਂ ਅਭਿਸ਼ੇਕ ਵਿੱਚ ਚੱਲ ਸਕਦਾ ਹਾਂ, ਤਾਂ ਤੁਸੀਂ ਬਹੁਤ ਵੱਡੇ ਪੱਧਰ ਉੱਤੇ ਧੋਖੇ ਵਿੱਚ ਹੋਂ।

ਕੁਝ ਉਪਯੋਗੀ ਕਦਮ ਹਨ ਜਿਨ੍ਹਾਂ ਨਾਲ ਤੁਸੀਂ ਇਸ ਸੰਘਰਸ਼ ਵਿੱਚੋਂ ਬਾਹਰ ਆ ਸਕਦੇ ਹੋਂ। ਕੀ ਤੁਹਾਡੇ ਕੋ਼ਲ ਕੋਈ ਅਭਿਸ਼ਿਕਤ ਅਤੇ ਵਰਦਾਨ ਪਾਏ ਹੋਏ ਆਗੂ ਹਨ ਜਿਹੜੇ ਨਿੱਜੀ ਤੌਰ ਉਤੇ ਤੁਹਾਡਾ ਖਿਆਲ ਰੱਖਦੇ ਹਨ?ਅਗਰ ਨਹੀਂ, ਤਾਂ ਇਹ ਇੱਕ ਮੁੱਖ ਕਾਰਨ ਹੋ ਸਕਦਾ ਹੈ। ਕੀ ਤੁਸੀਂ ਵਿਸ਼ਵਾਸ਼ ਵਿੱਚ ਕਦਮ ਵਧਾਉਣ ਲਈ ਯਤਨ ਕਰ ਰਹੇ ਹੋਂ ਅਤੇ ਖਤਰੇ ਮੁੱਲ ਲੈ ਰਹੇ ਹੋਂ? ਮੈਂ ਜ਼ਬਰਦਸਤ ਅਭਿਸ਼ੇਕ ਨੂੰ ਅਹਿਸਾਸ ਕਰਦਾ ਹਾਂ ਜਦ ਮੈਨੂੰ ਇਸ ਦੀ ਜ਼ਰੂਰਤ ਹੁੰਦੀ ਹੈ। ਕਮਰੇ ਵਿੱਚ ਬੈਠ ਕੇ ਬਾਈਬਲ ਪੜਨ ਲਈ ਅਭਿਸ਼ੇਕ ਦੀ ਜ਼ਰੂਰਤ ਨਹੀਂ ਹੁੰਦੀ ਹੈ, "ਅਲੌਕਿਕ ਸਫ਼ਲਤਾ" ਅਨੁਭਵ ਕਰਨ ਵਾਸਤੇ ਤੁਹਾਨੂੰ ਜ਼ਰੂਰ ਹੀ ਆਪਣੇ ਆਪ ਨੂੰ ਇੱਕ ਪ੍ਰਸਥਿਤੀ ਵਿੱਚ ਰੱਖਣਾ ਚਾਹੀਦਾ ਹੈ ਤਾਂ ਕਿ ਪਰਮੇਸ਼ਵਰ ਨੂੰ ਤੁਹਾਡੇ ਉੱਪਰ ਜ਼ਾਹਿਰ ਹੋਣ ਦੀ ਜ਼ਰੂਰਤ ਪਵੇ। ਕੀ ਤੁਸੀਂ ਜਲਦ ਹੀ ਹਾਰ ਮੰਨ ਜਾਂਦੇ ਹੋਂ? ਮੈਂ ਅਜਿਹੇ ਵਿਸ਼ਵਾਸ਼ੀਆਂ ਨੂੰ ਜਾਣਦਾ ਹਾਂ ਜੋ ਨਿਹਚਾ ਵਿੱਚ ਕਦਮ ਪੁੱਟਦੇ ਹਨ, ਅਤੇ ਜੇਕਰ ਤੀਹ ਸੈਕਿੰਡ ਦੇ ਅੰਦਰ ਕੁਝ ਵੀ ਨਹੀਂ ਵਾਪਰਦਾ, ਤਾਂ ਉਨ੍ਹਾਂ ਦਾ ਜੀਵ ਵਿਸ਼ਵਾਸ਼ ਤੋਂ ਭਰ ਜਾਂਦਾ ਹੈ।

ਵਿਸ਼ਵਾਸ਼ ਵਿੱਚ ਬਣੇ ਰਹਿਣਾ, ਆਤਮਿਕ ਵਾਧੇ ਲਈ ਲਾਜ਼ਮੀ ਹੈ। ਅਗਰ ਤੁਸੀਂ ਉਹ ਕਰਦੇ ਹੋਂ ਜਿਸ ਦਾ ਜ਼ਿਕਰ ਮੈਂ ਉੱਪਰ ਕੀਤਾ ਹੈ, ਤਾਂ ਤੁਸੀਂ ਛੇਤੀ ਹੀ ਅਚੰਭੇ ਕੰਮਾਂ ਨੂੰ ਅਨੁਭਵ ਕਰਨਾ ਸ਼ੁਰੂ ਕਰੋਂਗੇ।

ਪ੍ਰਸ਼ਨ:ਮੈਂ ਸਿੱਖਿਆ ਸੀ ਕਿ ਦੁਸ਼ਟ ਆਤਮੇ ਮਸੀਹ ਲੋਕਾਂ ਦੇ ਅੰਦਰ ਨਹੀਂ ਆ ਸਕਦੇ ਕਿਉਕਿ ਪਵਿੱਤਰ ਆਤਮਾ ਉਨ੍ਹਾਂ ਅੰਦਰ ਵਾਸ ਕਰਦਾ ਹੈ। ਕੀ ਛੁਟਕਾਰਾ ਵਿਸ਼ਵਾਸ਼ੀਆਂ ਲਈ ਹੈ ਜਾਂ ਗੈਰ ਵਿਸ਼ਵਾਸ਼ੀਆਂ ਲਈ ਹੈ?

ਇਸ ਪ੍ਰਸ਼ਨ ਦੀ ਸ਼ਬਦਾਵਲੀ ਦੇ ਅਨੁਸਾਰ, ਇੱਕ ਵਿਸ਼ਵਾਸ਼ੀ ਦੁਸ਼ਟ ਸ਼ਕਤੀਆਂ ਦੇ ਕਬਜ਼ੇ ਵਿੱਚ ਨਹੀਂ ਹੋ ਸਕਦਾ ਕਿਉਂਕਿ ਕਬਜ਼ਾ ਮਲਕੀਅਤ ਲਾਗੂ ਕਰਦਾ ਹੈ। ਸ਼ੈਤਾਨ ਵਿਸ਼ਵਾਸ਼ੀ ਦੇ ਕਿਸੇ ਭਾਗ ਉੱਪਰ ਵੀ ਮਲਕੀਅਤ ਨਹੀਂ ਰੱਖਦਾ ਅਤੇ ਨਾ ਹੀ ਰੱਖ ਸਕਦਾ ਹੈ (1ਕੁਰਿੰਥੀਆਂ 6:19-20 )। ਫਿਰ ਵੀ ਮੈਨੂੰ ਸ਼ਪੱਸ਼ਟ ਤੌਰ ਉੱਤੇ ਦੱਸਣ ਦੀ ਇਜ਼ਾਜ਼ਤ ਦਿਉ ਕਿ ਇੱਕ ਵਿਸ਼ਵਾਸ਼ੀ ਦੁਸ਼ਟ ਸ਼ਕਤੀਆਂ ਦੁਆਰਾ ਪ੍ਰਭਾਵਿਤ ਹੋ ਸਕਦਾ ਹੈ। ਵਿਸ਼ਵਾਸ਼ੀਆਂ ਅਤੇ ਗੈਰ-ਵਿਸ਼ਵਾਸ਼ੀਆਂ ਲਈ ਛੁਟਕਾਰੇ ਦੀ ਬਰਾਬਰ ਜ਼ਰੂਰਤ ਹੁੰਦੀ ਹੈ

ਹੁਣ ਇਹ ਵਿਚਾਰ ਆਉਦਾ ਹੈ ਕਿ ਦੁਸ਼ਟ ਕਿੱਥੇ ਸਥਿਤ ਹੈ; ਕੀ ਦੁਸ਼ਟ, ਵਿਸ਼ਵਾਸ਼ੀ ਦੇ ਅੰਦਰ, ਉੱਪਰ, ਨੇੜੇ ਜਾਂ ਆਸ-ਪਾਸ ਹੈ? ਮੈਂ ਮਜ਼ਬੂਤੀ ਨਾਲ ਵਿਸ਼ਵਾਸ਼ ਕਰਦਾ ਹਾਂ ਕਿ ਦੁਸ਼ਟ ਸ਼ਕਤੀ ਵਿਅਕਤੀ ਦੇ ਅੰਦਰ ਹੁੰਦੀ ਹੈ, ਕਿਉਂਕਿ ਸਾਨੂੰ ਉਨ੍ਹਾਂ ਨੂੰ ਕੱਢਣ ਦੀ ਹਦਾਇਤ ਦਿੱਤੀ ਗਈ ਹੈ (ਮਰਕੁਸ 16:17)। ਅਸਹਿਮਤੀ ਦਾ ਕਾਰਨ ਇਹ ਨਹੀਂ ਹੈ, ਭਾਵੇਂ ਤੁਸੀਂ ਦੁਸ਼ਟ ਸ਼ਕਤੀਆਂ ਨੂੰ ਬਾਹਰ ਕੱਢ ਰਹੇ ਹੋਂ ਜਾਂ ਦੂਰ ਭਜਾ ਰਹੇ ਹੋਂ, ਬਲਕਿ ਅਸੰਗਤ ਵੀ ਹੈ। ਉਦੇਸ਼ ਇਹ ਹੈ ਕਿ ਤੁਹਾਨੂੰ ਛੁਟਕਾਰੇ ਦੀ ਸੇਵਕਾਈ ਕਰਨ ਦੀ ਜ਼ਰੂਰਤ ਹੈ। ਇਹ ਕਹਿਣਾ ਕਿ ਇੱਕ ਵਿਸ਼ਵਾਸ਼ੀ ਦੇ ਅੰਦਰ ਸ਼ੈਤਾਨੀ ਸ਼ਕਤੀ ਨਹੀਂ ਰਹਿ ਸਕਦੀ, ਕਿਉਕਿ ਪਵਿੱਤਰ ਆਤਮਾ ਉਸ ਦੇ ਅੰਦਰ ਵਾਸ ਕਰਦਾ ਹੈ, ਇੱਕ ਅਸਫ਼ਲ ਦਲੀਲ ਹੈ। ਕੀ ਇੱਕ ਵਿਸ਼ਵਾਸ਼ੀ ਵਿੱਚ ਪਾਪਮਈ, ਨਫ਼ਰਤ ਵਾਲੇ, ਅਤੇ ਲਾਲਸਾ ਵਾਲੇ ਵਿਚਾਰ ਹੋ ਸਕਦੇ ਹਨ? ਕੀ ਇੱਕ ਵਿਸ਼ਵਾਸ਼ੀ ਕੁੜਤਣ ਦੀਆਂ ਭਾਵਨਾਵਾਂ, ਗੁੱਸੇ, ਦੁਸ਼ਮਣੀ ਅਤੇ ਪੱਖ-ਪਾਤ ਨਾਲ ਭਰਿਆ ਹੋ ਸਕਦਾ ਹੈ? ਕੀ ਇੱਕ ਵਿਸ਼ਵਾਸ਼ੀ ਲਾਲਚੀ, ਤਰਫ਼ਦਾਰ, ਘਮੰਡੀ, ਅਤੇ ਸੁਆਰਥੀ ਹੋ ਸਕਦਾ ਹੈ? ਕੀ ਇੱਕ ਵਿਸ਼ਵਾਸ਼ੀ ਦੀ ਦੇਹੀ ਵਿੱਚ ਉਪਦੰਸ਼, ਕੈਂਸਰ, ਟੀ.ਬੀ., ਅਤੇ ਮਲੇਰੀਆਂ ਆ ਸਕਦਾ ਹੈ? ਇਨ੍ਹਾਂ ਸਾਰੇ ਪ੍ਰਸ਼ਨਾ ਦਾ ਉਤੱਰ

ਨਿਰਵਿਵਾਦ ਹਾਂ ਹੈ।ਅਗਰ ਸ਼ੈਤਾਨੀ ਵਿਚਾਰ, ਭਾਵਨਾਵਾਂ, ਇੱਛਾਵਾਂ, ਵਿਸ਼ਵਾਸ਼ ਅਤੇ ਬਿਮਾਰੀਆਂ ਇੱਕ ਵਿਸ਼ਵਾਸ਼ੀ ਦੇ ਅੰਦਰ ਆ ਸਕਦੀਆਂ ਹਨ, ਤਾਂ ਸ਼ੈਤਾਨੀ ਸ਼ਕਤੀਆਂ ਵੀ ਅਜਿਹਾ ਕਰ ਸਕਦੀਆਂ ਹਨ, ਜਿਸ ਵਾਸਤੇ ਉਨ੍ਹਾ ਨੂੰ ਉਤਪਤ ਵੀ ਕੀਤਾ ਗਿਆ ਹੈ।

ਮਾਨਵਤਾ ਸਰੀਰ, ਜਾਨ ਅਤੇ ਆਤਮਾ ਦੇ ਰੂਪ ਵਿੱਚ ਉਤਪਤ ਕੀਤੀ ਗਈ ਹੈ (1ਥਸੁਲਨੀਕੀਆਂ 5:23 )।ਇੱਕ ਵਿਸ਼ਵਾਸ਼ੀ ਦੀ ਆਤਮਾ ਸੰਪੂਰਨ ਤੌਰ ਉਤੇ ਅਜ਼ਾਦ ਕੀਤੀ ਗਈ ਹੈ, ਅਤੇ ਪਵਿੱਤਰ ਆਤਮਾ ਸਾਡੀ ਆਤਮਾ ਦੇ ਅੰਦਰ ਵਾਸ ਕਰਦਾ ਹੈ।ਪਰੰਤੂ ਸਾਡੀ ਜਾਨ ਸਾਡੇ ਮਨਾਂ ਦੇ ਨਵੇ ਹੋ ਜਾਣ ਦੁਆਰਾ ਛੁਟਕਾਰੇ ਦੀ ਪ੍ਰਕਿਰਿਆ ਵਿੱਚ ਹੈ (ਰੋਮੀਆਂ 12:2 ), ਅਤੇ ਸਾਡਾ ਸਰੀਰ ਸੰਪੂਰਨ ਛੁਟਕਾਰੇ ਅਤੇ ਅਮਰਤਾ ਦਾ ਇੰਤਜ਼ਾਰ ਕਰ ਰਿਹਾ ਹੈ।ਸ਼ੈਤਾਨੀ ਸ਼ਕਤੀਆਂ ਸਾਡੀ ਜਾਨ ਅਤੇ ਸਰੀਰ ਵਿੱਚ ਪ੍ਰਵੇਸ਼ ਕਰਦੀਆਂ ਹਨ ਨਾ ਕਿ ਸਾਡੀ ਆਤਮਾ ਉੱਪਰ ਅਧਿਕਾਰ।

ਪ੍ਰਸ਼ਨ:ਅਗਰ ਦੁਸ਼ਟ ਆਤਮਾ ਨਹੀਂ ਜਾਂਦਾ ਤਾਂ ਕੀ ਸਾਨੂੰ ਛੁਟਕਾਰੇ ਲਈ ਵਰਤ ਰੱਖਣ ਅਤੇ ਪ੍ਰਾਥਨਾ ਕਰਨ ਦੀ ਜ਼ਰੂਰਤ ਹੈ, ਜਿਵੇਂ ਕਿ ਮਸੀਹ ਯਿਸੂ ਨੇ ਆਪਣੇ ਚੇਲਿਆਂ ਨੂੰ ਹਦਾਇਤ ਦਿੱਤੀ ਸੀ?

ਬਹੁਤ ਸਾਰੇ ਵਿਸ਼ਵਾਸ਼ੀ ਅਜਿਹਾ ਵਿਸ਼ਵਾਸ਼ ਕਰਦੇ ਹਨ ਕਿ ਪ੍ਰਾਥਨਾ ਅਤੇ ਵਰਤ ਰੱਖਣ ਨਾਲ਼ ਦੁਸ਼ਟ ਆਤਮਿਆ ਨੂੰ ਕੱਢਣ ਅਤੇ ਕਰਾਮਾਤਾਂ ਕਰਨ ਦੀ ਯੋਗਤਾ ਵੱਧ ਜਾਂਦੀ ਹੈ।ਇਹ ਵਿਸ਼ਵਾਸ਼ ਬਿਵਸਥਾਵਾਦੀ ਅਤੇ ਵਿਆਪਕ ਹੈ, ਅਤੇ ਪਰਮੇਸ਼ਵਰ ਦੀ ਖੁਸ਼ ਖਬਰੀ ਦੇ ਵਿਰੁੱਧ ਹੈ।ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ, ਆਉ ਅਸੀਂ ਹੇਠ ਲਿਖੇ ਵਚਨ ਨੂੰ ਪੜੀਏ, ਕੁਝ ਸ਼ਬਦਾ ਹੇਠ ਮੈਂ ਲਕੀਰ ਲਗਾਈ ਹੈ।

“ਜਦ ਓਹ ਭੀੜ ਦੇ ਕੋਲ ਪਹੁੰਚੇ ਤਦ ਇੱਕ ਮਨੁੱਖ ਉਹ ਦੇ ਕੋਲ ਆਇਆ ਅਤੇ ਉਹ ਦੇ ਅੱਗੇ ਗੋਡੇ ਨਿਵਾ ਕੇ ਬੋਲਿਆ 0 ਪ੍ਰਭੁ ਜੀ ਮੇਰੇ ਪੁੱਤ੍ਰ ਉੱਤੇ ਦਯਾ ਕਰੋ ਕਿਉਂ ਜੋ ਉਹ ਮਿਰਗੀ ਦੇ ਮਾਰੇ ਬਹੁਤ ਦੁਖ ਪਾਉਂਦਾ ਹੈ।ਉਹ ਤਾਂ ਬਹੁਤ ਵਾਰੀ ਅੱਗ ਵਿੱਚ ਅਤੇ ਬਹੁਤ ਵਾਰੀ ਪਾਣੀ ਵਿੱਚ ਡਿੱਗ ਪੈਂਦਾ ਹੈ 0 ਅਤੇ ਮੈਂ ਉਸ ਨੂੰ ਤੁਹਾਡੇ ਚੇਲਿਆਂ ਕੋਲ ਲਿਆਇਆ

ਸੀ ਪਰ ਓਹ ਉਸ ਨੂੰ ਚੰਗਾ ਨਾ ਕਰ ਸੱਕੇ 0 ਤਦ ਯਿਸੂ ਨੇ ਉੱਤਰ ਦਿੱਤਾ,ਹੇ ਬੇਪਰਤੀਤ ਅਤੇ ਅੜਬ ਪੀੜੀ ਕਦ ਤੋੜੀ ਮੈਂ ਤੁਹਾਡੇ ਸੰਗ ਰਹਾਂਗਾ? ਖਦ ਤੋੜੀ ਤੁਹਾਡੀ ਸਹਾਂਗਾ? ਅੁਹ ਨੂੰ ਐਥੇ ਮੇਰੇ ਕੋਲ ਲਿਆ 0 ਤਾਂ ਯਿਸੂ ਨੇ ਉਹ ਨੂੰ ਝਿੜਕਿਆ ਅਤੇ ਭੂਤ ਉਸ ਵਿਚੋਂ ਨਿਕਲ ਗਿਆ ਅਰ ਮੁੰਡਾ ਉਸੇ ਘੜੀਓਂ ਚੰਗਾ ਹੋ ਗਿਆ 0 ਤਦ ਚੇਲਿਆਂ ਨੇ ਇਕਾਂਤ ਵਿੱਚ ਯਿਸੂ ਦੇ ਕੋਲ ਆਣ ਕੇ ਆਖਿਆ ਕਿ ਅਸੀਂ ਉਹ ਨੂੰ ਕਿਉਂ ਨਾ ਕੱਢ ਸਕੇ? 0 ਉਸ ਨੇ ਉਨ੍ਹਾਂ ਨੂੰ ਕਿਹਾ, ਆਪਣੀ ਘੱਟ ਨਿਹਚਾ ਦੇ ਕਾਰਨ ਕਿਉ ਜੋ ਮੈਂ ਤਹਹਾਨੂੰ ਸੱਤ ਆਖਦਾ ਹਾਂ ਕਿ ਜੇ ਤੇਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋਵੇ ਤਾਂ ਤੁਸੀਂ ਇਸ ਪਹਾੜ ਨੂੰ ਕਹੋਂਗੇ ਜੋ ਐਧਰੋਂ ਹਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾਵੇਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ"॥ ਮੱਤੀ 17:14-21 (ਮੇਰੇ ਦੁਆਰਾ ਖਾਸ ਧਿਆਨ ਦੇਣ ਯੋਗ)

"ਉਸਨੇ ਉਨ੍ਹਾਂ ਨੂੰ ਆਖਿਆ,ਇਹ ਜਾਤੀ ਬਿਨ੍ਹਾਂ ਪ੍ਰਾਥਨਾ ਅਤੇ ਵਰਤ ਤੋਂ ਨਹੀਂ ਨਿਕਲਦੀ ਹੈ" (ਮੱਤੀ 17:21 ਆਇਤ ਪੰਜਾਬੀ ਦੀ ਬਾਈਬਲ ਵਿੱਚ ਨਹੀਂ ਮਿਲਦੀ ਇਸ ਲਈ ਕਿਰਪਾ ਕਰਕੇ ਮਰਕੁਸ 9:29 ਆਇਤ ਪੜੋ ਜਾਂ ਹਿੰਦੀ ਦੀ ਬਾਈਬਲ ਵਿਚੋਂ ਸਹਾਇਤਾ ਲਈ ਜਾਵੇ ਧੰਨਵਾਦ)

ਪਹਿਲੀ ਗੱਲ ਮਸੀਹ ਯਿਸੂ ਨੇ ਕਦੇ ਵੀ ਦੁਸ਼ਟ ਆਤਮਾ ਦਾ ਅਕਾਰ, ਪ੍ਰਕਾਰ ਅਤੇ ਸਮੱਰਥਾ ਦਾ ਵਰਣਨ ਨਹੀਂ ਕੀਤਾ,ਜਿਸ ਕਾਰਨ ਕਰਕੇ ਉਹ ਦੁਸ਼ਟ ਆਤਮਾ ਨਾ ਨਿਕਲੇ,ਪਰੰਤੂ ਮਸੀਹ ਯਿਸੂ ਕੇਵਲ ਵਿਸ਼ਵਾਸ਼ ਅਤੇ ਅਵਿਸ਼ਵਾਸ਼ ਦੀ ਗੱਲ ਕਰਦੇ ਹਨ।"ਅੜਬ" ਸ਼ਬਦ ਲਈ ਯੂਨਾਨੀ ਸ਼ਬਦ "ਡਾਈਸਟਰੀਪੋ" ਹੈ, ਜਿਸ ਦਾ ਅਰਥ ਹੈ, ਵਿਰੋਧ ਕਰਨਾ, ਵਿਰੁੱਧ ਖੜੇ ਹੋਣਾ, ਸਹੀ ਮਾਰਗ ਤੋਂ ਭਟਕ ਜਾਣਾ।"ਡਾਈਸਟਰੀਪੋ" ਨੂੰ ਇੰਝ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ; ਇੱਕ ਅਜਿਹਾ ਵਿਅਕਤੀ ਜੋ ਆਪਣੀ ਇੱਛਾ ਨਾਲ ਪਰਮੇਸ਼ਵਰ ਦੇ ਰਸਤਿਆਂ ਲਈ ਅਸਹਿਮਤ ਹੈ ਅਤੇ ਤੋਬਾ ਨਾ ਕਰਨ ਵਾਲਾ ਹੈ।ਸਮੱਸਿਆ ਦੁਸ਼ਟ ਆਤਮਾ ਨਹੀਂ ਹੈ ਪਰੰਤੂ ਵਿਸ਼ਵਾਸ਼ ਦੀ ਘਾਟ ਅਤੇ ਇੱਛਾਪੂਰਣ ਢੰਗ ਨਾਲ਼ ਕੀਤੀ ਹੋਈ ਅਣਆਗਿਆਕਾਰੀ ਹੈ।

ਮਸੀਹ ਯਿਸੂ, ਬਿਨ੍ਹਾਂ ਪ੍ਰਾਥਨਾ ਅਤੇ ਵਰਤ ਦੇ ਤੁਰੰਤ ਦੁਸ਼ਟ ਸ਼ਕਤੀਆਂ ਨੂੰ ਕੱਢ ਦਿੰਦਾ ਸੀ। ਜਦੋਂ ਚੇਲਿਆ ਨੇ ਮਸੀਹ ਯਿਸੂ ਨੂੰ ਇਕਾਂਤ ਵਿੱਚ ਪ੍ਰਸ਼ਨ ਕੀਤਾ, ਉਸ ਨੇ ਅਜਿਹਾ ਨਹੀਂ ਕਿਹਾ, "ਤੁਸੀਂ ਪੰਜਵੇਂ ਦਰਜ਼ੇ ਦੀ ਦੁਸ਼ਟ ਸ਼ਕਤੀ ਨੂੰ ਕੱਢਣ ਦਾ ਯਤਨ ਕਰ ਰਹੇ ਸੀ, ਜਿਸ ਨੂੰ ਕੱਢਣ ਲਈ ਤੁਹਾਡੇ ਕੋਲ ਮੌਜੂਦ ਸਮੱਰਥਾ ਤੋਂ ਬਹੁਤ ਵੱਧ ਸਮੱਰਥਾ ਅਤੇ ਅਧਿਕਾਰ ਦੀ ਜ਼ਰੂਰਤ ਹੈ"। ਇਸ ਦੇ ਉੱਲਟ, ਮਸੀਹ ਯਿਸੂ ਨੇ ਦੁਸ਼ਟ ਆਤਮਾ ਦਾ ਵਰਣਨ ਨਹੀਂ ਕੀਤਾ ਪਰੰਤੂ ਉਨ੍ਹਾ ਦੇ ਵਿਸ਼ਵਾਸ਼ ਦੀ ਘਾਟ ਨੂੰ ਉਜ਼ਾਗਰ ਕੀਤਾ। ਚੇਲਿਆਂ ਨੂੰ ਪਹਿਲਾਂ ਹੀ ਦੁਸ਼ਟ ਦੀ ਸਾਰੀ ਤਾਕਤ ਅਤੇ ਸ਼ਕਤੀਆਂ ਉੱਤੇ ਅਧਿਕਾਰ ਦੇ ਦਿੱਤਾ ਗਿਆ ਸੀ (ਲੂਕਾ 9:1 ),ਪਰੰਤੂ ਵਿਸ਼ਵਾਸ਼ ਦੀ ਘਾਟ ਕਾਰਨ ਆਪਣੇ ਅਧਿਕਾਰ ਨੂੰ ਅਸਰਦਾਰ ਤਰੀਕੇ ਨਾਲ ਨਹੀਂ ਵਰਤਿਆ ਸੀ। ਤਦ ਮਸੀਹ ਯਿਸੂ ਨੇ ਆਖਿਆ, "ਇਹ ਜਾਤੀ ਪ੍ਰਾਥਨਾ ਅਰ ਵਰਤ ਤੋਂ ਬਿਨ੍ਹਾਂ ਨਹੀਂ ਨਿਕਲਦੀ"। ਲੋਕ ਸਮਝਦੇ ਹਨ ਕਿ ਮਸੀਹ ਯਿਸੂ ਕਿਸੇ ਖਾਸ ਕਿਸਮ ਦੀ ਦੁਸ਼ਟ ਸ਼ਕਤੀ ਦਾ ਵਿਵਰਣ ਦੇ ਰਹੇ ਹਨ, ਪਰੰਤੂ

ਯਾਦ ਰੱਖੋ ਮਸੀਹ ਯਿਸੂ ਨੇ ਕਦੇ ਵੀ ਦੁਸ਼ਟ ਸ਼ਕਤੀਆਂ ਦਾ ਵੇਰਵਾ ਨਹੀਂ ਦਿੱਤਾ, ਪਰੰਤੂ ਉਨ੍ਹਾਂ ਦੇ ਵਿਸ਼ਵਾਸ਼ ਅਤੇ ਅਵਿਸ਼ਵਾਸ਼ ਨੂੰ ਜ਼ਰੂਰ ਉਜ਼ਾਗਰ ਕੀਤਾ। ਜਦੋਂ ਪ੍ਰਾਥਨਾ ਅਤੇ ਵਰਤ ਨੂੰ ਕਾਇਦੇ ਮੁਜ਼ਬ ਕੀਤਾ ਜਾਂਦਾ ਹੈ ਤਾਂ ਪਰਮੇਸ਼ਵਰ ਨਾਲ ਮਹਾਨ ਨੇੜਤਾ ਅਤੇ ਪ੍ਰਕਾਸ਼ਨ ਪ੍ਰਾਪਤ ਹੁੰਦਾ ਹੈ, ਜਿਹੜਾ ਸਾਡੇ ਵਿਸ਼ਵਾਸ਼ ਦੀ ਪ੍ਰਭਾਵਸ਼ੀਲ਼ਤਾ ਨੂੰ ਵਧਾਉਦਾ ਹੈ। ਅਗਰ ਪ੍ਰਾਥਨਾ ਕਰਨਾ ਅਤੇ ਵਰਤ ਰੱਖਣਾ ਤੁਹਾਡਾ ਮਨੋਰੱਥ ਹੈ, ਤਾਂ ਤੁਸੀਂ ਅਜਿਹਾ ਜੀਵਨ ਸ਼ੈਲ਼ੀ ਦੇ ਰੂਪ ਵਿੱਚ ਕਰ ਸਕਦੇ ਹੋਂ!

ਜਿਵੇਂ ਅਸੀਂ ਪਿੱਛਲੇ ਅਧਿਆਇ ਵਿੱਚ ਵਿਚਾਰ ਵਟਾਂਦਰਾ ਕੀਤਾ, ਕਿ ਕਿਹੜੇ ਅਧਾਰ ਉੱਪਰ ਅਸੀਂ ਦੁਸ਼ਟ ਸ਼ਕਤੀਆਂ ਨੂੰ ਜਾਣ ਦਾ ਹੁਕਮ ਦੇ ਸਕਦੇ ਹਾਂ? ਕੀ ਅਸੀਂ ਪ੍ਰਾਥਨਾ ਅਤੇ ਵਰਤ ਦੁਆਰਾ ਵਧੇਰੇ ਅਧਿਕਾਰ ਪ੍ਰਾਪਤ ਕਰ ਸਕਦੇ ਹਾਂ, ਅਤੇ ਸਾਡੀ ਪ੍ਰਾਥਨਾ ਅਤੇ ਵਰਤ ਦੇ ਅਧਾਰ ਉੱਪਰ, ਸਾਡੇ ਹੁਕਮ ਵਧੇਰੇ ਪ੍ਰਭਾਵਸ਼ਾਲੀ ਹੋ ਸਕਦੇ ਹਨ? ਅਗਰ ਤੁਸੀਂ ਅਜਿਹਾ ਵਿਸ਼ਵਾਸ਼ ਕਰਦੇ ਹੋਂ, ਤਾਂ ਤੁਸੀਂ ਖੁਸ਼ ਖਬਰੀ ਉੱਪਰ ਵਿਸ਼ਵਾਸ਼ ਕਰਨ ਪ੍ਰਤੀ ਪੂਰੀ ਤਰ੍ਹਾਂ ਅਸਫ਼ਲ ਹੋਂ। ਦੁਸ਼ਟ ਸ਼ਕਤੀਆਂ ਸਾਡੇ ਅਧੀਨ

ਹਨ ਕਿਉਂ ਕਿ ਮਸੀਹ ਯਿਸੂ ਨੇ ਪਹਿਲਾਂ ਹੀ ਉਨ੍ਹਾਂ ਦੇ ਕੰਮਾਂ ਨੂੰ ਨਸ਼ਟ ਕਰ ਦਿੱਤਾ, ਉਨ੍ਹਾਂ ਨੂੰ ਹਰਾ ਦਿੱਤਾ ਹੈ ਅਤੇ ਉਨ੍ਹਾਂ ਨੂੰ ਸ਼ਕਤੀ ਹੀਣ ਬਣਾ ਦਿੱਤਾ ਹੈ। ਸਾਡਾ ਵਿਸ਼ਵਾਸ਼ ਕੇਵਲ ਪਰਮੇਸ਼ਵਰ ਦੇ ਛੁਟਕਾਰੇ ਵਿੱਚ ਹੈ, ਅਤੇ ਵਿਸ਼ਵਾਸ਼ ਦਾ ਹਰੇਕ ਹੁਕਮ ਜ਼ਰੂਰ ਹੀ ਉਸ ਦੇ ਕੰਮਾਂ ਉੱਪਰ ਅਧਾਰਿਤ ਹੋਣਾ ਚਾਹੀਦਾ ਹੈ, ਨਾ ਕਿ ਸਾਡੇ ਪ੍ਰਾਥਨਾ, ਵਰਤ, ਭਗਤੀ ਜਾਂ ਪਵਿਤਰਤਾਈ ਉੱਪਰ ਅਧਾਰਿਤ।

ਪ੍ਰਸ਼ਨ:ਜਦੋਂ ਦੁਸ਼ਟ ਆਤਮੇ ਇੱਕ ਵਿਅਕਤੀ ਵਿੱਚੋਂ ਕੱਢੇ ਜਾਂਦੇ ਹਨ,ਤਾਂ ਉਹ ਸੱਤ ਹੋਰ ਬੁਰੇ ਆਤਮਿਆਂ ਨੂੰ ਲਿਆਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਵਿਅਕਤੀ ਦੀ ਹਲਾਤ ਬਦਤਰ ਹੋ ਜਾਂਦੀ ਹੈ,ਕੀ ਸਾਨੂੰ ਦੁਸ਼ਟ ਆਤਮਿਆਂ ਨੂੰ ਕੱਢਦੇ ਸਮੇਂ ਸਾਵਧਾਨ ਨਹੀਂ ਰਹਿਣਾ ਚਾਹੀਦਾ ਅਤੇ ਇਸ ਗੱਲ ਦੀ ਪੱਕਾਈ ਨਹੀਂ ਕਰਨੀ ਚਾਹੀਦੀ ਕਿ ਉਹ ਵਿਅਕਤੀ ਤੌਬਾ ਵਿੱਚ ਜਿਉਂਦਾ ਹੈ ਅਤੇ ਅਜ਼ਾਦ ਰਹਿੰਦਾ ਹੈ?

ਤੁਸੀਂ ਆਪਣੇ ਸ਼ੰਦੇਸ਼ਾ ਵਿੱਚ ਅਜਿਹੀ ਸਿਖਿਆ ਨਹੀਂ ਦਿੱਤੀ । ਕਿਉਂ?

ਛੁਟਕਾਰੇ ਦੀ ਸੇਵਕਾਈ ਵਿੱਚ ਬਹੁਤ ਜ਼ਿਆਦਾ ਡਰ ਪਸਰਿਆ ਹੋਇਆ ਹੈ, ਅਤੇ ਬਹੁਤ ਸਾਰੇ ਵਿਸ਼ਵਾਸ਼ੀ ਨਿਹਚਾ ਨਾਲੋਂ ਡਰ ਉੱਪਰ ਅਧਾਰਿਤ ਫ਼ੈਸਲੇ ਲੈਂਦੇਂ ਹਨ। ਅਸੀਂ ਜਦ ਵੀ ਪਵਿੱਤਰ ਸ਼ਾਸ਼ਤਰ ਦੀ ਪੜਤਾਲ਼ ਕਰਦੇ ਹਾਂ, ਸਾਨੂੰ ਜ਼ਰੂਰ ਹੀ ਮਸੀਹ ਯਿਸੂ ਦੇ ਜੀਵਨ ਨੂੰ ਸ਼ਪੱਸ਼ਟਤਾ ਨਾਲ ਦੇਖਣਾ ਚਾਹੀਦਾ ਹੈ। ਕੀ ਮਸੀਹ ਯਿਸੂ ਨੂੰ ਦੁਸ਼ਟ ਸ਼ਕਤੀਆਂ ਦੇ ਮੁੜ ਆਉਣ ਬਾਰੇ ਧਿਆਨ ਨਹੀਂ ਸੀ? ਕੀ ਮਸੀਹ ਯਿਸੂ ਉਨ੍ਹਾਂ ਲੋਕਾਂ ਨੂੰ ਨਿਰੰਤਰ ਪਰਖਦਾ ਅਤੇ ਧਿਆਨ ਰੱਖਦਾ ਸੀ, ਜਿਨ੍ਹਾਂ ਨੂੰ ਉਹ ਦੁਸ਼ਟ ਸ਼ਕਤੀਆਂ ਤੋਂ ਛੁਟਕਾਰਾ ਦਿੰਦਾ ਸੀ? ਨਹੀਂ, ਕਦੇ ਵੀ ਨਹੀਂ। ਆਉ ਅਸੀਂ ਦੁਸ਼ਟ ਸ਼ਕਤੀਆਂ ਦੇ ਸਭ ਤੋਂ ਵੱਧ ਸਤਾਏ ਆਦਮੀ ਬਾਰੇ ਵਿਚਾਰ ਕਰੀਏ; ਉਹ ਵਿਅਕਤੀ ਲਸ਼ਕਰ ਨਾਲ ਜਕੜਿਆ ਹੋਇਆ ਸੀ। ਉਸ ਨੂੰ ਛੁਟਕਾਰਾ ਦੇਣ ਤੋਂ ਬਾਅਦ, ਕੀ ਮਸੀਹ ਯਿਸੂ ਨੂੰ ਉਸ ਉੱਪਰ ਧਿਆਨ ਅਤੇ ਨਿਗਰਾਨੀ ਰੱਖਣ ਦੀ ਜ਼ਰੂਰਤ ਪਈ? ਨਹੀਂ, ਮਸੀਹ ਯਿਸੂ ਨੇ ਇਸ ਦੇ ਉਲਟ ਕੀਤਾ। ਉਸ ਵਿਅਕਤੀ ਨੇ ਮਸੀਹ ਯਿਸੂ ਦੇ ਪਿੱਛੇ ਚੱਲਣ ਅਤੇ ਨਾਲ ਰਹਿਣ ਦੀ ਬੇਨਤੀ ਕੀਤੀ; ਫਿਰ ਵੀ, ਮਸੀਹ ਯਿਸੂ ਨੇ ਉਸ ਨੂੰ

ਘਰ ਜਾਣ ਲਈ ਕਿਹਾ। ਡਰ ਕਦੇ ਵੀ ਸਾਡਾ ਚਲਾਉਣ ਵਾਲ਼ਾ ਨਹੀਂ ਹੋਣਾ ਚਾਹੀਦਾ। ਆਉ ਅਸੀਂ ਪ੍ਰਸ਼ਨ ਦੀ ਪੜਤਾਲ ਪਵਿੱਤਰ ਸ਼ਾਸ਼ਤਰ ਵਿੱਚੋ ਕਰੀਏ।

"ਤਦ ਕਿੰਨੇ ਗ੍ਰੰਥੀਆਂ ਅਤੇ ਫ਼ਰੀਸੀਆਂ ਨੇ ਅੱਗੋਂ ਆਖਿਆ, ਗੁਰੁ ਜੀ ਅਸੀਂ ਤੈਥੋਂ ਕੋਈ ਨਿਸ਼ਾਨੀ ਵੇਖਣੀ ਚਾਹੁੰਦੇ ਹਾਂ 0ਪਰ ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਬੁਰੀ ਅਤੇ ਹਰਾਮਕਾਰ ਪੀੜੀ ਨਿਸ਼ਾਨੀ ਚਾਹੁੰਦੀ ਹੈ ਪਰ ਯੂਨਾਹ ਨਬੀ ਦੀ ਨਿਸ਼ਾਨੀ ਬਿਨਾ ਕੋਈ ਹੋਰ ਨਿਸ਼ਾਨੀ ਉਨ੍ਹਾਂ ਨੂੰ ਦਿੱਤੀ ਨਾ ਜਾਵੇਗੀ...ਪਰ ਜਾਂ ਭ੍ਰਿਸ਼ਟ ਆਤਮਾ ਮਨੁੱਖ ਤੋਂ ਨਿਕਲ ਗਿਆ ਹੋਵੇ ਤਾਂ ਸੁੱਕਿਆ ਥਾਵਾਂ ਵਿੱਚ ਅਰਾਮ ਭਾਲਦਾ ਫਿਰਦਾ ਹੈ ਪਰ ਨਹੀਂ ਲੱਭਦਾ 0 ਤਦ ਉਹ ਆਖਦਾ ਹੈ ਭਈ ਮੈਂ ਆਪਣੇ ਘਰ ਜਿਥੋਂ ਨਿਕਲਿਆ ਸਾਂ ਮੁੜ ਜਾਵਾਂਗਾ ਅਤੇ ਆਣ ਕੇ ਉਹ ਨੂੰ ਵੇਹਲਾ ਅਤੇ ਝਾੜਿਆ ਸੁਆਰਿਆ ਹੋਇਆ ਦੇਖਦਾ ਹੈ 0 ਤਦ ਉਹ ਜਾ ਕੇ ਹੋਰ ਸੱਤ ਆਤਮੇ ਆਪਣੇ ਨਾਲੋਂ ਵੀ ਭੈੜੇ ਸੰਗ ਲਿਆਉਂਦਾ ਹੈ ਅਤੇ ਓਹ ਅੰਦਰ ਵੜ ਕੇ ਉੱਥੇ ਵੱਸਦੇ ਹਨ। ਤਾਂ ਉਸ ਮਨੁੱਖ ਦਾ ਪਿਛਲਾ ਹਾਲ਼ ਪਹਿਲੇ ਨਾਲੋਂ ਬੁਰਾ ਹੁੰਦਾ ਹੈ। ਇਸ ਬੁਰੀ ਪੀੜ੍ਹੀ ਦੇ ਲੋਕਾਂ ਦਾ ਵੀ ਠੀਕ ਇਹੋ ਜਿਹਾ ਹਾਲ ਹੋਵੇਗਾ"॥ ਮੱਤੀ 12:38-39,43-45 ( ਮੇਰੇ ਦੁਆਰਾ ਖਾਸ ਧਿਆਨ)

ਉੱਪਰ ਵਾਲੇ ਵਚਨਾਂ ਵਿੱਚ, ਮਸੀਹ ਯਿਸੂ ਨੇ ਸੱਤ ਹੋਰ ਬੁਰੇ ਆਤਮਿਆਂ ਦੇ ਵਾਪਸ ਆਉਣ ਦੇ ਦ੍ਰਿਸ਼ਟਾਂਤ ਦੀ ਵਿਆਖਿਆਂ ਕੀਤੀ ਹੈ ਕਿ ਇਹ ਬੁਰੀ ਪੀੜ੍ਹੀ ਜਿਸ ਨੇ ਮਸੀਹ ਯਿਸੂ ਨੂੰ "ਮਸੀਹਾ" ਮੰਨਣ ਤੋਂ ਇਨਕਾਰ ਕੀਤਾ ਹੈ, ਅਜਿਹੀ ਹਾਲਤ ਵਿੱਚ ਫ਼ਸਣਗੇ। ਵੱਡੀ ਬਿਪਤਾ ਯਹੂਦੀ ਰਾਸ਼ਟਰ ਉੱਪਰ ਆ ਰਹੀ ਸੀ ਕਿਉਕਿ ਉਨਾਂ ਨੇ ਸਵਰਗ ਦੇ ਰਾਜ ਵਿੱਚ ਜਾਣ ਦਾ ਮੌਕਾ ਗੁਆ ਦਿੱਤਾ ਸੀ (ਮੱਤੀ 20:34-38 )।

ਸਧਾਰਨ ਸ਼ਬਦਾ ਵਿੱਚ,ਮੈਂ ਅਜਿਹੇ ਕਿਸੇ ਵੀ ਵਿਅਕਤੀ ਲਈ ਛੁਟਕਾਰੇ ਦੀ ਪ੍ਰਾਥਨਾ ਨਹੀਂ ਕਰਦਾ ਜੋ ਵਿਰੋਧੀ ਅਤੇ ਇੱਛਾਪੂਰਵਕ ਤੌਬਾ ਨਾ ਕਰਨ ਵਾਲ਼ਾ ਹੈ। ਗ੍ਰਹਿਣ ਯੋਗ ਅਤੇ ਅੱਛੀ ਭੂਮੀ ਵਿੱਚ ਬੀਜਣ ਲਈ ਸਮਾਂ ਬਤੀਤ ਕਰੋ ! ਅਗਰ ਕੋਈ ਛੁਟਕਾਰੇ ਲਈ ਅਸਲ ਰੁੱਚੀ ਅਤੇ ਇੱਛਾ ਦਾ

ਪੈਮਾਨਾ ਦਿਖਾਉਂਦਾ ਹੈ, ਉਨ੍ਹਾਂ ਵਿੱਚ ਪਰਮੇਸ਼ਵਰ ਦੀ ਸਮੱਰਥਾ ਅਤੇ ਪਿਆਰ ਦੀ ਸੇਵਕਾਈ ਕਰੋ।ਦੁਸ਼ਟ ਆਤਮਿਆਂ ਨੂੰ ਕੱਢਦੇ ਹੋਏ ਇੱਕ ਦਹਾਕੇ ਤੋਂ ਵੱਧ, ਮੈਂ ਕਦੇ ਵੀ ਛੁਟਕਾਰਾ ਪਾਏ ਵਿਅਕਤੀ ਨੂੰ ਸੱਤ ਗੁਣਾ ਜ਼ਿਆਦਾ ਬੁਰਾ ਹੁੰਦਾ ਨਹੀਂ ਦੇਖਿਆ ਹੈ।ਪਹਿਲਾਂ ਵਾਲ਼ੀ ਹਾਲਾਤ ਵਿੱਚ ਮੁੜਨ ਵਾਲੇ ਵਿਅਕਤੀਆਂ ਉੱਪਰ ਉਹ ਦੁਸ਼ਟ ਸ਼ਕਤੀਆਂ ਦੇ ਵਾਪਸ ਆਉਣ ਦਾ ਮੈਂ ਗਵਾਹ ਹਾਂ।ਕੁਝ ਲੋਕ ਅਜ਼ਾਦ ਹੋਣ ਤੋਂ ਪਹਿਲਾਂ ਸੇਵਕਾਈ ਦੀ ਕਲਾਸ ਵਿੱਚੋਂ ਗੁਜ਼ਰਦੇ ਹਨ।ਅਗਰ ਦੁਸ਼ਟ ਸ਼ਕਤੀਆਂ ਵਾਪਸ ਆਉਦੀਆਂ ਹਨ ਉਨ੍ਹਾਂ ਨੂੰ ਦੋਬਾਰਾ ਕੱਢੋ ਅਤੇ ਕਿਵੇਂ ਅਜ਼ਾਦ ਬਣੇ ਰਹਿਣਾ ਹੈ, ਦੀ ਸਿੱਖਿਆ ਦਿਉ।

**ਹੁਣ ਆਖਰੀ ਧਿਆਨ ਦਿਉ:** ਡਰਦੇ ਹੋਏ ਰਹਿਣਾ ਕਿ ਦੁਸ਼ਟ ਆਤਮਾ ਵਾਪਸ ਆ ਜਾਵੇਗਾ, ਉਸ ਦੇ ਵਾਪਸ ਆਉਣ ਦਾ ਮੁੱਖ ਕਾਰਨ ਹੁੰਦਾ ਹੈ! ਸ਼ੈਤਾਨੀ ਸ਼ਕਤੀ ਵਿੱਚ ਨਕਾਰਾਤਮਕ ਵਿਸ਼ਵਾਸ਼ ਹੈ; ਡਰਦੇ ਹੋਏ ਰਹਿਣਾ ਦੁਸ਼ਟ ਨੂੰ ਕੰਮ ਕਰਨ ਲਈ ਅਧਿਕਾਰ ਦਿੰਦਾ ਹੈ! ਅਗਰ ਤੁਸੀਂ ਡਰਦੇ ਹੋਂ ਕਿ ਦੁਸ਼ਟ ਸ਼ਕਤੀ ਵਾਪਸ ਆ ਜਾਵੇਗੀ ਜਾਂ ਅਜਿਹੇ ਵਿਅਕਤੀ ਨੂੰ ਡਰ ਦੀ ਸਲਾਹ ਦਿੰਦੇ ਹੋਂ ਜੋ ਹੁਣ ਅਜ਼ਾਦ ਹੈ, ਤਾਂ ਡਰ ਖੁਦ ਹੀ ਦੁਸ਼ਟ ਸ਼ਕਤੀ ਦੇ ਵਾਪਸ ਆਉਣ ਦਾ "ਲੰਗਰ" ਹੋ ਸਕਦਾ ਹੈ।ਇੱਕ ਆਮ ਨਿਯਮ ਤੌਰ ਉਤੇ ਸ਼ੈਤਾਨ ਅੱਧੇ ਤੋਂ ਵੱਧ ਛੁਟਕਾਰਿਆ ਦਾ ਵਿਰੋਧ ਕਰੇਗਾ; ਫਿਰ ਵੀ ਇਹ ਮਹੱਤਵਪੂਰਨ ਹੈ ਕਿ ਲੋਕ ਪਰਮੇਸ਼ਵਰ ਦੀ ਭਲਾਈ ਨੂੰ ਚੱਖਣ ਅਤੇ ਵੇਖਣ ਅਤੇ ਛੁਟਕਾਰੇ ਦਾ ਅਨੁਭਵ ਕਰਨ ਤਾਂ ਕਿ ਵੈਰੀ ਜਦੋਂ ਵੀ ਵਾਪਸ ਆਉਣ ਦੀ ਕੋਸ਼ਿਸ ਕਰਦਾ ਹੈ ਉਹ ਉਸ ਦਾ ਵਿਰੋਧ ਕਰ ਸਕਣ।ਦੁਸ਼ਟ ਸ਼ਕਤੀ ਦੇ ਵਾਪਸ ਮੁੜਨ ਦੀ ਕੋਸ਼ਿਸ ਕਰਨ ਦਾ ਵਿਚਾਰ, ਸਾਡੇ ਅੰਦਰ ਕਦੇ ਵੀ ਡਰ ਪੈਦਾ ਕਰਨ ਵਾਲਾ ਨਹੀਂ ਹੋਣਾ ਚਾਹੀਦਾ ਜਾਂ ਸਾਨੂੰ ਦੂਸਰਿਆਂ ਲਈ ਛੁਟਕਾਰੇ ਦੀ ਸੇਵਕਾਈ ਤੋਂ ਰੋਕਣ ਵਾਲਾ ਨਹੀਂ ਹੋਣਾ ਚਾਹੀਦਾ ਹੈ।